*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ- 13, ਅੰਕ-5, ਮਈ 2023

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਸੋਹਣ ਮਾਨ ਯਾਦਗਾਰੀ 12ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ ਦੋ ਰੋਜ਼ਾ ਨਾਟਕ ਸਮਾਗਮ 17-18 ਜੂਨ 2023 ਨੂੰ

(ਦੇਖੋ ਸਫ਼ਾ 40 'ਤੇ)

---------

ਪੁਸਤਕ ਮੇਲੇ ਅਤੇ ਪਾਠਕਾਂ ਵਿਚ ਆਪਸੀ ਰਿਸ਼ਤੇ ਦੀ ਮਿਸ਼ਾਲ। ਅਗਲਾ ਪੁਸਤਕ ਮੇਲਾ 11 ਜੂਨ ਨੂੰ

(ਦੇਖੋ ਸਫ਼ਾ 21 'ਤੇ)

ਫੈਡਰਲ ਕਾਮਿਆਂ ਦੀ ਹੜਤਾਲ਼/2

ਨਫ਼ਰਤੀ ਮੁਹਿੰਮ, 'ਨਿਪੁੰਸਕ ਸਟੇਟ' ਅਤੇ ਸੁਪਰੀਮ ਕੋਰਟ ਦੀਆਂ ਨਸੀਹਤਾਂ/4

ਮਲਿਆਨਾ ਕਾਂਡ: ਦਾਸਤਾਨ ਅਦਾਲਤੀ ਅਨਿਆਂ ਦੀ/6

ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅਜੋਕੇ ਸਮੇਂ ਦੀ ਪ੍ਰਸੰਗਕਿਤਾ/9

# ਕਾਮਿਆਂ ਦਾ ਸੰਘਰਸ਼ ਅਤੇ ਮਈ ਦਿਵਸ




ਮਈ ਦਾ ਮਹੀਨਾ ਮਜਦੂਰਾਂ ਲਈ ਮਸ਼ਾਲਾਂ ਉਠਾਉਣ ਤੇ ਸ਼ਿਕਾਗੋ ਦੇ ਇਤਿਹਾਸ ਨੂੰ ਵਾਰ-ਵਾਰ ਯਾਦ ਕਰਵਾ ਦਿੰਦਾ ਹੈ। ਜਿਸ ਤਰ੍ਹਾਂ ਹਜ਼ਾਰਾਂ ਮਜਦੂਰਾਂ ਨੇ ਆਪਣੀ ਲੜਾਈ ਅੱਠ ਘੰਟੇ ਵਾਸਤੇ ਸ਼ੁਰੂ ਕੀਤੀ ਸੀ ਅਤੇ ਇਸ ਦੀ ਪ੍ਰਾਪਤੀ ਲਈ ਮਜਦੂਰਾਂ ਨੂੰ ਕੁਰਬਾਨੀਆਂ ਵੀ ਦੇਣੀਆਂ ਪਈਆਂ ਸਨ। ਜਦੋਂ ਅਸੀਂ 1 ਮਈ 2023 ਨੂੰ ਮਨਾ ਰਹੇ ਹਾਂ ਉਸ ਸਮੇਂ ਦੁਨੀਆ ਦੇ ਹਰੇਕ ਕੋਨੇ 'ਤੇ ਪੈਰਿਸ ਤੋਂ ਲੈ ਕੇ ਟੋਰਾਂਟੋ ਤੱਕ ਹੋਰ ਵੀ ਵੱਖ-ਵੱਖ ਦੇਸ਼ਾਂ ਦੇ ਵੱਡੇ ਕੇਂਦਰਾਂ ਵਿਚ ਮਜ਼ਦੂਰਾਂ ਦੀਆਂ ਅਵਾਜ਼ਾਂ ਇਸ ਕਾਰਜ ਲਈ ਉਠਣਗੀਆਂ ਕਿ ਕਿਰਤ ਕਰਨ ਵਾਲੇ ਹਿੱਸਿਆਂ ਨੂੰ ਜਿਥੇ ਆਪਣਾ ਜੀਵਨ ਸ਼ਾਨਦਾਰ ਬਸਰ ਕਰਨ ਲਈ ਹਰੇਕ ਕਿਸਮ ਦੀ ਗਰੰਟੀ ਅਤੇ ਕੁੱਲ ਪੈਦਾਵਾਰ ਵਿਚੋਂ ਆਪਣੇ ਹਿੱਸੇ ਦਾ ਵੇਤਨ ਚਾਹੀਦਾ ਹੈ ਉਥੇ ਇਨ੍ਹਾਂ ਦੇਸ਼ਾਂ ਵਿਚ ਜੋ ਹਕੂਮਤਾਂ ਵਲੋਂ ਸਾਰਾ ਸਰਮਾਇਆ ਆਪਣੀਆਂ ਜੇਬਾਂ ਵਿਚ ਪਾਉਣ ਲਈ ਕਾਇਦੇ ਕਾਨੂੰਨ ਬਣਾ ਲਏ ਗਏ ਹਨ ਉਹ ਸਾਡੀਆਂ ਨਜ਼ਰਾਂ ਤੋਂ ਬਾਹਰ ਨਹੀਂ ਹਨ। ਹਾਲਾਂਕਿ ਇਹ ਵਰਤਾਰਾ ਦੁਨੀਆ ਭਰ ਵਿਚ 1991 ਤੋਂ ਬਾਅਦ ਸ਼ੁਰੂ ਕੀਤੇ ਗਏ ਨਵਉਦਾਰਵਾਦ ਦੇ ਪ੍ਰੋਜੈਕਟ ਰਾਹੀਂ ਵੱਖ-ਵੱਖ ਦੇਸ਼ਾਂ ਦੀਆਂ ਰਾਜਨੀਤਕ ਪਾਰਟੀਆਂ ਅਤੇ ਸਰਮਾਏਦਾਰਾਂ ਨੇ ਇਕਜੁਟ ਹੋ ਕੇ ਸਮੁੱਚਾ ਤਾਣਾਬਾਣਾ ਆਪਣੀ ਲੁੱਟ ਲਈ ਤਿਆਰ ਕਰ ਲਿਆ ਹੈ। ਇਸ ਦੇ ਅਸਰ ਦੁਨੀਆ ਦੇ ਹਰੇਕ ਹਿੱਸੇ ਵਿਚ ਦੇਖਿਆ ਜਾ ਰਿਹਾ ਹੈ।

ਕੈਨੇਡਾ ਵਿਚ ਮਜਦੂਰਾਂ ਵਲੋਂ ਇਕ ਸਾਂਝਾ ਗਠਜੋੜ ਬਣਾ ਕੇ ਜੋ ਸੰਘਰਸ਼ ਵਿੱਢਿਆ ਗਿਆ ਹੈ ਉਸ ਦਾ ਘੇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ। ਹਰੇਕ ਘਰ ਵਿਚ ਮੌਜੂਦਾ ਹਕੂਮਤ ਦੀਆਂ ਨੀਤੀਆਂ ਖਿਲਾਫ਼ ਗੁੱਸਾ ਅਤੇ ਰੋਹ ਵਧਦਾ ਜਾ ਰਿਹਾ ਹੈ। ਜਿਹੜਾ ਮੌਜੂਦਾ ਸਰਕਾਰ ਨੂੰ ਕਈ ਕਿਸਮ ਦੀਆਂ ਕੰਬਣੀਆਂ ਵੀ ਛੇੜ ਰਿਹਾ ਹੈ। ਜੇ ਸਰਕਾਰ ਨੇ ਮਜਦੂਰਾਂ ਦੀਆਂ ਉਜਰਤਾਂ ਵਿਚ ਵਾਧਾ ਨਾ ਕੀਤਾ ਤਾਂ ਇਹ ਸੰਘਰਸ਼ ਸਿਰਫ਼ ਆਪਣੀਆਂ ਤਨਖਾਹਾਂ ਅਤੇ ਭੱਤਿਆਂ ਤੋਂ ਵੀ ਅਗਾਂਹ ਵਧਕੇ ਹਕੂਮਤ ਲਈ ਨਵੀਂ ਚੁਣੌਤੀ ਖੜ੍ਹੀ ਕਰ ਸਕਦਾ ਹੈ।

ਇਤਿਹਾਸ ਦੇ ਹਰੇਕ ਪੰਨੇ 'ਤੇ ਦਰਜ ਹੈ ਕਿ ਜਦੋਂ ਮਜਦੂਰ ਇਕੱਠੇ ਹੋ ਕੇ ਸੰਘਰਸ਼ ਕਰਦੇ ਹਨ ਉਹ ਇਕ ਬਦਲਵੇਂ ਸਮਾਜ ਦਾ ਨਾਅਰਾ ਵੀ ਬੁਲੰਦ ਕਰਦੇ ਹਨ ਕਿ ਦੁਨੀਆ ਭਰ ਦੇ ਮਜਦੂਰੋ ਇਕ ਹੋ ਜਾਓ ਅਤੇ ਆਪਣੇ ਪੱਖ ਦਾ ਰਾਜ ਸਥਾਪਤ ਕਰਨ ਵੱਲ ਨੂੰ ਅੱਗੇ ਵਧੋ। ਇਸ ਕਰਕੇ 1 ਮਈ 2023 ਜਿਥੇ ਮਜਦੂਰਾਂ ਦੇ ਸੰਘਰਸ਼ਾਂ ਦੀ ਯਾਦ ਨੂੰ ਤਾਜ਼ਾ ਕਰਨ ਦਾ ਦਿਨ ਹੋਵੇਗਾ, ਉਥੇ ਮਜਦੂਰਾਂ ਦੇ ਰਾਜ ਲਈ ਲਿਖਣ ਵਾਲੇ ਅਤੇ ਸਾਰੀ ਉਮਰ ਸਰਮਾਏਦਾਰੀ ਦਾ ਬਦਲ ਸਮਾਜਵਾਦ ਉਭਾਰਨ ਵਾਲੇ ਕਾਰਲ ਮਾਰਕਸ ਦਾ ਜਨਮ ਦਿਨ 5 ਮਈ 2023 ਨੂੰ ਹਰੇਕ ਮਜਦੂਰ ਸੰਘਰਸ਼ ਦਾ ਹਿੱਸਾ ਵੀ ਬਣੇਗਾ। ਅੱਜ ਦੀ ਦੁਨੀਆ ਜਿਥੇ ਵੱਖ-ਵੱਖ ਸਰਮਾਏਦਾਰਾਂ ਨੇ ਆਪਣੀ ਲੁੱਟ ਨੂੰ ਤੇਜ਼ ਕਰਨ ਲਈ ਹਰ ਕੋਨੇ 'ਤੇ ਇਕੱਠੀ ਕਰ ਲਈ ਹੈ, ਉਥੇ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਸਭਿਆਚਾਰਾਂ, ਧਰਮਾਂ, ਭਾਸ਼ਾਵਾਂ, ਖਿੱਤਿਆਂ, ਬੋਲੀਆਂ, ਨਸਲਾਂ ਆਦਿ ਦੇ ਕਾਮੇ ਇਕਜੁਟ ਵੀ ਹੋ ਰਹੇ ਹਨ।

ਇਸ ਕਰਕੇ ਕੈਨੇਡਾ ਦੇ ਸ਼ਹਿਰਾਂ ਵਿਚ ਮਜਦੂਰਾਂ ਵਲੋਂ ਇਕੱਠੇ ਹੋ ਕੇ ਲੜਾਈ ਲੜਨ ਦੀ ਜੋ ਪਿਰਤ ਦਿਖਾਈ ਜਾ ਰਹੀ ਹੈ ਉਹ ਵੱਡੀ ਸਮਾਜਿਕ ਤਬਦੀਲੀ ਦਾ ਕਾਰਨ ਤਾਂ ਬਣੇਗੀ ਹੀ ਉਥੇ ਵੱਖ-ਵੱਖ ਕਿੱਤਿਆਂ ਦੇ ਕਾਮਿਆਂ ਨੂੰ ਇਕਜੁਟ ਹੋ ਕੇ ਲੜਨ ਲਈ ਪ੍ਰੇਰੇਗੀ ਵੀ। ਅਜਿਹੇ ਸਮੇਂ 'ਤੇ ਬੇਹੱਦ ਸੂਝਵਾਨ ਅਤੇ ਸਮਝਦਾਰ ਵੱਖ-ਵੱਖ ਲੀਡਰਾਂ ਦੀ ਸੋਚ ਅਤੇ ਸਮਝ ਦੇ ਨਾਲ-ਨਾਲ ਦ੍ਰਿਸ਼ਟੀ ਉਪਰ ਵੀ ਨਿਰਭਰ ਕਰਦਾ ਹੈ। ਪ੍ਰੰਤੂ 1 ਮਈ 2023 ਵੱਖਰੇ ਰੂਪ ਵਿਚ ਸੰਗਰਾਮਾਂ ਨੂੰ ਜਨਮ ਦੇਵੇਗੀ।

**- ਸੰਪਾਦਕੀ ਮੰਡਲ**

CONGRATULATIONS

TEAM OVER 875 REALTORS

HomeLife Silvercity

Realty Inc., Brokerage (Independently owned & operated)

905-913-8500

11775 Bramalea Rd # 201, Brampton

GARCHA BROTHERS

Call for your home BUYING & SELLING needs

BALJINDER SANGHA

REALTOR

(Certified Condominium Specialist)

403-680-3212

baljindersangha@urban-realty.ca

REALTOR® MLS MULTIPLE LISTING SERVICE® urban Real Estate Services Ltd.



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ

- Auto Insurance
- Home Insurance
- Life Insurance
- Critical illness
- Disability Insurance
- Car Loans
- Business Insurance

SAVE UPTO 30%

- कार इंश्योरेंस
- होम इंश्योरेंस
- लाईफ इंश्योरेंस
- क्रिटीकल इलनैस इंश्योरेंस
- डिसअबिलिटी इंश्योरेंस
- कार लोन
- बिजनस इंश्योरेंस

Call us for FREE Insurance Quote

Paramjit Plaha

403 554.4444

paramjit@paramjit.ca

paramjit.ca

210 - 2323 32 Ave NE Calgary AB T2E 6Z3

Hans

Demolition & Excavating


- * Excavating * Demolition
- * Sand Gravel
- * Drain Tiles * Backfill
- * Backhoe Service
- * Trucking
- * Land Clearing
- * Hourly or Contract

Free Estimates

Ph : 604-240-8002

or : 604-250-3834

3822 Marine Way Burnaby, B.C. V5J 3H4



SAVE MAX PROVEN REAL ESTATE BROKERAGE

Each office independently owned & operated

We are Hiring New & Experienced Realtors.

We can also help you to get Realtor License.

List Your Home with us for $999 (Ask per details)

We provide following Services:

- Residential • Commercial • Business • Land
- Investment • Property Management Services

For More Information call today at:

403.681.8689

Harcharan Parhar

BROKER

WWW.SAVEMAXPROVEN.COM

Email: broker@savemaxproven.com



SUPER VISA INSURANCE

Punjab Insurance Inc PUNJAB INSURANCE INC.

• Life Insurance • Mortgage Insurance • Critical Illness Insurance • Disability Insurance • RESP, RRSP

www.punjabinsurance.ca

Sherjang Singh Rana

416.910.9000



Sandeep Ahuja

416.660.1010

# ਕੈਨੇਡਾ ਦੇ ਫੈਡਰਲ ਕਾਮਿਆਂ ਦੀ ਹੜਤਾਲ਼



ਹਰੀਪਾਲ
403-714-4816







ਫੈਡਰਲ ਕਾਮਿਆਂ ਦੀ ਯੂਨੀਅਨ 'ਪਬਲਿਕ ਸਰਵਿਸ ਅਲਾਇੰਸ ਆਫ ਕਨੇਡਾ' ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਹੜਤਾਲ਼ ਟਾਲ਼ੀ ਨਹੀਂ ਜਾ ਸਕੀ। ਸਤਾ ਦਾ ਆਨੰਦ ਮਾਣ ਰਹੇ ਲੀਡਰਾਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ। ਯੂਨੀਅਨ ਦੀ ਮੰਗ ਕੀ ਸੀ ਸਿਰਫ 13.5 ਪਰਸੈਂਟ ਤਨਖਾਹ ਵਿੱਚ ਵਾਧਾ, ਉਹ ਵੀ ਅਗਲੇ ਤਿੰਨਾਂ ਸਾਲਾਂ ਵਿੱਚ। ਇਹ ਵਾਧਾ ਸਿਰਫ ਇਨਫਲੇਸ਼ਨ ਦਾ ਮੁਕਾਬਲਾ ਕਰਨ ਲਈ ਹੀ ਸੀ। ਜੇਕਰ ਅੱਜ ਕਾਮਿਆਂ ਨੂੰ 13.5% ਮਿਲ਼ ਵੀ ਜਾਂਦਾ ਹੈ ਤਾਂ ਜੇਕਰ 4.5% ਮਹਿੰਗਾਈ ਵਧਦੀ ਹੈ ਤਾਂ ਇਹ ਵਾਧਾ ਲਗਭਗ ਜ਼ੀਰੋ ਹੀ ਹੋਵੇਗਾ। ਸਿਰਫ ਪਿਛਲੇ ਸਾਲ ਮਹਿੰਗਾਈ 5.2% ਵਧੀ ਹੈ, ਇਸਦਾ ਮਤਲਬ ਸਿਰਫ ਪਿਛਲੇ ਸਾਲ ਜਿਹੜਾ ਮਜਦੂਰ ਸਾਲ ਦਾ 50,000 ਬਣਾਉਂਦਾ ਸੀ ਉਸਦੀ ਅਸਲ ਆਮਦਨ 50,000-2500 '5% ਇਨਫਲੇਸ਼ਨ' =47500 ਹੀ ਰਹਿ ਗਈ। ਕਰੋਨੇ ਤੋਂ ਬਾਦ ਕਾਰਪੋਰੇਸ਼ਨਾਂ ਨੂੰ ਖੁੱਲ ਦੇ ਕੇ ਵਰਕਰਾਂ ਦਾ ਕਚੂਮਰ ਕੱਢਣ ਦੀ ਖੁੱਲ ਦਿੱਤੀ ਗਈ। ਫੈਡਰਲ ਕਾਮਿਆਂ ਦੀ ਮੰਗ ਸਿਰਫ ਪਿਛਲੇ ਸਾਲਾਂ ਵਿੱਚ ਵਧੀ ਮਹਿੰਗਾਈ ਦਾ ਮੁਕਾਬਲਾ ਹੀ ਕਰੇਗੀ, ਅਗਲੇ ਤਿੰਨ ਸਾਲਾਂ ਵਿੱਚ ਜਿਹੜੀ ਮਹਿੰਗਾਈ ਵਧਣੀ ਹੈ, ਉਸਨੇ ਫਿਰ ਅਸਲ ਤਨਖਾਹ ਨੂੰ ਘਟਾਉਣਾ ਹੀ ਹੈ। ਯੂਨੀਅਨ ਨੇ ਸਰਕਾਰ ਨੂੰ ਵਾਰ ਵਾਰ ਚਿਤਾਵਨੀ ਦਿੱਤੀ ਕਿ ਲੋਕਾਂ ਨੂੰ ਬਹੁਤ ਤਕਲੀਫ ਹੋਵੇਗੀ, ਬਹਤ ਸਾਰੇ ਕੰਮਾਂ ਵਿੱਚ ਰੁਕਾਵਟ ਪਵੇਗੀ ਪਰ ਸਰਕਾਰ ਨੇ ਬੜੀਆਂ ਹੀ ਜਾਇਜ਼ ਮੰਗਾਂ ਨੂੰ ਠੁਕਰਾ ਕੇ, ਯੂਨੀਅਨ ਨੂੰ ਮਜ਼ਬੂਰ ਕਰ ਦਿੱਤਾ ਤੇ 'ਪਬਲਿਕ ਸਰਵਿਸ ਆਫ ਕੈਨੇਡਾ' ਨੂੰ ਹੜਤਾਲ਼ ਦਾ ਰੁੱਖ ਕਰਨਾ ਪਿਆ। ਬੁੱਧਵਾਰ ਦੀ ਸਵੇਰ ਤੋਂ ਹੀ ਹੜਤਾਲ਼ ਸ਼ੁਰੂ ਹੋਈ ਤੇ ਪਹਿਲੇ ਹੀ ਦਿਨ ਯੂਨੀਅਨ ਵਰਕਰਾਂ ਨੇ 250 ਜਗਾਹ ਤੇ ਪਿਕਟ ਲਾਈਨਾਂ ਲਾ ਦਿੱਤੀਆਂ। ਹੁਣ ਤੱਕ 155,00 ਫੈਡਰਲ ਵਰਕਰ, 35000 ਸੀ.ਆਰ.ਏ ਵਰਕਰ ਅਤੇ 46000 ਜ਼ਰੂਰੀ ਸੇਵਾਵਾਂ ਵਾਲ਼ੇ ਕਾਮੇ ਹੜਤਾਲ਼ ਤੇ ਚਲੇ ਗਏ ਹਨ। ਯੂਨੀਅਨ ਦਾ ਕਹਿਣਾ ਹੈ ਕਿ ਫੈਡਰਲ 120000 ਕਾਮੇ, 50,000 ਤੋਂ ਲੈ ਕੇ 75,000 ਤੱਕ ਕਮਾ ਰਹੇ ਹਨ ਅਤੇ 3% ਕਾਮੇ 50,000 ਤੋਂ ਘੱਟ ਕਮਾਉਂਦੇ ਹਨ। ਹੁਣ ਜੇਕਰ ਪਿਛਲੇ ਤਿੰਨ ਸਾਲਾਂ ਦੀ ਮਹਿੰਗਾਈ ਵੀ ਕਾਊਂਟ ਕੀਤੀ ਜਾਵੇ ਤਾਂ ਕੀ ਸਰਕਾਰ ਦੱਸ ਸਕਦੀ ਹੈ, ਇਹਨਾਂ ਦੀ ਅਸਲ ਆਮਦਨ ਮਹਿੰਗਾਈ ਤੋਂ ਬਾਦ ਕਿੰਨੀ ਰਹਿ ਗਈ, ਅਸਲ ਵਿੱਚ 13.5% ਕੋਈ ਵਾਧਾ ਨਹੀਂ ਸਿਰਫ ਪਿਛਲੇ ਤਿੰਨ ਸਾਲਾਂ ਦੇ ਕੀਮਤਾਂ ਵਿੱਚ ਹੋਏ ਵਾਧੇ ਨੂੰ ਹੀ ਬਰਾਬਰਤਾ ਤੇ ਲਿਆਉਣਾ ਹੈ ਪਰ ਜਦੋਂ ਪ੍ਰਧਾਨ ਮੰਤਰੀ ਸਾਢੇ ਤਿੰਨ ਲੱਖ ਤੋਂ ਉਪਰ ਬਣਾ ਰਿਹਾ ਹੈ ਅਤੇ ਮੰਤਰੀ ਢਾਈ ਲੱਖ ਤੋਂ ਉਪਰ ਬਣਾ ਰਿਹਾ ਹੈ ਫਿਰ ਇਹਨਾਂ ਦੇ ਪਰਸੈਂਟ ਕੀ ਯਾਦ ਹੈ । ਇਹਨਾਂ ਨੂੰ ਤਾਂ ਵਰਕਰਾਂ ਦਾ ਪੰਜਾਹ ਜਾਂ ਪਜੰਤਰ ਹਜ਼ਾਰ ਚੁੱਭਦਾ ਹੈ। ਮੇਰੇ ਯਾਦ ਹੈ ਜਦ ਇੱਕ ਵਾਰ ਬੀ.ਸੀ.ਰੇਲ ਵਰਕਰਾਂ ਨੇ ਹੜਤਾਲ਼ ਕੀਤੀ ਸੀ ਤਾਂ ਬੀ.ਸੀ ਦੀ ਸਰਕਾਰ ਨੇ ਕਿਹਾ ਸੀ ਕਿ ਬੀ.ਸੀ ਰੇਲ ਦਾ ਵਰਕਰ 32000 'ਸਾਲ 1982' ਬਣਾਉਂਦਾ ਹੈ ਤਾਂ ਬੀ.ਸੀ. ਰੇਲ ਵਰਕਰਾਂ ਦੇ ਪ੍ਰਧਾਨ ਨੇ ਪਰੀਮੀਅਰ ਨੂੰ ਕਿਹਾ ਸੀ ਕਿ ਤੁਸੀਂ ਇੱਕ ਘੰਟਾ-32 ਡਿਗਰੀ ਤਾਪਮਾਨ ਵਿੱਚ ਖੜ੍ਹ ਜਾਵੋ ਅਸੀਂ ਕੋਈ ਵਾਧਾ ਨਹੀਂ ਮੰਗਾਂਗੇ। ਕਿਉਂਕਿ ਰੇਲ ਵਰਕਰਾਂ ਨੂੰ ਕਈ ਵਾਰ ਟਰੈਕ ਦਬਣ ਤੇ ਕੰਮ ਤੇ ਜਾਣਾ ਪੈਂਦਾ ਹੈ, ਭਾਵੇਂ ਜਿੰਨੀ ਮਰਜ਼ੀ ਠੰਡ ਹੋਵੇ ਅਤੇ ਜਿਹੜਾ ਮਰਜੀ ਟਾਈਮ ਹੋਵੇ।

ਹੁਣ ਤੱਕ ਫੈਡਰਲ ਵਰਕਰਾਂ ਨੂੰ ਸਰਕਾਰ ਦੀ ਆਫਰ 9% ਹੈ ਅਗਲੇ ਤਿੰਨ ਸਾਲਾਂ ਲਈ, ਜਿਹੜੀ ਕਿ ਯੂਨੀਅਨ ਨੇ ਪਹਿਲੇ ਹੱਲੇ ਹੀ ਠੁਕਰਾ ਦਿੱਤੀ ਹੈ। ਯੂਨੀਅਨ ਦੇ ਬੁਲਾਰੇ ਪਾਲ ਜੋਨਜ ਦਾ ਕਹਿਣਾ ਹੈ ਕਿ ਅਸੀਂ ਚਾਅ ਨੂੰ ਝੰਡੇ ਨਹੀਂ ਚੱਕੇ, ਅਸੀਂ ਕੰਮ ਤੇ ਜਾਣਾ ਚਾਹੁੰਦੇ ਹਾਂ ਪਰ ਸਾਨੂੰ ਹੜਤਾਲ਼ ਤੇ ਜਾਣ ਲਈ ਮਜ਼ਬੂਰ ਕੀਤਾ ਗਿਆ ਹੈ। ਯੂਨੀਅਨ ਦੇ ਪ੍ਰਧਾਨ ਕਰਿੱਸ ਐਲਵਾਰਡ ਦਾ ਕਹਿਣਾ ਹੈ ਕਿ ਵਰਕਰ ਸਟਰਾਈਕ ਤੇ ਡਟੇ ਰਹਿਣਗੇ ਜਦ ਤੱਕ ਸਾਡੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ।

**ਕਿਹੜੀਆਂ ਸੇਵਾਵਾਂ ਪ੍ਰਭਾਵਿਤ ਹੋਣੀਆਂ ਹਨ :-**

ਪਾਸਪੋਰਟ ਔਫਿਸ
ਸਰਵਿਸ ਕੈਨੇਡਾ
ਗਲੋਬਲ ਅਫੇਅਰਜ
ਇੰਮੀਗਰੇਸ਼ਨ ਰਫਿਊਜੀ ਅਤੇ ਸਿਟੀਜਨ ਸ਼ਿੱਪ ਅਰਜੀਆਂ
ਕੈਨੇਡਾ ਰੈਵੇਨਿਊ ਅਜੈਂਸੀ
ਕੈਨੇਡੀਅਨ ਟਰਾਂਸਪੋਰਟ ਅਜੈਂਸੀ
ਬਾਰਡਰ ਕਲੀਆਰੈਂਸ ਤੇ ਦੇਰੀ
ਐਗਰੀਕਲਚਰ
ਵੈਟਰਨ ਅਫੇਅਰਜ
ਇੰਡਿਜੂਨੈਸ ਸਰਵਿਸ ਕੈਨੇਡਾ

**ਕੈਨੇਡੀਅਨ ਵਰਕਰਾਂ ਦੇ ਕੁੱਝ ਸ਼ਾਨਾਂਮੱਤੇ ਘੋਲ਼:-**

**ਸਟੀਲ ਵਰਕਰ ਹੜਤਾਲ਼** 1919
**ਕੋਲੇ ਦੇ ਵਰਕਟਾਂ ਦੀ ਹੜਤਾਲ਼** 1902
**ਟੈਕਸਟਾਈਲ ਵਰਕਰ** 1934
**ਇੰਟਰਨੈਸ਼ਨਲ ਮਾਈਨ ਵਰਕਰਜ** 1946
**ਆਈ.ਡਬਲਯੂ .ਏ** 1975
**ਸੀ.ਪੀ ਰੇਲ ਹੜਤਾਲ਼** 2012
**ਏਅਰ ਕੈਨੇਡਾ ਸਟਰਾਈਕ** 2012
**ਸੀ.ਐਨ.ਰੇਲ** 2009

ਕੈਨੇਡਾ ਪੋਸਟ ਆਫਿਸ ਸਟਰਾਈਕ 2018 ਇਹਨਾਂ ਤੋਂ ਬਿਨਾ ਸਾਰੇ ਸੂਬਿਆਂ ਵਿੱਚ ਲੋਕਲ ਜੱਥੇਬੰਦੀਆਂ ਦੀਆਂ ਹੜਤਾਲ਼ਾਂ

**ਇਹ ਨੌਬਤ ਕਿਉਂ ਆਈ :** ਕਰੋਨੇ ਦੀ ਬਿਮਾਰੀ ਦੀ ਆੜ ਵਿੱਚ ਕਾਰਪੋਰੇਟ ਸੈਕਟਰ ਨੇ ਆਪਦੀ ਮਨਮਾਨੀ ਕੀਤੀ। ਜੀਵਨ ਦੀਆਂ ਜਰੂਰੀ ਵਸਤਾਂ ਦੀਆਂ ਚੀਜਾਂ ਦੀਆਂ ਕੀਮਤਾਂ ਅਸਮਾਨੀ ਚਾੜ੍ਹ ਦਿੱਤੀਆਂ ਗਈਆਂ। ਹਾਲਾਂ ਕਿ ਕਾਸ਼ਤਕਾਰਾਂ ਨੂੰ ਵੱਧ ਕੀਮਤਾਂ ਨਹੀਂ ਦਿੱਤੀਆਂ ਗਈਆਂ ਪਰ ਮਿਡਲ ਮੈਨ ਜਾਂ ਵਪਾਰੀਆਂ ਨੇ ਲੋਕਾਂ ਵਿੱਚ ਆਏ ਡਰ ਦਾ ਖੂਬ ਫਾਇਦਾ ਉਠਾਇਆ। ਇਸ ਵਧ ਰਹੀ ਮਹਿੰਗਾਈ ਤੇ ਕੋਈ ਰੋਕ ਨਹੀਂ ਲਗਾਈ ਗਈ। ਵਧ ਰਹੀਆਂ ਕੀਮਤਾਂ ਅਤੇ ਵਧ ਰਹੇ ਰੈਂਟ ਨੇ ਲੋਕਾਂ ਨੂੰ ਤਰਾਹ ਤਰਾਹ ਕਰਨ ਲਾ ਦਿੱਤਾ। ਨਤੀਜਾ ਇਹ ਹੋਇਆ ਕਿ ਮਹਿੰਗਾਈ ਕਰਕੇ ਲੋਕਾਂ ਦੀ ਅਸਲ ਆਮਦਨ ਬਹੁਤ ਘਟ ਗਈ। ਇਸ ਮਹਿੰਗਾਈ ਦਾ ਅਸਰ ਘੱਟ ਕਰਨ ਲਈ ਸਰਕਾਰ ਨੇ ਲੋਕਾਂ ਨੂੰ ਕੋਈ ਬਣਦੀ ਸਰਦੀ ਰਾਹਤ ਵੀ ਨਹੀਂ ਦਿੱਤੀ। ਪਰ ਖੁਦ ਕਰੋਨੇ ਦੀ ਐਪਾਡੈਮਿਕ ਤੋਂ ਬਾਦ ਆਮ ਐਮ.ਪੀ ਵਗੈਰਾ ਦੀ ਤਨਖਾਹਾਂ ਪੰਦਰਾਂ ਹਜ਼ਾਰ ਦੇ ਲਗਭਗ ਅਤੇ ਪ੍ਰਧਾਨ ਮੰਤਰੀ ਦੀ ਤਨਖਾਹ ਤੀਹ ਹਜ਼ਾਰ ਡਾਲਰ ਦੇ ਲੱਗਭੱਗ ਸਲਾਨਾ ਵਧਾ ਦਿੱਤੀ ਗਈ। ਪਹਿਲਾਂ ਹੀ ਪ੍ਰਧਾਨ ਮੰਤਰੀ ਸਾਢੇ ਤਿੰਨ ਲੱਖ ਤੋਂ ਉਪਰ, ਮੰਤਰੀ ਢਾਈ ਲੱਖ ਤੋਂ ਉਪਰ ਅਤੇ ਇੱਕ ਐਮ.ਪੀ ਇੱਕ ਲੱਖ ਬਿਆਸੀ ਹਜਾਰ ਦੇ ਲੱਗਭੱਗ ਬਣਾ ਰਿਹਾ ਸੀ 'ਕਿਉਂਕਿ ਵਧਾਉਣੀ ਵੀ ਆਪ ਹੀ ਸੀ, ਫਿਰ ਹੋਰ ਗੱਲ ਆਪਦੀਆਂ ਤਨਖਾਹਾਂ ਵਧਾਉਣ ਲਈ ਇਹ ਰਾਜ ਕਰਨ ਵਾਲ਼ੇ ਅਤੇ ਵਿਰੋਧੀ ਧਿਰਾਂ ਇੱਕ ਹੋ ਜਾਂਦੀਆਂ ਹਨ। ਹੁਣ ਬੁਢਾਪਾ ਪੈਨਸ਼ਨਾਂ, ਈ.ਆਈ. ਬੈਨੀਫਿੱਟ ਅਤੇ ਕੰਪਨਸੇਸ਼ਨ, ਡਿਸਏਬੀਲਿਟੀ ਵਗੈਰਾ ਵੀ ਮਹਿੰਗਾਈ ਦੇ ਹਿਸਾਬ ਵਧਾਉਣੀ ਚਾਹੀਦੀ ਹੈ ਜਾਂ ਤਾਂ ਸਰਕਾਰ ਮਹਿੰਗਾਈ ਤੇ ਕੰਟਰੋਲ ਕਰਦੀ ਜਾਂ ਮਹਿੰਗਾਈ ਦੇ ਹਿਸਾਬ ਨਾਲ ਤਨਖਾਹ ਵਿਚ ਵਾਧਾ ਨਹੀਂ ਹੁੰਦਾ ਤਾਂ ਹੋਰ ਮਹਿਕਮੇ ਵੀ ਆਪਦਾ ਬਣਦਾ ਹੱਕ ਲੈਣ ਲਈ ਤਿਆਰ ਬੈਠੇ ਹਨ। ਦੁਨੀਆਂ ਭਰ ਵਿੱਚ ਵਪਾਰੀ ਵਰਗ ਦੌਲਤਾਂ ਦੇ ਅੰਬਾਰ ਲਾ ਰਿਹਾ ਹੈ ਅਤੇ ਮਜ਼ਦੂਰ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ। ਕਨੇਡਾ ਵਿੱਚ ਇੱਕ ਜਥੇਬੰਦੀ ਹੈ, ਕੈਨੇਡੀਅਨ ਟੈਕਸ ਪੇਅਰ ਫੈਡਰੇਸ਼ਨ, ਜਿਹੜੀ ਕਿ ਫੈਡਰਲ ਕਾਮਿਆਂ ਦੀਆਂ ਮੰਗਾਂ ਦਾ ਵਿਰੋਧ ਕਰ ਰਹੀ, ਯਾਦ ਰਹੇ ਇਹ ਆਮ ਲੋਕਾਂ ਨੂੰ ਨਹੀਂ ਪਰ ਵੱਡੇ ਵੱਡੇ ਸਰਮਾਏਦਾਰਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਨੂੰ ਸਰਕਾਰ ਫੰਡ ਨਹੀਂ ਦਿੰਦੀ ਪਰ ਅਮੀਰ ਲੋਕ ਇਸ ਨੂੰ ਫੰਡ ਦਿੰਦੇ ਹਨ ਅਤੇ ਇਹਨਾਂ ਅਮੀਰਾਂ ਦੇ ਦਾਨੀਆਂ ਦੇ ਨਾਂ ਵੀ ਗੁਪਤ ਰੱਖੇ ਜਾਂਦੇ ਹਨ । ਸਾਲ 2018-19 ਵਿੱਚ ਇਸ ਜੱਥੇਬੰਦੀ ਨੂੰ 5.1 ਮਿਲੀਅਨ ਡਾਲਰ ਫੰਡ ਮਿਲ਼ਿਆ ਅਤੇ 2020 ਵਿੱਚ ਇਸ ਨੂੰ 4.8 ਮਿਲੀਅਨ ਫੰਡ ਮਿਲ਼ਿਆ ਅਤੇ ਇਸ ਨੇ 4.5 ਮਿਲੀਅਨ ਡਾਲਰ ਖਰਚ ਸੋ ਕੀਤਾ, ਹੁਣ ਤੁਸੀਂ ਖੁਦ ਹੀ ਇਸ ਜੱਥੇਬੰਦੀ ਦੇ ਕੰਮਾਂ ਦਾ ਹਿਸਾਬ ਲਾ ਸਕਦੇ ਹੋ, ਇਸ ਦੇ ਨਿਸ਼ਾਨੇ ਕੀ ਹਨ। ਇਸ ਜੱਥੇਬੰਦੀ ਦੀ ਪਾਰਟਨਰਸ਼ਿੱਪ ਅਤੇ ਸੰਬੰਧ 'ਇੰਟਰਨੈਸ਼ਨਲ ਐਟਲਸ ਨੈਟਵਰਨਕ' ਨਾਲ਼ ਹਨ। ਇੰਟਰਨੈਸ਼ਨਲ ਨੈਟਵਰਕ ਨੂੰ ਐਲਨ ਫਰੀਡਮੈਨ 'ਫਰੀ ਮਾਰਕੀਟ ਇਕਾਨਮੀ ਦਾ ਮੁਦੱਈ' ਅਤੇ ਇੰਗਲੈਂਡ ਦੀ ਸਾਬਕਾ ਪ੍ਰਧਾਨ ਮੰਤਰੀ 'ਮਾਰਗੇਟ ਥੈਚਰ' ਵਗੈਰਾ ਦਾ ਅਸ਼ੀਰਵਾਦ ਪ੍ਰਾਪਤ ਹੈ। ਕੈਨੇਡੀਅਨ ਟੈਕਸ ਪੇਅਰ ਨੈਟਵਰਕ ਨੂੰ ਕੰਜ਼ਰਵੇਟਿਵ ਜੰਥੇਬੰਦੀਆਂ ਦਾ ਅਸ਼ੀਰਵਾਦ ਪ੍ਰਾਪਤ ਹੈ। ਲੋਕਾਂ ਨੂੰ ਇਸ ਜੱਥੇਬੰਦੀ ਬਾਰੇ ਕਿਸੇ ਭੁਲੇਖੇ ਵਿੱਚ ਨਹੀਂ ਰਹਿਣਾ ਚਾਹੀਦਾ। ਅੱਜ ਸਮਾਂ ਹੈ ਸਭ ਅਗਾਂਹਵਧੂ ਤਾਕਤਾਂ ਡਟ ਕੇ ਫੈਡਰਲ ਕਾਮਿਆਂ ਦੀਆਂ ਜਾਇਜ਼ ਮੰਗਾਂ ਦੇ ਹੱਕ ਵਿੱਚ ਖੜੋ ਜਾਣ ਨਹੀਂ ਤਾਂ ਦੂਜੇ ਕਾਮਿਆਂ ਦੀਆਂ ਜੱਥੇਬੰਦੀਆਂ ਨੂੰ ਬਹਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਫੈਡਰਲ ਕਾਮੇ ਸਾਡੇ ਸਾਥੀ ਹਨ ਅਤੇ ਇਸ ਸਮੇਂ ਇਹਨਾਂ ਨੂੰ ਸਾਡੇ ਸਾਥ ਦੀ ਜ਼ਰੂਰਤ ਹੈ।

12 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955


ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




ਕਾਲਮ ਦੀ ਪੇਸ਼ਕਸ਼ ਕਰਤਾ
ਬਲਜਿੰਦਰ ਸਿੰਘ ਵੜੈਚ
+91-92167-29598

*ਆਓ ਆਪਣੀ ਕਲਮ ਉਠਾਈਏ*

# ਚਿਣਗ ਜੋ ਉਠਦੀ ਹੈ ਨਤੀਜੇ ਤਾਂ ਕੱਢਦੀ ਹੈ

**ਹਾਲਾਂਕਿ ਜਿਸ ਕਿਸਮ ਦੀ ਵਿਰਾਸਤ ਪੰਜਾਬ ਸਟੂਡੈਂਟ ਯੂਨੀਅਨ ਨੇ ਦਿੱਤੀ ਉਹ ਅਜੇ ਵੀ ਆਪਣੇ ਨਤੀਜੇ ਕੱਢਣ ਵਿਚ ਯੋਗਦਾਨ ਪਾਉਂਦੀ ਹੈ। ਪਿਛਲੇ ਦਿਨੀਂ ਜਿਸ ਕਿਸਮ ਨਾਲ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਬਚਾਉਣ ਲਈ ਸੰਘਰਸ਼ ਕੀਤਾ ਉਸ ਦਾ ਨਤੀਜਾ ਇਹ ਨਿਕਲਿਆ ਕਿ ਸਰਕਾਰ ਨੂੰ ਝੁਕਣਾ ਹੀ ਪਿਆ ਅਤੇ ਲੋਕਾਂ ਵਿਚ ਇਹ ਵਿਸ਼ਵਾਸ ਬੱਝਿਆ ਕਿ ਸਿਰਫ਼ ਤੇ ਸਿਰਫ਼ ਇਕਜੁਟ ਲੜਾਈ ਹੀ ਜਿੱਤ ਪ੍ਰਾਪਤ ਕਰਦੀ ਹੈ।**

ਉਹ ਜੋ ਦੂਰ-ਦੁਰਾਡੇ ਦੇ ਪਿੰਡਾਂ ਵਿਚ ਸੁਪਨੇ ਲੈਂਦੇ ਹਨ ਕਿ ਸਾਡੀ ਸਦੀਆਂ ਦੀ ਸੋਚ ਵਿਚੋਂ ਜਾਤ, ਧਰਮ ਅਤੇ ਵਿਤਕਰਾ ਖਤਮ ਹੋਵੇ ਇਸ ਲਈ ਅਜੋਕੇ ਦੌਰ ਦਾ ਸਭ ਤੋਂ ਵੱਡਾ ਵਸੀਲਾ ਸਮਾਜਿਕ ਵਿਗਿਆਨਾਂ ਦੀ ਸਿੱਖਿਆ ਹੀ ਹੁੰਦਾ ਹੈ। ਹਾਲਾਂਕਿ ਮਾਲਵੇ ਦੀ ਧਰਤੀ ਉਪਰ 30 ਅਪ੍ਰੈਲ 1962 ਨੂੰ ਇਕ ਯੂਨੀਵਰਸਿਟੀ ਜਿਹੜੀ ਭਾਸ਼ਾ ਦੇ ਆਧਾਰ 'ਤੇ ਸਥਾਪਤ ਹੋਈ ਜਿਸ ਨੇ ਮਾਲਵੇ ਵਿਚ ਸਾਹਿਤਕਾਰਾਂ ਤੋਂ ਲੈ ਕੇ ਲੇਖਕਾਂ ਤੱਕ ਅਤੇ ਇਥੋਂ ਤੱਕ ਪੰਜਾਬ ਦੀ ਪੱਤਰਕਾਰੀ ਵਿਚ ਵੱਡਾ ਯੋਗਦਾਨ ਪਾਇਆ। ਦੂਰ-ਦੁਰੇਡੇ ਦੇ ਪਿੰਡਾਂ 'ਚੋਂ ਪੜ੍ਹਨ ਵਾਲੇ ਵਿਦਿਆਰਥੀ ਪਤਾ ਨਹੀਂ ਦੇਸ਼ ਵਿਦੇਸ਼ ਵਿਚ ਕਿਥੋਂ ਤੱਕ ਪਹੁੰਚ ਗਏ। ਪ੍ਰੰਤੂ ਸਮੇਂ ਦੀਆਂ ਹਕੂਮਤਾਂ ਨੇ ਹੌਲੀ ਹੌਲੀ ਇਸ ਯੂਨੀਵਰਸਿਟੀ ਨੂੰ ਆਰਥਿਕ ਤੌਰ 'ਤੇ ਦੁਰਦਸ਼ਾ ਵਿਚ ਸੁੱਟ ਦਿੱਤਾ ਜਿਸ ਦੇ ਨਿਕਲਣ ਦੀਆਂ ਸੰਭਾਵਨਾਵਾਂ ਘੱਟ ਹੀ ਸਨ। ਪਰ ਜਿਸ ਕਿਸਮ ਨਾਲ ਇਸ ਬਜਟ ਦੇ ਮੌਕੇ ਇਸ ਯੂਨੀਵਰਸਿਟੀ ਦੇ ਵਿਗਿਆਨੀ, ਵਿਦਵਾਨ ਪ੍ਰੋ. ਅਰਵਿੰਦ ਨੇ ਬੜੀ ਉਚੀ ਆਵਾਜ਼ ਵਿਚ ਕਿਹਾ ਕਿ ਇਹ ਬਿਨਾਂ ਸਰਕਾਰੀ ਮਦਦ ਦੇ ਯੂਨੀਵਰਸਿਟੀ ਚੱਲ ਨਹੀਂ ਸਕਦੀ ਬਸ ਫਿਰ ਤਾਂ ਕੀ ਸੀ ਦੇਸ਼ ਵਿਦੇਸ਼ ਤੋਂ ਹਰ ਇਕ ਅਵਾਜ਼ ਅਤੇ ਸੋਚ ਇਸ ਤਰ੍ਹਾਂ ਜੁੜ ਗਈ ਜਿਵੇਂ ਉਨ੍ਹਾਂ ਦੀ ਯੂਨੀਵਰਸਿਟੀ ਜਾਂ ਉਨ੍ਹਾਂ ਦੇ ਰੈਣ ਬਸੇਰੇ ਦਾ ਕਾਰਨ ਬਣੀ ਮਰਨ ਕੰਢੇ 'ਤੇ ਪਹੁੰਚ ਗਈ ਹੈ। ਇਸ ਆਵਾਜ਼ ਦੀ ਗੂੰਜ ਹਰੇਕ ਪਿੰਡ, ਸ਼ਹਿਰ, ਦੇਸ਼, ਵਿਦੇਸ਼ ਅਤੇ ਇਥੋਂ ਤੱਕ ਹਕੂਮਤ ਦੇ ਕੰਨੇ ਤੱਕ ਵੀ ਗੂੰਜਣ ਲੱਗੀ। ਬੱਸ ਫਿਰ ਕੀ ਸੀ ਇਸ ਧਰਤੀ ਉਪਰ ਚਾਰ ਅੱਖਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਪਹਿਲਕਦਮੀ ਨਾਲ ਅਜਿਹਾ ਮੋਰਚਾ ਸ਼ੁਰੂ ਹੋ ਗਿਆ ਜਿਸ ਵਿਚ ਵਿਚਾਰ ਵੀ ਸਨ, ਲਲਕਾਰ ਵੀ ਸੀ, ਕਵਿਤਾ ਵੀ ਸੀ, ਨਾਟਕ ਵੀ ਸੀ, ਕਹਾਣੀ ਵੀ ਸੀ ਅਤੇ ਇਕ ਦੂਜੇ ਨਾਲ ਜੁੜ ਕੇ ਇਸ ਨੂੰ ਬਚਾਉਣ ਦੀ ਚਾਹਤ ਵੀ ਸੀ। ਅਜਿਹੀ ਆਵਾਜ਼ ਜਿਹੜੀ ਹਰੇਕ ਲਈ ਆਪਣਾ ਨਾਹਰਾ ਬਣ ਗਈ ਅਤੇ ਯੂਨੀਵਰਸਿਟੀ ਨੂੰ ਬਚਾਉਣ ਦਾ ਸਬੱਬ ਹੋਣ ਲੱਗੀ। ਇਸ ਸਭ ਕੁਝ ਪਿਛੇ ਇਸ ਖਿੱਤੇ ਦੀ ਇਕ ਵਿਰਾਸਤ ਹੈ ਕਿਉਂਕਿ ਜਿਸ ਕਿਸਮ ਨਾਲ ਕਿਸਾਨ ਅੰਦੋਲਨ ਵੇਲੇ ਇਸ ਖਿੱਤੇ ਦੇ ਲੋਕਾਂ ਨੇ ਦਿਨ ਰਾਤ ਇਕ ਕਰਕੇ ਆਪਣੇ ਆਪ ਨੂੰ ਨਵੇਂ ਵਿਚਾਰਾਂ ਅਤੇ ਨਵੀਂ ਸੋਚ ਨਾਲ ਲੈੱਸ ਕੀਤਾ ਅਤੇ ਲਗਾਤਾਰ ਆਪਣੇ ਅੰਦਰ ਇਨਕਲਾਬੀ ਸਪਿਰਟ ਪੈਦਾ ਕੀਤੀ ਉਹ ਹੌਲੀ ਹੌਲੀ ਉਨ੍ਹਾਂ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਵਿਚ ਅਚੇਤ ਰੂਪ ਵਿਚ ਹੀ ਸ਼ਾਮਲ ਹੋ ਗਏ ਜਿਸ ਕਰਕੇ ਭਲਾ ਹੀ ਮੌਜੂਦਾ ਸਰਕਾਰ ਦੀ ਹੋਣੀ ਵੀ ਪੁਰਾਣੇ ਹੁਕਮਰਾਨਾ ਤੋਂ ਇਸ ਕਰਕੇ ਖਹਿੜਾ ਛੁਡਾਉਣ ਵਿਚ ਕਾਮਯਾਬ ਹੋ ਸਕੀ ਕਿ ਨਵੇਂ ਨੌਜਵਾਨ ਨਵੇਂ ਕਿਸਮ ਨਾਲ ਇਸ ਪੰਜਾਬ ਨੂੰ ਚਲਾ ਵੀ ਸਕਦੇ ਹਨ ਜਾਂ ਇਹ ਤਜਰਬਾ ਕਰ ਲਿਆ ਜਾਵੇ। ਇੰਝ ਕਿਹਾ ਜਾ ਸਕਦਾ ਹੈ ਕਿ ਪੰਜਾਬ ਨਵੀਆਂ ਤਰੀਕਾਂ ਲਿਖਦਾ ਆ ਰਿਹਾ ਹੈ। ਆਉਣ ਵਾਲਾ ਦੌਰ ਕਈ ਕਿਸਮ ਦੇ ਨਵੇਂ ਸੰਘਰਸ਼ਾਂ ਅਤੇ ਜਿੱਤਾਂ ਨੂੰ ਜਨਮ ਵੀ ਦਿੰਦਾ ਹੈ। ਹਰ ਮੋਰਚਾ ਆਪਣੀ ਜਿੱਤ ਤੱਕ ਚਲਦਾ ਹੈ ਜਿਸ ਕਿਸਮ ਨਾਲ ਦਿੱਲੀ ਦੀਆਂ ਬਾਰੂਹਾਂ 'ਤੇ ਲੱਗਿਆ ਮੋਰਚਾ ਲਗਾਤਾਰ ਇਹ ਕਹਿੰਦਾ ਰਿਹਾ ਕਿ ਇਹ ਸੰਘਰਸ਼ ਉਦੋਂ ਤੱਕ ਰਹੇਗਾ ਜਦ ਤੱਕ ਅਸੀਂ ਜਿੱਤ ਨਹੀਂ ਜਾਂਦੇ। ਹੁਣ ਦਾ ਦੌਰ ਇਸ ਕਿਸਮ ਦਾ ਕੋਈ ਵੀ ਸੰਘਰਸ਼ ਅੱਧਵਾਟੇ ਨਹੀਂ ਛੱਡਿਆ ਜਾ ਰਿਹਾ ਅਤੇ ਉਸ ਨੂੰ ਕਿਸੇ ਨਾ ਕਿਸੇ ਟੀਚੇ 'ਤੇ ਪਹੁੰਚਾਉਣ ਦੀ ਚੀਸ ਹਰ ਇਕ ਵਿਚ ਰਹਿੰਦੀ ਹੈ। ਇਸ ਦਿਸ਼ਾ ਵੱਲ ਤੁਰੀ ਹੋਈ ਨੌਜਵਾਨ ਪੀੜ੍ਹੀ ਯੂਨੀਵਰਸਿਟੀ ਦੇ ਇਸ ਸੰਘਰਸ਼ ਵਿਚ ਦੇਖੀ ਜਾ ਸਕਦੀ ਹੈ ਜਿਹੜੀ ਨਵੇਂ ਨਵੇਂ ਕਿਸਮ ਨਾਲ ਪਾਫਲੈਂਟ ਲਿਖਦੀ ਅਤੇ ਨਵੇਂ ਕਿਸਮ ਨਾਲ ਇਬਾਰਤ ਸਿਰਜਦੀ ਕਿ ਇਹ ਧਰਤੀ ਸਾਡੀ ਹੈ। ਉਸ




ਦੀਆਂ ਕੁਝ ਸਤਰਾਂ ਇੰਝ ਹਨ:

ਅਸੀਂ ਹੁਣ
ਚਾਰਦੀਵਾਰੀਆਂ ਨੂੰ
ਅਲਵਿਦਾ ਕਹਿ ਆਈਆਂ ਹਾਂ
ਸਾਡੇ ਤੀਜੇ ਨੇਤਰ ਨੇ
ਸਾਨੂੰ ਨਵੀਂ ਰੌਸ਼ਨੀ ਦੇ ਦਿੱਤੀ ਹੈ
ਕਿ ਇਹ ਜੋ ਅੱਖਰਾਂ 'ਚ ਲਿਖੇ ਨੇ
ਉਹ ਸਾਡੇ ਮਸਤਕ ਉਪਰ
ਉਕਰ ਆਏ ਹਨ
ਕਿ ਅਸੀਂ ਨਵੇਂ ਸੂਰਜ ਨੂੰ
ਸਲਾਮ ਕਰਦੀਆਂ ਹਨ
ਅਤੇ ਹਰੇਕ ਸੰਘਰਸ਼ ਸਾਡੀ
ਜੀਵਨ ਜਾਚ ਨੂੰ ਬਦਲ ਦਿੰਦਾ ਹੈ
ਸਾਡੀਆਂ ਪੈੜਾਂ
ਸਾਡੇ ਮੋਰਚਿਆਂ
ਅਤੇ ਸਾਡੇ ਸੰਘਰਸ਼ਾਂ ਵਿਚੋਂ
ਹਰ ਲਫ਼ਜ਼ ਸਾਨੂੰ
ਨਵੀਂ ਵਿਦਿਆ ਅਤੇ
ਰੌਸ਼ਨੀ ਦਿੰਦਾ ਹੈ।

ਉਪਰੋਕਤ ਕਿਸਮ ਦੀ ਸੋਚ ਅਤੇ ਸੋਝੀ ਨਵੇਂ ਲਫ਼ਜ਼ ਅਤੇ ਨਵੇਂ ਰਿਸ਼ਤੇ ਦਹਾਕਿਆਂ ਪਹਿਲਾਂ ਲਗਾਤਾਰ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਨਵੀਆਂ ਸਟੇਜਾਂ ਅਤੇ ਸੰਘਰਸ਼ਾਂ ਵਿਚੋਂ ਲਿਖੇ ਜਾਂਦੇ ਸਨ। ਚਾਹੇ ਉਹ ਪ੍ਰਿੰਥੀਪਾਲ ਸਿੰਘ ਰੰਧਾਵਾ ਦਾ ਘੋਲ ਹੋਵੇ, ਬੱਸ ਕਿਰਾਇਆ ਘੋਲ ਹੋਵੇ ਅਤੇ ਚਾਹੇ ਮੋਗਾ ਰੀਗਲ ਸਿਨੇਮਾ ਸੰਘਰਸ਼ ਹੋਵੇ ਅਤੇ ਚਾਹੇ ਥਾਂ-ਥਾਂ ਤਾਨਾਸ਼ਾਹ ਪ੍ਰਿੰਸੀਪਲਾਂ ਦੇ ਖਿਲਾਫ਼ ਹੋਵੇ। ਹਰ ਸੰਘਰਸ਼ ਨੇ ਸਾਨੂੰ ਜ਼ਿੰਦਗੀ ਵਿਚ ਖੜ੍ਹੇ ਕਰਨ ਦਾ ਜ਼ੇਰਾ ਦਿੱਤਾ ਹੈ ਅਤੇ ਸਾਡੇ ਅੰਦਰ ਲਫ਼ਜ਼ਾਂ ਦੀ ਅਜਿਹੀ ਸੂਝ ਅਤੇ ਸਮਝ ਪੈਦਾ ਕੀਤੀ ਹੈ ਕਿ ਅਸੀਂ ਹੀ ਇਸ ਧਰਤੀ ਦੇ ਵਾਰਸ ਅਤੇ ਮਾਲਕ ਹਾਂ ਜਿਹੜੇ ਵੱਖ-ਵੱਖ ਦੁਨੀਆ ਦੇ ਸੰਘਰਸ਼ਾਂ ਨੂੰ ਅਗਾਂਹ ਤੋਰਨ ਵਿਚ ਯੋਗਦਾਨ ਪਾਉਂਦੇ ਹਨ। ਹੁਣ ਤਾਂ ਸਾਨੂੰ ਤੇਜ਼ੀ ਨਾਲ ਆਪਣੇ ਦੌਰਾਂ ਨੂੰ ਮੁੜ ਦਰਸਾਉਣ ਦੀ ਲੋੜ ਹੈ ਅਤੇ ਵਾਰ ਵਾਰ ਸੰਤ ਰਾਮ ਉਦਾਸੀ, ਪਾਸ਼, ਲਾਲ ਸਿੰਘ ਦਿਲ ਪਤਾ ਨਹੀਂ ਕਿੰਨੇ ਨਵੇਂ ਨਾਂ ਹੋਰ ਇਸ ਵਿਚ ਜੁੜ ਰਹੇ ਹਨ। ਨਵੀਆਂ ਕਲਮਾਂ, ਨਵੇਂ ਢੰਗ ਨਾਲ ਉਠਣਗੀਆਂ :

ਅਸੀਂ ਹਨ੍ਹੇਰੀਆਂ ਰਾਤਾਂ ਨੂੰ
ਦੂਰ ਕਰਕੇ ਚਾਨਣ ਬਣਾਉਣਾ
ਚਾਹੁੰਦੀਆਂ ਹਾਂ
ਸਾਨੂੰ ਚਾਹੁੰਦੇ ਨੇ
ਕੁਝ ਹੋਰ ਸੰਘਰਸ਼ੀ ਬੋਲ
ਜੋ ਲੁਕਾਈ ਦੀ ਆਵਾਜ਼
ਬਣ ਸਕਣ ਅਤੇ
ਇਸ ਧਰਤੀ ਦੇ ਲੋਕਾਂ
ਦੇ ਗ਼ਮਾਂ ਨੂੰ ਦੂਰ ਕਰ ਸਕਣ
ਬੱਸ

ਅਜਿਹਾ ਚਾਹੀਦਾ ਹੈ ਸਾਡੇ ਅੰਦਰ ਜ਼ੇਰਾ। ਜਿਹੜਾ ਕਰ ਸਕੇ ਨਵੇਂ ਸਮੇਂ ਅਤੇ ਦਿਸ਼ਾ ਵੱਲ ਨੂੰ ਸਮੁੱਚੀ ਲੁਕਾਈ ਨੂੰ ਅਸੀਂ ਅਜੇ ਇਕ ਛੋਟਾ ਸੰਘਰਸ਼ ਜਿੱਤਿਆ ਹੈ ਅਤੇ ਅਗਲੇ ਸੰਘਰਸ਼ਾਂ ਲਈ ਅਸੀਂ ਹੋਰ ਅਗਾਂਹ ਵਧਾਂਗੇ।

ਅਸੀਂ ਲੜਾਂਗੇ
ਜਦੋਂ ਤੱਕ
ਲੜਨ ਦੀ
ਲੋੜ ਹੋਈ
ਅਸੀਂ ਲੜਾਂਗੇ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਬੂਟਾ ਸਿੰਘ
ਮਹਿਮੂਦਪੁਰ
94634-74342

# ਨਫ਼ਰਤੀ ਮੁਹਿੰਮ, 'ਨਿਪੁੰਸਕ ਸਟੇਟ' ਅਤੇ ਸੁਪਰੀਮ ਕੋਰਟ ਦੀਆਂ ਨਸੀਹਤਾਂ

ਹੁਣੇ ਜਿਹੇ 29 ਮਾਰਚ ਨੂੰ ਸੁਪਰੀਮ ਕੋਰਟ ਦੇ ਬੈਂਚ ਨੇ ਨਫ਼ਰਤੀ ਭਾਸ਼ਣਾਂ ਬਾਰੇ ਸਖ਼ਤ ਟਿੱਪਣੀਆਂ ਕਰਦਿਆਂ ਭਾਰਤੀ ਸਟੇਟ ਨੂੰ 'ਨਿਪੁੰਸਕ' ਅਤੇ 'ਨਿਸੱਤਾ' ਤੱਕ ਕਹਿ ਦਿੱਤਾ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਸਿਰਫ਼ ਐੱਫ.ਆਈ.ਆਰ. ਦਰਜ ਨਾ ਕਰੋ, ਤੁਹਾਨੂੰ ਅੱਗੇ ਕਾਰਵਾਈ ਵੀ ਕਰਨੀ ਪਵੇਗੀ। ਸਰਵਉੱਚ ਅਦਾਲਤ ਮਹਾਰਾਸ਼ਟਰ ਸਮੇਤ ਵੱਖ-ਵੱਖ ਰਾਜਾਂ ਦੀ ਸਟੇਟ ਅਥਾਰਟੀਜ਼ ਵੱਲੋਂ ਨਫ਼ਰਤੀ ਬਿਆਨ ਦੇਣ ਵਾਲਿਆਂ ਵਿਰੁੱਧ ਪਰਚੇ ਦਰਜ ਕਰਨ 'ਚ ਅਸਫ਼ਲ ਰਹਿਣ ਬਾਬਤ ਮਾਣਹਾਨੀ ਪਟੀਸ਼ਨ ਉੱਪਰ ਸੁਣਵਾਈ ਕਰ ਰਹੀ ਸੀ।

ਪਟੀਸ਼ਨ-ਕਰਤਾ ਵੱਲੋਂ ਪਟੀਸ਼ਨ ਰਾਹੀਂ ਬੈਂਚ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਕਿ ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਅਨੁਸਾਰ ਪਿਛਲੇ ਚਾਰ ਮਹੀਨਿਆਂ 'ਚ ਮਹਾਰਾਸ਼ਟਰ ਵਿਚ 50 ਰੈਲੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਖੁੱਲ੍ਹੇਆਮ ਜ਼ਹਿਰ ਉਗਲੀ ਗਈ ਹੈ ਪਰ ਮਹਾਰਾਸ਼ਟਰ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਨਫ਼ਰਤੀ ਭਾਸ਼ਣਾਂ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਕੇਰਲਾ ਆਧਾਰਿਤ ਕਾਰਕੁਨ ਸ਼ਾਹੀਨ ਅਬਦੁੱਲਾ ਨੇ ਪਟੀਸ਼ਨ ਦਾਇਰ ਕੀਤੀ ਸੀ ਕਿ 'ਸਕਲ ਹਿੰਦੂ ਸਮਾਜ' ਵੱਲੋਂ 'ਹਿੰਦੂ ਜਨ ਆਕ੍ਰੋਸ਼ ਮੋਰਚਾ' ਦੇ ਨਾਂ ਹੇਠ ਮਹਾਰਾਸ਼ਟਰ ਵਿਚ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਭਾਸ਼ਣਾਂ/ਬਿਆਨਾਂ ਰਾਹੀਂ ਬਹੁਗਿਣਤੀ ਹਿੰਦੂ ਫਿਰਕੇ ਨੂੰ ਮੁਸਲਮਾਨਾਂ ਵਿਰੁੱਧ ਹਿੰਸਾ ਲਈ ਉਕਸਾਇਆ ਜਾ ਰਿਹਾ ਹੈ। ਪਟੀਸ਼ਨ ਕਰਤਾ ਨੇ ਮੰਗ ਕੀਤੀ ਸੀ ਕਿ 29 ਜਨਵਰੀ ਨੂੰ ਮੁੰਬਈ ਵਿਚ ਕੀਤੀ ਜਾਣ ਵਾਲੀ ਅਗਲੀ ਰੈਲੀ ਉੱਪਰ ਪਾਬੰਦੀ ਲਗਾਈ ਜਾਵੇ। ਬੈਂਚ ਨੇ ਇਸ ਸ਼ਰਤ 'ਤੇ ਰੈਲੀ ਦੀ ਇਜਾਜ਼ਤ ਦੇ ਦਿੱਤੀ ਕਿ 'ਕੋਈ ਵੀ ਨਫ਼ਰਤੀ ਭਾਸ਼ਣ ਨਹੀਂ ਦੇਵੇਗਾ।' ਬੈਂਚ ਨੇ ਇਹ ਆਦੇਸ਼ ਵੀ ਦਿੱਤਾ ਸੀ ਕਿ ਰੈਲੀ ਦੀ ਵੀਡੀਓਗ੍ਰਾਫ਼ੀ ਕੀਤੀ ਜਾਵੇ ਅਤੇ ਵੀਡੀਓ ਬੈਂਚ ਅੱਗੇ ਪੇਸ਼ ਕੀਤੀ ਜਾਵੇ। ਪਰ ਮਹਾਰਾਸ਼ਟਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਕੋਈ ਕਾਰਵਾਈ ਤਾਂ ਕੀ ਕਰਨੀ ਸੀ ਸਗੋਂ ਸੱਤਾਧਾਰੀ ਭਾਜਪਾ ਦੇ ਐੱਮ.ਪੀ. ਤਾਂ ਖ਼ੁਦ ਇਨ੍ਹਾਂ ਰੈਲੀਆਂ 'ਚ ਹਿੱਸਾ ਲੈਂਦੇ ਹਨ। ਦਰਅਸਲ, ਆਰ.ਐੱਸ.ਐੱਸ.-ਭਾਜਪਾ ਦੀਆਂ ਸਰਕਾਰਾਂ ਅਜਿਹੇ ਅਦਾਲਤੀ ਹੁਕਮਾਂ ਨੂੰ ਟਿੱਚ ਸਮਝਦੀਆਂ ਹਨ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ, ਜੋ ਕਿ ਸਰਕਾਰੀ ਪੱਖ ਦੀ ਨੁਮਾਇੰਦਗੀ ਦੇ ਨਾਂ ਹੇਠ ਸੰਘ ਬਰਗੇਡ ਦੀ ਕਾਨੂੰਨੀ ਡਿਫੈਂਸ ਦਾ ਮੁਖੀ ਹੈ, ਨੇ ਤਾਂ ਪਟੀਸ਼ਨ ਨੂੰ ਰੱਦ ਕਰਾਉਣ ਲਈ ਇੱਥੋਂ ਤੱਕ ਦਲੀਲ ਦਿੱਤੀ ਕਿ ਕੇਰਲਾ ਦਾ ਬੰਦਾ ਮਹਾਰਾਸ਼ਟਰ 'ਚ ਹੋ ਰਹੀਆਂ ਰੈਲੀਆਂ ਦੇ ਮਾਮਲੇ ਕਿਉਂ ਉਠਾ ਰਿਹਾ ਹੈ। ਕਿ ਸਿਰਫ਼ ਇਕ ਫਿਰਕੇ ਦੇ ਨਫ਼ਰਤੀ ਬਿਆਨਾਂ ਨੂੰ ਚੁਣਿਆ ਜਾਂਦਾ ਹੈ ਅਤੇ ਪਟੀਸ਼ਨ 'ਚ ਵੀ ਚੁਣਵੀਂਆਂ ਘਟਨਾਵਾਂ ਨੂੰ ਲਿਆ ਗਿਆ ਹੈ। ਇਹ ਅਸਲ ਮੁੱਦੇ ਨੂੰ ਘੱਟੇ ਰੋਲ਼ਣ ਦੀ ਚਾਲ ਸੀ। ਇਸ ਤੋਂ ਬਾਦ ਸੁਪਰੀਮ ਕੋਰਟ ਨੇ ਜੋ ਆਦੇਸ਼ ਦਿੱਤੇ ਉਨ੍ਹਾਂ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ।

ਬੈਂਚ ਨੇ ਇਹ ਵੀ ਕਿਹਾ ਕਿ ਜਿਸ ਵਕਤ ਧਰਮ ਅਤੇ ਸਿਆਸਤ ਵੱਖ-ਵੱਖ ਹੋ ਗਏ ਇਹ ਸਭ ਕੁਝ ਬੰਦ ਹੋ ਜਾਵੇਗਾ। ਪਰ ਸਵਾਲ ਤਾਂ ਇਹ ਹੈ ਕਿ ਭਾਜਪਾ ਵਰਗੀਆਂ ਤਾਕਤਾਂ ਜਿਨ੍ਹਾਂ ਦਾ ਪ੍ਰੋਜੈਕਟ ਹੀ ਧਰਮਤੰਤਰੀ ਹਿੰਦੂ ਰਾਸ਼ਟਰ ਬਣਾਉਣਾ ਹੈ ਉਹ ਧਰਮ ਅਤੇ ਸਿਆਸਤ ਨੂੰ ਵੱਖ ਕਿਉਂ ਕਰਨਗੀਆਂ। ਬੈਂਚ ਦਾ ਇਹ ਕਹਿਣਾ ਕਿ 'ਫਰਿੰਜ ਐਲੀਮੈਂਟ' ਯਾਨੀ ਜਿਨ੍ਹਾਂ ਦਾ ਹੁਕਮਰਾਨ ਧਿਰ ਨਾਲ ਦੂਰ ਦਾ ਸੰਬੰਧ ਹੈ, ਭੜਕਾਊ ਬਿਆਨ ਦੇ ਰਹੇ ਹਨ, ਇਹ ਸਚਾਈ ਤੋਂ ਅੱਖਾਂ ਮੀਟਣਾ ਹੈ। ਦਰਅਸਲ ਇਨ੍ਹਾਂ ਅਨਸਰਾਂ ਦਾ ਆਰ.ਐੱਸ.ਐੱਸ.-ਭਾਜਪਾ ਨਾਲ ਸੰਬੰਧ ਦੂਰ ਦਾ ਨਹੀਂ ਹੈ ਇਹ ਇਨ੍ਹਾਂ ਦੇ ਆਪਣੇ ਹੀ ਮੈਂਬਰ ਹਨ ਜੋ ਲੁਕਵੇਂ ਰੂਪ 'ਚ ਆਰ.ਐੱਸ.ਐੱਸ.-ਭਾਜਪਾ ਨਾਲ ਡੂੰਘੇ ਰੂਪ 'ਚ ਜੁੜੇ ਹੋਏ ਹਨ। ਐਸੇ ਸੰਬੰਧ ਜਵਾਬਦੇਹੀ ਤੋਂ ਬਚਣ ਅਤੇ ਆਪਣੇ ਨਫ਼ਰਤੀ ਏਜੰਡੇ ਨੂੰ ਚੱਲਦਾ ਰੱਖਣ ਦਾ ਸੋਚਿਆ-ਸਮਝਿਆ ਮਖੌਟਾ ਹਨ। ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਆਰ.ਐੱਸ.ਐੱਸ. ਦੇ ਖੁੱਲ੍ਹੇ ਫਰੰਟ ਹਨ। ਇਨ੍ਹਾਂ ਨੇ ਅੱਗੇ ਵੱਖ-ਵੱਖ ਨਾਵਾਂ ਹੇਠ ਬਹੁਤ ਸਾਰੀਆਂ ਸੰਸਥਾਵਾਂ ਬਣਾ ਰੱਖੀਆਂ ਹਨ। ਇਨ੍ਹਾਂ ਸੰਸਥਾਵਾਂ ਅਤੇ ਆਰ.ਐੱਸ.ਐੱਸ. ਦੀ ਬਹੁਤ ਸਾਰੇ ਦਹਿਸ਼ਤਵਾਦੀ ਬੰਬ ਕਾਂਡਾਂ ਵਿਚ ਭੂਮਿਕਾ ਜੱਗ ਜ਼ਾਹਿਰ ਹੋ ਚੁੱਕੀ ਹੈ ਅਤੇ ਕੁਝ ਕੇਸ ਅਜੇ ਵੀ ਅਦਾਲਤਾਂ 'ਚ ਸੁਣਵਾਈ ਅਧੀਨ ਹਨ। ਇਨ੍ਹਾਂ ਵਿਰੁੱਧ ਨਾ ਕਦੇ ਐੱਨ.ਐੱਸ.ਏ. ਲਗਾਇਆ ਜਾਂਦਾ ਹੈ ਨਾ ਯੂ.ਏ.ਪੀ.ਏ.। ਨਾ ਕਦੇ ਕੇਂਦਰੀ ਗ੍ਰਹਿ ਮੰਤਰੀ ਜਾਂ ਕੋਈ ਹੋਰ ਭਾਜਪਾਈ ਆਗੂ ਇਨ੍ਹਾਂ ਨੂੰ ਕਦੇ ਅਮਨ-ਕਾਨੂੰਨ ਲਈ ਖ਼ਤਰਾ ਦੱਸਦਾ ਹੈ ਕਿਉਂਕਿ ਇਹ ਇਨ੍ਹਾਂ ਦੇ ਆਪਣੇ ਪਾਲੇ ਹੋਏ ਦਹਿਸ਼ਤਵਾਦੀ ਗੈਂਗ ਹਨ। ਅਮਿਤ ਸ਼ਾਹ ਸਿਰਫ਼ ਉਸ ਰਾਜ ਸਰਕਾਰ ਦੇ ਮੁੱਖ ਮੰਤਰੀ ਦੀ ਬਾਂਹ ਮਰੋੜਨ ਲਈ ਫ਼ੋਨ ਕਰਦਾ ਹੈ ਜਿੱਥੇ ਵਿਰੋਧੀ-ਧਿਰ ਦੀ ਸਰਕਾਰ ਹੈ। ਪੱਛਮੀ ਬੰਗਾਲ 'ਚ ਰਾਮ ਨੌਮੀ ਮੌਕੇ ਹਿੰਸਾ ਬਾਬਤ ਮਮਤਾ ਬੈਨਰਜੀ ਨੂੰ ਫ਼ੋਨ ਕਰਕੇ 'ਅਮਨ-ਕਾਨੂੰਨ' ਦੀ ਸਥਿਤੀ ਬਾਰੇ ਚਿੰਤਾ ਪ੍ਰਗਟਾਈ ਗਈ ਪਰ ਕਰਨਾਟਕਾ ਵਿਚ ਭਾਜਪਾਈ ਮੁੱਖ ਮੰਤਰੀ ਦੀ ਪਿੱਠ ਥਾਪੜੀ ਗਈ ਕਿ ਉਸ ਨੇ ਮੁਸਲਮਾਨਾਂ ਦਾ 4ਫ਼ੀਸਦੀ ਰਾਖਵਾਂ ਕੋਟਾ ਖ਼ਤਮ ਕਰਕੇ 'ਬਹਾਦਰੀ ਵਾਲਾ' ਕੰਮ ਕੀਤਾ ਹੈ ਅਤੇ ਇਸ ਨੂੰ ਰਾਜ ਦੇ ਰਸੂਖ਼ਵਾਨ ਭਾਈਚਾਰਿਆਂ ਲਿੰਗਾਇਤ ਅਤੇ ਵੋਕਾਲਿਗਾ ਵਿਚ ਬਰਾਬਰ ਵੰਡ ਦਿੱਤਾ ਗਿਆ ਹੈ। ਜੈਨੀਆਂ (ਦਿਗੰਬਰ) ਅਤੇ ਈਸਾਈਆਂ ਲਈ ਕੋਟਾ ਬਰਕਰਾਰ ਰੱਖਿਆ ਗਿਆ ਹੈ ਕਿਉਂਕਿ ਭਾਜਪਾ ਦੀ ਚੋਣ ਪਾਲਾਬੰਦੀ ਦੇ ਹੱਕ 'ਚ ਜਾਂਦਾ ਹੈ। ਹਾਲਾਂ ਕਿ ਕਰਨਾਟਕਾ ਵਿਚ ਨਫ਼ਰਤੀ ਭਾਸ਼ਣਾਂ ਨਾਲ ਭੜਕਾਇਆ ਮਾਹੌਲ ਪੱਛਮੀ ਬੰਗਾਲ ਤੋਂ ਘੱਟ ਖ਼ਤਰਨਾਕ ਨਹੀਂ ਹੈ। ਕਰਨਾਟਕਾ ਵਿਚ 10 ਮਈ ਨੂੰ ਵਿਧਾਨ ਸਭਾ ਸਭਾ ਹੋਣਗੀਆਂ ਅਤੇ ਆਰ.ਐੱਸ.ਐੱਸ.-ਭਾਜਪਾ ਫਿਰਕੂ ਪਾਲਾਬੰਦੀ ਦੀ ਸਿਆਸਤ ਰਾਹੀਂ ਪਾਲੀ ਸਿਆਸੀ ਫ਼ਸਲ ਵੱਢਣ ਦੀ ਪੂਰੀ ਤਿਆਰੀ 'ਚ ਹੈ।

ਦਰਅਸਲ, ਸਟੇਟ ਨਿਪੁੰਸਕ ਅਤੇ ਨਿਸੱਤਾ ਨਹੀਂ ਹੈ, ਇਹ ਸਿਲੈਕਟਿਵ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨਫ਼ਰਤ ਭੜਕਾਊ ਗਰੁੱਪਾਂ ਦੀ ਰਾਜਸੀ ਅਤੇ ਰਾਜਕੀ ਸਰਪ੍ਰਸਤੀ ਕਰਦੀਆਂ ਹਨ ਅਤੇ ਕਦੇ ਵੀ ਐਸੀਆਂ ਕਾਰਵਾਈਆਂ ਦੀ ਨਿਖੇਧੀ ਨਹੀਂ ਕਰਦੀਆਂ ਕਿਉਂਕਿ ਨਫ਼ਰਤੀ ਬਿਆਨ ਅਤੇ ਭਾਸ਼ਣ ਹਿੰਦੂ ਰਾਸ਼ਟਰ ਲਈ ਡੂੰਘੀ ਫਿਰਕੂ ਪਾਲਾਬੰਦੀ ਕਰਨ ਦੀ ਯੋਜਨਾ ਦਾ ਹਿੱਸਾ ਹਨ। ਅਖਾਉਤੀ ਹਿੰਦੂ ਸਾਧਾਂ-ਸਾਧਵੀਆਂ, ਧਰਮ-ਗੁਰੂਆਂ, ਧਰਮ ਪ੍ਰਚਾਰਕਾਂ ਦਾ ਸਾਲਮ ਬਰਗੇਡ ਹੈ ਜੋ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਨਫ਼ਰਤ ਭਰਨ ਲਈ ਭਗਵੇ ਆਈ.ਟੀ. ਸੈੱਲ ਨਾਲ ਮਿਲ ਕੇ ਦਿਨ-ਰਾਤ ਮਸ਼ੀਨ ਵਾਂਗ ਕੰਮ ਕਰਦਾ ਹੈ। ਬਾਗੇਸ਼ਵਰ ਧਾਮ ਬਾਬਾ 'ਮਾਥੇ ਪਰ ਤਿਲਕ ਹੋਗਾ, ਭਾਰਤ ਹਿੰਦੂ ਰਾਸ਼ਟਰ ਹੋਗਾ' ਦੇ ਐਲਾਨ ਕਰ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲਾ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਦੀ ਸਜ਼ਾ ਮਾਫ਼



ਕਰਾਉਂਦਾ ਹੈ ਅਤੇ ਗੁਜਰਾਤ 'ਚ ਭਾਜਪਾ ਦੇ ਆਗੂ ਉਨ੍ਹਾਂ ਦਾ ਬਾਹਵਾਂ ਅੱਡ ਕੇ ਸਵਾਗਤ ਕਰਦੇ ਹਨ ਕਿਉਂਕਿ ਉਹ 'ਸੰਸਕਾਰੀ ਬ੍ਰਾਹਮਣ' ਹਨ। ਇਕ ਬਲਾਤਕਾਰੀ ਸੈਲੇਸ਼ ਭੱਟ ਨੂੰ ਭਾਜਪਾ ਦੇ ਐੱਮ.ਪੀ. ਅਤੇ ਵਿਧਾਇਕ ਨਾਲ ਸਰਕਾਰੀ ਮੰਚ ਉੱਪਰ ਸ਼ੁਸ਼ੋਭਿਤ ਕੀਤਾ ਜਾਂਦਾ ਹੈ।

ਨਫ਼ਰਤੀ ਮੁਹਿੰਮ ਨੂੰ ਰਾਜਕੀ ਅਤੇ ਰਾਜਸੀ ਸਰਪ੍ਰਸਤੀ ਦੀ ਇਕ ਹੋਰ ਤਾਜ਼ਾ ਮਿਸਾਲ ਰਾਮ ਨੌਮੀ ਦੇ ਧਾਰਮਿਕ ਦਿਹਾੜੇ ਨੂੰ ਸੰਘ ਪਰਿਵਾਰ ਵੱਲੋਂ ਮੁਸਲਮਾਨਾਂ ਵਿਰੁੱਧ ਹਿੰਸਾ ਅਤੇ ਨਫ਼ਰਤ ਭੜਕਾਉਣ ਦਾ ਮੰਚ ਬਣਾਉਣਾ ਹੈ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਹੈ ਕਿ ਮੁਲਕ ਵਿਚ ਇਸ ਵਾਰ ਰਾਮ ਨੌਮੀ ਦੇ ਜਲੂਸਾਂ ਦੌਰਾਨ ਹਿੰਸਾ ਦੀਆਂ ਘਟਨਾਵਾਂ ਵਿਚ 22 ਲੋਕ ਜ਼ਖ਼ਮੀ ਹੋਏ ਹਨ ਅਤੇ 54 ਨੂੰ ਗਿ?ਰਫ਼ਤਾਰ ਕੀਤਾ ਗਿਆ ਹੈ। ਮਹਾਰਾਸ਼ਟਰ, ਗੁਜਰਾਤ, ਪੱਛਮੀ ਬੰਗਾਲ, ਬਿਹਾਰ ਅਤੇ ਕਰਨਾਟਕਾ ਵਿਚ ਇਨ੍ਹਾਂ ਜਲੂਸਾਂ ਦੌਰਾਨ ਦੋ ਫ਼ਿਰਕਿਆਂ 'ਚ ਹਿੰਸਕ ਝੜਪਾਂ ਅਤੇ ਪਥਰਾਓ ਕੀਤੇ ਜਾਣ ਦੀਆਂ ਘਟਨਾਵਾਂ ਵਾਪਰੀਆਂ ਹਨ। ਬਿਹਾਰ ਵਿਚ ਬਿਹਾਰ ਸ਼ਰੀਫ਼ ਦੇ 110 ਸਾਲ ਪੁਰਾਣੇ ਮਦਰੱਸੇ ਅਜ਼ੀਜ਼ੀਆ ਅਤੇ ਲਾਇਬ੍ਰੇਰੀ ਜਨੂੰਨੀ ਭੀੜ ਨੇ ਅੱਗ ਲਗਾ ਕੇ ਸਾੜ ਦਿੱਤੀ ਜਿਸ ਨਾਲ ਪ੍ਰਾਚੀਨ ਹੱਥ ਲਿਖਤਾਂ ਅਤੇ ਧਾਰਮਿਕ ਗ੍ਰੰਥਾਂ ਸਮੇਤ 4500 ਵੱਡਮੁੱਲੀਆਂ ਕਿਤਾਬਾਂ ਨਸ਼ਟ ਹੋ ਗਈਆਂ। ਪੱਛਮੀ ਬੰਗਾਲ ਅਤੇ ਕਰਨਾਟਕਾ ਤੋਂ ਤਾਂ ਹਿੰਸਾ 'ਚ ਮੌਤਾਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਮੱਧ ਪ੍ਰਦੇਸ਼ ਦੇ ਖਰਗੋਨ 'ਚ ਰਾਮ ਨੌਮੀ ਮੌਕੇ 'ਜੈ ਹਿੰਦੂ ਰਾਸ਼ਟਰ' ਦੇ ਬੈਨਰ ਜਨਤਕ ਤੌਰ 'ਤੇ ਲਗਾਏ ਗਏ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਪਿਛਲੇ ਸਾਲ ਅਪ੍ਰੈਲ 2022 'ਚ ਵੀ ਮੱਧ ਪ੍ਰਦੇਸ਼ ਦੇ ਖਰਗੋਨ ਅਤੇ ਹੋਰ ਰਾਜਾਂ ਵਿਚ ਰਾਮ ਨੌਮੀ ਅਤੇ ਹਨੂਮਾਨ ਜੈਅੰਤੀ ਦੇ ਮੌਕੇ ਮੁਸਲਮਾਨ ਮੁਹੱਲਿਆਂ 'ਚ ਜਲੂਸ ਕੱਢ ਕੇ ਅਤੇ ਕਈ ਥਾਈਂ ਮਸਜਿਦਾਂ ਉੱਪਰ ਧਾਵਾ ਬੋਲ ਕੇ ਭਗਵੇ ਝੰਡੇ ਲਹਿਰਾਏ ਗਏ ਸਨ। ਗੁੰਡਾਗਰਦੀ ਕਰਕੇ ਮੁਸਲਮਾਨਾਂ ਨੂੰ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਤਾਂ ਜੁ ਉਹ ਅੱਗਿਓਂ ਕੋਈ ਵਿਰੋਧ ਕਰਨ ਅਤੇ ਉਸ ਵਿਰੋਧ ਨੂੰ ਫਿਰ ਸਾਰੇ ਮੁਸਲਮਾਨਾਂ ਉੱਪਰ ਹਮਲਾ ਕਰਨ ਤੇ ਉਨ੍ਹਾਂ ਦੇ ਘਰਾਂ ਤੇ ਦੁਕਾਨਾਂ ਦੀ ਭੰਨਤੋੜ ਕਰਨ ਲਈ ਵਰਤਿਆ ਜਾ ਸਕੇ। ਫਿਰ ਪੁਲਿਸ ਆ ਧਮਕਦੀ ਸੀ ਅਤੇ ਦੰਗਈਆਂ ਵਿਰੁੱਧ ਕਾਰਵਾਈ ਦੇ ਬਹਾਨੇ ਉਨ੍ਹਾਂ ਦੇ ਘਰਾਂ-ਦੁਕਾਨਾਂ ਉੱਪਰ ਬੁਲਡੋਜ਼ਰ ਚਲਾਉਣਾ ਸ਼ੁਰੂ ਕਰ ਦਿੰਦੀ ਸੀ। ਰਾਜਸਥਾਨ ਦੇ ਕਰੌਲੀ ਵਿਚ ਨਵੇਂ ਹਿੰਦੂ ਵਰ੍ਹੇ ਦਾ ਜਸ਼ਨ ਮਨਾਉਣ ਲਈ ਆਰ.ਐੱਸ.ਐੱਸ. ਦੇ ਆਗੂ ਦੀ ਅਗਵਾਈ ਹੇਠ ਜੋ ਰੈਲੀ ਕੱਢੀ ਗਈ ਉਹ ਭੜਕਾਊ ਨਾਅਰਿਆਂ ਕਾਰਨ ਸਾੜਫੂਕ ਅਤੇ ਹਮਲਿਆਂ ਵਿਚ ਬਦਲ ਗਈ ਸੀ। 62 ਦੁਕਾਨਾਂ/ਕਾਰੋਬਾਰਾਂ ਦੀ ਭੰਨਤੋੜ ਹੋਈ ਸੀ ਜਿਨ੍ਹਾਂ ਵਿੱਚੋਂ 59 ਮੁਸਲਮਾਨਾਂ ਦੀਆਂ ਸਨ। ਭਾਜਪਾ ਸ਼ਾਸ਼ਿਤ ਮੱਧ ਪ੍ਰਦੇਸ਼ ਦੇ ਖ਼ਰਗੋਨ ਅਤੇ ਸੇਧਵਾਂ ਜ਼ਿਲ੍ਹਿਆਂ ਵਿਚ ਮੁਸਲਮਾਨਾਂ ਨੂੰ ਮਾਰਨ ਦੇ ਸੱਦੇ ਦਿੰਦੇ ਭੜਕਾਊ ਗੀਤ ਡੀ.ਜੇ. ਉੱਪਰ ਲਗਾ ਕੇ ਮਸਜਿਦਾਂ ਅੱਗੇ ਡਾਂਸ ਕੀਤੇ ਗਏ ਸਨ। ਫਿਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 45 ਮਕਾਨ ਬੁਲਡੋਜ਼ਰ ਚਲਾ ਕੇ ਇਸ ਬਹਾਨੇ ਢਾਹ ਦਿੱਤੇ ਗਏ ਕਿ ਇਨ੍ਹਾਂ ਮੁਸਲਮਾਨਾਂ ਨੇ ਰਾਮ ਨੌਮੀ ਦੇ ਜਲੂਸ ਉੱਪਰ ਪਥਰਾਓ ਕੀਤਾ ਸੀ ਅਤੇ ਇਹ ਮਕਾਨ ਗ਼ੈਰਕਾਨੂੰਨੀ ਉਸਾਰੀਆਂ ਸਨ। ਖਰਗੋਨ ਵਿਚ ਹਿੰਸਾ ਸ਼ੁਰੂ ਹੋਣ ਤੋਂ ਪਹਿਲਾਂ ਭਾਜਪਾ ਦਾ ਆਗੂ ਕਪਿਲ ਮਿਸ਼ਰਾ ਉੱਥੇ ਸ਼੍ਰੀਰਾਮ ਜਨਉਤਸਵ ਸ਼ੋਭਾ ਯਾਤਰਾ ਵਿਚ ਉਚੇਚੇ ਤੌਰ 'ਤੇ ਜਾ ਕੇ ਸ਼ਾਮਿਲ ਹੋਇਆ ਸੀ ਜੋ ਕਿਸੇ ਡੂੰਘੀ ਸਾਜ਼ਿਸ਼ ਦਾ ਸਾਫ਼ ਸੰਕੇਤ ਸੀ। ਇਸੇ ਕਪਿਲ ਮਿਸ਼ਰੇ ਨੇ ਫਰਵਰੀ 2020 'ਚ ਉੱਤਰ-ਪੂਰਬੀ ਦਿੱਲੀ ਵਿਚ ਮੁਸਲਿਮ ਵਿਰੋਧੀ ਹਿੰਸਾ ਦੀ ਅਗਵਾਈ ਕੀਤੀ ਸੀ ਅਤੇ ਪਿਛਲੇ ਸਾਲ ਜਹਾਂਗੀਰਪੁਰੀ (ਦਿੱਲੀ) ਵਿਚ ਰਾਮ ਨੌਮੀ ਮੌਕੇ ਹੋਏ ਟਕਰਾਓ ਦੇ ਬਹਾਨੇ ਮੁਸਲਿਮ ਫਿਰਕੇ ਵਿਰੁੱਧ ਭੜਕਾਊ ਬਿਆਨਬਾਜ਼ੀ ਕਰਨ 'ਚ ਵੀ ਸਭ ਤੋਂ ਅੱਗੇ ਸੀ। ਨਾ ਇਸ ਵਿਰੁੱਧ ਕਦੇ ਕੋਈ ਪਰਚਾ ਦਰਜ ਹੋਇਆ ਅਤੇ ਨਾ ਇਸ ਨੂੰ ਹਿਰਾਸਤ 'ਚ ਲਿਆ ਗਿਆ।

ਪੁਲਿਸ ਹਿੰਦੂਤਵੀ ਅਗਵਾਈ ਵਾਲੇ ਹਿੰਸਕ ਹਜੂਮਾਂ ਦੀ ਸੁਰੱਖਿਆ ਛੱਤਰੀ ਦਾ ਕੰਮ ਕਰਦੀ ਹੈ ਅਤੇ ਅਕਸਰ ਮੁਸਲਮਾਨਾਂ ਵਿਰੁੱਧ ਹਿੰਦੂ ਪੱਖੀ ਝੁਕਾਅ ਨਾਲ ਪੇਸ਼ ਆਉਂਦੀ ਵੀ ਦੇਖੀ ਜਾ ਸਕਦੀ ਹੈ। ਪੁਲਿਸ ਦੀ ਹਮਾਇਤ ਅਤੇ ਮੱਦਦ ਦੇਖ ਕੇ ਹਿੰਦੂ ਜਨੂੰਨੀ ਹੋਰ ਵੀ ਭੂਤਰ ਜਾਂਦੇ ਹਨ ਅਤੇ ਮੁਸਲਮਾਨਾਂ ਨੂੰ ਧੱਕ ਕੇ ਕੰਧ ਨਾਲ ਲਾਉਣ ਅਤੇ ਬੇਵਸੀ ਦਾ ਅਹਿਸਾਸ ਕਰਾਉਣ ਲਈ ਬੇਖ਼ੌਫ਼ ਹੋ ਕੇ ਹਿੰਸਾ ਕਰਦੇ ਹਨ। ਅਦਾਲਤ 'ਚ ਪੁਲਿਸ ਹਿੰਦੂਆਂ ਦੇ ਜਲੂਸਾਂ ਨੂੰ ਸ਼ਾਂਤਮਈ ਦੱਸਦੀ ਹੈ ਅਤੇ ਕਹਿੰਦੀ ਹੈ ਕਿ ਉਨ੍ਹਾਂ ਦੇ ਵੱਲੋਂ ਜੋ ਕੀਤਾ ਗਿਆ ਉਹ ਮੁਸਲਮਾਨਾਂ ਦੀ ਹਿੰਸਾ ਦਾ ਪ੍ਰਤੀਕਰਮ ਸੀ। ਇਹੀ ਪੱਖ ਦਿੱਲੀ ਪੁਲਿਸ ਨੇ ਜਹਾਂਗੀਰਪੁਰੀ ਦੀ ਹਿੰਸਾ ਬਾਰੇ ਅਦਾਲਤ 'ਚ ਰੱਖਿਆ ਸੀ।

ਲਿਹਾਜ਼ਾ, ਨਫ਼ਰਤੀ ਭਾਸ਼ਣ ਸਿਰਫ਼ ਉਹ ਨਹੀਂ ਹਨ ਜਿਨ੍ਹਾਂ ਬਾਰੇ ਕੋਈ ਫ਼ਿਕਰਮੰਦ ਨਾਗਰਿਕ ਅਦਾਲਤ 'ਚ ਪਟੀਸ਼ਨ ਦਾਇਰ ਕਰਕੇ ਕਾਰਵਾਈ ਦੀ ਮੰਗ ਕਰਦਾ ਹੈ। ਨਫ਼ਰਤੀ ਭਾਸ਼ਣ ਇਕ ਵਿਆਪਕ ਯੋਜਨਾਬੱਧ ਮੁਹਿੰਮ ਹੈ ਜੋ ਕਈ ਰੂਪਾਂ 'ਚ ਸਾਹਮਣੇ ਆ ਰਹੀ ਹੈ। ਹਾਲ ਹੀ ਵਿਚ 25 ਮਾਰਚ ਨੂੰ 'ਸਿਟੀਜ਼ਨਜ਼ ਐਂਡ ਲਾਇਰਜ਼ ਇਨੀਸ਼ੀਏਟਿਵ' ਨੇ ਰਾਮ ਨੌਮੀ ਦਾ ਇਤਿਹਾਸਕ ਪ੍ਰਸੰਗ 'ਚ ਅਧਿਐਨ ਕਰਦੇ ਹੋਏ 174 ਪੰਨਿਆਂ ਦੀ ਖ਼ਾਸ ਰਿਪੋਰਟ 'ਰੂਟਸ ਆਫ਼ ਰੈਥ' ਜਾਰੀ ਕੀਤੀ ਹੈ ਜਿਸ ਦੀ ਪ੍ਰਸਤਾਵਨਾ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਰੋਹਿੰਟਨ ਐੱਫ.ਨਰੀਮਨ ਨੇ ਅਤੇ ਆਦਿਕਾ ਸੁਪਰੀਮ ਕੋਰਟ ਦੇ ਉੱਘੇ ਵਕੀਲ ਚੰਦਰ ਉਦੈ ਸਿੰਘ ਨੇ ਲਿਖੀ ਹੈ। ਰਿਪੋਰਟ ਕਹਿੰਦੀ ਹੈ ਕਿ ਅਪ੍ਰੈਲ 2022 ਦੇ ਰਾਮਨੌਮੀ ਅਤੇ ਹਨੂਮਾਨ ਜੈਅੰਤੀ ਜਲੂਸਾਂ 'ਚ ਸਪਸ਼ਟ ਅਤੇ ਭਿਆਨਕ ਸਾਂਝੇ ਪੈਟਰਨ ਹਨ। ਭਗਵਾਧਾਰੀ ਮਰਦਾਂ ਦੇ ਵੱਡੇ-ਵੱਡੇ ਹਜੂਮ ਤਲਵਾਰਾਂ, ਤਿ?ਸ਼ੂਲ ਅਤੇ ਕੁਝ ਮਾਮਲਿਆਂ 'ਚ ਬੰਦੂਕਾਂ/ਪਿਸਤੌਲ ਲੈ ਕੇ ਇਕੱਠੇ ਹੋਏ। ਉਹ ਜਾਣ-ਬੁੱਝ ਕੇ ਉਨ੍ਹਾਂ ਰਸਤਿਆਂ ਤੋਂ ਜਲੂਸ ਲੈ ਕੇ ਗਏ ਜੋ ਵੱਡੀਆਂ ਮਸਜਿਦਾਂ ਅਤੇ ਮੁਸਲਮਾਨ ਬਹੁਗਿਣਤੀ ਵਾਲੇ ਇਲਾਕੇ ਹਨ। ਹਿੰਸਾ ਉੱਥੇ ਜਲੂਸ ਲਿਜਾ ਕੇ ਮਸਜਿਦਾਂ ਅੱਗੇ ਹਿੰਦੂ ਰਾਸ਼ਟਰ ਦੇ ਨਾਅਰੇ ਲਾਉਣ ਅਤੇ ਵਹੀਕਲਾਂ ਉੱਪਰ ਲਗਾਏ ਵੱਡੇ-ਵੱਡੇ ਡੀ.ਜੇ. ਸਿਸਟਮ ਉੱਪਰ ਉੱਚੀ ਆਵਾਜ਼ 'ਚ ਮੁਸਲਿਮ ਵਿਰੋਧੀ ਗੀਤ-ਸੰਗੀਤ ਵਜਾਉਣ ਤੋਂ ਸ਼ੁਰੂ ਹੋਈ। ਭਾਜਪਾ ਦੇ ਆਗੂ ਹੁਣ ਰਾਮ ਨੌਮੀ ਮੌਕੇ ਖੁੱਲ੍ਹ ਕੇ ਹਿੰਸਾ ਕਰਵਾਉਂਦੇ ਹਨ ਅਤੇ ਇਸ ਮੌਕੇ ਨੂੰ ਆਪਣੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੇ ਹੱਕ 'ਚ ਹਿੰਦੂ ਫਿਰਕੇ ਨੂੰ ਲਾਮਬੰਦ ਕਰਨ ਲਈ ਬਖ਼ੂਬੀ ਵਰਤਦੇ ਹਨ। ਰਾਮ ਨੌਮੀ ਉਨ੍ਹਾਂ ਰਾਜਾਂ 'ਚ ਵੀ ਬਕਾਇਦਾ ਮੁਹਿੰਮ ਦੇ ਰੂਪ 'ਚ ਮਨਾਈ ਜਾਣ ਲੱਗੀ ਹੈ ਜਿੱਥੇ ਇਹ ਕਦੇ ਮਨਾਈ ਹੀ ਨਹੀਂ ਸੀ ਜਾਂਦੀ। ਜਿਵੇਂ ਪੱਛਮੀ ਬੰਗਾਲ, ਕੇਰਲਾ ਆਦਿ।

ਭਗਵੀਂ ਹਕੂਮਤ ਦੀ ਰਾਜਸੀ ਅਤੇ ਰਾਜਕੀ ਪੁਸ਼ਤਪਨਾਹੀ ਹੇਠ ਹਿੰਦੂ ਤਿਓਹਾਰਾਂ ਦੀ ਪ੍ਰੋਮੋਸ਼ਨ ਅਤੇ ਮੁਸਲਮਾਨਾਂ ਦੇ ਧਾਰਮਿਕ ਕਾਰਜਾਂ 'ਚ ਖ਼ਲਲ ਪਾਉਣ ਦੀ ਧੌਂਸਬਾਜ਼ੀ ਨਾਲੋ-ਨਾਲ ਕੰਮ ਕਰ ਰਹੀ ਹੈ। ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿਚ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨੋਂ ਰੋਕਣ ਲਈ ਹਿੰਦੂਤਵੀ ਗਰੁੱਪ ਲਗਾਤਾਰ ਮੁਹਿੰਮ ਚਲਾ ਰਹੇ ਹਨ। ਨਮਾਜ਼ ਵਾਲੀ ਥਾਂ 'ਤੇ ਸਪੀਕਰ ਲਗਾ ਕੇ ਉੱਚੀ ਆਵਾਜ਼ 'ਚ ਹਨੂਮਾਨ ਚਾਲੀਸਾ ਪੜ੍ਹਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਹ ਬਿਰਤਾਂਤ ਪ੍ਰਚਾਰਿਆ ਜਾਂਦਾ ਹੈ ਕਿ 'ਬਾਹਰਲੇ ਅਨਸਰਾਂ' ਕਾਰਨ ਇਲਾਕੇ ਦੀ ਸੁਰੱਖਿਆ ਨੂੰ ਖ਼ਤਰਾ ਹੈ। ਉੱਤਰ ਪ੍ਰਦੇਸ਼ ਵਿਚ ਪਿਛਲੇ ਇਕ ਹਫ਼ਤੇ 'ਚ ਨਮਾਜ਼ ਨੂੰ ਰੋਕਣ ਦੀਆਂ ਤਿੰਨ ਘਟਨਾਵਾਂ ਸਾਹਮਣੇ ਆਈਆਂ ਹਨ। 24 ਮਾਰਚ ਨੂੰ ਮੁਰਾਦਾਬਾਦ 'ਚ ਅਤੇ 26 ਮਾਰਚ ਨੂੰ ਗਰੇਟਰ ਨੋਇਡਾ 'ਚ। ਇਹ ਵੀ ਧਿਆਨ 'ਚ ਰਹੇ ਕਿ ਇਹ ਰੁਕਾਵਟ ਹੁਣ ਬਾਹਰਲੇ ਅਨਸਰਾਂ ਵੱਲੋਂ ਨਹੀਂ ਸਗੋਂ ਮੁਹੱਲੇ ਦੇ ਲੋਕਾਂ ਵੱਲੋਂ ਪਾਈ ਜਾਂਦੀ ਹੈ ਜੋ ਇਸ ਦਾ ਸਬੂਤ ਹੈ ਕਿ ਫਿਰਕੂ ਪਾਲਾਬੰਦੀ ਆਪਣਾ ਰੰਗ ਦਿਖਾ ਰਹੀ ਹੈ। ਪੁਲਿਸ 'ਸ਼ਿਕਾਇਤ' ਦੇ ਆਧਾਰ 'ਤੇ ਤੁਰੰਤ ਹਰਕਤ 'ਚ ਆਉਂਦੀ ਹੈ ਅਤੇ ਸਮੂਹਿਕ ਤੌਰ 'ਤੇ ਨਮਾਜ਼ ਪੜ੍ਹਨ ਉੱਪਰ ਰੋਕ ਲਗਾ ਕੇ ਬਹੁਗਿਣਤੀ ਨੂੰ ਖ਼ੁਸ਼ ਕਰ ਦਿੰਦੀ ਹੈ।

2024 ਦੀਆਂ ਲੋਕ-ਸਭਾ ਚੋਣਾਂ ਅਤੇ ਅਗਲੇ ਮਹੀਨਿਆਂ 'ਚ ਕੁਝ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਕਾਰਨ ਇਹ ਜ਼ਹਿਰੀਲੀ ਮੁਹਿੰਮ ਹੋਰ ਵੀ ਵਿਕਰਾਲ ਰੂਪ ਅਖ਼ਤਿਆਰ ਕਰੇਗੀ। ਪਾਰਲੀਮੈਂਟਰੀ ਵਿਰੋਧੀ-ਧਿਰ 'ਚ ਇਸ ਫਾਸ਼ੀਵਾਦੀ ਮੁਹਿੰਮ ਨੂੰ ਟੱਕਰ ਦੇਣ ਦਾ ਦਮ-ਖ਼ਮ ਨਹੀਂ ਹੈ। ਨਫ਼ਰਤੀ ਭਾਸ਼ਣਾਂ ਦੀ ਮੁਹਿੰਮ ਨਾ ਪਾਰਲੀਮੈਂਟ 'ਚ ਜਾਬ ?ਹਾਂ ਦੇ ਭੇੜ ਨਾਲ ਰੁਕ ਸਕਦੀ ਹੈ ਨਾ ਅਦਾਲਤੀ ਆਦੇਸ਼ਾਂ ਨਾਲ। ਇਨ੍ਹਾਂ ਨੂੰ ਠੱਲ ਜਾਗਦੀਆਂ ਜ਼ਮੀਰਾਂ ਵਾਲੇ ਸਮੂਹ ਧਰਮਨਿਰਪੱਖ, ਅਮਨਪਸੰਦ ਲੋਕਾਂ ਦੇ ਸ਼ਾਹੀਨ ਬਾਗ਼ ਅਤੇ ਕਿਸਾਨ ਅੰਦੋਲਨ ਵਰਗੇ ਵੱਡੇ ਮੋਰਚੇ ਹੀ ਠੱਲ ਪਾ ਸਕਦੇ ਹਨ।

# ਕੈਨੇਡਾ ’ਚੋਂ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਦੀ ਜੜ੍ਹ

ਮਨਦੀਪ
+1 (438) 924-2052
mandeepsaddowal@gmail.com

ਪ੍ਰਵਾਸ ਮਨੁੱਖੀ ਸੱਭਿਅਤਾ ਜਿੰਨ੍ਹਾ ਹੀ ਪੁਰਾਣਾ ਹੈ। ਜਿੱਥੇ ਪ੍ਰਵਾਸ ਮਨੁੱਖ ਨੂੰ ਚੇਤੰਨ, ਸਹਿਣਸ਼ੀਲ਼ ਤੇ ਤਜ਼ਰਬੇਕਾਰ ਬਣਾਉਂਦਾ ਹੈ ਉੱਥੇ ਇਹ ਸਰਾਪ, ਉਜਾੜਾ ਤੇ ਸੰਤਾਪ ਬਣਕੇ ਵੀ ਬਹੁੜਦਾ ਹੈ। ਵਿਸ਼ਵੀਕਰਨ ਦੇ ਮੌਜੂਦਾ ਤੇਜ਼-ਤਰਾਰ ਦੌਰ ਅੰਦਰ ਜਦੋਂ ਦੁਨੀਆਂ ਇੱਕ ਪਿੰਡ, ਇੱਕ ਮੰਡੀ ਬਣ ਰਹੀ ਹੈ ਤਾਂ ਸੰਸਾਰ ਸਰਹੱਦਾਂ ਉੱਪਰੇ ਨੌਕਰੀ, ਸੁਰੱਖਿਆ ਤੇ ਚੰਗੇ ਭਵਿੱਖ ਲਈ ਪ੍ਰਵਾਸ ਵੱਧ ਰਿਹਾ ਹੈ। ਪੱਛੜੇ ਤੇ ਵਿਕਾਸਸ਼ੀਲ ਮੁਲਕਾਂ ਦੀ ਵਸੋਂ ਦਾ ਵੱਡਾ ਹਿੱਸਾ ਕਾਨੂੰਨੀ ਅਤੇ ਗੈਰ ਕਾਨੂੰਨੀ ਢੰਗ ਨਾਲ ਵਿਕਸਿਤ ਪੂੰਜੀਵਾਦੀ ਮੁਲਕਾਂ ਵੱਲ ਪ੍ਰਵਾਸ ਕਰ ਰਿਹਾ ਹੈ। ਵੱਖ-ਵੱਖ ਉਦਯੋਗਿਕ ਖੇਤਰਾਂ ਵਿੱਚ ਨਵੀਂ ਤਕਨੀਕ ਦੇ ਵਿਕਾਸ ਨਾਲ ਸੰਸਾਰ ਭਰ ਵਿੱਚ ਊਰਜਾਵਾਨ, ਸਸਤੇ ਤੇ ਹੁਨਰਮੰਦ ਕਾਮਿਆਂ ਦੀ ਮੰਗ ਵੱਧ ਰਹੀ ਹੈ। ਜਿੰਨ੍ਹਾ ਵਿੱਚ ਇੰਜੀਨੀਅਰ, ਬਿਜ਼ਨਿਸ ਮੈਨੇਜਮੈਂਟ, ਅਕਾਊਂਟੈਂਟ, ਨਰਸਾਂ ਤੇ ਡਾਕਟਰ ਪ੍ਰਮੁੱਖ ਹਨ। ਬਹੁਰਾਸ਼ਟਰੀ ਕੰਪਨੀਆਂ ਆਪਣਾ ਨਿਵੇਸ਼ ਉਹਨਾਂ ਮੁਲਕਾਂ ਵਿੱਚ ਜਿਆਦਾ ਕਰਦੀਆਂ ਹਨ ਜਿੱਥੇ ਸਖ਼ਤ ਕਿਰਤ ਕਾਨੂੰਨਾਂ ਜ਼ਰੀਏ ਉਹਨਾਂ ਦੇ ਨਿਵੇਸ਼ ਤੇ ਮੁਨਾਫੇ ਦੀ ਸੁਰੱਖਿਆ ਯਕੀਨੀ ਬਣਾਈ ਜਾਂਦੀ ਹੈ। ਤੇ ਇਹਨਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਵੱਡੀ ਪੱਧਰ ਤੇ ਵਸਦੇ ਪ੍ਰਵਾਸੀ ਇੱਕੋ ਸਮੇਂ ਖਪਤਕਾਰ ਵੀ ਹਨ ਤੇ ਪੈਦਾਵਰ ਖੇਤਰ ਦੇ ਕਾਮੇ ਵੀ।

ਪਿਛਲੇ ਕੁਝ ਸਾਲਾਂ ਤੋਂ ਪ੍ਰਵਾਸ ਲਈ ਕੈਨੇਡਾ, ਭਾਰਤੀ ਖਾਸਕਰ ਸੂਬਾ ਪੰਜਾਬ ਦੇ ਲੋਕਾਂ ਦੀ ਪਹਿਲੇ ਦਰਜੇ ਦੀ ਪਸੰਦ ਬਣਿਆ ਹੋਇਆ ਹੈ। ਇਸ ਦੌੜ ਨੇ ਪੰਜਾਬੀ ਸੱਭਿਆਚਾਰ ਅਤੇ ਸਿੱਖਿਆ ਖੇਤਰ ਦੋਵਾਂ ਉੱਤੇ ਗਹਿਰਾ ਅਸਰ ਪਾਇਆ ਹੈ। ਵਿਦੇਸ਼ਾਂ ਅੰਦਰ ‘ਸੱਭਿਆਚਾਰਕ ਧੌਂਸ’ ਰਾਹੀਂ ਪੰਜਾਬ ਸਮੇਤ ਤੀਜੀ ਦੁਨੀਆਂ ਦੇ ਪ੍ਰਵਾਸੀਆਂ ਨੂੰ ‘ਗੰਵਾਰੂ ਸੱਭਿਆਚਾਰ’ ਦੀ ਪੈਦਾਇਸ਼ ਵਜ਼ੋਂ ਪੇਸ਼ ਕੀਤਾ ਜਾਂਦਾ ਹੈ। ਪੰਜਾਬ ’ਚ ਖੁੰਭਾਂ ਵਾਂਗ ਉੱਘੇ ਆਇਲਿਟਸ ਸੈਂਟਰ ਅਤੇ ‘ਇਮੀਗ੍ਰੇਸ਼ਨ ਮਾਫਿਆ’ ਨੇ ਜਿੱਥੇ ਸਿੱਖਿਆ ਦੇ ਮਾਅਨੇ ਬਦਲ ਦਿੱਤੇ ਹਨ ਉੱਥੇ ਸਿੱਖਿਆ ਦੇ ਨਿੱਜੀਕਰਨ-ਵਪਾਰੀਕਰਨ ਨੂੰ ਵੀ ਜ਼ਰਬਾਂ ਦਿੱਤੀਆਂ ਹਨ। ਉੱਚ ਸਿੱਖਿਆ ਹਾਸਲ ਕਰਨ ਦੀ ਬਜਾਏ ਵਿੱਦਿਆ, ਵਿਦੇਸ਼ ਜਾਣ ਦਾ ਸਾਧਨ ਬਣ ਗਈ ਹੈ। ਇਸਤੋਂ ਪੰਜਾਬ, ਭਾਰਤ ਤੇ ਵਿਦੇਸ਼ੀ ਸਰਕਾਰਾਂ ਵੀ ਚੰਗੀ ਤਰਾਂ ਜਾਣੂ ਹਨ। ਪਿਛਲੇ ਤਿੰਨ ਦਹਾਕਿਆਂ ਤੋਂ ‘ਪੱਛਮੀ ਉਦਾਰਵਾਦੀ ਲੋਕਤੰਤਰਾਂ’ ਵਿੱਚ ਇਮੀਗ੍ਰੇਸ਼ਨ ਨੀਤੀ ਉੱਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਹਨਾਂ ਦੇਸ਼ਾਂ ਦੀ ਇਮੀਗ੍ਰੇਸ਼ਨ ਪ੍ਰਣਾਲੀ ਰਾਜਨੀਤਿਕ ਪ੍ਰਣਾਲੀ ਨਾਲ ਮਿਲਕੇ ਕੰਮ ਕਰਦੀ ਹੈ ਜਿਸ ਨਾਲ ਪ੍ਰਵਾਸੀਆਂ ਦੇ ਬੁਨਿਆਦੀ, ਕਿਰਤ ਅਤੇ ਮਨੁੱਖੀ ਅਧਿਕਾਰਾਂ ਉੱਤੇ ਗਹਿਰਾ ਅਸਰ ਪੈਂਦਾ ਹੈ। ਵਿਦੇਸ਼ੀ ਇਮੀਗ੍ਰੇਸ਼ਨ ਨੀਤੀਆਂ ਗਲੋਬਲ ਮਾਰਕਿਟ ਅਨੁਸਾਰ ਤਿਆਰ ਕੀਤੀਆਂ ਜਾਂਦੀਆਂ ਹਨ। ਕੈਨੇਡਾ ਨੇ ਆਪਣੀ ਪੂਰੀ ਸਿੱਖਿਆ ਨੀਤੀ ਨੂੰ ਹੁਨਰਮੰਦ ਵਿਦੇਸ਼ੀ ਕਾਮੇ ਬੁਲਾਉਣ ਤੇ ਪੈਦਾ ਕਰਨ ਅਤੇ ‘ਗਾਹਕ ਰਾਜਨੀਤੀ’ ਤਹਿਤ ਆਪਣੇ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਹਿੱਸੇਦਾਰੀ ਵਧਾਉਣ ਅਨੁਸਾਰ ਤਿਆਰ ਕੀਤਾ ਹੈ। ਸੈਰ-ਸਪਾਟਾ ਉਦਯੋਗ ਵਾਂਗ ਵਿਕਸਿਤ ਮੁਲਕਾਂ ਲਈ ਸਿੱਖਿਆ ਇਕ ਉਦਯੋਗ ਹੈ ਤੇ ਅੰਤਰਰਾਸ਼ਟਰੀ ਵਿਦਿਆਰਥੀ ਇੱਕੋ ਸਮੇਂ ਇਸ ਉਦਯੋਗ ਦੇ ਗਾਹਕ ਤੇ ਸਸਤੇ




ਹੁਨਰਮੰਦ ਮਜ਼ਦੂਰ ਹਨ। ਭੂ-ਸਿਆਸੀ ਤੌਰ ਤੇ ਵੀ ਪ੍ਰਭਾਵੀ ਦੇਸ਼ ਪ੍ਰਵਾਸ ਤੇ ਸ਼ਰਨਾਰਥੀਆਂ ਨੂੰ ਆਪਣੀ ਕੂਟਨੀਤੀ ਲਈ ਵਰਤਦੇ ਹਨ। ਸੀਰੀਆ, ਲੀਬੀਆ, ਅਫਗਾਨਿਸਤਾਨ ਤੇ ਹੁਣ ਯੂਕਰੇਨ ਦੇ ਸ਼ਰਨਾਰਥੀਆਂ ਨੂੰ ਨਾਟੋ ਦੇਸ਼ਾਂ ਵੱਲੋਂ ਪਨਾਹ ਦੇਣਾ ਅਤੇ ਵਿਰੋਧੀ ਵਿਚਾਰਾਂ ਜਾਂ ਗੁੱਟ ਵਾਲੇ ਦੇਸ਼ਾਂ ਦੇ ਸ਼ਰਨਾਰਥੀਆਂ ਨੂੰ ਦੇਸ਼-ਨਿਕਾਲਾ ਇਸੇ ਪ੍ਰਵਾਸ ਕੂਟਨੀਤੀ ਦਾ ਸਿੱਟਾ ਹੈ। 1917 ਦੇ ਰੂਸੀ ਇਨਕਲਾਬ ਬਾਅਦ ਕਮਿਊਨਿਸਟ ਪੱਖੀ ਵਿਚਾਰਾਂ ਵਾਲੇ ਪ੍ਰਵਾਸੀਆਂ ਨੂੰ ਕੈਨੇਡਾ ਵਿੱਚੋਂ ਨਿਕਾਲਾ ਤੇ ਕਮਿਊਨਿਸਟ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਸ਼ਰਨ ਦੇਣੀ ਪ੍ਰਵਾਸ ਕੂਟਨੀਤੀ ਤੇ ਰਾਜਨੀਤੀ ਦਾ ਨਮੂਨਾ ਹੈ। ਮੁਸਲਮਾਨ ਸ਼ਰਨਾਰਥੀਆਂ ਨਾਲ ਪੱਛਮੀ ਪ੍ਰਭਾਵ ਵਾਲੇ ਮੁਲਕਾਂ ਵਿੱਚ ਦੂਜੇ ਦਰਜੇ ਦੇ ਨਾਗਰਿਕਾ ਵਾਲਾ ਵਿਵਹਾਰ ਕੀਤਾ ਜਾਂਦਾ ਹੈ। ਮਨੁੱਖੀ ਤਸਕਰੀ ਸ਼ਰਨਾਰਥੀ ਸੰਕਟ ਦੀ ਕਰੂਰਤਾ ਦੀ ਇੰਤਹਾ ਹੈ। ਇਸਤੋਂ ਬਿਨਾਂ ਪੂੰਜੀਵਾਦ ਅੰਦਰ ਘੱਟ ਹੁਨਰਮੰਦ, ਅਨਿਯਮਤ ਤੇ ਗੈਰ ਸੰਗਠਿਤ ਕਾਮੇ ਸਸਤੀ ਮਜ਼ਦੂਰੀ ਦਾ ਸਾਧਨ ਬਣਦੇ ਹਨ।

ਬਹੁਰਾਸ਼ਟਰੀ ਕੰਪਨੀਆਂ ਦੇ ਰੁਜਗਾਰਦਾਤਾਵਾਂ ਨੂੰ ਨਵੀਂ ਤਕਨੀਕ ਦੇ ਮੇਚਦੇ ਪੜ੍ਹ-ਲਿਖੇ ਕਾਮਿਆਂ ਦੀ ਜ਼ਰੂਰਤ ਹੈ। ਤੇ ਉਹਨਾਂ ਦੀਆਂ ਜ਼ਰੂਰਤਾਂ ਅਨੁਸਾਰ ਸਿੱਖਿਆ, ਇਮੀਗ੍ਰੇਸ਼ਨ ਤੇ ਵਿਦੇਸ਼ੀ ਨੀਤੀ ਤਿਆਰ ਕੀਤੀ ਜਾਂਦੀ ਹੈ। ਇਹ ਨੀਤੀਆਂ ਬਦਲਦੇ ਆਰਥਿਕ-ਸਮਾਜਿਕ ਸਮੀਕਰਨਾਂ ਮੁਤਾਬਕ ਸਮੇਂ-ਸਮੇਂ ਤੇ ਬਦਲਦੀਆਂ ਰਹਿੰਦੀਆਂ ਹਨ। ਕਾਮਿਆਂ ਦੀ ਮੰਗ ਮੁਤਾਬਕ ਇਹ ਨੀਤੀਆਂ ਨਰਮ ਕਰ ਦਿੱਤੀਆਂ ਜਾਂਦੀਆਂ ਹਨ ਤੇ ਪੂਰਤੀ ਹੋਣ ਤੇ ਸਖ਼ਤ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੋਰੀਸਨ ਨੇ 3 ਅਪ੍ਰੈਲ 2020 ’ਚ ਕੌਮਾਂਤਰੀ ਵਿਦਿਆਰਥੀਆਂ ਨੂੰ ਕਿਹਾ ਕਿ, ‘ਹੁਣ ਸਮਾਂ ਹੈ ਘਰ ਮੁੜਣ ਦਾ, ਕਿਉਂਕਿ ਕੋਵਿਡ ਵੱਧਣ ਕਾਰਨ ਅਸੀਂ ਤੁਹਾਨੂੰ ਸੰਭਾਲ ਨਹੀਂ ਸਕਦੇ।’ 9 ਮਾਰਚ 2022 ਨੂੰ ਉਸਦਾ ਬਿਆਨ ਸੀ ਕਿ, ‘ਅਗਲੇ ਅੱਠ ਹਫਤਿਆਂ ਤੱਕ ਸਟੂਡੈਂਟ ਵੀਜ਼ਾ ਫੀਸ ਤੇ ਛੋਟ ਹੋਵੇਗੀ ਕਿਉਂਕਿ ਲੇਬਰ ਦੀ ਘਾਟ ਹੈ।’ ਹੁਣ ਬਦਲਦੇ ਗਲੋਬਲ ਵਿੱਤੀ ਹਾਲਾਤਾਂ ਦੇ ਮੱਦੇਨਜ਼ਰ ਆਸਟ੍ਰੇਲੀਆ ਦੀਆਂ ਪੰਜ ਯੂਨੀਵਰਸਿਟੀਆਂ ਨੇ ਪੰਜਾਬ ਤੇ ਹਰਿਆਣਾ ਦੇ ਵਿਦਿਆਰਥੀ ਉੱਤੇ ਇਹ ਆਖਕੇ ਪਾਬੰਧੀ ਮੜ੍ਹੀ ਹੈ ਕਿ ਪੜ੍ਹਾਈ ਬਹਾਨੇ ਸਸਤੇ ਰੇਟਾਂ ਤੇ ਵੱਧ ਘੰਟੇ ਕੰਮ ਕਰਨ ਨਾਲ ਸਥਾਨਕ ਲੋਕਾਂ ਦਾ ਰੁਜਗਾਰ ਖੁੱਸਦਾ ਹੈ ਤੇ ਤਨਖਾਹ ਦਰ ਵਿੱਚ ਰੁਕਾਵਟ ਆਉਂਦੀ ਹੈ। ਇਸ ਤਰ੍ਹਾਂ ਮੌਜੂਦਾ ਸਮੇਂ ਕੈਨੇਡਾ ਵਿੱਚੋਂ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਦਾ ਫੈਸਲਾ ਵੀ ਬਦਲਦੇ ਆਰਥਿਕ-ਸਮਾਜਿਕ ਹਾਲਾਤਾਂ ਦਾ ਨਤੀਜਾ ਹੈ। ਕੈਨੇਡਾ ਸਮੇਤ ਅਨੇਕਾਂ ਵਿਕਸਿਤ ਮੁਲਕਾਂ ਵਿੱਚ ਕਾਨੂੰਨੀ-ਗੈਰ-ਕਾਨੂੰਨੀ ਪ੍ਰਵਾਸ ਸਦੀਆਂ ਤੋਂ ਹੁੰਦਾ ਆ ਰਿਹਾ ਹੈ। ਇਤਿਹਾਸ ਇਸ ਤੱਥ ਦੀ ਪੁਸ਼ਟੀ ਕਰਦੀ ਹੈ ਕਿ ਆਰਥਿਕ ਵਿਕਾਸ ਦਰ ਦੇ ਲੜਖੜਾਉਣ ਨਾਲ ਇਹਨਾਂ ਨੀਤੀਆਂ ਦਾ ਸਭ ਤੋਂ ਪਹਿਲਾ ਤੇ ਵੱਡਾ ਹਮਲਾ ਪਰਵਾਸੀ ਕਾਮਿਆਂ ਉੱਤੇ ਕੀਤਾ ਜਾਂਦਾ ਹੈ।

ਕੈਨੇਡਾ ਵਿੱਚ ਦੇਸ਼-ਨਿਕਾਲੇ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਕੈਨੇਡੀਅਨ ਸੰਵਿਧਾਨ ਅਨੁਸਾਰ ਫੈਡਰਲ ਸਰਕਾਰ ਕੋਲ ਇਮੀਗ੍ਰੇਸ਼ਨ ਕਾਨੂੰਨ 1906-11 ਤਹਿਤ ਇਹ ਅਧਿਕਾਰ ਹੈ ਕਿ ਉਹ ਕੁਝ ਖਾਸ ਕਾਰਨਾਂ ਕਰਕੇ ਵਿਦੇਸ਼ੀ ਜੰਮਪਾਲ ਵਿਅਕਤੀ ਨੂੰ ਦੇਸ਼-ਨਿਕਾਲਾ ਦੇ ਸਕਦੀ ਹੈ। ਕੈਨੇਡੀਅਨ ਇਤਿਹਾਸ ਵਿੱਚ ਸਮੇਂ-ਸਮੇਂ ਤੇ ਦੇਸ਼ ਨਿਕਾਲੇ ਦੇ ਕਾਰਨ ਬਦਲਦੇ ਆ ਰਹੇ ਹਨ ਪਰੰਤੂ ਕੁਝ ਖਾਸ ਰਾਜਨਿਤਿਕ ਵਿਚਾਰਾਂ, ਅੱਤਵਾਦੀ ਗਤੀਵਿਧੀਆਂ ਅਤੇ ਦੇਸ਼ ਦੀ ਸੁਰੱਖਿਆ ਲਈ ਖਤਰੇ ਦੀ ਸੂਰਤ ਵਿੱਚ ਕੈਨੇਡਾ ਵਿੱਚੋਂ ਦੇਸ਼-ਨਿਕਾਲਾ ਦਿੱਤਾ ਜਾਂਦਾ ਹੈ। ਕੈਨੇਡਾ ਵਿੱਚੋਂ ਪ੍ਰਵਾਸੀਆਂ ਦੇ ਦੇਸ਼-ਨਿਕਾਲੇ ਦਾ ਇਤਿਹਾਸ ਪੁਰਾਣੇ ਦੇ ਨਾਲ-ਨਾਲ ਜਾਬਰ ਤੇ ਧੱਕੇਸ਼ਾਹੀ ਵਾਲਾ ਹੈ। 18ਵੀਂ ਸਦੀ ਦੇ ਅੱਧ ’ਚ ਫਰੈਂਚ ਅਤੇ ਬ੍ਰਿਟਿਸ਼ ਵਿੱਚ ਆਪਸੀ ਝਗੜੇ ਦੌਰਾ ਚਾਰਲਸ ਲਾਰੈਂਸ ਨੇ 1755-62 ਤੱਕ ਅਕੇਡੀਅਨਸ ਨੂੰ ਜਬਰੀ ਦੇਸ਼-ਨਿਕਾਲਾ ਦਿੱਤਾ। ਇਹ ਦੇਸ਼-ਨਿਕਾਲਾ ‘ਫੌਜ਼ੀ ਧਮਕੀ’ ਬਹਾਨੇ ‘ਨਸਲੀ ਸਫਾਏ’ ਲਈ ਦਿੱਤਾ ਗਿਆ ਸੀ। ਇਸੇ ਤਰ੍ਹਾਂ 1847 ਵਿੱਚ ਬ੍ਰਿਟਿਸ਼-ਉੱਤਰੀ ਅਮਰੀਕੀ ਬਸਤੀਵਾਦੀਆਂ ਨੇ ‘ਟਾਈਫਸ ਮਹਾਂਮਾਰੀ’ ਦੇ ਅਧਾਰ ਉੱਤੇ ਅਤੇ 1872 ਵਿੱਚ ‘ਅਪਰਾਧੀ’ ਦੇ ਦੋਸ਼ ਹੇਠ ਅਨੇਕਾਂ ਯੂਰਪੀਅਨ ਲੋਕਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਿਆ ਗਿਆ। 1895 ਵਿੱਚ ਦੇਹ ਵਪਾਰ ਦਾ ਧੰਦਾ ਕਰਨ ਅਤੇ ਬਿਨ੍ਹਾ ਵਿਆਹ ਦੇ ਗਰਭਧਾਰਨ ਵਾਲੀਆਂ ਔਰਤਾਂ ਜਿਨ੍ਹਾਂ ਨੂੰ ‘ਫਾਲਨ ਗ੍ਰਲਜ਼’ ਕਿਹਾ ਜਾਂਦਾ ਸੀ, ਨੂੰ ਦੇਸ਼-ਨਿਕਾਲਾ ਦਿੱਤਾ ਗਿਆ। ਇਸਤੋਂ ਬਿਨ੍ਹਾਂ ਛੂਤ ਦੀ ਬਿਮਾਰੀ, ਪਾਗਲ, ਬੋਲੇ, ਅੰਨੇ ਤੇ ਮਾਨਸਿਕ ਵਿਕਾਰਾਂ ਵਾਲੇ ਲੋਕਾਂ ਨੂੰ ਦੇਸ਼ ਚੋਂ ਜਬਰੀ ਬਾਹਰ ਭੇਜਕੇ ਸਿਰਫ ਸਿਹਤਮੰਦ ਤੇ ਹੁਨਰਮੰਦ ਕਾਮਿਆਂ ਨੂੰ ਪਨਾਹ ਦਿੱਤੀ ਗਈ। ਉਹਨਾਂ ਦੇ ਪੱਕੇ ਹੋਣ ਦਾ ਸਮਾਂ ਤਿੰਨ ਸਾਲ ਤੋਂ ਵਧਾਕੇ ਪੰਜ ਸਾਲ ਕੀਤਾ ਗਿਆ। ਕੈਨੇਡਾ ਦੇ ਇਤਿਹਾਸ ਵਿੱਚ 1914 ਦੀ ਕਾਮਾਗਾਟਾਮਾਰੂ ਦੀ ਘਟਨਾ ਵੀਂਹਵੀ ਸਦੀ ਦੀ ਵੱਡੀ ਘਟਨਾ ਬਣਕੇ ਸਾਹਮਣੇ ਆਈ। ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆਂ ਦੀ ਬੰਦਰਗਾਹ ਉੱਤੇ 376 ਭਾਰਤੀ ਯਾਤਰੀਆਂ ਨੂੰ ਵਾਪਸ ਬਰਤਾਨਵੀ ਬਸਤੀਵਾਦੀ ਭਾਰਤ ਭੇਜਿਆ ਗਿਆ। ਉਸ ਸਮੇਂ ਬਾਬਾ ਗੁਰਦਿੱਤ ਸਿੰਘ ਨੇ ਕੈਨੇਡੀਅਨ ਇਮੀਗ੍ਰੇਸ਼ਨ ਨੀਤੀ ਨੂੰ ਨਸਲੀ ਕਿਹਾ ਜਿਸਦੀ ਕਈ ਸਾਲਾਂ ਬਾਅਦ ਕੈਨੈਡੀਅਨ ਸਰਕਾਰ ਨੇ ਮੁਆਫੀ ਵੀ ਮੰਗੀ। ਨਸਲੀ ਅਧਾਰ ਤੇ ਵਿਤਕਰੇਬਾਜੀ ਦਾ ਸੇਕ ਇਹਨਾਂ ਮੁਲਕਾਂ ਵਿੱਚ ਵੱਸਦੇ ਪੂਰਬੀ ਭਾਰਤੀਆਂ, ਚੀਨੀ ਤੇ ਜਪਾਨੀ ਲੋਕਾਂ ਨੇ ਲੰਮਾ ਝੱਲਿਆ ਤੇ ਇਹ ਅੱਜ ਵੀ ਜਾਰੀ ਹੈ। ਨਸਲੀ ਅਧਾਰ ਤੇ ਦੂਜੀ ਸੰਸਾਰ ਜੰਗ ਸਮੇਂ 4000 ਜਪਾਨੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। 1917 ਵਿੱਚ ਕਮਿਊਨਿਸਟਾਂ, ਅਰਾਜਕਤਾਵਾਦੀਆਂ ਅਤੇ ਰੈਡੀਕਲ ਵਿਚਾਰਾਂ ਵਾਲੇ ਲੋਕਾਂ ਉੱਤੇ ਕਾਰਵਾਈ ਕੀਤੀ ਗਈ। 1930 ਦੀ ਆਰਥਿਕ ਮਹਾਂਮੰਦੀ ਦੇ ਦੌਰ ਵਿੱਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੀ ਦਰ ਵਧਾ ਦਿੱਤੀ ਗਈ ਸੀ। ਪੂੰਜੀਵਾਦ ਦਾ ਇਹ ਮੂਲ ਮੰਤਰ ਹੈ ਕਿ ਸੰਕਟ ਦੌਰਾਨ ਹਮਲੇ ਦੀ ਸਭ ਤੋਂ ਵੱਧ ਮਾਰ ਪ੍ਰਵਾਸੀ ਕਾਮਿਆਂ ਉੱਤ ਹੀ ਪੈਂਦੀ ਹੈ। 1937 ‘ਚ ਲੋੜ ਮੁਤਬਕ ਮਜ਼ਦੂਰਾਂ ਨੂੰ ਬੁਲਾਉਣ ਤੇ ਕੱਢਣ ਦੀ ਨੀਤੀ ਨੂੰ ਪ੍ਰਧਾਨ ਮੰਤਰੀ ਆਰ. ਬੀ. ਬੈਨਟ ਦੀ ਨੀਤੀ ਕਿਹਾ ਜਾਂਦਾ ਹੈ।

2001 ਅਤੇ 2013 ਵਿੱਚ ਅੱਤਵਾਦੀ ਗਤੀਵਿਧੀਆਂ ਰੋਕੂ ਐਕਟ ਤਹਿਤ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਰਸਮੀ ਨੋਟਿਸ ਭੇਜਕੇ ਉਸਦੀ ਖੁਫੀਆ ਜਾਂਚ ਤੇ ਖੁਫੀਆ ਅਦਾਲਤ ਵਿੱਚ ਕਾਰਵਾਈ ਕਰਕੇ ਉਸਨੂੰ ਕੈਨੇਡਾ ਵਿੱਚੋਂ ਦੇਸ਼-ਨਿਕਾਲਾ ਦਿੱਤਾ ਜਾ ਸਕਦਾ ਸੀ। 2012 ਵਿੱਚ ਕੈਨੇਡਾ ਵਿੱਚ ਕੁੱਲ 18992 ਲੋਕ ਡਿਪੋਰਟ ਕੀਤੇ ਗਏ ਤੇ 2017 ਵਿੱਚ 7080। ਡਿਪੋਰਟ ਹੋਣ ਵਾਲਿਆਂ ਵਿੱਚੋਂ ਪਹਿਲਾ ਨੰਬਰ ਚੀਨੀ ਲੋਕਾਂ ਦਾ ਹੈ ਤੇ ਦੂਸਰਾ ਭਾਰਤੀਆਂ ਦਾ।

ਪਰਵਾਸੀ ਇਹਨਾਂ ਮੁਲਕਾਂ ਵਿੱਚ ਭਾਸ਼ਾ ਦੀਆਂ ਰੁਕਾਵਟਾਂ, ਰੁਜ਼ਗਾਰ ਦੀ ਤਲਾਸ਼, ਘੱਟ ਉਜਰਤਾਂ, ਵੱਧਦੀ ਮਹਿੰਗਾਈ, ਮਹਿੰਗੇ ਰਿਹਾਇਸ਼ੀ ਕਿਰਾਏ, ਸੱਭਿਆਚਾਰਕ ਭਿੰਨਤਾ, ਸਰੀਰਕ-ਮਾਨਸਿਕ ਸ਼ੋਸ਼ਣ, ਅਲਹਿਦਗੀ ਆਦਿ ਦਾ ਸੰਤਾਪ ਭੋਗਦੇ ਹਨ। ਇਹਨਾਂ ਮੁਲਕਾਂ ਵਿੱਚ ਨੌਜਵਾਨਾਂ-ਵਿਦਿਆਰਥੀਆਂ ਵਿੱਚ ਖੁਦਕਸ਼ੀ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ। ਦੇਸ਼ ਨਿਕਾਲੇ ਦਾ ਸ਼ਿਕਾਰ ਵਿਦਿਆਰਥੀ ਆਰਥਿਕ ਤੰਗੀ, ਟੁੱਟਦੇ ਸੁਪਨੇ ਤੇ ਸਮਾਜਿਕ ਤਾਹਨਿਆਂ-ਮਿਹਣਿਆਂ ਤੋਂ ਬਚਣ ਲਈ ਕਾਨੂੰਨੀ-ਗੈਰ ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਅਮਰੀਕਾ ਦੀ ਸਰਹੱਦ ਪਾਰ ਕਰਨ, ਵਿਆਹ ਕਰਵਾ ਕੇ ਪੱਕੇ ਹੋਣ, ਰਫ਼ਿਊਜੀ ਤੌਰ ਤੇ ਪਨਾਹ ਲੈਣ ਆਦਿ ਦੇ ਲੰਬੇ ਤੇ ਮਹਿੰਗੇ ਚੱਕਰ ਵਿੱਚ ਫਸ ਰਹੇ ਹਨ। ਪਹਿਲਾਂ ਹੀ ਵਿਆਹ ਕਰਵਾ ਕੇ ਕੈਨੇਡਾ ਗਏ ਮੁੰਡੇ-ਕੁੜੀਆਂ ਦੇ ਰਿਸ਼ਤੇ ਟੁੱਟ ਰਹੇ ਹਨ ਜਿਸਦਾ ਜ਼ਿਆਦਾ ਅਸਰ ਕੁੜੀਆਂ ਤੇ ਪੈ ਰਿਹਾ ਹੈ। ਕਰਜ਼ਾ ਲੈ ਕੇ ਵਿਦੇਸ਼ ਪਹੁੰਚੇ ਕੁਝ ਵਿਦਿਆਰਥੀ ਸੋਚ ਰਹੇ ਹਨ ਕਿ ਦੇਸ਼ ਨਿਕਾਲਾ ਤਾਂ ਤੈਅ ਹੀ ਹੈ ਕਿਉਂ ਨਾ ਜਾਇਜ਼-ਨਾਜਾਇਜ਼ ਢੰਗ ਨਾਲ ਪੈਸਾ ਕਮਾਇਆ ਜਾਵੇ।

ਇਸ ਤਰਾਂ ਦੇਸ਼ ਵਿੱਚੋਂ ਗਰੀਬੀ, ਬੇਰੁਜਗਾਰੀ, ਭ੍ਰਿਸ਼ਟਾਚਾਰ, ਗੈਂਗਵਾਰ, ਨਸ਼ਿਆਂ ਆਦਿ ਦੀ ਦਲਦਲ ਵਿੱਚੋ ਨਿਕਲਕੇ ਵਿਦੇਸ਼ਾਂ ਵਿੱਚ ਜਾਕੇ ਘੋਰ ਤੰਗੀਆਂ ਤੇ ਮੁਸ਼ਕਲਾਂ ਚੋਂ ਗੁਜ਼ਰਦੇ ਨੌਜਵਾਨਾਂ-ਵਿਦਿਆਰਥੀਆਂ ਲਈ ਦੇਸ਼-ਨਿਕਾਲਾ ਉਹਨਾਂ ਨਾਲ ਸੰਗੀਨ ਅਪਰਾਧੀਆਂ, ਅੱਤਵਾਦੀਆਂ, ਦੇਸ਼ ਦੀ ਸੁਰੱਖਿਆ ਲਈ ਖ਼ਤਰਨਾਕ ਵਿਅਕਤੀਆਂ ਵਾਂਗ ਵਿਵਹਾਰ ਕਰਨ ਬਰਾਬਰ ਹੈ। ਇਹ ਮੰਦਭਾਗਾ ਵਰਤਾਰਾ ਹੈ ਜੋ ਵਿਦੇਸ਼ ਵੱਸਦੇ ਗੈਰ-ਸੰਗਠਿਤ ਪਰਵਾਸੀ ਵਿਦਿਆਰਥੀਆਂ ਤੇ ਕਾਮਿਆਂ ਲਈ ਭਵਿੱਖ ਵਿੱਚ ਵੱਡੇ ਖਤਰੇ ਖੜੇ ਕਰ ਸਕਦਾ ਹੈ। ਵਿਦੇਸ਼ਾਂ ਵਿੱਚ ਭਾਸ਼ਾ, ਰੰਗ, ਨਸਲ, ਸਮਾਜਿਕ-ਸੱਭਿਆਚਾਰਕ ਵਿਤਕਰੇ, ਦੇਸ਼-ਨਿਕਾਲੇ, ਕਿਰਤ ਲੁੱਟ ਤੇ ਜਬਰ ਵਰਗੇ ਵਰਤਾਰਿਆਂ ਨੂੰ ਸਭ ਤਰਾਂ ਦੇ ਵਖਰੇਵਿਆਂ ਤੋਂ ਉੱਪਰ ਉੱਠਕੇ ਇੱਕਜੁੱਟ ਤੇ ਜੱਥੇਬੰਦਕ ਢੰਗ ਨਾਲ ਹੀ ਠੱਲਿਆ ਜਾ ਸਕਦਾ ਹੈ।

ਨਸਲੀ ਅਧਾਰ ਤੇ ਵਿਤਕਰੇਬਾਜੀ ਦਾ ਸੇਕ ਇਹਨਾਂ ਮੁਲਕਾਂ ਵਿੱਚ ਵੱਸਦੇ ਪੂਰਬੀ ਭਾਰਤੀਆਂ, ਚੀਨੀ ਤੇ ਜਪਾਨੀ ਲੋਕਾਂ ਨੇ ਲੰਮਾ ਝੱਲਿਆ ਤੇ ਇਹ ਅੱਜ ਵੀ ਜਾਰੀ ਹੈ। ਨਸਲੀ ਅਧਾਰ ਤੇ ਦੂਜੀ ਸੰਸਾਰ ਜੰਗ ਸਮੇਂ 4000 ਜਪਾਨੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। 1917 ਵਿੱਚ ਕਮਿਊਨਿਸਟਾਂ, ਅਰਾਜਕਤਾਵਾਦੀਆਂ ਅਤੇ ਰੈਡੀਕਲ ਵਿਚਾਰਾਂ ਵਾਲੇ ਲੋਕਾਂ ਉੱਤੇ ਕਾਰਵਾਈ ਕੀਤੀ ਗਈ। 1930 ਦੀ ਆਰਥਿਕ ਮਹਾਂਮੰਦੀ ਦੇ ਦੌਰ ਵਿੱਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੀ ਦਰ ਵਧਾ ਦਿੱਤੀ ਗਈ ਸੀ। ਪੂੰਜੀਵਾਦ ਦਾ ਇਹ ਮੂਲ ਮੰਤਰ ਹੈ ਕਿ ਸੰਕਟ ਦੌਰਾਨ ਹਮਲੇ ਦੀ ਸਭ ਤੋਂ ਵੱਧ ਮਾਰ ਪ੍ਰਵਾਸੀ ਕਾਮਿਆਂ ਉੱਤ ਹੀ ਪੈਂਦੀ ਹੈ। 1937 ‘ਚ ਲੋੜ ਮੁਤਬਕ ਮਜ਼ਦੂਰਾਂ ਨੂੰ ਬੁਲਾਉਣ ਤੇ ਕੱਢਣ ਦੀ ਨੀਤੀ ਨੂੰ ਪ੍ਰਧਾਨ ਮੰਤਰੀ ਆਰ. ਬੀ. ਬੈਨਟ ਦੀ ਨੀਤੀ ਕਿਹਾ ਜਾਂਦਾ ਹੈ।

2001 ਅਤੇ 2013 ਵਿੱਚ ਅੱਤਵਾਦੀ ਗਤੀਵਿਧੀਆਂ ਰੋਕੂ ਐਕਟ ਤਹਿਤ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਰਸਮੀ ਨੋਟਿਸ ਭੇਜਕੇ ਉਸਦੀ ਖੁਫੀਆ ਜਾਂਚ ਤੇ ਖੁਫੀਆ ਅਦਾਲਤ ਵਿੱਚ ਕਾਰਵਾਈ ਕਰਕੇ ਉਸਨੂੰ ਕੈਨੇਡਾ ਵਿੱਚੋਂ ਦੇਸ਼-ਨਿਕਾਲਾ ਦਿੱਤਾ ਜਾ ਸਕਦਾ ਸੀ। 2012 ਵਿੱਚ ਕੈਨੇਡਾ ਵਿੱਚ ਕੁੱਲ 18992 ਲੋਕ ਡਿਪੋਰਟ ਕੀਤੇ ਗਏ ਤੇ 2017 ਵਿੱਚ 7080। ਡਿਪੋਰਟ ਹੋਣ ਵਾਲਿਆਂ ਵਿੱਚੋਂ ਪਹਿਲਾ ਨੰਬਰ ਚੀਨੀ ਲੋਕਾਂ ਦਾ ਹੈ ਤੇ ਦੂਸਰਾ ਭਾਰਤੀਆਂ ਦਾ।

ਪਰਵਾਸੀ ਇਹਨਾਂ ਮੁਲਕਾਂ ਵਿੱਚ ਭਾਸ਼ਾ ਦੀਆਂ ਰੁਕਾਵਟਾਂ, ਰੁਜ਼ਗਾਰ ਦੀ ਤਲਾਸ਼, ਘੱਟ ਉਜਰਤਾਂ, ਵੱਧਦੀ ਮਹਿੰਗਾਈ, ਮਹਿੰਗੇ ਰਿਹਾਇਸ਼ੀ ਕਿਰਾਏ, ਸੱਭਿਆਚਾਰਕ ਭਿੰਨਤਾ, ਸਰੀਰਕ-ਮਾਨਸਿਕ ਸ਼ੋਸ਼ਣ, ਅਲਹਿਦਗੀ ਆਦਿ ਦਾ ਸੰਤਾਪ ਭੋਗਦੇ ਹਨ। ਇਹਨਾਂ ਮੁਲਕਾਂ ਵਿੱਚ ਨੌਜਵਾਨਾਂ-ਵਿਦਿਆਰਥੀਆਂ ਵਿੱਚ ਖੁਦਕਸ਼ੀ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ। ਦੇਸ਼ ਨਿਕਾਲੇ ਦਾ ਸ਼ਿਕਾਰ ਵਿਦਿਆਰਥੀ ਆਰਥਿਕ ਤੰਗੀ, ਟੁੱਟਦੇ ਸੁਪਨੇ ਤੇ ਸਮਾਜਿਕ ਤਾਹਨਿਆਂ-ਮਿਹਣਿਆਂ ਤੋਂ ਬਚਣ ਲਈ ਕਾਨੂੰਨੀ-ਗੈਰ ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਅਮਰੀਕਾ ਦੀ ਸਰਹੱਦ ਪਾਰ ਕਰਨ, ਵਿਆਹ ਕਰਵਾ ਕੇ ਪੱਕੇ ਹੋਣ, ਰਫ਼ਿਊਜੀ ਤੌਰ ਤੇ ਪਨਾਹ ਲੈਣ ਆਦਿ ਦੇ ਲੰਬੇ ਤੇ ਮਹਿੰਗੇ ਚੱਕਰ ਵਿੱਚ ਫਸ ਰਹੇ ਹਨ। ਪਹਿਲਾਂ ਹੀ ਵਿਆਹ ਕਰਵਾ ਕੇ ਕੈਨੇਡਾ ਗਏ ਮੁੰਡੇ-ਕੁੜੀਆਂ ਦੇ ਰਿਸ਼ਤੇ ਟੁੱਟ ਰਹੇ ਹਨ ਜਿਸਦਾ ਜ਼ਿਆਦਾ ਅਸਰ ਕੁੜੀਆਂ ਤੇ ਪੈ ਰਿਹਾ ਹੈ। ਕਰਜ਼ਾ ਲੈ ਕੇ ਵਿਦੇਸ਼ ਪਹੁੰਚੇ ਕੁਝ ਵਿਦਿਆਰਥੀ ਸੋਚ ਰਹੇ ਹਨ ਕਿ ਦੇਸ਼ ਨਿਕਾਲਾ ਤਾਂ ਤੈਅ ਹੀ ਹੈ ਕਿਉਂ ਨਾ ਜਾਇਜ਼-ਨਾਜਾਇਜ਼ ਢੰਗ ਨਾਲ ਪੈਸਾ ਕਮਾਇਆ ਜਾਵੇ।

ਇਸ ਤਰਾਂ ਦੇਸ਼ ਵਿੱਚੋਂ ਗਰੀਬੀ, ਬੇਰੁਜਗਾਰੀ, ਭ੍ਰਿਸ਼ਟਾਚਾਰ, ਗੈਂਗਵਾਰ, ਨਸ਼ਿਆਂ ਆਦਿ ਦੀ ਦਲਦਲ ਵਿੱਚੋ ਨਿਕਲਕੇ ਵਿਦੇਸ਼ਾਂ ਵਿੱਚ ਜਾਕੇ ਘੋਰ ਤੰਗੀਆਂ ਤੇ ਮੁਸ਼ਕਲਾਂ ਚੋਂ ਗੁਜ਼ਰਦੇ ਨੌਜਵਾਨਾਂ-ਵਿਦਿਆਰਥੀਆਂ ਲਈ ਦੇਸ਼-ਨਿਕਾਲਾ ਉਹਨਾਂ ਨਾਲ ਸੰਗੀਨ ਅਪਰਾਧੀਆਂ, ਅੱਤਵਾਦੀਆਂ, ਦੇਸ਼ ਦੀ ਸੁਰੱਖਿਆ ਲਈ ਖ਼ਤਰਨਾਕ ਵਿਅਕਤੀਆਂ ਵਾਂਗ ਵਿਵਹਾਰ ਕਰਨ ਬਰਾਬਰ ਹੈ। ਇਹ ਮੰਦਭਾਗਾ ਵਰਤਾਰਾ ਹੈ ਜੋ ਵਿਦੇਸ਼ ਵੱਸਦੇ ਗੈਰ-ਸੰਗਠਿਤ ਪਰਵਾਸੀ ਵਿਦਿਆਰਥੀਆਂ ਤੇ ਕਾਮਿਆਂ ਲਈ ਭਵਿੱਖ ਵਿੱਚ ਵੱਡੇ ਖਤਰੇ ਖੜੇ ਕਰ ਸਕਦਾ ਹੈ। ਵਿਦੇਸ਼ਾਂ ਵਿੱਚ ਭਾਸ਼ਾ, ਰੰਗ, ਨਸਲ, ਸਮਾਜਿਕ-ਸੱਭਿਆਚਾਰਕ ਵਿਤਕਰੇ, ਦੇਸ਼-ਨਿਕਾਲੇ, ਕਿਰਤ ਲੁੱਟ ਤੇ ਜਬਰ ਵਰਗੇ ਵਰਤਾਰਿਆਂ ਨੂੰ ਸਭ ਤਰਾਂ ਦੇ ਵਖਰੇਵਿਆਂ ਤੋਂ ਉੱਪਰ ਉੱਠਕੇ ਇੱਕਜੁੱਟ ਤੇ ਜੱਥੇਬੰਦਕ ਢੰਗ ਨਾਲ ਹੀ ਠੱਲਿਆ ਜਾ ਸਕਦਾ ਹੈ।




ਬੂਟਾ ਸਿੰਘ
ਮਹਿਮੂਦਪੁਰ
94634-74342

# ਮਲਿਆਨਾ ਕਾਂਡ: ਦਾਸਤਾਨ ਅਦਾਲਤੀ ਅਨਿਆਂ ਦੀ

**"ਕਤਲੇਆਮ ਤੋਂ ਦੋ ਦਿਨ ਬਾਦ ਜਦੋਂ ਅਸੀਂ ਮਲਿਆਨਾ ਪਿੰਡ ਪਹੁੰਚੇ ਤਾਂ ਦੇਖਿਆ ਕਿ ਸਾਰਾ ਪਿੰਡ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ। ਇੰਵ ਲੱਗ ਰਿਹਾ ਸੀ ਜਿਵੇਂ ਤੁਸੀਂ ਕਿਸੇ ਭੂਤਾਂ ਵਾਲੀ ਥਾਂ 'ਤੇ ਪਹੁੰਚ ਗਏ ਹੋਵੋ। ਪਿੰਡ ਦੇ ਜ਼ਿਆਦਾਤਰ ਮੁਸਲਿਮ ਵਾਸੀ ਜਾਂ ਤਾਂ ਮਾਰੇ ਗਏ ਸਨ ਜਾਂ ਹਸਪਤਾਲ ਵਿਚ ਭਰਤੀ ਸਨ। ਉਨ੍ਹਾਂ ਦੇ ਸਰੀਰ 'ਤੇ ਗੋਲੀਆਂ ਦੇ ਜ਼ਖ਼ਮ ਸਨ।" ਬੀਬੀਸੀ ਦਾ ਰਿਪੋਰਟਰ ਕੁਰਬਾਨ ਅਲੀ**





ਇਹ ਆਮ ਹੀ ਸੁਣਨ 'ਚ ਆਉਂਦਾ ਹੈ ਕਿ 'ਦੇਰ ਨਾਲ ਨਿਆਂ ਕਰਨ ਦਾ ਮਤਲਬ ਹੈ ਨਿਆਂ ਨਾ ਦੇਣਾ'। ਪਰ ਭਾਰਤੀ ਅਦਾਲਤੀ ਪ੍ਰਣਾਲੀ ਦੀ ਕਾਰਗੁਜ਼ਾਰੀ ਦੇ ਮਾਮਲੇ 'ਚ ਇਹ ਨਸੀਹਤ ਵੀ ਕੋਈ ਮਾਇਨੇ ਨਹੀਂ ਰੱਖਦੀ। ਇੱਥੇ ਤਾਂ ਅਦਾਲਤਾਂ ਫ਼ੈਸਲੇ ਵੀ ਦਹਾਕਿਆਂ ਬਾਦ ਕਰਦੀਆਂ ਹਨ ਅਤੇ ਕਰਦੀਆਂ ਵੀ 'ਨਿਆਂ' ਦੀ ਬਜਾਏ ਅਨਿਆਂ ਦੇ ਰੂਪ 'ਚ ਹਨ। ਲੰਮੀ 31 ਮਾਰਚ ਨੂੰ ਮੇਰਠ ਦੀ ਅਦਾਲਤ ਵੱਲੋਂ ਮਲਿਆਨਾ ਕਾਂਡ ਦੇ 41 ਦੋਸ਼ੀਆਂ ਨੂੰ ਬਰੀ ਕੀਤੇ ਜਾਣ ਨੇ ਇਸੇ ਸਚਾਈ ਉੱਪਰ ਮੋਹਰ ਲਾਈ ਹੈ।

ਮਈ 1987 'ਚ ਉੱਤਰ ਪ੍ਰਦੇਸ਼ ਵਿਚ ਇਕ ਦਿਨ ਦੇ ਵਕਫ਼ੇ ਨਾਲ ਦੋ ਦਿਲ-ਕੰਬਾਊ ਕਤਲੇਆਮ ਕੀਤੇ ਗਏ ਸਨ। ਫਰਵਰੀ 1986 'ਚ ਅਯੁੱਧਿਆ ਦੀ ਬਾਬਰੀ ਮਸਜਿਦ ਦੇ ਤਾਲੇ ਮੁੜ ਖੋਲ੍ਹੇ ਜਾਣ ਨਾਲ ਉੱਤਰ ਪ੍ਰਦੇਸ਼ ਵਿਚ ਫਿਰਕੂ ਤਣਾਓ ਵਧ ਗਿਆ ਸੀ ਅਤੇ ਦੰਗੇ ਹੋ ਰਹੇ ਸਨ। ਇਸ ਦੌਰਾਨ ਰਾਜ ਮਸ਼ੀਨਰੀ ਦਾ ਮੁਸਲਿਮ ਵਿਰੋਧੀ ਫਿਰਕੂ ਤੁਅੱਸਬ ਸਰੇਆਮ ਨਜ਼ਰ ਆ ਰਿਹਾ ਸੀ ਜਿਸ ਨੂੰ ਭਾਰਤੀ ਹੁਕਮਰਾਨ ਜਮਾਤ ਦੀ ਰਾਜਸੀ ਸਰਪ੍ਰਸਤੀ ਸੀ। 18 ਅਪ੍ਰੈਲ ਨੂੰ ਇਕ ਮੁਸਲਿਮ ਧਾਰਮਿਕ ਸਮਾਗਮ ਸ਼ਬ-ਏ-ਬਰਾਤ ਦੌਰਾਨ ਇਕ ਪੁਲਿਸ ਹੌਲਦਾਰ ਪਟਾਕੇ ਦੀ ਲਪੇਟ ਵਿਚ ਆ ਗਿਆ ਸੀ। ਉਸ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਦੋ ਮੁਸਲਮਾਨ ਮਾਰੇ ਗਏ ਸਨ। ਇਕ ਸਥਾਨਕ ਮਾਮੂਲੀ ਝਗੜੇ ਨੇ ਫਿਰਕੂ ਲੜਾਈ ਦਾ ਰੂਪ ਅਖ਼ਤਿਆਰ ਕਰ ਲਿਆ ਸੀ। ਪ੍ਰਸ਼ਾਸਨ ਦੀ ਨਾਲਾਇਕੀ ਅਤੇ ਬਹੁਗਿਣਤੀ ਫਿਰਕੇ ਨੂੰ ਦਿੱਤੀ ਜਾ ਰਹੀ ਸ਼ਹਿ ਨਾਲ ਦੰਗੇ ਭੜਕ ਉੱਠੇ ਸਨ। ਭਾਰਤ ਦੇ ਹੁਕਮਰਾਨਾਂ ਕੋਲ ਐਸੀ ਸਥਿਤੀ ਦਾ ਜਵਾਬ ਸਿਰਫ਼ ਕਰਫ਼ਿਊ ਲਾਉਣਾ ਅਤੇ ਗੋਲੀਆਂ ਚਲਾ ਕੇ ਇਨਸਾਨਾਂ ਨੂੰ ਲਾਸ਼ਾਂ ਦੇ ਢੇਰ ਬਣਾਉਣਾ ਹੀ ਹੁੰਦਾ ਹੈ। ਇਹੀ ਸਿਲਸਿਲਾ ਇੱਥੇ ਸ਼ੁਰੂ ਕਰ ਦਿੱਤਾ ਗਿਆ। ਮੁਸਲਮਾਨਾਂ ਦੇ ਕਤਲ ਦੀ ਲਾਕਾਨੂੰਨੀ ਦਾ ਵਿਰੋਧ ਧੁਖ ਹੀ ਰਿਹਾ ਸੀ ਕਿ ਪੀ.ਏ.ਸੀ. ਦੇ ਅਧਿਕਾਰੀਆਂ ਨੇ ਮੁਸਲਮਾਨਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਬਹੁਗਿਣਤੀ ਹਿੰਦੂਆਂ ਨੂੰ ਖ਼ੁਸ਼ ਕਰਨ ਲਈ ਹਾਸ਼ਿਮਪੁਰਾ ਅਤੇ ਮਲਿਆਨਾ ਵਿਰੁੱਧ ਕੱਟਕ ਚਾੜ੍ਹ ਦਿੱਤੇ। ਇਹ ਸੀ ਪਿਛੋਕੜ ਜਿਸ 'ਚ ਹਾਸ਼ਿਮਪੁਰਾ ਅਤੇ ਮਲਿਆਨਾ ਕਤਲੇਆਮ ਕੀਤੇ ਗਏ।

22 ਮਈ 1987 ਨੂੰ ਰਾਜ ਦੀ ਹਥਿਆਰਬੰਦ ਪੁਲਿਸ ਪੀ.ਏ.ਸੀ. (ਪ੍ਰਾਵਿਸ਼ੀਅਲ ਆਰਮਡ ਕਾਂਸਟੇਬੂਲਰੀ) ਨੇ 45 ਮੁਸਲਮਾਨਾਂ ਨੂੰ ਹਾਸ਼ਿਮਪੁਰਾ 'ਚ ਉਨ੍ਹਾਂ ਦੇ ਘਰਾਂ 'ਚੋਂ ਚੁੱਕ ਲਿਆ। ਉਨ੍ਹਾਂ ਨੂੰ ਟਰੱਕ 'ਚ ਸੁੱਟ ਲਿਆ, ਰਾਤ ਨੂੰ ਦਿੱਲੀ-ਯੂ.ਪੀ. ਸਰਹੱਦ ਉੱਪਰ ਗੰਗਾ ਨਹਿਰ ਦੇ ਕਿਨਾਰੇ ਲਿਜਾ ਕੇ ਅਤੇ ਰਾਈਫ਼ਲਾਂ ਨਾਲ ਗੋਲੀਆਂ ਦੀ ਬੁਛਾੜ ਕਰਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਲਾਸ਼ਾਂ ਗੰਗਾ ਨਹਿਰ ਅਤੇ ਹਿੰਡਨ ਨਦੀ ਵਿਚ ਸੁੱਟ ਦਿੱਤੀਆਂ ਗਈਆਂ। ਇਸ ਕਾਂਡ ਵਿਚ 42 ਵਿਅਕਤੀਆਂ ਦੇ ਮਾਰੇ ਜਾਣ ਦੀ ਰਿਪੋਰਟ ਹੈ। ਹਾਸ਼ਿਮਪੁਰਾ ਕਤਲੇਆਮ ਦੇ ਦਿਲ ਦਹਿਲਾ ਦੇਣ ਵਾਲੇ ਵੇਰਵੇ ਸਾਬਕਾ ਡੀ.ਜੀ.ਪੀ. ਵਿਭੂਤੀ ਨਰਾਇਣ ਰਾਏ ਨੇ ਆਪਣੀ ਮਸ਼ਹੂਰ ਕਿਤਾਬ 'ਹਾਸ਼ਿਮਪੁਰਾ 22 ਮਈ: ਦੀ ਫਾਰਗੌਟਨ ਸਟੋਰੀ ਆਫ਼ ਇੰਡੀਆ'ਜ਼ ਬਿਗੈਸਟ ਕਸਟਡੀਅਲ ਕਿਲਿੰਗ' ਵਿਚ ਦਿੱਤੇ ਹਨ। ਸ਼੍ਰੀ ਰਾਏ ਉਦੋਂ ਗਾਜ਼ੀਆਬਾਦ ਜ਼ਿਲ੍ਹੇ ਦੇ ਐੱਸ.ਪੀ. ਸਨ ਅਤੇ ਪੀ.ਏ.ਸੀ. ਨੇ ਗੁਆਂਢੀ ਜ਼ਿਲ੍ਹੇ ਮੇਰਠ ਵਿੱਚੋਂ ਮੁਸਲਮਾਨਾਂ ਨੂੰ ਅਗਵਾ ਕਰਕੇ ਉਸ ਦੇ ਅਧਿਕਾਰ ਹੇਠਲੇ ਜ਼ਿਲ੍ਹੇ ਗਾਜ਼ੀਆਬਾਦ ਵਿਚ ਕਤਲੇਆਮ ਕੀਤਾ ਸੀ। ਖ਼ਬਰ ਮਿਲਦੇ ਸਾਰ ਉਹ ਡੀ.ਐੱਮ. ਨੂੰ ਨਾਲ ਲੈ ਕੇ ਕਤਲੇਆਮ ਵਾਲੀ ਜਗ੍ਹਾ ਪਹੁੰਚੇ ਜਿੱਥੇ ਉਨ੍ਹਾਂ ਨੂੰ ਲਾਸ਼ਾਂ ਦੇ ਢੇਰ ਵਿੱਚੋਂ ਇਕ ਜਿਉਂਦਾ ਚਸ਼ਮਦੀਦ ਗਵਾਹ ਬਾਬੂਦੀਨ ਮਿਲ ਗਿਆ ਜੋ ਕਾਤਲਾਂ ਦੇ ਅੱਖੀਂ ਘੱਟਾ ਪਾ ਕੇ ਜਾਨ ਬਚਾਉਣ 'ਚ ਕਾਮਯਾਬ ਹੋ ਗਿਆ ਸੀ। ਉਸ ਨੇ ਸਾਰੀ ਕਹਾਣੀ ਬਿਆਨ ਕੀਤੀ। ਜਿਸ ਨੂੰ ਮੁੱਖ ਰੱਖ ਕੇ ਸ਼੍ਰੀ ਰਾਏ ਨੇ ਪਹਿਲੀ ਐੱਫ.ਆਈ.ਆਰ. ਦਰਜ ਕੀਤੀ ਜੋ ਪੀ.ਏ.ਸੀ. ਦੇ ਦੋਸ਼ੀਆਂ ਵਿਰੁੱਧ ਮੁਕੱਦਮਾ ਚਲਾਉਣ ਦਾ ਆਧਾਰ ਬਣੀ।

ਖ਼ੂੰਖ਼ਾਰ ਹਕੂਮਤ ਨੂੰ ਇਸ ਨਾਲ ਵੀ ਤਸੱਲੀ ਨਾ ਹੋਈ। ਅਗਲੇ ਦਿਨ 23 ਮਈ ਨੂੰ ਹਕੂਮਤ ਦੇ ਸ਼ਿਸ਼ਕੇਰੇ ਪੀ.ਏ.ਸੀ. ਦੇ ਦਸਤੇ ਨੇ ਹਿੰਸਕ ਹਿੰਦੂ ਭੀੜ ਨੂੰ ਨਾਲ ਲੈ ਕੇ ਹਾਸ਼ਿਮਪੁਰਾ ਤੋਂ 6 ਕਿਲੋਮੀਟਰ ਦੂਰ ਮਲਿਆਨਾ ਕਸਬੇ ਦੇ ਮੁਸਲਮਾਨਾਂ ਉੱਪਰ ਹਮਲਾ ਕੀਤਾ। ਪੂਰੇ ਇਲਾਕੇ ਨੂੰ ਘੇਰਾ ਪਾ ਕੇ ਘਰਾਂ ਅੰਦਰ ਵੜ ਕੇ ਗੋਲੀਆਂ ਚਲਾਈਆਂ ਗਈਆਂ। ਉਸ ਵਕਤ ਮਲਿਆਨਾ ਦੀ ਵਸੋਂ 35000 ਸੀ ਜਿਸ ਵਿਚ 5000 ਮੁਸਲਮਾਨ ਸਨ। ਪੀ.ਏ.ਸੀ. ਨੇ ਬਿਨਾਂ ਕਾਰਨ ਹੀ ਮੁਸਲਮਾਨਾਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ ਅਤੇ ਬੇਰਹਿਮੀ ਨਾਲ ਦਰਜਨਾਂ ਲਾਸ਼ਾਂ ਵਿਛਾ ਦਿੱਤੀਆਂ। ਔਰਤਾਂ ਅਤੇ ਬੱਚਿਆਂ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਦੰਗਈਆਂ ਦੇ ਹਜੂਮ ਨੇ ਪੀ.ਏ.ਸੀ. ਦੀ ਸੁਰੱਖਿਆ ਹੇਠ ਮੁਸਲਮਾਨ ਘਰਾਂ 'ਚ ਲੁੱਟਮਾਰ ਕਰਕੇ ਅੱਗ ਲਗਾ ਦਿੱਤੀ। ਮੌਤ ਅਤੇ ਅੱਗਜ਼ਨੀ ਦਾ ਇਹ ਨਾਚ ਸਾਢੇ ਤਿੰਨ ਘੰਟੇ ਚੱਲਦਾ ਰਿਹਾ। ਕਤਲੇਆਮ ਤੋਂ ਬਾਦ 100 ਦੇ ਕਰੀਬ ਵਿਅਕਤੀ ਲਾਪਤਾ ਹੋ ਗਏ। ਬਾਅਦ ਵਿਚ ਪਤਾ ਲੱਗਿਆ ਕਿ ਉਨ੍ਹਾਂ ਵਿੱਚੋਂ 72 ਮਾਰੇ ਗਏ ਸਨ। ਦਰਿੰਦਗੀ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਕੋ ਘਰ ਦੇ ਗਿਆਰਾਂ ਜੀਅ ਮਾਰ ਦਿੱਤੇ ਗਏ ਸਨ ਜਿਨ੍ਹਾਂ ਵਿਚ 80 ਸਾਲ ਦਾ ਮੁਹੰਮਦ ਅਲੀ ਅਤੇ ਚਾਰ ਔਰਤਾਂ ਵੀ ਸ਼ਾਮਿਲ ਸਨ। ਉਸ ਦਾ ਇਕ ਪੋਤਰਾ ਅਤੇ ਪੋਤਰ-ਨੂੰਹ ਇਸ ਕਰਕੇ ਬਚ ਗਏ ਕਿ ਉਹ ਵਿਆਹ ਦੇ ਸੱਦਾ-ਪੱਤਰ ਦੇਣ ਲਈ ਰਿਸ਼ਤੇਦਾਰੀਆਂ 'ਚ ਗਏ ਹੋਏ ਸਨ। ਪੁਲਿਸ ਨੇ ਕਤਲੇਆਮ ਦੀ ਪੈੜ ਮਿਟਾਉਣ ਲਈ ਇਕ ਦਰਜਨ ਲਾਸ਼ਾਂ ਖ਼ੂਹ ਵਿਚ ਸੁੱਟ ਕੇ ਖ਼ੂਹ ਮਿੱਟੀ ਨਾਲ ਭਰ ਦਿੱਤਾ ਸੀ। ਹੋਰ ਤਰੀਕਿਆਂ ਨਾਲ ਵੀ ਸਬੂਤ ਮਿਟਾਏ ਗਏ। ਹਸਪਤਾਲ 'ਚ ਦਾਖ਼ਲ ਜ਼ਖ਼ਮੀਆਂ ਨਾਲ ਗੱਲਬਾਤ ਕਰਨ ਵਾਲੇ ਪੱਤਰਕਾਰਾਂ ਦੀ ਸਾਦਾ ਵਰਦੀ ਪੁਲਸੀਆਂ ਵੱਲੋਂ ਕੁੱਟਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਕੈਮਰੇ ਤੋੜ ਦਿੱਤੇ ਗਏ।

ਇਹ ਪੁਲਿਸ ਅਫ਼ਸਰਾਂ ਦੀ ਆਪਮੁਹਾਰੀ ਕਾਰਵਾਈ ਨਹੀਂ ਸੀ। ਦਰਅਸਲ ਇਹ ਹਕੂਮਤ ਦੇ ਸਿਖ਼ਰਲੇ ਪੱਧਰ 'ਤੇ ਘੱਟਗਿਣਤੀ ਮੁਸਲਮਾਨ ਫਿਰਕੇ ਨੂੰ ਸਬਕ ਸਿਖਾਉਣ ਲਈ ਉਲੀਕਿਆ ਗਿਣਿਆ-ਮਿੱਥਿਆ ਕਤਲੇਆਮ ਸੀ। ਉਸ ਵਕਤ ਕੇਂਦਰ ਅਤੇ ਉੱਤਰ ਪ੍ਰਦੇਸ਼ ਵਿਚ ਕਾਂਗਰਸ ਦੀਆਂ ਸਰਕਾਰਾਂ ਸਨ। ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ ਅਤੇ ਬੀਰ ਬਹਾਦਰ ਸਿੰਘ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਸੀ। ਭਾਜਪਾ ਦੇ ਆਗੂ ਸੁਬਰਾਮਨੀਅਮ ਸਵਾਮੀ ਨੇ ਰਾਜ ਸਭਾ ਵਿਚ ਸਪਸ਼ਟ ਰੂਪ 'ਚ ਇਲਜ਼ਾਮ ਲਗਾਇਆ ਸੀ ਕਿ ਇਸ ਪਿੱਛੇ ਪੀ.ਚਿਦੰਬਰਮ ਦਾ ਹੱਥ ਸੀ ਜੋ ਉਦੋਂ ਕੇਂਦਰ ਸਰਕਾਰ 'ਚ ਅੰਦਰੂਨੀ ਸੁਰੱਖਿਆ ਮਾਮਲਿਆਂ ਦਾ ਰਾਜ ਮੰਤਰੀ ਸੀ। ਚਿਦੰਬਰਮ ਮਾਓਵਾਦੀ ਆਗੂਆਂ ਨੂੰ ਗੱਲਬਾਤ ਲਈ ਬੁਲਾ ਕੇ ਧੋਖੇ ਨਾਲ ਕਤਲ ਕਰਵਾਉਣ ਲਈ ਬਦਨਾਮ ਹੈ, ਇਸ ਲਈ ਸਵਾਮੀ ਦੇ ਉਪਰੋਕਤ ਦਾਅਵੇ ਨੂੰ ਸਿਆਸਤ ਤੋਂ ਪ੍ਰੇਰਿਤ ਇਲਜ਼ਾਮ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਜ਼ਾਹਿਰ ਹੈ ਕਿ ਹਕੂਮਤ ਦੀ ਕਿਸੇ ਉੱਚ ਅਥਾਰਟੀ ਨੇ ਮੁਸਲਮਾਨਾਂ ਨੂੰ ਕੁਚਲਣ ਲਈ ਪੀ.ਏ.ਸੀ. ਨੂੰ ਸੱਦਣ ਅਤੇ ਮੁਸਲਮਾਨ ਮੁਹੱਲਿਆਂ ਉੱਪਰ ਹਮਲੇ ਕਰਨ ਦਾ ਫ਼ੈਸਲਾ ਲਿਆ ਜੋ ਕਿ ਪਹਿਲਾਂ ਹੀ ਆਪਣੇ ਮੁਸਲਿਮ ਵਿਰੋਧੀ ਫਿਰਕੂ ਰਵੱਈਏ ਲਈ ਬੇਹੱਦ ਬਦਨਾਮ ਤਾਕਤ ਮੰਨੀ ਜਾਂਦੀ ਸੀ। ਪੀ.ਏ.ਸੀ. ਨੇ ਆਪਣੇ ਰਾਜਸੀ ਬੌਸਾਂ ਦੇ ਇਸ਼ਾਰੇ 'ਤੇ ਕਤਲੇਆਮ ਕੀਤਾ।

ਹੁਣ 36 ਸਾਲ ਬਾਅਦ ਮੇਰਠ ਦੀ ਅਦਾਲਤ ਨੇ ਕਤਲੇਆਮ, ਅੱਗਜ਼ਨੀ ਅਤੇ ਦੰਗਿਆਂ ਦੇ 39 ਦੋਸ਼ੀਆਂ ਨੂੰ 'ਸ਼ੱਕ ਦਾ ਲਾਭ' ਦਿੰਦੇ ਹੋਏ ਇਹ ਕਹਿ ਕੇ ਬਰੀ ਕਰ ਦਿੱਤਾ ਕਿ ਉਨ੍ਹਾਂ ਵਿਰੁੱਧ ਸਬੂਤ ਨਹੀਂ ਹੈ। ਮੁਕੱਦਮੇ ਦੌਰਾਨ 23 ਦੋਸ਼ੀ ਮਰ ਗਏ ਅਤੇ 31 'ਲੱਭੇ ਹੀ ਨਹੀਂ ਜਾ ਸਕੇ'। ਹਾਸ਼ਿਮਪੁਰਾ ਕੇਸ 'ਚ ਵੀ 28 ਸਾਲ ਲੰਮੀ ਕਾਨੂੰਨੀ ਲੜਾਈ ਤੋਂ ਬਾਦ ਸੈਸ਼ਨ ਕੋਰਟ ਨੇ 16 ਦੋਸ਼ੀਆਂ ਨੂੰ 'ਕਾਫ਼ੀ ਸਬੂਤ ਨਾ ਹੋਣ ਕਾਰਨ' ਬਰੀ ਕਰ ਦਿੱਤਾ ਸੀ। ਬਾਦ 'ਚ ਦਿੱਲੀ ਹਾਈਕੋਰਟ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜੋ ਵਿਭੂਤੀ ਨਰਾਇਣ ਰਾਏ ਦੇ ਯਤਨਾਂ ਨਾਲ ਹੀ ਸੰਭਵ ਹੋਈ ਸੀ। ਇਹ ਸਾਰੇ ਪੀ.ਏ.ਸੀ. ਦੇ ਮੁਲਾਜ਼ਮ ਸਨ ਜਦਕਿ ਇਨ੍ਹਾਂ ਦੇ ਪਿੱਛੇ ਭਾਜਪਾ ਦੀ ਜਿਸ ਔਰਤ ਆਗੂ (ਜਿਸ ਦਾ ਪੁੱਤਰ ਦੰਗਿਆਂ 'ਚ ਮਾਰਿਆ ਗਿਆ ਸੀ), ਉਸ ਦੇ ਪੁੱਤਰ ਫ਼ੌਜੀ ਅਧਿਕਾਰੀ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਹੱਥ ਸੀ ਉਨ੍ਹਾਂ ਨੂੰ ਮੁਕੱਦਮੇ 'ਚ ਸ਼ਾਮਿਲ ਹੀ ਨਹੀਂ ਕੀਤਾ ਗਿਆ। ਜਾਂਚ ਏਜੰਸੀਆਂ ਦੀ ਕਾਰਗੁਜ਼ਾਰੀ ਸ਼ੱਕੀ ਹੈ ਜਿਨ੍ਹਾਂ ਨੇ ਨਿਰਪੱਖ ਜਾਂਚ ਕਰਨ ਦੀ ਬਜਾਏ ਤੱਥਾਂ ਅਤੇ ਸਬੂਤਾਂ ਨੂੰ ਖ਼ੁਰਦ-ਬੁਰਦ ਕਰ ਦਿੱਤਾ। ਇਕ ਪਾਸੇ ਜਾਂਚ ਏਜੰਸੀਆਂ ਝੂਠੀ ਜਾਂਚ ਰਾਹੀਂ ਬੇਕਸੂਰਾਂ ਨੂੰ ਜੇਲ੍ਹਾਂ ਵਿਚ ਸਾੜਦੀਆਂ ਹਨ, ਜਿਵੇਂ ਪਿਛਲੇ ਦਿਨਾਂ 'ਚ ਜੈਪੁਰ ਹਾਈਕੋਰਟ ਨੇ ਚਾਰ ਮੁਸਲਮਾਨਾਂ ਨੂੰ ਬਰੀ ਕੀਤਾ ਜਿਨ੍ਹਾਂ ਨੂੰ ਹੇਠਲੀ ਅਦਾਲਤ ਨੇ 2019 'ਚ ਮੌਤ ਦੀ ਸਜ਼ਾ ਸੁਣਾਈ ਸੀ। 2008 'ਚ ਜੈਪੁਰ 'ਚ ਬੰਬ ਫਟਣ ਨਾਲ 71 ਲੋਕ ਮਾਰੇ ਗਏ ਸਨ। ਜੈਪੁਰ ਕੇਸ ਵਿਚ ਜਾਂਚ ਏਜੰਸੀਆਂ ਨੇ ਪੁਖ਼ਤਾ ਸਬੂਤ ਜੁਟਾਏ ਬਿਨਾਂ ਹੀ ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਭਾਗੀ ਬਣਾ ਦਿੱਤਾ ਸੀ। ਮਲਿਆਨਾ ਕਤਲੇਆਮ ਦੇ ਦੋਸ਼ੀ ਪੂਰੀ ਤਰ੍ਹਾਂ ਜੱਗ ਜ਼ਾਹਿਰ ਸਨ, ਉਚਿਤ ਜਾਂਚ ਰਾਹੀਂ ਉਨ੍ਹਾਂ ਵਿਰੁੱਧ ਸਬੂਤ ਜੁਟਾਉਣ ਅਤੇ ਗਵਾਹੀਆਂ ਪੇਸ਼ ਕਰਨ ਦੀ ਬਜਾਏ ਸਬੂਤ ਮਿਟਾ ਕੇ ਉਨ੍ਹਾਂ ਨੂੰ ਬਰੀ ਕਰਵਾਇਆ ਗਿਆ। ਐੱਫ.ਆਈ.ਆਰ. ਵਰਗੇ ਮਹੱਤਵਪੂਰਨ ਦਸਤਾਵੇਜ਼ ਵੀ ਪੁਲਿਸ ਰਿਕਾਰਡ 'ਚੋਂ ਗ਼ਾਇਬ ਕਰਵਾ ਦਿੱਤੇ ਗਏ। ਨਿਆਂ ਨਾ ਮਿਲਣਾ ਇਕ ਪਾਸਾ ਹੈ, ਇਸ ਦਾ ਇਕ ਹੋਰ ਪਾਸਾ ਵੀ ਘੱਟ ਦਰਦਨਾਕ ਨਹੀਂ ਹੈ। ਇਨ੍ਹਾਂ ਕਤਲੇਆਮ ਨਾਲ ਸਹਿਮੇ ਅਤੇ ਦਹਿਸ਼ਤਜ਼ਦਾ ਹੋਏ ਬਹੁਤ ਸਾਰੇ ਮੁਸਲਮਾਨ ਪਰਿਵਾਰ ਹਿਜ਼ਰਤ ਕਰ ਗਏ। ਉਨ੍ਹਾਂ ਦੀ ਆਰਥਕ ਤੇ ਸਮਾਜੀ ਜ਼ਿੰਦਗੀ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਗਈ। ਕਾਨੂੰਨੀ ਲੜਾਈ ਦੇ ਨਾਲ-ਨਾਲ ਉਨ੍ਹਾਂ ਨੂੰ ਆਰਥਕ ਪੱਖ ਤੋਂ ਮੁੜ ਪੈਰਾਂ 'ਤੇ ਖੜ੍ਹੇ ਹੋਣ ਲਈ ਹੋਰ ਵੀ ਜ਼ਿਆਦਾ ਸੰਤਾਪ ਝੱਲਣਾ ਪਿਆ। ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਅਨਪੜ੍ਹਤਾ ਅਤੇ ਗ਼ਰੀਬੀ 'ਚ ਧੱਕੇ ਜਾਣ ਲਈ ਸਰਾਪੀਆਂ ਗਈਆਂ।

ਹਾਸ਼ਿਮਪੁਰਾ ਅਤੇ ਮਲਿਆਨਾ ਮੁਕੱਦਮੇ ਇਸ ਕਰਕੇ ਚੱਲ ਸਕੇ ਕਿਉਂਕਿ ਬਹੁਤ ਸਾਰੇ ਨਿਆਂਪਸੰਦ ਵਿਅਕਤੀਆਂ ਨੇ ਇਹ ਦ੍ਰਿੜ ਇਰਾਦਾ ਬਣਾ ਕੇ ਕਾਨੂੰਨੀ ਚਾਰਾਜੋਈ ਕੀਤੀ ਕਿ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹੇ ਕਰਕੇ ਪੀੜਤਾਂ ਨੂੰ ਨਿਆਂ ਦਿਵਾਉਣਾ ਹੈ। ਜਿਵੇਂ ਨਿਆਂ ਦੀ ਹਰ ਲੜਾਈ ਵਿਚ ਅਕਸਰ ਵਾਪਰਦਾ ਹੈ, ਹੁਕਮਰਾਨ ਜਮਾਤ ਦੀ ਮਿਲੀਭੁਗਤ ਨੇ ਨਿਆਂਪਸੰਦਾਂ ਦੀ ਕੋਈ ਪੇਸ਼ ਨਹੀਂ ਜਾਣ ਦਿੱਤੀ ਅਤੇ ਮੁਕੱਦਮਾ ਨਿਆਂ ਦੇ ਅੰਜਾਮ 'ਤੇ ਨਹੀਂ ਪਹੁੰਚ ਸਕਿਆ। ਇਸ ਵਿਚ ਕਾਂਗਰਸੀ ਹੁਕਮਰਾਨਾਂ ਦੀ ਉੱਘੜਵੀਂ ਭੂਮਿਕਾ ਰਹੀ ਹੈ। ਅੱਜਕੱਲ੍ਹ ਇਕ ਹਿੱਸੇ ਵੱਲੋਂ ਅਕਸਰ ਹੀ ਦਲੀਲ ਦਿੱਤੀ ਜਾਂਦੀ ਹੈ ਕਿ ਆਰ.ਐੱਸ.ਐੱਸ.-ਭਾਜਪਾ ਦੇ ਫ਼ਾਸ਼ੀਵਾਦੀ ਪ੍ਰੋਜੈਕਟ ਵਿਰੁੱਧ ਸੰਘਰਸ਼ 'ਚ ਕਾਂਗਰਸ ਵਰਗੀਆਂ 'ਧਰਮਨਿਰਪੱਖ' ਤਾਕਤਾਂ ਦੀ ਭੂਮਿਕਾ ਮਹੱਤਵਪੂਰਨ ਹੈ, ਇਸ ਲਈ ਕਾਂਗਰਸ ਦੀ ਪਿਛਲੀ ਕਾਰਗੁਜ਼ਾਰੀ ਉੱਪਰ ਉਂਗਲ ਨਹੀਂ ਰੱਖਣੀ ਚਾਹੀਦੀ; ਫ਼ਿਲਹਾਲ ਇਸ ਚਰਚਾ ਨੂੰ ਪਾਸੇ ਰੱਖ ਦੇਣਾ ਚਾਹੀਦਾ ਹੈ ਅਤੇ ਆਰ.ਐੱਸ.ਐੱਸ.-ਭਾਜਪਾ ਤੋਂ ਖਹਿੜਾ ਛਡਾਉਣ ਉੱਪਰ ਤਾਕਤ ਕੇਂਦਰਤ ਕਰਨੀ ਚਾਹੀਦੀ ਹੈ। ਪਰ ਉਹ ਇਸ ਸਚਾਈ ਨੂੰ ਭੁੱਲਦੇ ਹਨ ਕਿ ਚਾਹੇ 1984 ਅਤੇ 1995 ਦੇ ਦਹਾਕੇ ਵਿਚ ਪੁਲਿਸ ਮੁਕਾਬਲਿਆਂ ਰਾਹੀਂ ਸਿੱਖ ਨੌਜਵਾਨਾਂ ਦੇ ਘਾਣ ਦੇ ਕੇਸ ਹੋਣ, ਚਾਹੇ 1984 'ਚ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖ ਫਿਰਕੇ ਦੀ ਨਸਲਕੁਸ਼ੀ ਹੋਵੇ ਅਤੇ ਚਾਹੇ ਬਾਬਰੀ ਮਸਜਿਦ ਦੇ ਤਾਲੇ ਖੋਲ੍ਹਣ ਤੋਂ ਲੈ ਕੇ ਮੁਸਲਮਾਨ ਭਾਈਚਾਰੇ ਦੇ ਹਿਤਾਂ ਵਿਰੁੱਧ ਚੁੱਕੇ ਗਏ ਵੱਖ-ਵੱਖ ਕਦਮ ਹੋਣ, ਕਾਂਗਰਸ ਦੀ ਹਕੂਮਤ ਸਿਰਫ਼ ਨਿਆਂ ਲਈ ਜੱਦੋਜਹਿਦ ਨੂੰ ਅਸਫ਼ਲ ਕਰਨ ਤੱਕ ਸੀਮਤ ਨਹੀਂ ਰਹੀ ਸਗੋਂ ਹਿੰਦੂ ਫਿਰਕਾਪ੍ਰਸਤਾਂ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਖ਼ੁਸ਼ ਕਰਨ ਦੀ ਸੋਚੀ-ਸਮਝੀ ਨੀਤੀ ਉੱਪਰ ਚਲਦੀ ਰਹੀ ਹੈ।

1947 ਦੀ ਸੱਤਾ ਬਦਲੀ ਤੋਂ ਪਹਿਲਾਂ ਹੀ ਕਾਂਗਰਸ ਅੰਦਰਲੇ "ਹਿੰਦੂ" ਡੀ.ਐੱਨ.ਏ. ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇਕ ਆਈ.ਸੀ.ਐੱਸ. (ਇੰਡੀਅਨ ਸਿਵਲ ਸਰਵਿਸ) ਅਧਿਕਾਰੀ ਰਾਜੇਸ਼ਵਰ ਦਿਆਲ, ਜੋ ਉਸ ਵਕਤ ਯੂ.ਪੀ. ਦੇ ਪਹਿਲੇ ਗ੍ਰਹਿ ਸਕੱਤਰ ਸਨ, ਨੇ ਆਪਣੀਆਂ ਯਾਦਾਂ 'ਅ ਲਾਈਫ਼ ਆਫ਼ ਅਵਰ ਟਾਈਮਜ਼' ਵਿਚ ਇਕ ਘਟਨਾ ਬਿਆਨ ਕੀਤੀ ਹੈ। ਇਕ ਦਿਨ ਉਹ ਅਤੇ ਉਸ ਦਾ ਪੁਲਿਸ ਕਮਿਸ਼ਨਰ ਆਰ.ਐੱਸ.ਐੱਸ. ਦੇ ਮੁਖੀ ਗੁਰੂ ਗੋਲਵਲਕਰ ਵਿਰੁੱਧ ਸਬੂਤਾਂ ਦਾ ਭਰਿਆ ਟਰੰਕ ਲੈ ਕੇ ਮੁੱਖ ਮੰਤਰੀ ਗੋਵਿੰਦ ਬੱਲਭ ਪੰਤ ਦੀ ਰਿਹਾਇਸ਼ 'ਤੇ ਗਏ। ਗੋਲਵਲਕਰ ਨੇ ਮੇਰਠ, ਮੁਜ਼ੱਫ਼ਰਨਗਰ ਅਤੇ ਪੱਛਮੀ ਯੂ.ਪੀ. ਦੇ ਹੋਰ ਸ਼ਹਿਰਾਂ ਵਿਚ ਵਿਆਪਕ ਪੈਮਾਨੇ 'ਤੇ ਫਿਰਕੂ ਗੜਬੜ ਫੈਲਾਉਣ ਦੀ ਸਾਜ਼ਿਸ਼ ਘੜ ਕੇ ਬਾਰੀਕੀ 'ਚ ਯੋਜਨਾ ਬਣਾਈ ਸੀ ਜੋ ਖ਼ੁਫ਼ੀਆ ਵਿਭਾਗ ਦੇ ਹੱਥ ਲੱਗ ਗਈ ਸੀ। ਤੁਰੰਤ ਕਾਰਵਾਈ ਕਰਕੇ ਗੋਲਵਲਕਰ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ, ਜੋ ਉਦੋਂ ਉਸ ਇਲਾਕੇ 'ਚ ਸਰਗਰਮ ਸੀ, ਮਿਸਟਰ ਪੰਤ ਨੇ ਕਿਹਾ ਕਿ ਇਹ ਸੰਵੇਦਨਸ਼ੀਲ ਮਾਮਲਾ ਹੈ ਜਿਸ ਨੂੰ ਵਜ਼ਾਰਤ 'ਚ ਵਿਚਾਰਨਾ ਪਵੇਗਾ। ਗੋਲਵਲਕਰ ਨੂੰ ਸਪਸ਼ਟੀਕਰਨ ਦੇਣ ਲਈ ਚਿੱਠੀ ਲਿਖੀ ਗਈ ਅਤੇ ਉਹ ਉੱਥੋਂ ਬਚ ਕੇ ਨਿਕਲ ਗਿਆ। ਅਗਲੇ ਦਹਾਕਿਆਂ 'ਚ ਕਾਂਗਰਸ ਵੱਲੋਂ ਭਾਰਤ ਵਿਚ, ਖ਼ਾਸ ਕਰਕੇ ਯੂ.ਪੀ. ਵਿਚ ਖੇਡੀ ਗਈ ਫਿਰਕੂ ਸਿਆਸਤ ਦੀਆਂ ਸੈਂਕੜੇ ਘਿਣਾਉਣੀਆਂ ਮਿਸਾਲਾਂ ਹਨ।

ਇਹ ਠੀਕ ਹੈ ਕਿ ਆਰ.ਐੱਸ.ਐੱਸ.-ਭਾਜਪਾ ਦਾ ਹਿੰਦੂ ਰਾਸ਼ਟਰ ਦਾ ਏਜੰਡਾ ਕਾਂਗਰਸ ਦੀ ਸਿਆਸਤ ਨਾਲੋਂ ਬਹੁਤ ਜ਼ਿਆਦਾ ਖ਼ਤਰਨਾਕ ਹੈ ਪਰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਨੇਲੀ, ਦਿੱਲੀ, ਕਾਨਪੁਰ, ਹਾਸ਼ਿਮਪੁਰਾ, ਮਲਿਆਨਾ ਵਰਗੇ ਘੱਟਗਿਣਤੀਆਂ ਦੇ ਕਤਲੇਆਮ 'ਧਰਮਨਿਰਪੱਖ' ਕਾਂਗਰਸ ਦੇ ਰਾਜ ਵਿਚ ਹੀ ਹੋਏ ਸਨ।

ਸਵਾਲ ਇਹ ਹੈ ਕਿ 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ' ਵਿਚ ਮਜ਼ਲੂਮ ਧਿਰਾਂ ਦਾ ਭਵਿੱਖ ਕੀ ਹੈ ਅਤੇ ਜੋ ਵਧੀਕੀਆਂ ਅਤੇ ਬੇਇਨਸਾਫ਼ੀਆਂ ਉਨ੍ਹਾਂ ਨਾਲ ਕੀਤੀਆਂ ਗਈਆਂ ਉਨ੍ਹਾਂ ਸੰਬੰਧੀ ਨਿਆਂ ਮਿਲਣ ਦੀ ਕੋਈ ਗੁੰਜਾਇਸ਼ ਹੈ? ਹੁਣ ਜਦੋਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਜਨੀਤਕ ਏਜੰਡੇ ਵਾਲੀ ਤਾਕਤ ਸੱਤਾ ਉੱਪਰ ਕਾਬਜ਼ ਹੈ ਅਤੇ ਉਸ ਨੂੰ ਰੋਕਣ ਲਈ ਕੋਈ ਅਸਰਦਾਰ ਸਿਆਸੀ ਅੰਦੋਲਨ ਨਹੀਂ ਹੈ ਅਤੇ ਅਦਾਲਤੀ ਪ੍ਰਣਾਲੀ ਨੂੰ ਵੀ ਲੱਗਭੱਗ ਅਗਵਾ ਕਰ ਲਿਆ ਗਿਆ ਹੈ ਤਾਂ ਇਹ ਗੁੰਜਾਇਸ਼ ਲੱਗਭੱਗ ਖ਼ਤਮ ਹੋ ਚੁੱਕੀ ਹੈ। ਸਿਰਫ਼ ਫ਼ਾਸ਼ੀਵਾਦੀ ਸੱਤਾ ਨੂੰ ਟੱਕਰ ਦੇਣ ਵਾਲੀ ਐਸੀ ਰਾਜਨੀਤਕ ਲਹਿਰ ਹੀ ਅਨਿਆਂ ਦਰ ਅਨਿਆਂ ਨੂੰ ਠੱਲ ਪਾ ਸਕਦੀ ਹੈ ਜੋ ਦਰੜੇ ਤੇ ਦਬਾਏ ਵਿਸ਼ਾਲ ਹਿੱਸਿਆਂ ਨੂੰ ਆਪਣੇ ਕਲਾਵੇ ਵਿਚ ਲੈ ਸਕੇ।



# ਵਿਨਾਸ਼ਕਾਰੀ ਪ੍ਰਮਾਣੂ ਜੰਗ ਦੀਆਂ ਬਰੂਹਾਂ 'ਤੇ ਖੜ੍ਹੀ ਦੁਨੀਆਂ



ਡਾ. ਸੁਰਿੰਦਰ ਮੰਡ
94173 24543



*ਯੂਰਪੀ ਦੇਸ਼ਾਂ ਦੀ ਵਾਸ਼ਿੰਗਟਨ ਨਾਲੋਂ ਅਜ਼ਾਦ ਨੀਤੀ ਚਾਹੀਦੀ। ਅਮਰੀਕਾ ਉੱਤੇ ਨਿਰਭਰਤਾ ਯੂਰਪੀ ਦੇਸ਼ਾਂ ਨੂੰ ਘਟਾਉਣੀ ਚਾਹੀਦੀ ਹੈ। ਅਸੀਂ ਪਹਿਲਾਂ ਹੀ ਯੂਕਰੇਨ ਜੰਗ ਕਾਰਨ ਵੱਡੇ ਸੰਕਟ ਵਿਚ ਹਾਂ।' ਅਮਰੀਕਾ ਨੇ ਇਸ ਬਿਆਨ ਦਾ ਬਹੁਤ ਬੁਰਾ ਮਨਾਇਆ। ਲੱਗਦਾ ਕਿ ਇਹ ਇਕੱਲੇ ਫਰਾਂਸ ਦੀ ਨਹੀਂ, ਹੋਰ ਯੂਰਪੀ ਦੇਸ਼ਾਂ ਦੀ ਵੀ ਆਵਾਜ਼ ਹੈ।*

ਦੂਜੀ ਸੰਸਾਰ ਜੰਗ ਵਿਚ 1945 ਦੇ ਜਿਸ ਦਿਨ ਅਮਰੀਕਾ ਨੇ ਜਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਪ੍ਰਮਾਣੂ ਬੰਬ ਸੁੱਟ ਕੇ ਜੰਗ ਜਿੱਤੀ ਸੀ, ਉਸੇ ਦਿਨ ਹੀ ਨੀਂਹ ਰੱਖੀ ਗਈ ਸੀ ਕਿ ਹੁਣ ਹੋਰ ਮੁਲਕ ਵੀ ਪ੍ਰਮਾਣੂ ਬੰਬ ਬਣਾਉਣ ਦੇ ਰਾਹੇ ਤੁਰਨਗੇ। ਸੋ ਅੱਜ ਤੱਕ ਰੂਸ ਚੀਨ ਫਰਾਂਸ ਇੰਗਲੈਂਡ ਇਸਰਾਈਲ ਉੱਤਰੀ ਕੋਰੀਆ ਪਾਕਿਸਤਾਨ ਅਤੇ ਭਾਰਤ ਵੀ ਇਹ ਬੰਬ ਬਣਾ ਚੁੱਕੇ ਹਨ। ਇਰਾਨ ਵੀ ਏਸੇ ਕੋਸ਼ਿਸ਼ ਵਿਚ ਜਾਪਦਾ।

ਪ੍ਰਮਾਣੂ ਬੰਬਾਂ ਨਾਲ ਲੈਸ ਬਹੁਤੇ ਮੁਲਕ ਇਸ ਵੇਲੇ ਮਰਨ ਮਾਰਨ ਲਈ ਤਿਆਰ-ਬਰ-ਤਿਆਰ ਆਹਮੋ ਸਾਹਮਣੇ ਖੜ੍ਹੇ ਹਨ। ਇਕ ਚਿੰਗਾੜੀ ਨਾਲ ਭਾਂਬੜ ਮੱਚਣ ਦੇ ਪੂਰੇ ਆਸਾਰ ਹਨ। ਇਕੋ ਵੇਲੇ ਵੇਖੋ ਕਿੰਨੇ ਫਰੰਟ ਖੁੱਲ੍ਹੇ ਹੋਏ ਹਨ-ਯੂਕਰੇਨ ਮੁੱਦੇ ਉੱਤੇ ਰੂਸ ਅਤੇਦੂਜੇ ਬੰਨੇ ਯੂਕਰੇਨ+ਅਮਰੀਕਾ ਸਣੇ ਨਾਟੋ ਦੇ 31 ਦੇਸ਼, ਤਾਈਵਾਨ ਮੁੱਦੇ ਉੱਤੇ ਚੀਨ ਅਤੇ ਓਧਰ ਅਮਰੀਕਾ+ਪੱਛਮੀ ਜੋਟੀਦਾਰ ਦੇਸ਼, ਉੱਤਰੀ ਕੋਰੀਆ ਵਿਰੁੱਧ ਅਮਰੀਕਾ+ਦੱਖਣੀ ਕੋਰੀਆ ਫਰੰਟ, ਇਰਾਨ ਖਿਲਾਫ਼ ਅਮਰੀਕਾ ਇਸਰਾਈਲ ਫਰੰਟ, ਫਲਸਤੀਨ ਮੁੱਦੇ ਉੱਤੇ ਅਮਰੀਕਾ ਸਮਰਥਿਤ ਇਸਰਾਈਲ ਦਾ ਆਂਢ ਗਵਾਂਢ ਹਮਲਾਵਰ ਰੁਖ਼। ਇਹਨਾ ਸਾਰੇ ਫਰੰਟਾਂ ਦੀ ਇਕ ਗੱਲ ਸਾਂਝੀ ਹੈ ਕਿ ਇਕ ਪਾਸੇ ਹਰ ਥਾਂ ਅਮਰੀਕਾ ਤਾਂ ਹੈਗਾ ਈ ਹੈਗਾ, ਦੂਜੇ ਪਾਸੇ ਭਾਵੇਂ ਮੁਲਕ ਅਦਲ ਬਦਲ ਕੇ ਹੋਣ।

ਹੁਣ ਤਕ ਅਮਰੀਕਾ ਦੀ ਫੌਜ ਹਮੇਸ਼ਾਂ ਦੂਜੇ ਦੀ ਜੂਹ ਵਿਚ ਜਾ ਕੇ ਲੜਦੀ ਰਹੀ ਹੈ। ਦੂਰ ਹੋਣ ਕਰਕੇ ਅੱਜ ਤਕ ਕੋਈ ਬੰਬ ਅਮਰੀਕੀ ਧਰਤੀ ਤਕ ਨਹੀਂ ਪੁੱਜਾ। ਪਰ ਹੁਣ ਨਵੀਂ ਗੱਲ ਇਹ ਹੈ ਕਿ ਪਹਿਲੀ ਵਾਰ ਅਮਰੀਕਾ ਖੁਦ ਕਿਸੇ ਅਮਰੀਕੀ ਜਨਤਾ ਨੂੰ ਮਰਵਾਊ ਵੱਡੇ ਯੁੱਧ ਵੱਲ ਵਧ ਰਿਹਾ ਹੈ। ਕਿਉਂਕਿ ਇਸਦੇ ਵਿਰੋਧੀ ਦੇਸ਼ ਵੀ ਹੁਣ ਦੂਰ-ਮਾਰ ਹਥਿਆਰਾਂ ਨਾਲ ਲੈਸ ਹਨ।

ਯਾਦ ਕਰਨਾ ਜ਼ਰੂਰੀ ਕਿ ਜਦ 1991-92 ਵਿਚ ਸੋਵੀਅਤ ਯੂਨੀਅਨ (ਰੂਸ) ਖਿੰਡ ਪੁੰਡ ਕੇ 15 ਦੇਸ਼ਾਂ ਚ ਵੰਡਿਆ ਗਿਆ ਸੀ। ਅਮਰੀਕਾ ਇਕੋ ਇਕ ਮਹਾਂਸ਼ਕਤੀ ਰਹਿ ਗਿਆ ਸੀ ਤਾਂ ਉਸ ਦਿਨ ਦੁਨੀਆਂ ਨੇ ਅਮਰੀਕੀ ਰਾਸ਼ਟਰਪਤੀ ਮੂਹੋਂ ਕਲੇਸ਼ ਦਾ ਫਿਰ ਮੁੱਢ ਬੰਨ੍ਹਣ ਵਾਲਾ ਬਿਆਨ ਸੁਣਿਆ ਸੀ। ਜਾਰਜ ਬੁਸ਼ ਨੇ ਆਪਣੀ ਪਾਰਲੀਮੈਂਟ ਵਿਚ ਬਿਆਨ ਦਿੰਦਿਆਂ ਕਿਹਾ ਕਿ 'ਮੈਂ ਅਮਰੀਕੀ ਲੋਕਾਂ ਨੂੰ ਠੰਡੀ ਜੰਗ ਜਿੱਤ ਲੈਣ ਉੱਤੇ ਵਧਾਈ ਦਿੰਦਾ ਹਾਂ। ਅਮਰੀਕਾ ਨੇ ਸਮਾਜਵਾਦ ਉੱਤੇ ਫ਼ਤਹਿ ਪਾਈ ਹੈ। ਜਦੋਂ ਮੈਂ ਅਮਰੀਕਾ ਦਾ ਪ੍ਰਧਾਨ ਬਣਿਆਂ ਸੀ ਤਾਂ ਦੁਨੀਆਂ ਵਿਚ ਦੋ ਮਹਾਂਸ਼ਕਤੀਆਂ ਸਨ। ਮੈਂ ਫਖ਼ਰ ਨਾਲ ਐਲਾਨ ਕਰ ਰਿਹਾ ਹਾਂ ਕਿ ਦੂਜੀ ਮਹਾਂਸ਼ਕਤੀ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਅਮਰੀਕਾ ਹੀ ਇਕੋ ਇਕ ਮਹਾਂਸ਼ਕਤੀ ਹੈ।' ਉਸ ਦੇ ਪਾਰਲੀਮੈਂਟ ਮੈਂਬਰਾਂ ਨੇ ਇਸ ਹੰਕਾਰੇ ਹੋਏ ਬਿਆਨ ਦਾ ਤਾੜੀਆਂ ਮਾਰ ਕੇ ਸਵਾਗਤ ਕੀਤਾ।...ਬਿਆਨ ਬੀ.ਬੀ.ਸੀ ਰੇਡੀਓ ਨੇ ਵੀ ਪ੍ਰਸਾਰਿਤ ਕੀਤਾ, ਉਸ ਵਿਚ ਕਿਤੇ ਵੀ ਠੰਡੀ ਜੰਗ ਦੇ ਖਤਮ ਹੋਣ ਦੀ ਆਸ ਦਾ ਸਕੂਨ ਭਰਿਆ ਅਹਿਸਾਸ ਨਹੀਂ, ਸਗੋਂ ਠੰਡੀ ਜੰਗ ਜਿੱਤ ਲੈਣ ਦੀਆਂ ਬੜ੍ਹਕਾਂ ਸਨ।

ਫਿਰ ਅਮਰੀਕਾ ਵੱਲੋਂ 'ਸਟਾਰ ਵਾਰ' ਦੀ ਤਿਆਰੀ ਦੀਆਂ ਖਬਰਾਂ ਆਈਆਂ, ਰੂਸ ਨਾਲੋਂ ਟੁੱਟੇ ਦੇਸ਼ਾਂ ਲਾਤਵੀਆ ਲਿਥੁਆਨੀਆਂ ਤੇ ਕੁੱਲ 30 ਮੁਲਕਾਂ ਨੂੰ ਰੂਸ ਵਿਰੁੱਧ 'ਨਾਟੋ ਫੌਜੀ ਗੱਠਜੋੜ' ਦੇ ਮੈਂਬਰ ਬਣਾਇਆ। 2014 ਤੋਂ ਯੂਕਰੇਨ ਨੂੰ ਵੀ ਏਸੇ ਰਾਹੇ ਤੋਰਨ ਦੀ ਕੋਸ਼ਿਸ਼ ਕੀਤੀ। ਤੇ ਹੁਣ ਰੂਸ ਨਾਲ 1300 ਕਿਲੋਮੀਟਰ ਤੋਂ ਵੱਧ ਲਗਦੀ ਜ਼ਮੀਨੀ ਹੱਦ ਵਾਲਾ ਫਿਨਲੈਂਡ (31ਵਾਂ ਦੇਸ਼) ਨਾਟੋ ਮੈਂਬਰ ਬਣਾ ਲਿਆ। ਕੁੱਲ ਪੱਛਮੀ ਯੂਰਪ ਅਮਰੀਕਾ ਦਾ ਮੌਨ ਪਿਛਲੱਗੂ ਬਣਿਆਂ ਬੈਠਾ ਹੈ। ਕਦੀ ਕਦੀ ਮੈਨੂੰ ਤਾਂ ਇਹ ਲੱਗਦਾ ਕਿ ਜਿਵੇਂ ਯੂਰਪ ਅੰਦਰੋਂ ਚਹੁੰਦਾ ਕਿ ਅਮਰੀਕਾ ਦੇ ਸਿੰਗ ਕਿਸੇ ਚੀਨ ਵਰਗੇ ਮੁਲਕ ਨਾਲ ਫਸਕੇ ਟੁੱਟ ਜਾਣ ਤਾਂ ਚੰਗਾ, ਕਿਉਂਕਿ ਅਮਰੀਕਾ ਦੀ ਚੜ੍ਹਤ ਹੇਠ ਯੂਰਪ ਵੀ ਨੱਪਿਆ ਪਿਆ। ਯੂਰਪ ਨੂੰ ਮੱਧ ਪੂਰਬ ਬਾਰੇ ਅਮਰੀਕੀ ਨੀਤੀ ਵੀ ਪਸੰਦ ਨਹੀਂ, ਜਿਸ ਕਰਕੇ ਓਥੇ ਸ਼ਰਨਾਰਥੀਆਂ ਦਾ ਹੜ੍ਹ ਆਇਆ ਪਿਆ। ਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਦਾ ਬੀਜਿੰਗ ਦੌਰੇ ਉਪਰੰਤ ਤਾਜ਼ਾ ਬਿਆਨ ਵੀ ਆ ਗਿਆ ਹੈ ਕਿ 'ਯੂਰਪ ਨੂੰ ਤਾਈਵਾਨ ਦੇ ਮੁੱਦੇ ਤੇ ਚੀਨ ਨਾਲ ਨਹੀਂ ਉਲਝਣਾ ਚਾਹੀਦਾ। ਯੂਰਪੀ ਦੇਸ਼ਾਂ ਦੀ ਵਾਸ਼ਿੰਗਟਨ ਨਾਲੋਂ ਅਜ਼ਾਦ ਨੀਤੀ ਚਾਹੀਦੀ। ਅਮਰੀਕਾ ਉੱਤੇ ਨਿਰਭਰਤਾ ਯੂਰਪੀ ਦੇਸ਼ਾਂ ਨੂੰ ਘਟਾਉਣੀ ਚਾਹੀਦੀ ਹੈ। ਅਸੀਂ ਪਹਿਲਾਂ ਹੀ ਯੂਕਰੇਨ ਜੰਗ ਕਾਰਨ ਵੱਡੇ ਸੰਕਟ ਵਿਚ ਹਾਂ।' ਅਮਰੀਕਾ ਨੇ ਇਸ ਬਿਆਨ ਦਾ ਬਹੁਤ ਬੁਰਾ ਮਨਾਇਆ। ਲੱਗਦਾ ਕਿ ਇਹ ਇਕੱਲੇ ਫਰਾਂਸ ਦੀ ਨਹੀਂ, ਹੋਰ ਯੂਰਪੀ ਦੇਸ਼ਾਂ ਦੀ ਵੀ ਆਵਾਜ਼ ਹੈ। ਪਰ ਅਮਰੀਕਾ ਇਕ ਰਣਨੀਤੀ ਤਹਿਤ ਇਹਨਾਂ ਸਾਰੇ ਕਲੇਸ਼ਾਂ ਵਿਚੋਂ ਯੂਰਪ ਨੂੰ ਆਨੇ ਬਹਾਨੇ ਤਿਲਕ ਕੇ ਪਾਸੇ ਨਹੀਂ ਨਿਕਲਣ ਦੇਣਾ ਚਹੁੰਦਾ। ਉਹ ਯੂਰਪੀਨ ਮੁਲਕ ਯੂਕਰੇਨ ਦਾ ਜਜ਼ਬਾਤੀ ਸਵਾਲ ਜਤਾ ਕੇ ਰੂਸ ਵਿਰੁੱਧ ਜੰਗ ਵਿਚ ਯੂਰਪ ਨੂੰ ਘੜੀਸ ਲੈਣਾ ਚਹੁੰਦਾ, ਬਿਲਕੁਲ ਉਵੇਂ ਜਿਵੇਂ 'ਕੁਆਡ' ਬਣਾ ਕੇ ਭਾਰਤ ਨੂੰ ਚੀਨ ਵਿਰੁੱਧ ਨਾਲ ਜੰਗੀ ਜੋਟੀਦਾਰ ਬਣਾਉਣ ਦੀ ਕੋਸ਼ਿਸ਼ ਕਰਦਾ ਪਰ ਭਾਰਤ ਅੱਗੋਂ ਸਿਰਫ ਵਪਾਰਕ ਹਿੱਤਾਂ ਦੀ ਸਾਂਝ ਦੱਸਦਾ।

ਵੱਡੀ ਗੱਲ ਕਿ ਹੁਣ ਬਹੁਤਿਆਂ ਦੇਸ਼ਾਂ ਨੂੰ ਇਕ ਦੂਜੇ ਉੱਤੇ ਵਿਸ਼ਵਾਸ ਨਹੀਂ ਰਿਹਾ। ਤਕੜੇ ਮਾੜੇ ਸਭ ਦੇਸ਼ਾਂ ਦੀਆਂ ਸਰਕਾਰਾਂ ਨੇ ਸਾਰੀ ਅਕਲ ਅਤੇ ਸਾਧਨ ਖਤਰਨਾਕ ਹਥਿਆਰ ਬਣਾਉਣ ਖਰੀਦਣ ਲਈ ਝੋਕ ਦਿੱਤੇ ਹਨ। ਸਾਡੇ ਵਰਗੇ ਕਰਜ਼ੇ 'ਚ ਡੁੱਬੇ ਭੁੱਖੇ ਨੰਗੇ ਦੇਸ਼ ਵੀ ਏਸੇ ਦੌੜ 'ਚ ਹਨ। ਤਾਜੇ ਕਲੇਸ਼ਖਾਨੇ ਵਿਚ ਸਾਰਾ ਯੂਰਪ ਧੜਾ ਧੜ ਅਮਰੀਕਾ ਕੋਲੋਂ ਹਥਿਆਰ ਖਰੀਦਣ ਲੱਗ ਪਿਆ ਹੈ। ਮੱਠੀ ਚੱਲ ਰਹੀ ਹਥਿਆਰਾਂ ਦੀ ਦੁਕਾਨ ਉੱਤੇ ਗਾਹਕੀ ਇਕਦਮ ਵਧਗੀ। ਇਹ ਸਭ ਚੱਲਦਿਆਂ ਅਮਨ ਅਮਾਨ ਰਹਿਣਾ ਮੁਸ਼ਕਲ ਹੈ। ਹਥਿਆਰਾਂ ਦੇ ਵਪਾਰੀ ਮੁਲਕਾਂ ਦੀ

(ਬਾਕੀ ਸਫ਼ਾ 12 'ਤੇ)

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਾਸਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com








# ਚਾਨਣਾਂ ਦਾ ਛੱਟਾ ਦੇ ਗਈ ਨਾਟਕਾਂ ਤੇ ਗੀਤਾਂ ਭਰੀ ਰਾਤ



**ਬਲਜਿੰਦਰ ਸਿੰਘ ਪਟਿਆਲਾ**

ਲੋਕ ਅਤੇ ਕ੍ਰਾਂਤੀਕਾਰੀ ਸਭਿਆਚਾਰ ਲਗਾਤਾਰ ਮਜ਼ਦੂਰ ਜਮਾਤ ਦੀ ਚੇਤਨਾ ਨੂੰ ਪ੍ਰਚੰਡ ਕਰਦਾ ਹੈ। ਇਸ ਕਰਕੇ ਪੰਜਾਬ ਲੋਕ ਸੱਭਿਆਚਾਰਕ ਮੰਚ ਪਲਸ ਮੰਚ ਵੱਲੋਂ ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਪਹਿਲੀ ਮਈ ਨੂੰ ਬੀਤੇ 40 ਵਰ੍ਹਿਆਂ ਤੋਂ ਮਨਾਈ ਜਾਂਦੀ ਹੈ। ਨਾਟਕਾਂ ਅਤੇ ਗੀਤਾਂ ਭਰੀ ਰਾਤ, ਇਸ ਵਾਰ ਜਿੱਥੇ ਮਜ਼ਦੂਰ ਦਿਹਾੜੇ ਦੇ ਸ਼ਹੀਦਾਂ ਨੂੰ ਸਿਜਦਾ ਕਰਨ ਉਹਨਾਂ ਦੇ ਅਧੂਰੇ ਕਾਜ਼ ਪੂਰੇ ਕਰਨ ਦੇ ਮਜ਼ਦੂਰ ਜਮਾਤ ਸਿਰ ਖੜ੍ਹੇ ਇਤਿਹਾਸਕ ਕਾਰਜ ਵਿਚ ਆਪਣੀਆਂ ਸਾਹਿਤਕ ਸਭਿਆਚਾਰਕ ਸਰਗਰਮੀਆਂ ਰਾਹੀਂ ਯੋਗਦਾਨ ਪਾਉਣ ਦਾ ਅਹਿਦ ਲਿਆ ਓਥੇ ਪਲਸ ਮੰਚ ਵੱਲੋਂ ਵਿਸ਼ੇਸ਼ ਤੌਰ 'ਤੇ ਦੱਬੇ ਕੁਚਲੇ ਬੇਜ਼ਮੀਨੇ ਮਜ਼ਦੂਰਾਂ ਦਲਿਤਾਂ ਦੀ ਹੂਕ ਨੂੰ ਵੀ ਆਪਣੀਆਂ ਕਲਾ ਕ੍ਰਿਤਾਂ ਦੇ ਕੇਂਦਰ ਵਿਚ ਰੱਖਿਆ ਗਿਆ।

ਪੰਜਾਬੀ ਭਵਨ ਲੁਧਿਆਣਾ ਦੇ ਬਲਰਾਜ ਸਾਹਨੀ ਖੁੱਲ੍ਹੇ ਰੰਗ ਮੰਚ ਦੇ ਆਡੀਟੋਰੀਅਮ ਵਿਚ ਹਜ਼ਾਰਾਂ ਲੋਕਾਂ ਜਿਨ੍ਹਾਂ ਵਿਚ ਖੇਤ ਮਜ਼ਦੂਰਾਂ ਤੋਂ ਲੈ ਕੇ ਕਿਸਾਨ ਅਤੇ ਕਲਾਕਾਰ ਸ਼ਾਮਲ ਸਨ। ਉਨ੍ਹਾਂ ਨੇ ਸਾਰੀ ਰਾਤ ਜਦੋਂ ਤੱਕ ਅੰਤਮ ਗੀਤ 'ਮਸ਼ਾਲਾਂ ਬਾਲ ਕੇ ਚੱਲਣਾ...' ਸੁਨੇਹਾ ਨਹੀਂ ਦੇ ਗਿਆ ਲਗਾਤਾਰ ਇਨਕਲਾਬੀ ਪ੍ਰੋਗਰਾਮਾਂ ਦਾ ਹਿੱਸਾ ਬਣੇ ਰਹੇ।

ਗੁਰਸ਼ਰਨ ਭਾਅ ਜੀ ਦੇ ਲਗਾਏ ਸ਼ਾਨਦਾਰ ਬੂਟੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਗੁਰਮੀਤ ਕੜਿਆਲਵੀ ਦੀ ਕਹਾਣੀ ਦਰੁਣਾਚਾਰੀਆ ਤੇ ਅਧਾਰਿਤ 'ਜੋ ਹਾਰਦੇ ਨਹੀਂ' ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਨਾਟਕ ਖੇਡਿਆ ਗਿਆ। ਇਸ ਨਾਟਕ ਦੀ ਖ਼ੂਬੀ ਇਹ ਸੀ ਕਿ ਵੱਖ-ਵੱਖ ਲੋਕ ਸਭਿਆਚਾਰ ਗੀਤਾਂ ਨਾਲ ਕ੍ਰਾਂਤੀਕਾਰੀ ਵਿਚਾਰ ਪ੍ਰਦਾਨ ਕਰ ਰਿਹਾ ਸੀ।

ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਡਾ. ਸਵਰਾਜਬੀਰ ਦੀ ਕਲਮ ਤੋਂ ਲਿਖਿਆ ਨਾਟਕ 'ਅਦਾਕਾਰ ਆਦਿ ਅੰਤ ਕੀ ਸਾਖੀ' ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਖੇਡਿਆ ਗਿਆ।

ਗੁਰਸ਼ਰਨ ਸਿੰਘ ਦੀ ਨਾਟ- ਰਚਨਾ 'ਕੰਮੀਆਂ ਦਾ ਵਿਹੜਾ' ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਜੀਵਨ ਭਰ ਗੁਰਸ਼ਰਨ ਸਿੰਘ ਦੀ ਵਿਰਾਸਤ ਨੂੰ ਆਪਣੇ ਸੀਨੇ ਵਿਚ ਸਮੋਈ ਬੈਠੇ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ ਖੇਡਿਆ ਗਿਆ।

ਡਾ. ਸਾਹਿਬ ਸਿੰਘ ਦੀ ਰਚਨਾ, ਨਿਰਦੇਸ਼ਨਾ ਅਤੇ ਅਦਾਕਾਰੀ 'ਚ ਅਦਾਕਾਰ ਮੰਚ ਮੁਹਾਲੀ ਵੱਲੋਂ 'ਸੰਦੂਕੜੀ ਖੋਲ੍ਹ ਨਰੈਣਿਆਂ' ਨਾਟਕ ਸਾਹਿਬ ਸਿੰਘ ਦੀ ਸਿਹਤ ਦੀ ਖਰਾਬੀ ਕਾਰਨ ਪੇਸ਼ ਨਾ ਹੋ ਸਕਣ ਦੀ ਖ਼ਿਮਾਂ ਮੰਗੀ ਗਈ। ਜਦੋਂ ਡਾ. ਸਾਹਿਬ ਸਿੰਘ ਦੀ ਧੀ ਮਲਿਕਾ ਦਾ ਸੁਨੇਹਾ ਸੁਣਾਇਆ ਤਾਂ ਹਜ਼ਾਰਾਂ ਦਰਸ਼ਕਾਂ ਨੇ ਡਾ. ਸਾਹਿਬ ਸਿੰਘ ਦੀ ਸਿਹਤਯਾਬੀ ਲਈ ਦੁਆ ਕੀਤੀ।

ਮਾਨਵਤਾ ਕਲਾ ਮੰਚ ਨਗਰ ਨੇ ਕੁਲਵੰਤ ਕੌਰ ਨਗਰ ਦਾ ਲਿਖਿਆ ਅਤੇ ਜਸਵਿੰਦਰ ਪੱਪੀ ਦੁਆਰਾ ਨਿਰਦੇਸ਼ਤ ਕੀਤਾ ਨਾਟਕ 'ਮੁਕਤੀ ਦਾਤਾ' ਪੇਸ਼ ਕੀਤਾ। ਨਾਟਕਾਂ ਨੇ ਸਨਅਤੀ, ਬੇਜ਼ਮੀਨੇ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਤਰਕਸ਼ੀਲਾਂ, ਬੁੱਧੀਜੀਵੀਆਂ ਅਤੇ ਜਮਹੂਰੀ ਹੱਕਾਂ ਦੇ ਕਾਮਿਆਂ ਦੀ ਆਵਾਜ਼ ਬੁਲੰਦ ਕੀਤੀ। ਪਰਦੇਸਾਂ ਨੂੰ ਉਡਾਰੀ ਮਾਰ ਰਹੀ, ਓਥੇ ਦਰਦ ਹੰਢਾ ਰਹੀ ਜੁਆਨੀ ਅਤੇ ਲੋਕਾਈ ਦਾ ਦਰਦ ਬਾਖ਼ੂਬੀ ਬਿਆਨ ਕੀਤਾ।

ਨਾਟਕਾਂ ਨੇ ਸਮਿਆਂ ਦੇ ਹਾਣੀ ਵਿਸ਼ਿਆਂ ਨੂੰ ਕਲਾਤਮਿਕ ਛੋਹਾਂ ਅਤੇ ਅਥਾਹ ਮਿਹਨਤ ਨਾਲ ਇਸ ਮੁਕਾਮ ਤੇ ਪਹੁੰਚਾਇਆ ਹੋਇਆ ਸੀ। ਪੰਜਾਬੀ ਰੰਗ ਮੰਚ ਦੇ ਇਤਿਹਾਸ ਦਾ ਯਾਦਗਾਰੀ ਸਫ਼ਾ ਹੋ ਨਿਬੜੀ ਨਾਟਕਾਂ ਭਰੀ ਰਾਤ। ਚੁਫ਼ੇਰੇ ਫੈਲੇ ਗਾੜ੍ਹੇ ਹਨੇਰੇ ਦੇ ਦੌਰ ਵਿੱਚ ਚੇਤਨਾ ਦੀਆਂ ਕਿਰਨਾਂ ਬਿਖੇਰਨ ਵਿੱਚ ਸਫ਼ਲ ਰਹੀ ਨਾਟਕਾਂ ਅਤੇ ਗੀਤਾਂ ਭਰੀ ਰਾਤ।

ਲੋਕ ਸੰਗੀਤ ਮੰਡਲੀ ਭਦੌੜ ਮਾਸਟਰ ਰਾਮ ਕੁਮਾਰ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਸਵਰਨ ਧਾਲੀਵਾਲ, ਲੋਕ ਸੰਗੀਤ ਮੰਡਲੀ ਜੀਦਾ ਜਗਸੀਰ ਜੀਦਾ, ਲੋਕ ਸੰਗੀਤ ਮੰਡਲੀ ਮਸਾਣੀ ਧਰਮਿੰਦਰ ਮਸਾਣੀ, ਦਸਤਕ ਮੰਚ,ਨਰਗਿਸ, ਰੂਬੀ ਚੰਡੀਗੜ੍ਹ, ਸਰਗ਼ਮ, ਅਜਮੇਰ ਅਕਲੀਆ ਨੇ ਇਸ ਰਾਤ ਨੂੰ ਗੀਤ ਸੰਗੀਤ ਦੇ ਪ੍ਰਭਾਵਸ਼ਾਲੀ ਰੰਗ 'ਚ ਰੰਗਿਆ। ਜਦੋਂ ਗੰਨ ਅਤੇ ਗੈਂਗਸਟਰ ਅਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਅਜੋਕਾ ਰਾਜ ਭਾਗ ਛਤਰੀ ਤਾਣ ਰਿਹਾ ਹੈ ਇਸ ਵੇਲੇ ਇਹਨਾਂ ਗਾਇਕਾਂ ਨੇ ਕਿਰਤੀ ਲੋਕਾਂ ਦੀ ਪੀੜ ਅਤੇ ਮੁਕਤੀ ਦੇ ਨਗ਼ਮੇ ਸੁਣਾਏ।



ਪੰਜਾਬੀ ਦੇ ਨਾਮਵਰ ਸੰਵੇਦਨਸ਼ੀਲ ਲੋਕਾਂ ਜਾਏ ਕਵੀ ਹਰਮੀਤ ਵਿਦਿਆਰਥੀ, ਬੁੱਤ ਸਾਜ਼ ਜਨਕ ਰਾਮਗੜ੍ਹ, ਰੰਗ ਕਰਮੀ ਸਤਪਾਲ ਬੰਗਾ ਅਤੇ ਕਮਲਜੀਤ ਮੋਹੀ ਨੂੰ ਖਚਾ ਖਚ ਭਰੇ ਪੰਡਾਲ ਵਿੱਚ ਗੁਰਸ਼ਰਨ ਕਲਾ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਪਲਸ ਮੰਚ ਦੇ ਸੂਬਾਈ ਵਿੱਤ ਸਕੱਤਰ ਕਸਤੂਰੀ ਲਾਲ ਨੇ ਇਹਨਾਂ ਸ਼ਖ਼ਸੀਅਤਾਂ ਦੇ ਮਾਣ ਸਨਮਾਨ ਵਿੱਚ ਅਮੁੱਲੇ ਸ਼ਬਦ ਕਹੇ। ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਭਰੇ ਪੰਡਾਲ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੁਨੀਆਂ ਭਰ ਦਾ ਇਤਿਹਾਸ ਗਵਾਹ ਹੈ ਕਿ ਸਮਾਜ ਅੰਦਰ ਬੁੱਢੇ, ਗਲੇ-ਸੜੇ, ਲੋਕ- ਦੋਖੀ ਨਿਜ਼ਾਮ ਨੂੰ ਮੂਲੋਂ ਬਦਲਕੇ ਨਵਾਂ ਨਰੋਆ ਅਤੇ ਲੋਕ ਪੱਖੀ ਨਿਜ਼ਾਮ ਸਿਰਜਣ ਦੇ ਇਤਿਹਾਸਕ ਕਾਰਜ ਵਿੱਚ ਸਾਹਿਤ ਅਤੇ ਕਲਾ ਦੀ ਮਹੱਤਵਪੂਰਨ ਭੂਮਿਕਾ ਹੈ।

ਉਹਨਾਂ ਕਿਹਾ ਕਿ ਅੱਜ ਜਦੋਂ ਮੁਲਕ ਭਰ ਅੰਦਰ ਬੁੱਧੀਜੀਵੀਆਂ, ਸਾਹਿਤ, ਕਲਾ ਇਤਿਹਾਸ ਅਤੇ ਵਿਗਿਆਨਕ ਚੇਤਨਾ ਦੇ ਸਾਰੇ ਰਾਹ ਬੰਦ ਕਰਕੇ ਜ਼ੁਬਾਨਬੰਦੀ ਕਰਨ ਅਤੇ ਇਤਿਹਾਸ ਨੂੰ ਤਰੋੜ ਮਰੋੜ ਕੇ ਆਪਣੇ ਸੌੜੇ ਸਿਆਸੀ ਹਿਤਾਂ ਦੀ ਪੂਰਤੀ ਲਈ ਵਰਤਣ ਵਾਸਤੇ ਮੌਜੂਦਾ ਪ੍ਰਬੰਧ ਪੱਬਾਂ ਭਾਰ ਹੈ, ਅਜਿਹੇ ਮੌਕੇ ਪਲਸ ਮੰਚ, ਲੋਕ-ਪੱਖੀ ਸਾਹਿਤ ਅਤੇ ਕਲਾ ਦਾ ਪਰਚਮ ਬੁਲੰਦ ਰੱਖੇਗਾ। ਉਹਨਾਂ ਕਿਹਾ ਕਿ ਇਹ ਗਲਿਆ ਸੜਿਆ ਲੋਕ ਦੋਖੀ ਪ੍ਰਬੰਧ ਲੋਕਾਂ ਦੇ ਜਿਉਣ ਜੋਗਾ ਨਹੀਂ ਛੱਡਿਆ ਇਸਨੂੰ ਗ਼ਦਰੀ ਬਾਬਿਆਂ ਭਗਤ ਸਰਾਭਿਆਂ ਦੇ ਮਾਰਗ ਤੇ ਚੱਲ ਕੇ ਬਦਲਣ ਲਈ ਜੂਝਦੇ ਲੋਕਾਂ ਦੀ ਆਵਾਜ਼ ਸੰਗ ਆਪਣੀਆਂ ਕਲਾ ਕ੍ਰਿਤਾਂ ਰਾਹੀਂ ਪਲਸ ਮੰਚ ਯੋਗਦਾਨ ਪਾਉਂਦਾ ਰਹੇਗਾ।

ਲੋਕਾਂ ਨੇ ਦੋਵੇਂ ਹੱਥ ਖੜ੍ਹੇ ਕਰ ਕੇ ਮਤੇ ਪਾਸ ਕਰਦਿਆਂ ਮੰਗ ਕੀਤੀ ਕਿ ਸਿੱਖਿਆ ਸਿਲੇਬਸ, ਇਤਿਹਾਸ ਵਿਚ ਤਰੋੜ ਮਰੋੜ ਕਰਨਾ ਬੰਦ ਕੀਤਾ ਜਾਏ। ਬੁੱਧੀਜੀਵੀਆਂ, ਕਵੀਆਂ, ਲੇਖਕਾਂ, ਆਰਟਿਸਟ ਫੋਟੋ ਕਲਾਕਾਰਾਂ ਨੂੰ ਰਿਹਾ ਕੀਤਾ ਜਾਏ। ਗੁਰਸ਼ਰਨ ਭਾਅ ਜੀ ਦੇ ਜੱਦੀ ਘਰ ਨੂੰ ਮਿਊਜ਼ੀਅਮ ਦੇ ਰੂਪ ਵਿੱਚ ਸੰਭਾਲਿਆ ਜਾਏ। ਫਿਰੋਜ਼ਪੁਰ ਦੇ ਤੂੜੀ ਬਾਜ਼ਾਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਟਿਕਾਣੇ ਨੂੰ ਇਤਿਹਾਸਕ ਯਾਦਗਾਰ ਵਜੋਂ ਸੰਭਾਲਿਆ ਜਾਏ। ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕੀਤਾ ਜਾਏ। ਦਿੱਲੀ ਜੰਤਰ ਮੰਤਰ ਤੇ ਆਪਣੀ ਅਣਖ਼ ਇੱਜ਼ਤ ਦੀ ਰਾਖੀ ਲਈ ਜੂਝ ਰਹੇ ਪਹਿਲਵਾਨਾਂ ਦੀ ਆਵਾਜ਼ ਸੰਗ ਅੱਜ ਦੇ ਇਕੱਠ ਨੇ ਆਵਾਜ਼ ਮਿਲਾਈ।

ਮੁਲਕ ਅਤੇ ਵਿਸ਼ੇਸ਼ ਕਰਕੇ ਪੰਜਾਬ ਸੂਬੇ ਅੰਦਰ ਹਕੂਮਤੀ ਅਤੇ ਫਿਰਕੂ ਦਹਿਸ਼ਤਗਰਦੀ ਦੇ ਝੱਖੜਾਂ ਲਈ ਜ਼ਮੀਨ ਤਿਆਰ ਕਰਨ ਦਾ ਧੰਦਾ ਬੰਦ ਕੀਤਾ ਜਾਏ। ਮੰਚ ਤੋਂ ਵੰਨ ਸੁਵੰਨੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਨਾਟਕਾਂ ਅਤੇ ਗੀਤਾਂ ਭਰੀ ਰਾਤ ਦਾ ਮੰਚ ਸੰਚਾਲਨ ਦੀ ਭੂਮਿਕਾ ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਨਿਭਾਈ। ਜ਼ਿਕਰਯੋਗ ਹੈ ਕਿ ਇਸ ਮੌਕੇ ਪਲਸ ਮੰਚ ਦੀ ਸੂਬਾ ਕਮੇਟੀ, ਗੁਰਸ਼ਰਨ ਭਾਅ ਜੀ ਦੀ ਬੇਟੀ ਡਾ. ਅਰੀਤ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਿਸਾਨ, ਮਜ਼ਦੂਰ ਨੌਜਵਾਨ, ਵਿਦਿਆਰਥੀ ਅਤੇ ਔਰਤ ਆਗੂ ਕਾਫ਼ਲਿਆਂ ਸਮੇਤ ਹਾਜ਼ਰ ਸਨ।

ਜਿਸ ਕਿਸਮ ਦਾ ਅਜੋਕਾ ਰਾਜਨੀਤਕ ਮਾਹੌਲ ਹੈ ਉਸ ਵਿਚ ਲਗਾਤਾਰ ਇਸ ਕਿਸਮ ਦੇ ਪ੍ਰੋਗਰਾਮ ਆਯੋਜਿਤ ਕਰਨੇ ਅਤੇ ਇਕ ਬਦਲਵਾਂ ਸਭਿਆਚਾਰ ਜੋ ਨਾਟਕਾਂ ਰਾਹੀਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਵੀਆਂ ਪਹਿਲਕਦਮੀਆਂ ਅਤੇ ਦਿਸ਼ਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਕਰਕੇ ਮਾ. ਭਜਨ ਸਿੰਘ ਦਾ ਕਹਿਣਾ ਹੈ ਕਿ ਦੁਨੀਆ ਦੇ ਪੈਮਾਨੇ 'ਤੇ ਗੁਰਸ਼ਰਨ ਭਾਅ ਦਾ ਨਾਂ ਹਰੇਕ ਸੰਘਰਸ਼ਸ਼ੀਲ ਵਿਅਕਤੀਤਵ ਤੋਂ ਲੈ ਕੇ ਕਲਾ ਦੇ ਖੇਤਰ ਵਿਚ ਅਟੁੱਟ ਰੂਪ ਵਿਚ ਜੁੜ ਗਿਆ ਹੈ। ਬਦਲਵੇਂ ਸਭਿਆਚਾਰ ਨੂੰ ਪੇਸ਼ ਕਰਨ ਵਾਲੇ ਹਰੇਕ ਪ੍ਰੋਗਰਾਮ ਨੂੰ ਹਮੇਸ਼ਾ ਹੀ 'ਸਰੋਕਾਰਾਂ ਦੀ ਆਵਾਜ਼' ਅਹਿਮ ਕਾਰਜ ਸਮਝਦਾ ਹੈ।


Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2023 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.


We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

# ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅਜੋਕੇ ਸਮੇਂ ਦੀ ਪ੍ਰਸੰਗਕਿਤਾ
















ਕੈਲਗਰੀ, (ਹਰਚਰਨ ਪਰਹਾਰ) "ਸ਼ਹੀਦ ਭਗਤ ਸਿੰਘ ਨੂੰ ਹੁਣ ਤੱਕ ਆਮ ਤੌਰ 'ਤੇ ਇੱਕ ਖਾੜਕੂ ਅਜ਼ਾਦੀ ਘੁਲਾਟੀਏ ਦੇ ਤੌਰ ਤੇ ਹੀ ਦੇਖਿਆ ਗਿਆ ਹੈ, ਜਿਸਨੇ ਭਾਰਤ ਅਜ਼ਾਦੀ ਦੀ ਲੜਾਈ ਵਿੱਚ ਆਪਣੇ ਖਾੜਕੂ ਐਕਸ਼ਨਾਂ ਕਾਰਨ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪ੍ਰਾਪਤ ਕੀਤੀ। ਪਰ ਹੁਣ ਸ਼ਹੀਦ ਭਗਤ ਸਿੰਘ ਨੂੰ ਉਸਦੀ ਵਿਚਾਰਧਾਰਾ ਦੇ ਅਧਾਰ ਤੇ ਅਜੋਕੇ ਸਮੇਂ ਦੀ ਪ੍ਰਸੰਗਕਿਤਾ ਵਿੱਚ ਦੇਖਣਾ ਚਾਹੀਦਾ ਹੈ", ਇਹ ਵਿਚਾਰ ਕੈਲਗਰੀ ਵਿੱਚ ਅਯੋਜਿਤ ਇੱਕ ਸੈਮਮੀਨਾਰ ਵਿੱਚ ਬੋਲਦੇ ਹੋਏ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ (JNU) ਦੇ ਸਾਬਕਾ ਪ੍ਰੋਫੈਸਰ ਚਮਨ ਲਾਲ ਨੇ ਕਹੇ। ਲੰਘੇ ਵੀਕੈਂਡ ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਦੇ ਹਾਲ ਵਿੱਚ 'ਸ਼ਹੀਦ ਭਗਤ ਸਿੰਘ ਤੇ ਅਜ਼ਾਦੀ ਘੁਲਾਟੀਆਂ ਦੀ ਵਿਚਾਰਧਾਰਾ ਦੀ ਅਜੋਕੇ ਸਮੇਂ ਵਿੱਚ ਪ੍ਰਸੰਗਕਿਤਾ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਭਾਰਤ ਤੋਂ ਆਏ ਉਘੇ ਵਿਦਵਾਨ ਤੇ 60 ਤੋਂ ਵੱਧ ਕਿਤਾਬਾਂ ਦੇ ਲੇਖਕ ਡਾ. ਚਮਨ ਲਾਲ ਮੁੱਖ ਮਹਿਮਾਨ ਸਨ। ਉਨ੍ਹਾਂ ਆਪਣੇ ਇੱਕ ਘੰਟੇ ਦੇ ਲੈਕਚਰ ਵਿੱਚ ਸਰੋਤਿਆਂ ਨੂੰ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਅਧਾਰਿਤ ਇੱਕ ਨਵੇਂ ਭਗਤ ਸਿੰਘ ਦੇ ਦਰਸ਼ਨ ਕਰਵਾਏ, ਜਿਸਨੇ ਆਪਣੀ ਛੋਟੀ ਜਿਹੀ ਜ਼ਿੰਦਗੀ ਵਿੱਚ ਨਾ ਸਿਰਫ ਸੈਂਕੜੇ ਕਿਤਾਬਾਂ ਪੜ੍ਹੀਆਂ, ਸਗੋਂ ਸੈਂਕੜੇ ਲਿਖਤਾਂ ਲਿਖੀਆਂ। ਉਨ੍ਹਾਂ ਕੈਨੇਡਾ, ਅਮਰੀਕਾ, ਇੰਗਲੈਂਡ, ਭਾਰਤ ਤੇ ਹੋਰ ਅਨੇਕਾਂ ਦੇਸ਼ਾਂ ਵਿੱਚ ਉਨ੍ਹਾਂ ਸਮਿਆਂ ਦੀਆਂ ਅਖ਼ਬਾਰਾਂ ਵਿੱਚ ਭਗਤ ਸਿੰਘ ਤੇ ਸਾਥੀਆਂ ਬਾਰੇ ਪ੍ਰਮੁੱਖਤਾ ਨਾਲ਼ ਛਪੀਆਂ ਲਿਖਤਾਂ ਦਾ ਜ਼ਿਕਰ ਕੀਤਾ। ਇੱਥੇ ਵਰਨਣਯੋਗ ਹੈ ਕਿ ਡਾ. ਚਮਨ ਲਾਲ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਹਿੰਦੀ ਦੇ ਪ੍ਰੋਫੈਸਰ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਵਿੱਚ ਭਾਸ਼ਾ ਵਿਭਾਗ ਦੇ ਡੀਨ, ਸੈਂਟਰਲ ਯੂਨੀਵਰਸਿਟੀ ਬਠਿੰਡਾ ਵਿੱਚ ਪੰਜਾਬੀ ਲਿਟਰੇਚਰ ਦੇ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹਿੰਦੀ ਦੇ ਪ੍ਰੋਫੈਸਰ ਰਹੇ ਹਨ। ਉਨ੍ਹਾਂ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਬਾਰੇ ਲੰਬਾ ਸਮਾਂ ਰਿਸਰਚ ਕਰਕੇ ਅਨੇਕਾਂ ਕਿਤਾਬਾਂ ਲਿਖੀਆਂ।

ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਆਏ ਹੋਏ ਮਹਿਮਾਨਾਂ ਤੇ ਦਰਸ਼ਕਾਂ ਨੂੰ ਜੀ ਆਇਆਂ ਆਖਿਆ ਅਤੇ ਡਾ. ਚਮਨ ਲਾਲ ਜੀ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਸਟੇਜ ਸਕੱਤਰ ਦੀਆਂ ਸੇਵਾਵਾਂ ਕਮਲਪ੍ਰੀਤ ਪੰਧੇਰ ਨੇ ਨਿਭਾਈਆਂ। ਇਸ ਮੌਕੇ ਤੇ ਯੰਗਸਤਾਨ ਕੈਲਗਰੀ ਦੇ ਬੱਚਿਆਂ ਪ੍ਰਭਰੂਪ ਸਿੰਘ ਮਾਂਗਟ ਅਤੇ ਸਲੋਨੀ ਗੌਤਮ ਨੇ ਖ਼ੂਬਸੂਰਤ ਅੰਦਾਜ਼ ਵਿੱਚ ਗੀਤ ਪੇਸ਼ ਕੀਤੇ। ਇਨ੍ਹਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਤੂਰ ਤੇ ਕੁਲਦੀਪ ਸਿੰਘ ਨੇ ਬੁਲੰਦ ਅਵਾਜ਼ ਵਿੱਚ ਗੀਤ ਪੇਸ਼ ਕੀਤੇ। ਅਖੀਰ ਵਿੱਚ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਬਲਕਾਰ ਸਿੰਘ ਸੰਧੂ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਵਲੋਂ ਡਾ. ਚਮਨ ਲਾਲ ਜੀ ਨੂੰ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.




Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਮੈਂ ਪਾਕਿਸਤਾਨ ਵਿੱਚ ਜੰਮਿਆ ਭਾਰਤੀ ਅਤੇ ਇਸਲਾਮ ਵਿੱਚ ਜੰਮਿਆ ਪੰਜਾਬੀ ਹਾਂ: 'ਤਾਰਿਕ ਫਤਹਿ ਸਿੰਘ'



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**20 ਨਵੰਬਰ, 1949 ਨੂੰ ਕਰਾਚੀ (ਪਾਕਿਸਤਾਨ) ਵਿੱਚ ਜਨਮੇ ਪਾਕਿਸਤਾਨੀ-ਕਨੇਡੀਅਨ ਪੱਤਰਕਾਰ ਤੇ ਲੇਖਕ ਤਾਰਿਕ ਫਤਹਿ ਦਾ 73 ਸਾਲ ਦੀ ਉਮਰ ਵਿੱਚ 24 ਅਪਰੈਲ, 2023 ਨੂੰ ਟਰਾਂਟੋ ਦੇ ਇੱਕ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਉਹ ਕਈ ਸਾਲਾਂ ਤੋਂ ਕੈਂਸਰ ਦੀ ਨਾਮੁਰਾਦ ਬੀਮਾਰੀ ਤੋਂ ਪੀੜ੍ਹਤ ਸਨ। ਬੜੇ ਜਿੰਦਾ-ਦਿਲ ਤੇ ਹਸਮੁੱਖ ਸੁਭਾਅ ਦੇ ਮਾਲਕ ਤਾਰਿਕ ਫਤਹਿ ਇੱਕ ਨਿਡਰ ਤੇ ਨਿਧੜਕ ਲੇਖਕ, ਪੱਤਰਕਾਰ, ਰੇਡੀਉ, ਟੀਵੀ ਵਕਤਾ, ਰਾਜਸੀ ਕਾਰਕੁੰਨ ਸਨ। ਤਾਰਿਕ ਫਤਹਿ ਦੀ ਸੀ ਬੀ ਸੀ ਰੇਡੀਉ ਅਤੇ ਟੀ ਵੀ ਪੱਤਰਕਾਰ ਬੇਟੀ ਨਤਾਸ਼ਾ ਫਤਹਿ ਨੇ ਆਪਣੇ ਇੱਕ ਟਵੀਟ ਵਿੱਚ ਆਪਣੇ ਪਿਤਾ ਦੀ ਮੌਤ ਨੂੰ ਸਾਂਝਿਆਂ ਕਰਦਿਆਂ ਲਿਖਿਆ ਹੈ: 'ਪੰਜਾਬ ਦਾ ਸ਼ੇਰ, ਹਿੰਦੁਸਤਾਨ ਦਾ ਪੁੱਤਰ, ਕਨੇਡਾ ਦਾ ਪਿਆਰਾ, ਨਿਧੜਕ ਬੁਲਾਰਾ, ਇਨਸਾਫ ਲਈ ਜੂਝਣ ਵਾਲ਼ਾ ਜੋਧਾ, ਪੀੜਤ ਲੋਕਾਂ ਦੀ ਆਵਾਜ਼, ਅੱਜ ਸਾਡੇ ਵਿੱਚ ਨਹੀਂ ਰਿਹਾ, ਪਰ ਉਸ ਵਲੋਂ ਅੱਤਵਾਦ, ਧਾਰਮਿਕ ਕੱਟੜਵਾਦ ਖਿਲਾਫ ਛੇੜਿਆ ਸੰਘਰਸ਼, ਉਸਦੇ ਚਾਹੁਣ ਵਾਲ਼ੇ ਜਾਰੀ ਰੱਖਣਗੇ।'**



ਤਾਰਿਕ ਫਤਹਿ ਦੇ ਪੰਜਾਬੀ ਪਿਛੋਕੜ ਵਾਲ਼ੇ ਮਾਪੇ ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਅਕਤੂਬਰ, 1947 ਵਿੱਚ ਮੁੰਬਈ ਤੋਂ ਕਰਾਚੀ ਚਲੇ ਗਏ ਸਨ। ਕਾਲਿਜ ਦੇ ਦਿਨਾਂ ਵਿੱਚ ਉਨ੍ਹਾਂ ਰੁਝਾਨ ਖੱਬੇਪੱਖੀ ਸਟੂਡੈਂਟ ਰਾਜਨੀਤੀ ਵੱਲ ਸੀ। ਕਰਾਚੀ ਯੂਨੀਵਰਸਿਟੀ ਤੋਂ 'ਬਾਇਓ ਕਮਿਸਟਰੀ' ਵਿੱਚ ਡਿਗਰੀ ਪ੍ਰਾਪਤ ਕਰਨ ਬਾਅਦ ਤਾਰਿਕ ਫਤਹਿ ਨੇ 1970 ਵਿੱਚ 'ਕਰਾਚੀ ਸੰਨ' ਅਖ਼ਬਾਰ ਵਿੱਚ ਇਨਵੈਸਟੀਗੇਟਿਵ ਪੱਤਰਕਾਰੀ ਸ਼ੁਰੂ ਕੀਤੀ। ਜਿਸ ਦੌਰਾਨ ਪਾਕਿਸਤਾਨ ਦੀ ਫੌਜੀ ਹਕੂਮਤ ਨੇ ਉਨ੍ਹਾਂ ਨੂੰ ਦੋ ਵਾਰ ਜ਼ੇਲ੍ਹ ਵਿੱਚ ਨਜ਼ਰਬੰਦ ਵੀ ਕੀਤਾ।ਪਾਕਿਸਤਾਨ ਦੇ ਫੌਜੀ ਡਿਕਟੇਟਰ ਜਨਰਲ ਜ਼ਿਆ ਉਲ ਹੱਕ ਦੇ



ਰਾਜ ਵਿੱਚ ਉਨ੍ਹਾਂ ਤੇ ਦੇਸ਼ ਧ੍ਰੋਹ ਦਾ ਪਰਚਾ ਦਰਜ ਕੀਤਾ ਗਿਆ। ਜਿਸ ਤੋਂ ਬਾਅਦ ਉਹ ਖਤਰਾ ਮਹਿਸੂਸ ਕਰਦੇ ਹੋਏ ਆਪਣੇ ਪਰਿਵਾਰ ਸਮੇਤ ਪਾਕਿਸਤਾਨ ਛੱਡ ਕੇ 1979 ਵਿੱਚ 'ਸਾਉਦੀ ਅਰਬ' ਚਲੇ ਗਏ। ਜਿੱਥੋਂ ਉਹ ਆਪਣੀ ਪਤਨੀ ਤੇ ਦੋ ਬੇਟੀਆਂ ਨਾਲ਼ 1987 ਵਿੱਚ ਕਨੇਡਾ ਆ ਵਸੇ। ਉਹ ਹਮੇਸ਼ਾਂ ਆਪਣੇ ਆਪ ਨੂੰ ਪਾਕਿਸਤਾਨੀ ਹੋਣ ਨਾਲ਼ੋਂ ਭਾਰਤੀ ਹੋਣ ਵਿੱਚ ਵੱਧ ਮਾਣ ਮਹਿਸੂਸ ਕਰਦੇ ਸਨ, ਇਸੇ ਕਰਕੇ ਉਹ ਅਕਸਰ ਕਹਿੰਦੇ ਸਨ: '**ਮੈਂ ਪਾਕਿਸਤਾਨ ਵਿੱਚ ਜੰਮਿਆ ਭਾਰਤੀ ਅਤੇ ਇਸਲਾਮ ਵਿੱਚ ਜੰਮਿਆ ਪੰਜਾਬੀ ਹਾਂ।**'

ਕਨੇਡਾ ਦੀ ਰਾਜਨੀਤੀ ਵਿੱਚ ਉਹ ਲੰਬਾ ਸਮਾਂ ਐਨ ਡੀ ਪੀ ਦੇ ਸਰਗਰਮ ਵਰਕਰ ਰਹੇ। ਕੁਝ ਸਮੇਂ ਲਈ ਉਹ ਐਨ ਡੀ ਪੀ ਛੱਡ ਕੇ ਲਿਬਰਲ ਪਾਰਟੀ ਵਿੱਚ ਵੀ ਚਲੇ ਗਏ ਸਨ। ਪਰ ਆਪਣੇ ਆਜ਼ਾਦ ਤੇ ਸਪੱਸ਼ਟ ਵਿਚਾਰਾਂ ਕਾਰਨ ਰਵਾਇਤੀ ਰਾਜਨੀਤਕ ਪਾਰਟੀਆਂ ਵਿੱਚ ਕਦੇ ਫਿੱਟ ਨਹੀਂ ਆਏ। ਉਹ ਲੰਬਾ ਸਮਾਂ 'ਟਰਾਂਟੋ ਸਟਾਰ', 'ਗਲੋਬ ਐਂਡ ਮੇਲ' ਅਤੇ ਹੋਰ ਕਈ ਨਾਮਵਰ ਅਖ਼ਬਾਰਾਂ ਲਈ ਕਾਲਮ ਲਿਖਦੇ ਰਹੇ।ਤਾਰਿਕ ਫਤਹਿ ਦੀਆਂ ਦੋ ਕਿਤਾਬਾਂ 'ਮ੍ਰਿਗਤ੍ਰਿਸ਼ਨਾ ਦਾ ਪਿੱਛਾ' (Chasing a Mirage) ਅਤੇ 'ਯਹੂਦੀ ਮੇਰਾ ਦੁਸ਼ਮਣ ਨਹੀਂ' (The Jew Is Not My Enemy) ਜਗਤ ਪ੍ਰਸਿੱਧ ਹਨ।ਤਾਰਿਕ ਫਤਹਿ ਧਾਰਮਿਕ ਕੱਟੜਵਾਦ ਤੇ ਅੱਤਵਾਦ ਦੇ ਸਖਤ ਖਿਲਾਫ ਸਨ। ਆਪਣੀਆਂ ਅਜਿਹੀਆਂ ਲਿਖਤਾਂ ਕਾਰਨ ਉਹ ਅਕਸਰ ਨਾ ਸਿਰਫ ਇਸਲਾਮਿਕ ਕੱਟੜਪੰਥੀਆਂ, ਸਗੋਂ ਸਿੱਖ ਕੱਟੜਪੰਥੀਆਂ ਦੀ ਨਫਰਤ ਦਾ ਵੀ ਸ਼ਿਕਾਰ ਰਹਿੰਦੇ ਸਨ।2017 ਵਿੱਚ ਪੁਲਿਸ ਨੇ ਜੁਰਮ ਦੀ ਦੁਨੀਆਂ ਦੇ ਬਾਦਸ਼ਾਹ ਛੋਟਾ ਸ਼ਕੀਲ ਦੇ ਦੋ ਗੈਂਗਸਟਰਾਂ ਨੂੰ ਤਾਰਿਕ ਫਤਹਿ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਸੀ।

ਸਿੱਖ ਧਰਮ ਪ੍ਰਤੀ ਉਨ੍ਹਾਂ ਦੇ ਮਨ ਵਿੱਚ ਵਿਸ਼ੇਸ਼ ਸਤਿਕਾਰ ਸੀ ਉਹ ਆਪਣੇ ਆਪ















ਨੂੰ **ਤਾਰਿਕ ਫਤਹਿ ਸਿੰਘ** ਕਹਾ ਕੇ ਖੁਸ਼ ਹੁੰਦੇ ਸਨ। ਉਹ ਆਪਣੀ ਕਿਤਾਬ 'ਚੇਜ਼ਿੰਗ ਏ ਮੀਰਾਜ਼' ਵਿੱਚ ਲਿਖਦੇ ਹਨ ਕਿ ਮੈਂ ਇਹ ਇੱਕ ਮੁਸਲਮਾਨ ਹੋਣ ਦੇ ਨਾਤੇ ਲਿਖ ਰਿਹਾ ਹਾਂ, ਜਿਸਦੇ ਪੁਰਖੇ ਕਦੇ ਹਿੰਦੂ ਸਨ, ਮੇਰੇ ਇਸਲਾਮ ਦੀਆਂ ਜੜ੍ਹਾਂ ਯਹੂਦੀ ਧਰਮ ਵਿਚ ਪਈਆਂ ਹਨ। ਮੇਰੇ ਪੰਜਾਬੀ ਪਿਛੋਕੜ ਕਰਕੇ ਮੇਰਾ ਸਬੰਧ ਸਭਿਆਚਾਰਕ ਤੌਰ 'ਤੇ ਸਿੱਖਾਂ ਨਾਲ਼ ਜੁੜਿਆ ਹੋਇਆ ਹੈ। ਉਹ ਮੁਸਲਮਾਨਾਂ ਨੂੰ ਕਹਿੰਦੇ ਸਨ ਕਿ ਆਪਣੇ ਇਸ ਪੁਰਾਤਨ ਵਿਰਸੇ ਨੂੰ ਛੱਡ ਕੇ ਅਸੀਂ ਕਦੇ ਸੱਚੇ ਮੁਸਲਮਾਨ ਨਹੀਂ ਬਣ ਸਕਦੇ ਉਨ੍ਹਾਂ ਨੂੰ ਪਾਕਿਸਤਾਨ ਦੇ ਅਜੋਕੇ ਮੁਸਲਮਾਨ ਭਰਾਵਾਂ ਨਾਲ਼ ਹਮੇਸ਼ਾਂ ਇਸ ਗੱਲ ਦਾ ਇਤਰਾਜ ਰਿਹਾ ਕਿ ਉਹ ਆਪਣੇ ਪ੍ਰਾਚੀਨ ਭਾਰਤੀ ਸੰਸਕ੍ਰਿਤਕ ਵਿਰਸੇ ਨੂੰ ਪਿੱਠ ਦੇ ਕੇ ਆਪਣਾ ਨਾਤਾ ਅਰਬ ਨਾਲ਼ ਕਿਉਂ ਜੋੜਦੇ ਹਨ? ਪਾਕਿਸਤਾਨ ਦੇ ਮੁਸਲਮਾਨਾਂ ਵਾਂਗ ਸ਼ਾਇਦ ਅਜਿਹੀ ਹੀ ਕਿਸੇ ਮੰਦਭਾਗੀ ਦੁਬਿਧਾ ਨੇ ਸਾਡੇ ਕੁਝ ਸਿੱਖ ਭਰਾਵਾਂ ਨੂੰ ਵਿਚਾਰਧਾਰਕ ਧੁੰਦੂਕਾਰੇ ਵਿੱਚ ਲਪੇਟਿਆ ਹੋਇਆ ਹੈ ਜੋ ਆਪਣੀ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਅਤੇ ਪੰਜਾਬੀ ਕੌਮ ਤੋਂ ਨਾਤਾ ਤੋੜ ਕੇ ਵੱਖਰੀ ਸਿੱਖ ਕੌਮ ਦੀ ਪਹਿਚਾਣ ਸਥਾਪਤ ਕਰਨ ਦੇ ਵਿਰੋਧਾਭਾਸ ਵਿੱਚ ਫਸੇ ਹੋਏ ਹਨ। ਹੈਰਾਨੀ ਨਹੀਂ ਹੈ ਕਿ ਅਜਿਹੇ ਲੋਕਾਂ ਦੀ ਇਸ ਬਿਰਤੀ ਨੇ ਦੁਨੀਆਂ ਭਰ ਵਿੱਚ ਵਸਦੇ ਵਿਸ਼ਾਲ ਸਿੱਖ ਭਾਈਚਾਰੇ ਨੂੰ ਬਿਨਾਂ ਕਾਰਨ ਬੇਲੋੜੀ ਘੁੰਮਣਘੇਰੀ ਵਿਚ ਪਾਇਆ ਹੋਇਆ ਹੈ। ਜਿਸ ਕਾਰਨ ਸਿੱਖ ਪੰਥ ਪਿਛਲੇ 100 ਸਾਲ ਤੋਂ ਆਪਣੀ ਪਛਾਣ ਦੀਆਂ ਅਨੇਕਾਂ ਸਮੱਸਿਆਵਾਂ ਨਾਲ਼ ਜੂਝ ਰਿਹਾ ਹੈ। ਸਿੱਖ ਪੰਥ ਵਿੱਚ ਗੁਰੂਆਂ ਦੀ ਸਰਬ-ਸਾਂਝੀਵਾਲਤਾ, ਮਨੁੱਖੀ ਬਰਾਬਰਤਾ ਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਦੀ ਥਾਂ ਹਿੰਸਾ, ਨਫਰਤ ਤੇ ਜਾਤ-ਪਾਤੀ ਰਾਜਨੀਤੀ ਭਾਰੂ ਹੋ ਰਹੀ ਹੈ?


ਸਿੱਖ ਧਰਮ ਪ੍ਰਤੀ ਆਪਣੇ ਲਗਾਅ ਦਾ ਪ੍ਰਗਟਾਵਾ ਉਹ ਆਪਣੀ ਕਿਤਾਬ 'ਚੇਜ਼ਿੰਗ ਏ ਮੀਰਾਜ਼' ਦੇ ਮੱਖਬੰਦ ਦੀਆਂ ਆਖਰੀ ਲਾਈਨਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਮਾਝ ਦੀ ਵਾਰ ਦੇ ਮੁਸਲਮਾਨਾਂ ਨੂੰ ਸੰਬੋਧਨ ਇੱਕ ਸਲੋਕ ਨਾਲ਼ ਕਰਦੇ ਹਨ ਅਤੇ ਆਪਣੇ ਵਲੋਂ ਮੁਸਲਮਾਨ ਭਰਾਵਾਂ ਨੂੰ ਸੁਨੇਹਾ ਦਿੰਦੇ ਹਨ ਕਿ ਸਾਨੂੰ ਆਪਣੀ ਸੋਚ ਨੂੰ ਵਿਸ਼ਾਲ ਕਰਨ ਦੀ ਲੋੜ ਹੈ ਅਤੇ ਗੁਰੂ ਨਾਨਕ ਸਾਹਿਬ ਦੇ ਮੁਸਲਮਾਨਾਂ ਨੂੰ ਦਿੱਤੇ ਸੰਦੇਸ਼ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਜਿਸ ਵਿੱਚ ਉਹ ਮੁਸਲਮਾਨ ਦੋਸਤਾਂ ਨੂੰ ਸਲਾਹ ਦਿੰਦੇ ਹਨ ਕਿ ਜੇ ਮੁਸਲਮਾਨ ਬਣਨਾ ਹੈ ਤਾਂ ਇਸ ਤਰ੍ਹਾਂ ਦੇ ਸੱਚੇ ਮੁਸਲਮਾਨ ਬਣੋ:

ਮਿਹਰ ਮਸੀਤ ਸਿਦਕੁ ਮੁਸੱਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ (ਗੁਰੂ ਗ੍ਰੰਥ ਸਾਹਿਬ, ਪੰਨਾ: 140)

ਜਿਸ ਤਰ੍ਹਾਂ ਦੁਨੀਆਂ ਭਰ ਦੇ ਸਿੱਖ ਰੋਜ਼ਾਨਾ 'ਰਾਜ ਕਰੇਗਾ ਖਾਲਸਾ' ਦਾ ਦੋਹਰਾ ਪੜ੍ਹਦੇ ਹਨ, ਪਰ ਇਸਦਾ ਕੀ ਭਾਵ ਹੈ, ਉਸਨੂੰ ਕੋਈ ਨਹੀਂ ਵਿਚਾਰਦਾ? ਇਸਨੂੰ ਸੰਜੀਦਗੀ ਨਾਲ਼ ਲਿਆ ਜਾਣਾ ਚਾਹੀਦਾ? ਜਦੋਂ ਕੋਈ ਕਨੇਡਾ, ਅਮਰੀਕਾ ਜਾਂ ਪੱਛਮੀ ਦੇਸ਼ਾਂ ਵਿੱਚ ਇਹ ਦੋਹਰਾ ਪੜ੍ਹਦਾ ਹੈ ਤਾਂ ਕੀ ਉਸਨੇ ਉਨ੍ਹਾਂ ਦੇਸ਼ਾਂ ਵਿੱਚ ਸਿੱਖ ਹਾਕਮਾਂ ਵਾਲ਼ਾ 'ਖਾਲਸਾ ਰਾਜ' ਬਣਾਉਣਾ ਹੈ? ਇਸੇ ਤਰ੍ਹਾਂ ਮੁਸਲਮਾਨਾਂ ਵਿੱਚ ਵੀ ਅਜਿਹਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਸਾਰੀ ਦੁਨੀਆਂ ਨੂੰ ਸ਼ਰੀਅਤ ਅਧਾਰਿਤ ਇਸਲਾਮਕਿ ਸਟੇਟ ਬਣਾਉਣਾ ਹੈ? ਤਾਰਿਕ ਫਤਹਿ ਆਪਣੀ ਕਿਤਾਬ 'ਚੇਜ਼ਿੰਗ ਏ ਮੀਰਾਜ਼' ਵਿੱਚ ਇਹੀ ਦਲੀਲ ਦਿੰਦੇ ਹਨ ਕਿ ਮੁਸਲਮਾਨਾਂ ਨੂੰ ਇਸਲਾਮਿਕ ਸਟੇਟ ਨਹੀਂ, ਸਗੋਂ ਸਟੇਟ ਆਫ ਇਸਲਾਮ ਭਾਵ ਮੁਸਲਮਾਨਾਂ ਨੂੰ ਇਸਲਾਮ ਦੇ ਸ਼ੁਭ ਗੁਣਾਂ ਰਾਹੀਂ ਸਾਰੀ ਦੁਨੀਆਂ ਵਿੱਚ ਰਾਜ ਕਰਨਾ ਚਾਹੀਦਾ ਹੈ, ਨਾ ਕਿ ਮੁਸਲਮਾਨਾਂ ਨੇ ਸਾਰਿਆਂ ਤੇ ਪਾਕਿਸਤਾਨ, ਅਫਗਾਨਿਸਤਾਨ, ਇਰਾਨ, ਸਉਦੀ ਅਰਬ ਆਦਿ ਵਾਂਗ ਸ਼ਰੀਅਤ ਸਟੇਟ ਰਾਹੀਂ ਰਾਜ ਕਰਨਾ ਹੈ।ਕੁਝ ਅਜਿਹਾ ਹੀ ਵਿਚਾਰ ਸੌ ਕੁ ਸਾਲ ਪਹਿਲਾਂ ਪ੍ਰੋ ਪੂਰਨ ਸਿੰਘ ਨੇ ਸਿੱਖਾਂ ਨੂੰ ਇਸ ਤਰ੍ਹਾਂ ਦਿੱਤਾ ਸੀ: '**ਪੰਜਾਬ ਸਾਰਾ ਵਸਦਾ ਗੁਰਾਂ ਦੇ ਨਾਮ..**'। ਜਦੋਂ ਤੁਸੀਂ ਪ੍ਰੋ ਪੂਰਨ ਸਿੰਘ ਨੂੰ ਪੜ੍ਹੋਗੇ ਤਾਂ ਪਤਾ ਲੱਗੇਗਾ ਕਿ ਉਨ੍ਹਾਂ ਦਾ ਮਤਲਬ ਇਹ ਨਹੀਂ ਸੀ ਕਿ ਪੰਜਾਬ ਵਿੱਚ ਬਹੁ-ਗਿਣਤੀ ਸਿੱਖਾਂ ਦਾ ਰਾਜ ਕਾਇਮ ਕਰਨਾ ਹੈ? ਸ਼ਾਇਦ ਉਹ ਵੀ ਇਹੀ ਚਾਹੁੰਦੇ ਸਨ ਕਿ ਗੁਰੂਆਂ ਦੀ ਸਰਬ-ਸਾਂਝੀਵਾਲਤਾ, ਮਨੁੱਖੀ ਬਰਾਬਰੀ, ਕਿਰਤ ਕਰਨ, ਵੰਡ ਛਕਣ ਵਾਲ਼ੀ ਵਿਚਾਰਧਾਰਾ ਦਾ ਸਾਰੇ ਪੰਜਾਬ ਵਿੱਚ ਬੋਲ-ਬਾਲਾ ਹੋਵੇ? ਉਹ ਗੁਰੂਆਂ ਦੀ ਸਾਂਝੀਵਾਲਤਾ ਵਾਲ਼ੀ ਸਪਿਰਟ ਨੂੰ ਸਾਰੇ ਪੰਜਾਬੀਆਂ ਵਿੱਚ ਵਸਦੇ ਦੇਖਣਾ ਚਾਹੁੰਦੇ ਸਨ।

ਤਾਰਿਕ ਫਤਹਿ, ਜਿੱਥੇ ਭਾਰਤ-ਪਾਕਿਸਤਾਨ ਵੰਡ ਤੋਂ ਬੇਹਦ ਦੁੱਖੀ ਸਨ, ਉਥੇ ਉਹ ਮੁਸਲਿਮ ਦੇਸ਼ਾਂ ਵਿੱਚ ਸ਼ਰੀਅਤ ਅਧਾਰਿਤ ਇਸਲਾਮਿਕ ਰਾਜ ਦੇ ਵੀ ਸਖਤ ਖਿਲਾਫ ਸਨ। ਇਸੇ ਕਰਕੇ ਧਰਮਾਂ ਦੇ ਕੱਟੜਪੰਥੀ ਲੋਕ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ ਸਨ। ਇਸੇ ਤਰ੍ਹਾਂ ਉਹ ਸਿੱਖਾਂ ਦੇ ਇੱਕ ਸੈਕਸ਼ਨ ਵਲੋਂ ਧਰਮ ਅਧਾਰਿਤ ਸਿੱਖ ਸਟੇਟ 'ਖਾਲਿਸਤਾਨ' ਦੇ ਵੀ ਹੱਕ ਵਿੱਚ ਨਹੀਂ ਸਨ। ਉਹ ਅਕਸਰ ਸਿੱਖਾਂ ਨੂੰ ਧਰਮ ਅਧਾਰਿਤ ਮੁਸਲਿਮ ਸਟੇਟਾਂ ਦੇ ਹਵਾਲੇ ਨਾਲ਼ ਚਿਤਾਵਨੀ ਦਿੰਦੇ ਸਨ ਕਿ 'ਖਾਲਿਸਤਾਨ' ਵਰਗੀ ਧਰਮ ਅਧਾਰਿਤ ਸਟੇਟ ਸਾਰੀ ਦੁਨੀਆਂ ਵਿੱਚ ਵਸਦੇ ਘੱਟ-ਗਿਣਤੀ ਸਿੱਖ ਭਾਈਚਾਰੇ ਦੇ ਹਿੱਤ ਵਿੱਚ ਨਹੀਂ।

'ਯਹੂਦੀ ਮੇਰਾ ਦੁਸ਼ਮਣ ਨਹੀਂ' ਲਿਖਣ





ਦੀ ਪ੍ਰੇਰਨਾ ਦੇ ਸੋਮੇ ਬਾਰੇ ਪੁੱਛੇ ਜਾਣ ਤੇ ਤਾਰਿਕ ਫਤਹਿ ਕਹਿੰਦੇ ਸਨ ਕਿ ਇਹ ਪ੍ਰੇਰਨਾ ਸਾਲ 2006 ਵਿੱਚ ਉਨ੍ਹਾਂ ਨੂੰ ਪਾਕਿਸਤਾਨ ਵਿੱਚ ਵਤਨ ਫੇਰੀ ਸਮੇਂ ਮਿਲ਼ੀ ਸੀ। ਉਨ੍ਹਾਂ ਦੇ ਦੱਸਣ ਅਨੁਸਾਰ 20ਵੀਂ ਸਦੀ ਦੇ 50ਵਿਆਂ ਜਾਂ 60ਵਿਆਂ ਤੱਕ ਪਾਕਿਸਤਾਨੀ ਮੁਸਲਮਾਨਾਂ ਅੰਦਰ ਯਹੂਦੀਆਂ ਬਾਰੇ ਕੋਈ ਨਫਰਤ ਦੀ ਕਵਾਇਤ ਨਹੀਂ ਸੀ। ਪਰ 2006 ਵਿੱਚ ਜਦੋਂ ਉਨ੍ਹਾਂ ਕਰਾਚੀ ਦੇ ਦੌਰੇ ਸਮੇਂ ਚੁਫੇਰੇ ਕੰਧਾਂ ਕੌਲ਼ੇ ਯਹੂਦੀਆਂ ਪ੍ਰਤੀ ਨਫਰਤ ਦੇ ਨਾਹਰਿਆਂ ਨਾਲ਼ ਭਰੇ ਦੇਖੇ ਤਾਂ ਹੈਰਾਨ ਰਹਿ ਗਏ। ਉਹਨੀ ਦਿਨੀਂ ਦੱਖਣ-ਪੂਰਬ ਏਸ਼ੀਆਈ ਦੇਸ਼ਾਂ ਵਿੱਚ ਬਰਡ ਫਲੂ ਫੈਲਿਆ ਹੋਇਆ ਸੀ, ਇਨ੍ਹਾਂ ਨਾਹਰਿਆਂ ਵਿੱਚ ਇਸਲਾਮੀ ਦੇਸ਼ ਇੰਡੋਨੇਸ਼ੀਆ ਦੀ ਆਰਥਿਕਤਾ ਨੂੰ ਤਬਾਹ ਕਰਨ ਲਈ ਯਹੂਦੀਆਂ ਦੀ ਸਾਜ਼ਿਸ਼ ਕਿਹਾ ਗਿਆ ਸੀ। ਉਨ੍ਹਾਂ ਦੇ ਕੁਲੀਨ ਮਿੱਤਰਾਂ ਵਿੱਚ ਵੀ ਇਜਰਾਈਲ ਖਿਲਾਫ ਗੱਲਾਂ ਆਮ ਚੱਲਦੀਆਂ ਸਨ। ਇਹ ਵੇਖ ਉਸਨੂੰ ਬੇਹੱਦ ਪ੍ਰੇਸ਼ਾਨੀ ਹੋਈ ਸੀ। ਉਨ੍ਹਾਂ ਨੇ ਉਦੋਂ ਹੀ ਚੇਜਿੰਗ ਮਿਰਾਜ ਤੋਂ ਬਾਅਦ ਆਪਣੀ ਇਹ ਕਿਤਾਬ ਲਿਖਣ ਦਾ ਮਨ ਬਣਾ ਲਿਆ ਸੀ।

'ਚੇਜਿੰਗ ਏ ਮਿਰਾਜ' ਦਾ ਇੱਕ-ਇੱਕ ਪੰਨਾ ਪੜ੍ਹਨ ਵਾਲਾ ਹੈ, ਜਿਸ ਵਿੱਚ ਤਾਰਿਕ ਫਤਹਿ ਇਸਲਾਮ ਦੀਆਂ 11-12 ਸੌ ਸਾਲ ਤੋਂ ਉਸਾਰੀਆਂ ਤੰਗ ਨਜ਼ਰੀ ਦੀਆਂ ਸਾਰੀਆਂ ਝੂਠੀਆਂ ਮਿੱਥਾਂ ਨੂੰ ਬੜੇ ਸਹਿਜ ਨਾਲ਼ ਤੋੜੀ ਤੁਰੇ ਜਾਂਦੇ ਹਨ।ਉਹ ਬੇਸ਼ਕ ਮਹਿਮੂਦ ਗਜਨਵੀ ਵਰਗੇ ਨਮਰੂਦ (ਜ਼ਾਲਮ) ਤਾਂ ਨਹੀਂ ਸਨ, ਪਰ ਬਹੁਤ ਹੀ ਨਰਮ ਦਿਲ, ਨੇਕ ਅਤੇ ਮੁਹੰਮਦ ਸਾਹਿਬ ਦੇ ਸੱਚੇ ਬੁੱਤ ਸ਼ਿਕਨ ਪੈਰੋਕਾਰ ਸਨ।ਕਿਤਾਬ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਤਾਰਿਕ ਫਤਹਿ ਨੇ ਫਰੈਡਰਿਕ ਨੀਤਸ਼ੇ ਦੇ ਜਗਤ ਪ੍ਰਸਿੱਧ ਗ੍ਰੰਥ 'ਦਸ ਸਪੋਕ ਯਰਾਥੁਸਟਰਾ' (Thus Spoke Zarathustra) ਨੂੰ ਵੀ ਪਿੱਛੇ ਛੱਡ ਦਿੱਤਾ ਹੈ।ਇਸੇ ਕਰਕੇ ਉਨ੍ਹਾਂ ਦਾ ਨਾਮ ਸਹਾਦਤ ਹਸਨ ਮੰਟੋ, ਇਕਬਾਲ ਅਹਿਮਦ, ਅਮਜਦ ਅਯੂਬ ਮਿਰਜਾ, ਤਾਰਿਕ ਅਲੀ, ਇਜ਼ਾਜ ਅਹਿਮਦ, ਇਸ਼ਤਿਆਕ ਅਹਿਮਦ, ਹੁਸੈਨ ਹਾਕਾਨੀ, ਫੈਜ ਅਹਿਮਦ ਫੈਜ ਅਤੇ ਫਰੂਖ ਤਾਹਿਰ ਵਰਗੇ ਅਨੇਕਾਂ ਬੁੱਤ ਸ਼ਿਕਨ ਇਸਲਾਮਿਕ ਸਕਾਲਰਾਂ ਦੀ ਲਾਈਨ ਵਿੱਚ ਕਿਸੇ ਧਰੂ ਤਾਰੇ ਵਾਂਗੂੰ ਚਮਕਦਾ ਨਜ਼ਰ ਆਉਂਦਾ ਹੈ। ਹੈਰਾਨੀ ਨਹੀਂ ਕਿ ਇਸ਼ਤਿਆਕ ਅਹਿਮਦ ਤੇ ਹੁਸੈਨ ਹਾਕਾਨੀ ਵਰਗੇ ਵਿਦਵਾਨ ਉਸਦੇ ਵੱਡੇ ਸ਼ੁੱਭ ਚਿੰਤਕਾਂ ਵਿੱਚੋਂ ਸਨ। ਇਸੇ ਕਰਕੇ ਡਾ. ਇਸ਼ਤਿਆਕ ਅਹਿਮਦ, ਡਾ. ਹੁਸੈਨ ਹਕਾਨੀ ਵਰਗੇ ਕਈ ਵੱਡੇ ਸਕਾਲਰਾਂ ਨੇ ਵਿਸ਼ਵ ਵਿਆਪੀ ਮੁਸਲਿਮ ਭਾਈਚਾਰੇ ਦੇ ਹਿੱਤਾਂ ਹੱਕਾਂ ਦੀ ਰਾਖੀ ਲਈ ਲਾਜਮੀ ਇਸਲਾਮਿਕ ਸਟੇਟ ਦੀ ਜਰੂਰਤ ਦੇ ਸਿਧਾਂਤ ਜਾਂ ਮਿੱਥ ਦੇ ਖੋਖਲੇਪਨ ਨੂੰ ਉਜਾਗਰ ਕਰਨ ਲਈ ਇਸ ਕਿਤਾਬ ਦੇ ਸ਼ੁਰੂ ਵਿੱਚ ਉਚੇਚੀ ਪ੍ਰਸ਼ੰਸਾ ਕੀਤੀ ਹੋਈ ਹੈ।

ਜਗਤ ਪ੍ਰਸਿੱਧ ਬੁੱਤ ਸ਼ਿਕਨ ਨਾਟਕਕਾਰ ਜੌਰਜ ਬਰਨਾਰਡ ਸ਼ਾਹ ਨੇ ਰੂਸੀ ਇਨਕਲਾਬੀ ਲਿਊਨ ਟਰੌਸਟਕੀ ਦੀ ਕਿਤਾਬ 'ਮਾਈ ਲਾਈਫ' (My Life: An Attempt at an Autobiography) ਪੜ੍ਹ ਕੇ ਟਿੱਪਣੀ ਕੀਤੀ ਸੀ: '**ਟਰੌਸਟਕੀ ਆਪਣੀ ਕਲਮ ਦੀ ਨੋਕ ਨਾਲ਼ ਆਪਣੇ ਵਿਚਾਰਧਾਰਕ ਵਿਰੋਧੀਆਂ ਦੇ ਸਿਰ ਤੋਂ ਖੋਪੜ ਉਡਾ ਕੇ ਦਿਖਾ ਦਿੰਦਾ ਹੈ ਕਿ ਇਸ ਦਿਮਾਗ ਵਿੱਚ ਵਿਦਵਤਾ ਦੀ ਥਾਂ ਭੂਸਾ ਭਰਿਆ ਹੋਇਆ ਹੈ।**' ਅਜਿਹਾ ਪਵਿੱਤਰ ਕਾਰਜ 'ਚੇਜਿੰਗ ਏ ਮੀਰਾਜ' ਵਿੱਚ ਤਾਰਿਕ ਫਤਹਿ ਨੇ ਮੌਲਾਨਾ ਮਦੂਦੀ ਅਤੇ ਸਈਅਦ ਕੁਤਬ ਵਰਗੇ ਵੱਡੇ-ਵੱਡੇ ਇਸਲਾਮਿਕ ਚਿੰਤਕਾਂ ਦੀ ਵਿਚਾਰਧਾਰਾ ਦਾ ਨੰਗ ਦਰਸਾ ਕੇ ਬੜੇ ਦਲੀਲ ਪੂਰਵਕ ਢੰਗ ਨਾਲ਼ ਕੀਤਾ ਹੋਇਆ ਹੈ।

ਪੁਸਤਕ 'ਚੇਜਿੰਗ ਏ ਮਿਰਾਜ' ਦੇ 'ਸ਼ਰੀਆ ਗੌਡਜ਼ ਲਾਅ ਔਰ ਮੈਨਜ਼ ਫਲਾਅ?' (Sharia—God's Law or Man's Flaw?), ਸਿਰਲੇਖ ਹੇਠਲੇ ਗਿਆਰਵੇਂ ਅਤੇ 'ਜਿਹਾਦ' (Jihad) ਹੇਠਲੇ 12ਵੇਂ ਚੈਪਟਰ ਵਿਸ਼ੇਸ਼ ਤੌਰ ਤੇ ਪੜ੍ਹਨਯੋਗ ਹਨ। ਤਾਰਿਕ ਫਤਹਿ ਦੱਸਦੇ ਹਨ ਕਿ ਸ਼ਰੀਅਤ ਦਾ ਸੋਮਾ 'ਰੂਹਾਨੀ ਫੁਰਮਾਨ' ਨਹੀਂ ਬਲਕਿ 'ਇਨਸਾਨੀ' ਹੈ।ਇਹ ਇਨਸਾਨ ਦੁਬਾਰਾ ਮੁਹੰਮਦ ਸਾਹਿਬ ਤੋਂ 2-3 ਸੌ ਸਾਲ ਬਾਅਦ ਬਣਾਈ ਗਈ ਹੈ। ਜਿਸ ਤਰ੍ਹਾਂ ਸਿੱਖਾਂ




ਦੀ 'ਰਹਿਤ ਮਰਿਯਾਦਾ' ਦਾ ਸੋਮਾ ਵੀ ਗੁਰੂਆਂ ਦੀ ਆਪ ਲਿਖਤ ਬਾਣੀ ਦਾ ਸੰਗ੍ਰਹਿ 'ਗੁਰੂ ਗ੍ਰੰਥ ਸਾਹਿਬ' ਨਹੀਂ, ਉਨ੍ਹਾਂ ਤੋਂ ਬਾਅਦ 200 ਸਾਲ ਵਿੱਚ ਲਿਖੇ ਗ੍ਰੰਥ, ਹੁਕਮਨਾਮੇ, ਰਹਿਤਨਾਮੇ ਆਦਿ ਹਨ। ਇਸਲਾਮ ਦੀ ਸ਼ਰੀਅਤ ਦੇ ਨਿਯਮ ਵੱਖ-ਵੱਖ ਇਸਲਾਮਿਕ ਸਕਾਲਰਾਂ (ਇਮਾਮ ਹਬੂ ਖਲੀਫਾ, ਇਮਾਮ ਜਾਫਿਰ ਸਾਦਿਕ, ਇਮਾਮ ਸ਼ਫੀ, ਇਮਾਮ ਮਲਿਕ, ਇਮਾਮ ਹੰਭਾਲ ਆਦਿ) ਦੀ ਕੁਰਾਨਿਕ ਵਿਆਖਿਆ ਅਧਾਰਿਤ ਹਨ। ਇਸਲਾਮਿਕ ਇਤਿਹਾਸ ਦੀ ਵਿਡੰਬਨਾ ਦੇਖੋ ਕਿ ਇਸਲਾਮਿਕ ਸ਼ਰੀਅਤ ਦੇ ਸਕਾਲਰ ਨਿਰਮਾਤਾਵਾਂ ਨੂੰ ਸ਼ਰੀਅਤ ਅਧਾਰਿਤ ਇਸਲਾਮਿਕ ਹਕੂਮਤਾਂ ਨੇ ਇਮਾਮ ਹਬੂ ਹਨੀਫਾ ਨੂੰ ਜੇਲ੍ਹ ਵਿੱਚ ਜਹਿਰ ਦੇ ਕੇ ਮਾਰਿਆ, ਇਮਾਮ ਮਲਿਕ ਦੇ ਸ਼ਰੇਆਮ ਹੱਥ ਵੱਢੇ ਗਏ, ਇਮਾਮ ਸ਼ਫੀ ਤੇ ਇਮਾਮ ਹੰਭਾਲ ਨੂੰ ਵੀ ਜੇਲ੍ਹਾਂ ਵਿੱਚ ਕਤਲ ਕੀਤਾ ਗਿਆ। ਤਾਰਿਕ ਫਤਹਿ ਆਪਣੀ ਕਿਤਾਬ ਵਿੱਚ ਸਵਾਲ ਉਠਾਉਂਦੇ ਹਨ ਕਿ ਮੈਨੂੰ ਇਹ ਗੱਲ ਕਦੇ ਸਮਝ ਨਹੀਂ ਆਈ ਕਿ ਜਨੂੰਨੀ ਇਸਲਾਮਿਕ ਸਕਾਲਰ ਇਸਨੂੰ '**ਇਸਲਾਮ ਦਾ ਸੁਨਹਿਰੀ ਕਾਲ**' ਕਿਸ ਅਧਾਰ ਤੇ ਕਹਿੰਦੇ ਹਨ?

ਦੁਨੀਆਂ ਭਰ ਦੇ ਬਹੁਤ ਸਾਰੇ ਖੱਬੇ-ਪੱਖੀ ਚਿੰਤਕ, ਇਸਲਾਮਿਕ ਜਨੂੰਨੀਆਂ ਦੀਆਂ 'ਹਥਿਆਰਬੰਦ ਸਥਾਨਿਕ ਮੂਵਮੈਂਟਾਂ' ਨੂੰ 'ਸਾਮਰਾਜਵਾਦ' ਦੇ ਖਿਲਾਫ 'ਇਸਲਾਮਿਕ ਜਿਹਾਦ' ਦੇ ਰੂਪ ਵਿੱਚ ਦੇਖਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਸ਼ਾਇਦ ਅਜਿਹੀਆਂ ਮੂਲਵਾਦੀ ਮੂਵਮੈਂਟਾਂ ਰਾਹੀਂ ਸਾਮਰਾਜਵਾਦ ਨੂੰ ਢਾਹਿਆ ਜਾ ਸਕਦਾ ਹੈ? ਅਜਿਹੀ ਸੋਚ ਨਾਲ਼ ਹੀ ਅਮਰੀਕਾ ਨੇ 'ਸਮਾਜਵਾਦ' ਨੂੰ ਢਾਹੁਣ ਲਈ ਅਫਗਾਨਿਸਤਾਨ ਵਿੱਚ 'ਇਸਲਾਮਿਕ ਮੁਜਾਹਦੀਨ' ਖੜੇ ਕੀਤੇ ਸਨ, ਜੋ ਬਾਅਦ ਵਿੱਚ 'ਤਾਲੀਬਾਨ' ਬਣ ਕੇ ਅੱਜ ਤੱਕ ਸਾਰੇ ਸਭਿਅਕ ਜਗਤ ਲਈ ਖਤਰਾ ਬਣੇ ਹੋਏ ਹਨ? ਇਸਦੇ ਉਲਟ ਬਹੁਤ ਸਾਰੇ ਲਿਬਰਲ ਤੇ ਸੈਕੂਲਰ ਇਸਲਾਮਿਕ ਸਕਾਲਰ ਇਸਨੂੰ 'ਇੱਕ ਨਵੇਂ ਕਾਲ਼ੇ ਦੌਰ' ਦੇ ਰੂਪ ਵਿੱਚ ਦੇਖਦੇ ਹਨ।ਇਸ ਸਬੰਧੀ 2008 ਵਿੱਚ ਜਦੋਂ ਪਾਕਿਸਤਾਨ ਦੇ ਦੋ ਪ੍ਰਮੁੱਖ ਖੱਬੇ-ਪੱਖੀ ਸਕਾਲਰਾਂ ਪ੍ਰੋ. ਪਰਵੇਜ਼ ਹੁੱਡਬੋਏ (ਜੋ ਇਲਾਮਾਬਾਦ ਦੀ ਯੂਨੀਵਰਸਿਟੀ ਦੇ ਫਿਜਿਕਸ ਦੇ ਪ੍ਰੋਫੈਸਰ ਸਨ) ਅਤੇ ਤਾਰਿਕ ਅਲੀ (ਲੇਖਕ, ਪੱਤਰਕਾਰ, ਹਿਸਟੋਰੀਅਨ ਤੇ ਫਿਲਮ ਮੇਕਰ) ਵਿੱਚ ਇਸ ਸਬੰਧੀ ਬਹਿਸ ਚਲ ਰਹੀ ਸੀ ਤਾਂ ਤਾਰਿਕ ਫਤਹਿ ਨੇ ਕਨੇਡੀਅਨ ਟੀ ਵੀ ਨੈਟਵਰਕ ਸੀ ਬੀ ਸੀ ਨੂੰ ਦਿੱਤੀ ਆਪਣੀ ਇੰਟਰਵਿਊ ਵਿੱਚ ਪ੍ਰੋ ਪਰਵੇਜ਼ ਹੁੱਡਬੋਏ ਦੇ ਹੱਕ ਵਿੱਚ ਸਟੈਂਡ ਲਿਆ ਸੀ। ਜਿੱਥੇ ਤਾਰਿਕ ਅਲੀ ਵਰਗੇ ਵਿਦਵਾਨ ਧਾਰਮਿਕ ਕੱਟੜਤਾ ਨੂੰ ਪ੍ਰਨਾਏ ਹੋਏ ਤਾਲੀਬਾਨ, ਆਈਸਿਸ ਵਰਗੇ ਅਨੇਕਾਂ ਇਸਲਾਮਕਿ ਗਰੁੱਪਾਂ ਨੂੰ ਇਸਲਾਮ ਦੇ ਜਬਰ ਜੁਲਮ ਵਿਰੁੱਧ ਲੜਨ ਵਾਲ਼ੇ 'ਜਿਹਾਦ' ਦੇ ਰੂਪ ਵਿੱਚ ਵੇਖਦੇ ਹਨ, ਜਿਸ ਨਾਲ਼ 'ਅਮਰੀਕਾ ਪੱਖੀ ਸਾਮਰਾਜੀ' ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ, ਉਥੇ ਪ੍ਰੋ ਪਰਵੇਜ਼ ਵਰਗੇ ਵਿਦਵਾਨ ਇਹ ਸਮਝਦੇ ਹਨ ਕਿ ਅਜਿਹੀਆਂ ਮੂਲਵਾਦੀ ਲਹਿਰਾਂ ਦੁਨੀਆਂ ਨੂੰ ਇਤਿਹਾਸ ਦੇ ਉਨ੍ਹਾਂ ਕਾਲ਼ੇ ਦੌਰਾਂ ਵਿੱਚ ਲੈ ਜਾਣਗੀਆਂ, ਜਿੱਥੋਂ ਮਨੁੱਖਤਾ ਨੂੰ ਨਿਕਲਣ ਲਈ ਸਦੀਆਂ ਲੱਗ ਗਈਆਂ ਸਨ ਤੇ ਲੱਖਾਂ ਲੋਕ ਮੌਤ ਦੇ ਮੂੰਹ ਜਾ ਪਏ ਸਨ। ਤਾਰਿਕ ਫਤਹਿ ਵੀ ਆਪਣੀ ਕਿਤਾਬ ਵਿੱਚ ਅਜਿਹਾ ਮੱਤ ਹੀ ਪੇਸ਼ ਕਰਦੇ ਹਨ ਕਿ ਅਜਿਹੀਆਂ ਮੂਲਵਾਦੀ ਲਹਿਰਾਂ ਦਾ ਖਾਸਾ ਹੀ ਲੋਕ ਵਿਰੋਧੀ ਹੋਣ ਕਰਕੇ ਇਹ ਨਾ ਧਰਮ ਤੇ ਨਾ ਲੋਕ ਹਿੱਤ ਵਿੱਚ ਹਨ। ਇਸ ਸਬੰਧੀ ਪਾਠਕ ਤਾਰਿਕ ਫਤਹਿ ਦਾ ਲੇਖ (https://archive.thedailystar.net/forum/2009/february/between.htm) ਲਿੰਕ ਤੇ ਕਲਿੱਕ ਕਰਕੇ ਪੜ੍ਹ ਸਕਦੇ ਹਨ।

ਤਾਰਿਕ ਫਤਹਿ ਭਾਰਤ-ਪਾਕਿਸਤਾਨ ਵੰਡ ਨੂੰ ਇਸ ਖਿੱਤੇ ਦੇ ਲੋਕਾਂ ਲਈ ਵੱਡਾ ਦੁਰਭਾਗ ਮੰਨਦੇ ਸਨ, ਉਨ੍ਹਾਂ ਮੰਨਣਾ ਸੀ ਕਿ ਇਹ ਵੰਡ ਕਦੇ ਵੀ ਨਹੀਂ ਹੋਣੀ ਚਾਹੀਦੀ ਸੀ। ਉਹ ਪਾਕਿਸਤਾਨ ਦੀ ਇਸਲਾਮਿਕ ਸਟੇਟ ਦੀ ਥਾਂ ਭਾਰਤ ਦੀ ਸੈਕੂਲਰ ਤੇ ਲੋਤਤੰਤਰੀ ਪ੍ਰਣਾਲੀ ਦੇ ਬੇਬਾਕ ਪ੍ਰਸ਼ੰਸਕ ਸਨ। ਉਹ ਸੈਕੂਲਰ ਭਾਰਤ ਨੂੰ ਇਸਲਾਮਿਕ ਪਾਕਿਸਤਾਨ ਦੇ ਮੁਕਾਬਲੇ ਵੱਧ ਚੰਗਾ ਸਮਝਦੇ ਸਨ। ਆਪਣੀ ਇਸੇ ਸੋਚ ਤਹਿਤ ਉਹ ਮਹਾਤਮਾ ਗਾਂਧੀ, ਪੰਡਤ ਜਵਾਹਰ ਨਹਿਰੂ, ਮੌਲਾਨਾ ਅਬੁਲ ਕਲਾਮ ਅਜ਼ਾਦ ਸਮੇਤ ਭਾਰਤ ਦੇ ਕੌਮੀ ਲੀਡਰਾਂ ਦੇ ਪ੍ਰਸ਼ੰਸਕ ਸਨ। ਇਸੇ ਕਰਕੇ ਪਿਛਲੇ ਦਸ ਬਾਰਾਂ ਵਿੱਚ ਸ਼ਾਇਦ ਹੀ ਕੋਈ ਅਜਿਹਾ ਦਿਨ ਲੰਘਿਆ ਹੋਵੇ, ਜਦੋਂ ਉਨ੍ਹਾਂ ਨੂੰ ਗਾਲ਼ੀ-ਗਲ਼ੋਚ ਜਾਂ ਜਾਨੋਂ ਮਾਰਨ ਦੀਆਂ ਧਮਕੀਆਂ ਨਾ ਸੁਣਨੀਆਂ ਪਈਆਂ ਹੋਣ? ਇਸੇ ਚਿੜ ਤੋਂ ਉਹ ਮੌਜੂਦਾ ਭਾਰਤੀ ਹਾਕਮਾਂ ਦੀਆਂ ਕਈ ਗਲਤ ਨੀਤੀਆਂ ਨੂੰ ਵੀ ਜਾਇਜ ਠਹਿਰਾਉਣ ਤੱਕ ਚਲੇ ਜਾਂਦੇ ਸਨ, ਜੋ ਕਿ ਸਚਮੁੱਚ ਇਤਰਾਜਯੋਗ ਗੱਲ ਸੀ। ਪਾਕਿਸਤਾਨ ਦੇ ਜਨੂੰਨੀ ਇਸਲਾਮੀ ਨਿਯਾਮ ਵਿਰੁੱਧ ਉਨ੍ਹਾਂ ਅੰਦਰ ਅਕਰੋਸ਼ ਦੀ ਭੜਕਦੀ ਅੱਗ ਦਾ ਕਾਰਨ, ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਹੀ ਜਾਣਿਆ ਜਾ ਸਕਦਾ ਹੈ?

ਤਾਰਿਕ ਫਤਹਿ ਵਰਗੇ ਸਿਰੜੀ ਤੇ ਬਹਾਦਰ, ਧਰਮ ਨਿਰਪੱਖ ਅਤੇ ਅਗਾਂਹਵਧੂ ਵਿਅਕਤੀਆਂ ਦੇ ਸੰਸਾਰ ਤੋਂ ਚਲੇ ਜਾਣ ਨਾਲ਼ ਸਮਾਜ ਨੂੰ ਘਾਟਾ ਤਾਂ ਜਰੂਰ ਪੈਂਦਾ ਹੈ, ਪਰ ਉਨ੍ਹਾਂ ਦੇ ਵਿਚਾਰ ਕਦੇ ਮਰਦੇ ਨਹੀਂ। ਜਿਸ ਤਰ੍ਹਾਂ ਉਨ੍ਹਾਂ ਦੀ ਬੇਟੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਿਆਰ ਕਰਨ ਵਾਲ਼ੇ ਲੋਕ ਸਮਾਜ ਵਿੱਚੋਂ ਕੱਟੜਵਾਦ ਤੇ ਅੱਤਵਾਦ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਦੇ ਰਹਿਣਗੇ, ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਜਥੇਬੰਦਕ ਧਰਮਾਂ ਦਾ ਮਾਇਆਜਾਲ-4*

# ਡਰ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ।ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ।ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ।ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ।ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ।ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ।ਉਨ੍ਹਾਂ ਨੂੰ ਸੂਲੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ।ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ।ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ।ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ।ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋਂ, ਮਨੋਂ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ।ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ।ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ।ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਆਮ ਤੌਰ 'ਤੇ ਪੁਜਾਰੀ ਤੇ ਰਾਜਨੀਤਕ ਗੱਠਜੋੜ ਅਧਾਰਿਤ ਨਕਲੀ ਧਰਮਾਂ ਵਲੋਂ ਸਾਨੂੰ ਦੱਸਿਆ ਜਾਂਦਾ ਹੈ ਕਿ ਜੋ ਕੁਝ ਸਾਡੇ ਗ੍ਰੰਥਾਂ ਵਿਚ ਲਿਖ ਦਿੱਤਾ ਗਿਆ ਹੈ, ਇਹੀ ਅੰਤਿਮ ਸੱਚ ਹੈ, ਨਾ ਇਸ ਤੋਂ ਪਹਿਲਾਂ ਪੂਰਨ ਸੱਚ ਮੌਜੂਦ ਸੀ ਤੇ ਨਾ ਹੀ ਇਸ ਤੋਂ ਅੱਗੇ ਕੁੱਝ ਹੈ। ਤਕਰੀਬਨ ਸਾਰੇ ਧਰਮਾਂ ਦੇ ਸ਼ਰਧਾਲੂ ਇਹ ਵਿਸ਼ਵਾਸ਼ ਕਰਦੇ ਹਨ ਕਿ ਉਨ੍ਹਾਂ ਦੇ ਧਰਮ ਗ੍ਰੰਥਾਂ ਦੇ ਬਚਨ, ਇਨਸਾਨੀ ਨਹੀਂ ਇਲਾਹੀ ਹਨ। ਜਿਹੜੇ ਰੱਬ ਵਲੋਂ ਸਿੱਧੇ ਉਨ੍ਹਾਂ ਦੇ ਰਹਿਬਰ (ਗੁਰੂ) ਤੱਕ ਪਹੁੰਚਾਏ ਗਏ ਸਨ।ਇਨ੍ਹਾਂ ਤੇ ਕਿਸੇ ਤਰ੍ਹਾਂ ਦਾ ਸ਼ੰਕਾ ਨਹੀਂ ਕੀਤਾ ਜਾ ਸਕਦਾ? ਇਸ ਵਿੱਚ ਕਿਸੇ ਮਿਲਾਵਟ ਦੀ ਵੀ ਕੋਈ ਗੁੰਜਾਇਸ਼ ਨਹੀਂ। ਇਹ ਬਚਨ ਇਲਾਹੀ ਹੋਣ ਕਰਕੇ ਇਨ੍ਹਾਂ ਵਿੱਚ ਕੋਈ ਤਬਦੀਲੀ ਵੀ ਨਹੀਂ ਕੀਤੀ ਜਾ ਸਕਦੀ।

ਇਹ ਗਿਆਨ ਰੱਬ ਵਲੋਂ ਸਿੱਧਾ ਤੁਹਾਡੇ ਕੋਲ ਪਹੁੰਚਾ ਦਿੱਤਾ ਗਿਆ ਹੈ, ਇਸ ਲਈ ਤੁਸੀਂ ਹੁਣ ਇਸ ਤੇ ਸ਼ਰਧਾ ਕਰੋ, ਵਿਸ਼ਵਾਸ਼ ਕਰੋ ਕਿ ਇਹੀ ਅੰਤਿਮ ਸੱਚ ਹੈ।ਤੁਹਾਨੂੰ ਇਸ ਤੇ ਤਰਕ ਕਰਨ, ਵਿਚਾਰ ਕਰਨ, ਦਲੀਲ ਦੇਣ ਦਾ ਕੋਈ ਹੱਕ ਨਹੀਂ, ਅਗਰ ਤੁਸੀਂ ਤਰਕ ਕਰੋਗੇ, ਤਾਂ ਤੁਹਾਨੂੰ ਧਰਮ ਵਿਰੋਧੀ ਗਰਦਾਨਿਆ ਜਾਵੇਗਾ।ਤੁਸੀਂ ਧਰਮ ਵਿਰੋਧੀ, ਨਾਸਤਿਕ, ਗੁਰੂ ਨਿੰਦਕ ਆਦਿ ਬਣਾ ਦਿੱਤੇ ਜਾਵੋਗੇ। ਜੇ ਤੁਹਾਡੇ ਵਿਰੋਧ ਨਾਲ਼ ਧਰਮ ਨੂੰ ਕੋਈ ਖਤਰਾ ਖੜ੍ਹਾ ਹੋ ਜਾਵੇ ਤਾਂ ਤੁਹਾਨੂੰ ਧਾਰਮਿਕ ਫਿਰਕੇ ਵਿੱਚੋਂ ਛੇਕ ਕੇ ਤੁਹਾਡੇ ਨਾਲ਼ ਰੋਟੀ-ਬੇਟੀ ਦੀ ਸਮਾਜਿਕ ਸਾਂਝ ਖਤਮ ਕਰ ਦਿੱਤੀ ਜਾਵੇਗੀ। ਹੁਣ ਤਾਂ ਬਦਲੇ ਸਮੇਂ ਵਿੱਚ ਕਨੂੰਨ ਦਾ ਰਾਜ ਹੋਣ ਕਰਕੇ ਧਰਮ ਬਾਰੇ ਨੁਕਤਾਚੀਨੀ ਹੋਣੀ ਥੋੜ੍ਹੀ ਸੰਭਵ ਹੋ ਚੁੱਕੀ ਹੈ। ਪਰ ਅਜੇ ਵੀ ਪਛੜੇ ਜਾਂ ਧਰਮ ਪ੍ਰਧਾਨ ਸਮਾਜਾਂ ਵਿੱਚ ਧਰਮ ਦੀ ਬੇਅਦਬੀ ਜਾਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਲਈ ਮੌਤ ਦੀਆਂ ਸਜ਼ਾਵਾਂ ਆਮ ਹੀ ਹਨ। ਇੱਥੋਂ ਤੱਕ ਕਿ ਪੁਰਾਣੇ ਸਮਿਆਂ ਵਿੱਚ ਵਿਗਿਆਨੀਆਂ ਵਲੋਂ ਧਾਰਮਿਕ ਗ੍ਰੰਥਾਂ ਦੇ ਬਚਨਾਂ ਨੂੰ ਜਦੋਂ ਤਰਕ ਜਾਂ ਵਿਗਿਆਨਕ ਖੋਜਾਂ ਦੇ ਅਧਾਰਿਤ ਰੱਦ ਕਰਨ ਦਾ ਅਮਲ ਸ਼ੁਰੂ ਹੋਇਆ ਤਾਂ ਅਨੇਕਾਂ ਵਿਗਿਆਨੀਆਂ ਨੂੰ ਮੌਤ ਦੀਆਂ ਸਜ਼ਾਵਾਂ ਵੀ ਦਿੱਤੀਆਂ ਗਈਆਂ ਅਤੇ ਬਹੁਤ ਸਾਰੇ ਵਿਗਿਆਨੀਆਂ ਨੂੰ ਜ਼ੇਲ੍ਹਾਂ ਵਿੱਚ ਸੁੱਟਿਆ ਗਿਆ। ਭਾਰਤ ਬੇਸ਼ਕ ਕਨੂੰਨੀ ਤੌਰ ਤੇ ਧਰਮ ਨਿਰਪੱਖ ਦੇਸ਼ ਹੈ, ਪਰ ਇਥੇ ਦੀ ਬਹੁ-ਗਿਣਤੀ ਜਨਤਾ ਧਰਮਾਂ ਵਿੱਚ ਬੜੀ ਆਸਥਾ ਰੱਖਦੀ ਹੈ। ਜਿਸ ਕਾਰਨ ਧਾਰਮਿਕ ਕੱਟੜਪੰਥੀਆਂ ਵਲੋਂ ਸਰਕਾਰਾਂ ਤੇ ਜ਼ੋਰ ਪਾ ਕੇ ਧਾਰਮਿਕ ਭਾਵਨਾਵਾਂ ਭੜਕਾਉਣ, ਈਸ਼ਵਰ ਨਿੰਦਾ ਜਾਂ ਧਾਰਮਿਕ ਗ੍ਰੰਥ ਦੀ ਬੇਅਦਬੀ ਲਈ ਸਖਤ ਸਜ਼ਾਵਾਂ ਵਾਲ਼ੇ ਕਨੂੰਨ ਬਣਾਏ ਗਏ ਹਨ। ਰਾਜਸੀ ਨੇਤਾ ਵੀ ਵੋਟ ਰਾਜਨੀਤੀ ਤਹਿਤ ਅਜਿਹੇ ਕਨੂੰਨ ਪਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ। ਅਜਿਹੇ ਕਨੂੰਨਾਂ ਨਾਲ਼ ਵੀ ਕਈ ਫਿਰਕਿਆਂ ਦੀ ਤਸੱਲੀ ਨਹੀਂ ਹੁੰਦੀ, ਉਹ ਅਜਿਹੇ ਜੁਰਮਾਂ ਲਈ ਮੌਤ ਦੀ ਸਜ਼ਾ ਦੀ ਮੰਗ ਕਰਦੇ ਹਨ।ਕਨੂੰਨੀ ਤੌਰ ਇਸਲਾਮਿਕ ਧਰਮ ਅਧਾਰਿਤ ਦੇਸ਼ਾਂ ਵਿੱਚ ਪੈਗੰਬਰ ਨਿੰਦਾ ਜਾਂ ਧਾਰਮਿਕ ਗ੍ਰੰਥ ਦੀ ਨਿੰਦਾ ਲਈ ਕਨੂੰਨੀ ਤੌਰ 'ਤੇ ਮੌਤ ਦੀਆਂ ਸਜ਼ਾਵਾਂ ਨਿਸ਼ਚਤ ਹੋਣ ਦੇ ਬਾਵਜੂਦ ਵੀ ਅਨੇਕਾਂ ਵਾਰ ਧਾਰਮਿਕ ਜਨੂੰਨੀ ਭੀੜਾਂ ਕਥਿਤ ਦੋਸ਼ੀਆਂ ਨੂੰ ਸ਼ਰੇਆਮ ਗਲ਼ੀਆਂ ਬਜ਼ਾਰਾਂ ਵਿੱਚ ਕਤਲ ਕਰ ਦਿੰਦੀਆਂ ਹਨ, ਅੱਗ ਪਾ ਕੇ ਜਿੰਦਾ ਸਾੜ ਦਿੰਦੀਆਂ ਹਨ।

ਧਰਮ ਦੀ ਨੁਕਤਾਚੀਨੀ ਕਰਨ ਕਰਕੇ ਤੁਹਾਨੂੰ ਜਥੇਬੰਦਕ ਧਰਮ ਵਿਚੋਂ ਛੇਕਿਆ ਜਾਂ ਨਾਸਤਕ ਕਿਹਾ ਜਾ ਸਕਦਾ ਹੈ। ਅੱਜ ਜਥੇਬੰਦਕ ਧਰਮ ਇੰਨੇ ਮਜਬੂਤ ਹੋ ਚੁੱਕੇ ਹਨ ਕਿ ਉਨ੍ਹਾਂ ਨੇ ਰਾਜਨੀਤਕਾਂ ਨਾਲ ਮਿਲ ਕੇ ਦੇਸ਼ਾਂ ਦੇ ਸੰਵਿਧਾਨ ਵਿਚ ਧਰਮਾਂ ਤੇ ਕਿੰਤੂ ਪ੍ਰੰਤੂ ਕਰਨ ਵਾਲਿਆਂ ਦਾ ਸ਼ਿਕੰਜਾ ਕੱਸਣ ਦਾ ਪ੍ਰਬੰਧ ਕੀਤਾ ਹੋਇਆ ਹੈ। ਧਾਰਮਿਕ ਭਾਵਨਾਵਾਂ ਭੜਕਾਉਣ, ਸ਼ਰਧਾ ਨੂੰ ਸੱਟ ਮਾਰਨ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਆਦਿ ਦੇ ਨਾਂ ਹੇਠ ਪਹਿਲੇ ਸਮਿਆਂ ਵਿਚ ਇਹ ਸ਼ਿਕੰਜਾ ਧਾਰਮਿਕ ਜਾਂ ਸਮਾਜਿਕ ਪੱਧਰ ਤੱਕ ਹੀ ਸੀ, ਇਸੇ ਲਈ ਵੱਖ ਵੱਖ ਸਮਿਆਂ ਵਿਚ ਵੱਖ ਵੱਖ ਧਰਮ ਪੈਦਾ ਹੋਏ। ਪਰ ਅੱਜ ਕਿਸੇ ਨਵੇਂ ਵਿਚਾਰ ਨੂੰ ਉੱਠਣ ਤੋਂ ਰੋਕਣ ਲਈ ਹਰ ਪੱਧਰ ਤੇ ਘੇਰਾਬੰਦੀ ਕੀਤੀ ਜਾਂਦੀ ਹੈ।ਹਰ ਨਵੇਂ ਵਿਚਾਰ ਨੂੰ ਧਰਮ ਵਿਰੋਧੀ ਗਰਦਾਨ ਕੇ ਕੁਚਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਕੋਈ ਵੀ ਇਨ੍ਹਾਂ ਨਕਲੀ ਧਰਮਾਂ ਵਿਰੁੱਧ ਬੋਲਣ ਦੀ ਹਿੰਮਤ ਨਹੀਂ ਕਰਦਾ। ਸਾਰੇ ਭੀੜ ਨਾਲ ਜਾਂ ਭੀੜ ਮਗਰ ਚੱਲਣ ਵਿੱਚ ਹੀ ਭਲਾ ਸਮਝਦੇ ਹਨ ਜਾਂ ਫਿਰ ਕੁਝ ਸੁਝਵਾਨ ਧਰਮ ਤੋਂ ਬਗਾਵਤ ਕਰਕੇ ਨਾਸਤਿਕ ਬਣ ਜਾਂਦੇ ਹਨ, ਜਿਸ ਨਾਲ ਇਨ੍ਹਾਂ ਨਕਲੀ ਧਰਮਾਂ ਤੇ ਧਰਮ ਗੁਰੂਆਂ ਨੂੰ ਵਧਣ ਫੁੱਲਣ ਦਾ ਮੌਕਾ ਮਿਲ ਰਿਹਾ ਹੈ ਤੇ ਇਹ ਆਪਣੀ ਲੁੱਟ ਬੇਖੌਫ ਹੋ ਕੇ ਕਰ ਰਹੇ ਹਨ। ਸੁਝਵਾਨ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਇਸੇ ਸਮਾਜ ਵਿੱਚ ਰਹਿ ਕੇ ਲੋਕਾਂ ਨੂੰ ਜਾਗਰੂਕ ਕਰਨ।

ਨਕਲੀ ਧਰਮਾਂ ਦੀ ਲੜੀ ਵਿੱਚ ਸ਼ਰਧਾ ਤੇ ਵਿਸ਼ਵਾਸ਼ ਵਾਲ਼ੇ ਧਰਮ ਦਾ ਬੜਾ ਅਹਿਮ ਸਥਾਨ ਹੈ। ਹਰ ਜਥੇਬੰਦਕ ਧਰਮ ਸ਼ਰਧਾ ਤੇ ਵਿਸ਼ਵਾਸ਼ ਰੂਪੀ ਸੰਦ ਮਨੁੱਖ ਨੂੰ ਡਰਾਉਣ ਤੇ ਅਗਿਆਨੀ ਬਣਾਉਣ ਲਈ ਵਰਤਦਾ ਹੈ। ਸਾਰੇ ਜਥੇਬੰਦਕ ਧਰਮਾਂ ਵਿਚ ਵੱਖ ਵੱਖ ਵਿਸ਼ਿਆਂ ਅਤੇ ਧਾਰਨਾਵਾਂ ਬਾਰੇ ਮੱਤਭੇਦ ਹੋ ਸਕਦੇ ਹਨ, ਪਰ ਸ਼ਰਧਾ ਤੇ ਵਿਸ਼ਵਾਸ਼ ਤੇ ਸਾਰੇ ਇੱਕਮੱਤ ਹਨ। ਸ਼ਰਧਾ ਤੇ ਵਿਸ਼ਵਾਸ਼ ਨਾਮ ਦੇ ਇਨ੍ਹਾਂ ਦੋ ਸ਼ਬਦਾਂ ਨੇ ਨਕਲੀ ਧਰਮ ਦੀ ਦੁਕਾਨਦਾਰੀ ਚਲਦੀ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਨਕਲੀ ਧਰਮ ਤੇ ਧਾਰਮਿਕ ਪ੍ਰੋਹਿਤ ਮਨੁੱਖ ਨੂੰ ਜਨਮ ਤੋਂ ਹੀ ਇਨ੍ਹਾਂ ਦੋ ਸ਼ਬਦਾਂ ਦੀ ਗੁੜ੍ਹਤੀ ਦੇ ਦਿੰਦਾ ਹੈ ਕਿ ਜਿਸ ਵਿਚ ਸ਼ਰਧਾ (ਬਿਨਾਂ ਜਾਣੇ ਮੰਨ ਲੈਣਾ) ਅਤੇ ਵਿਸ਼ਵਾਸ਼ (ਜਿਹੜਾ ਆਪਣੇ ਧਾਰਮਿਕ ਰਹਿਬਰਾਂ, ਧਾਰਮਿਕ ਗ੍ਰੰਥਾਂ ਨੂੰ ਬਿਨਾਂ ਵਿਚਾਰੇ ਮੰਨ ਲਵੇ) ਹੈ, ਉਹ ਹੀ ਅਸਲੀ ਧਰਮੀ ਹੁੰਦਾ ਹੈ। ਉਸਨੂੰ ਹੀ ਧਰਮ ਵਿੱਚ ਮਾਨਤਾ ਮਿਲਦੀ ਹੈ। ਪਰ ਜੋ ਵਿਅਕਤੀ ਸ਼ੱਕ ਕਰਦਾ ਹੈ, ਕਿੰਤੂ ਪ੍ਰੰਤੂ ਕਰਦਾ ਹੈ, ਮੰਨਣ ਤੋਂ ਪਹਿਲਾਂ ਜਾਨਣਾ ਚਾਹੁੰਦਾ ਹੈ, ਪੜ੍ਹਨ ਦੇ ਨਾਲ ਵਿਚਾਰਨਾ ਚਾਹੁੰਦਾ ਹੈ, ਉਹ ਵਿਅਕਤੀ ਨਕਲੀ ਧਰਮ ਵਿਚ ਪ੍ਰਵਾਨ ਨਹੀਂ ਹੋ ਸਕਦਾ ਹੈ।

ਇਸ ਸ਼ਰਧਾ ਤੇ ਵਿਸ਼ਵਾਸ਼ ਨੇ ਧਰਮ ਵਿਚ ਪਾਖੰਡ ਪੈਦਾ ਕੀਤਾ ਹੈ ਤੇ ਮਨੁੱਖ ਨੂੰ ਨਿਪੁੰਸਕ ਤੇ ਮਾਨਸਿਕ ਰੋਗੀ ਬਣਾ ਦਿੱਤਾ ਹੈ।ਅਸਲ ਵਿਚ ਧਰਮ ਇਤਨਾ ਸਸਤਾ ਸੌਦਾ ਨਹੀਂ ਹੈ, ਧਰਮ ਤਾਂ ਮਨੁੱਖ ਦੇ ਅੰਦਰੋਂ ਜਾਗ ਜਾਣ ਦਾ ਨਾਮ ਹੈ, ਧਰਮ ਤਾਂ ਮਨੁੱਖ ਦੀ ਅੰਦਰੋਂ ਬਾਹਰੋਂ ਪੂਰੀ ਕਾਇਆ ਕਲਪੀ ਦਾ ਨਾਮ ਹੈ।ਜਦੋਂ ਮਨੁੱਖ ਅੰਦਰੋਂ ਜਾਗ ਪੈਂਦਾ ਹੈ, ਫਿਰ ਹੀ ਉਸਨੂੰ ਸਾਰੀ ਕੁਦਰਤ ਵਿਚ ਕਾਦਰ ਵਸਦਾ ਨਜ਼ਰ ਆਉਂਦਾ ਹੈ। ਫਿਰ ਉਹ ਫਿਰਕਿਆਂ ਰੂਪੀ ਨਕਲੀ ਧਰਮਾਂ ਵਿੱਚ ਨਹੀਂ ਫਸਦਾ। ਉਸਨੂੰ ਬਿਲਡਿੰਗਾਂ ਰੂਪੀ ਧਰਮ ਅਸਥਾਨਾਂ ਵਿੱਚੋਂ ਰੱਬ ਲੱਭਣ ਦੀ ਲੋੜ ਨਹੀਂ ਪੈਂਦੀ, ਉਹ ਅੰਦਰੋਂ ਜਾਣ ਲੈਂਦਾ ਹੈ ਕਿ ਸਭ ਜਗ੍ਹਾ ਕੁਦਰਤ ਦਾ ਇੱਕ ਸਾਰ ਹੁਕਮ ਵਰਤ ਰਿਹਾ ਹੈ, ਕਿਸੇ ਦੇ ਸ਼ਰਧਾ ਕਰਨ ਜਾਂ ਨਾ ਕਰਨ, ਕਿਸੇ ਧਰਮ ਗ੍ਰੰਥ ਤੇ ਵਿਸ਼ਵਾਸ਼ ਕਰਨ ਜਾਂ ਨਾ ਕਰਨ ਨਾਲ ਕੁਝ ਨਹੀਂ ਬਦਲਦਾ, ਬਦਲਦਾ ਉਸ ਦਿਨ ਹੈ ਜਿਸ ਦਿਨ ਤੁਸੀਂ ਬਦਲਦੇ ਹੋ। ਸ਼ਰਧਾ ਤੇ ਵਿਸ਼ਵਾਸ਼ ਅਧਾਰਿਤ ਨਕਲੀ ਧਰਮ ਤੋਂ ਅਸਲੀ ਸੱਚ ਧਰਮ ਵੱਲ ਪਹਿਲਾ ਕਦਮ, ਹਰ ਵਿਚਾਰ, ਹਰ ਗ੍ਰੰਥ ਤੇ ਕਿੰਤੂ ਕਰਨਾ ਹੈ ਤੇ ਉਦੋਂ ਤੱਕ ਕਰਦੇ ਰਹਿਣਾ ਹੈ, ਜਦ ਤੱਕ ਤੁਸੀਂ ਆਪ ਨਾ ਜਾਣ ਲਵੋ, ਕਿ ਅਸਲੀਅਤ ਕੀ ਹੈ? ਸੱਚ ਕੀ ਹੈ? ਅੱਖਾਂ ਮੀਟ ਕੇ ਮੱਥਾ ਟੇਕ ਦੇਣਾ, ਸਿਰ ਝੁਕਾ ਦੇਣਾ, ਭੀੜ ਮਗਰ ਤੁਰ ਪੈਣਾ ਬੜਾ ਸੌਖਾ ਹੈ, ਇਹ ਧਰਮ ਨਹੀਂ ਹੈ। ਪਰ ਭੀੜ ਤੋਂ ਬਾਹਰ ਨਿਕਲ ਕੇ ਆਪਣਾ ਰਸਤਾ ਬਣਾਉਣਾ, ਆਪਣੀ ਖੋਜ ਕਰਨੀ ਹੀ ਅਸਲੀ ਧਰਮ ਹੈ। ਦੂਜਿਆਂ ਦੇ ਉਧਾਰੇ ਗਿਆਨ ਨਾਲ ਤੁਸੀਂ ਕਦੇ ਬੁੱਧੀਮਾਨ ਨਹੀਂ ਬਣ ਸਕਦੇ, ਜਦ ਤੱਕ ਆਪਣੀ ਖੋਜ ਨਹੀਂ ਕਰਦੇ। ਇਸ ਲਈ ਜੇ ਅਸਲੀ ਧਾਰਮਿਕ ਬਣਨਾ ਹੈ ਤਾਂ ਸ਼ਰਧਾ ਨਾਲ ਮੰਨਣ ਦਾ ਰਸਤਾ ਛੱਡ ਕੇ ਜਾਨਣ ਨਾਲ ਮੰਨਣ ਦੇ ਰਸਤੇ ਤੁਰਨਾ ਪਵੇਗਾ।ਤਰਕ ਤੇ ਬਿਬੇਕ ਨਾਲ਼ ਧਰਮ ਗ੍ਰੰਥਾਂ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣਾ ਪਵੇਗਾ। ਕੋਈ ਵਿਚਾਰ ਕਦੇ ਸਦੀਵੀ ਜਾਂ ਅੰਤਮ ਸੱਚ ਨਹੀਂ ਹੁੰਦਾ? ਇਹ ਸਾਡਾ ਨਜ਼ਰੀਆ ਹੁੰਦਾ ਹੈ। ਸੱਚ ਨੂੰ ਸਮਝਣ, ਜਾਨਣ ਲਈ ਤੁਹਾਡਾ ਅਨੁਭਵ ਹੀ ਤੁਹਾਡਾ ਸੱਚ ਹੁੰਦਾ ਹੈ। ਸੱਚ ਦੀ ਕੋਈ ਇੱਕ ਪ੍ਰਮਾਣਿਕ ਪ੍ਰੀਭਾਸ਼ਾ ਨਹੀਂ ਹੋ ਸਕਦੀ ਕਿਉਂਕਿ ਤੁਸੀਂ ਜੋ ਵੀ ਜਾਣਦੇ ਹੋ, ਉਹ ਆਪਣੀਆਂ ਕਰਮ ਇੰਦਰੀਆਂ ਰਾਹੀਂ ਜਾਣਦੇ ਹੋ ਅਤੇ ਇੰਦਰੀਆਂ ਦੀਆਂ ਆਪਣੀਆਂ ਸੀਮਤਾਈਆਂ ਹਨ। ਇਹ ਕਦੇ ਪੂਰਨ ਸੱਚ ਨਹੀਂ ਜਾਣ ਸਕਦੀਆਂ। ਜੋ ਅਨੁਭਵ ਧਾਰਮਿਕ ਗ੍ਰੰਥਾਂ ਵਿੱਚ ਅੰਕਿਤ ਹਨ, ਉਹ ਉਨ੍ਹਾਂ ਦੇ ਹਨ, ਜਿਨ੍ਹਾਂ ਨੇ ਇਹ ਲਿਖੇ ਸਨ, ਇਹ ਸਾਡੇ ਲਈ ਵੀ ਸੱਚ ਹੋਣ ਜ਼ਰੂਰੀ ਨਹੀਂ ਕਿਉਂਕਿ ਜਦੋਂ ਇਹ ਗ੍ਰੰਥ ਲਿਖੇ ਗਏ ਸਨ, ਉਦੋਂ ਤੋਂ ਹੁਣ ਤੱਕ ਬਹੁਤ ਕੁਝ ਬਦਲ ਚੁੱਕਾ ਹੈ। ਇੱਥੇ ਸਭ ਕੁਝ ਪਲ ਪਲ ਬਦਲ ਰਿਹਾ ਹੈ। ਇਸ ਸੰਸਾਰ ਵਿੱਚ ਕੋਈ ਕਿਸੇ ਵਰਗਾ ਨਹੀਂ, ਹਰ ਕੋਈ ਅਕਲ ਤੇ ਸ਼ਕਲ ਕਰਕੇ ਵੱਖਰਾ ਹੈ, ਵਿਲੱਖਣ ਹੈ। ਤੁਹਾਡਾ ਅਨੁਭਵ, ਤੁਹਾਡੀ ਜਾਣਕਾਰੀ, ਦੂਜੇ ਨਾਲ਼ ਮੇਲ਼ ਨਹੀਂ ਖਾ ਸਕਦੀ।

ਇਸੇ ਕਰਕੇ ਧਾਰਮਿਕ ਫਿਰਕੇ ਸ਼ਰਧਾ ਤੇ ਵਿਸ਼ਵਾਸ਼ ਕਰਨ ਤੇ ਜ਼ੋਰ ਦਿੰਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਜੇ ਸ਼ਰਧਾਲੂਆਂ ਨੂੰ ਸੋਚਣ ਦੀ ਖੁੱਲ੍ਹ ਦੇ ਦਿੱਤੀ ਜਾਵੇ ਤਾਂ ਸਾਡੇ ਗ੍ਰੰਥ ਤਾਂ ਰੱਦ ਹੋ ਜਾਣਗੇ। ਲੋਕ ਆਪਣੇ ਬਿਬੇਕ ਤੇ ਤਰਕ ਨਾਲ਼ ਗ੍ਰੰਥਾਂ ਨੂੰ ਸਮਝ ਕੇ ਉਨ੍ਹਾਂ ਦੇ ਬਹੁਤ ਹਿੱਸਿਆਂ ਨੂੰ ਰੱਦ ਕਰ ਸਕਦੇ ਹਨ। ਇਸੇ ਲਈ ਉਹ ਗ੍ਰੰਥਾਂ ਸਿਰਫ ਪੜ੍ਹਨ ਜਾਂ ਉਨ੍ਹਾਂ ਵਲੋਂ ਕੀਤੇ ਅਰਥਾਂ ਨੂੰ ਹੀ ਮੰਨਣ ਤੇ ਜ਼ੋਰ ਦਿੰਦੇ ਹਨ। ਪਰ ਸੱਚਾ ਧਰਮੀ ਉਹੀ ਹੈ, ਜੋ ਮੰਨਣ ਤੋਂ ਪਹਿਲਾਂ ਜਾਨਣ ਜਾਂ ਵਿਸ਼ਵਾਸ਼ ਕਰਨ ਤੋਂ ਪਹਿਲਾਂ ਤਰਕ ਕਰਦਾ ਹੈ। ਜਿਨ੍ਹਾਂ ਨੂੰ ਅਸੀਂ ਆਪਣੇ ਗੁਰੂ, ਪੈਗੰਬਰ, ਰਹਿਬਰ ਕਹਿੰਦੇ ਹਾਂ, ਉਨ੍ਹਾਂ ਵੀ ਇਹੀ ਕੁਝ ਕੀਤਾ ਸੀ ਤਾਂ ਹੀ ਉਹ ਨਵਾਂ ਧਰਮ ਬਣਾ ਸਕੇ। ਜੇ ਉਹ ਅਜਿਹਾ ਨਾ ਕਰਦੇ ਤਾਂ ਹੁਣ ਤੱਕ ਸਿਰਫ ਇੱਕ ਹੀ ਧਰਮ ਹੁੰਦਾ, ਹਜ਼ਾਰਾਂ ਧਰਮ ਨਾ ਹੁੰਦੇ। ਮੇਰਾ ਇਹ ਮੰਨਣਾ ਹੈ ਕਿ ਧਰਮ ਹਮੇਸ਼ਾਂ ਜਾਤੀ ਹੁੰਦਾ ਹੈ, ਜਮਾਤੀ ਨਹੀਂ। ਜਮਾਤਾਂ, ਫਿਰਕੇ ਲੁੱਟ ਦੇ ਸਾਧਨ ਹਨ। ਇਨ੍ਹਾਂ ਵਿਚੋਂ ਨਿਕਲ ਕੇ ਹੀ ਸੱਚ ਧਰਮ ਨੂੰ ਜਾਣਿਆ ਜਾ ਸਕਦਾ ਹੈ।

(ਚੱਲਦਾ)

# ਵਿਨਾਸ਼ਕਾਰੀ ਪ੍ਰਮਾਣੂ ਜੰਗ ਦੀਆਂ ਬਰੂਹਾਂ 'ਤੇ ਖੜ੍ਹੀ ਦੁਨੀਆਂ

(ਸਫ਼ਾ 7 ਦੀ ਬਾਕੀ)

ਖੁਸ਼ਹਾਲੀ ਜੰਗਾਂ ਡਰ ਅਤੇ ਤਨਾਓ ਦੇ ਵਧਣ ਫੁੱਲਣ ਉੱਤੇ ਨਿਰਭਰ ਹੈ।

ਬਹੁਤੀਆਂ ਸਰਕਾਰਾਂ ਆਪਣੇ ਮੁਲਕਾਂ ਦੀ ਆਰਥਕਤਾ ਉੱਤੇ ਕਾਬਜ ਮੁਨਾਫੇਖੋਰ ਕਾਰੋਬਾਰੀਆਂ ਦੇ ਹਿੱਤਾਂ ਲਈ ਕੰਮ ਕਰਦੀਆਂ, ਜੰਗਾਂ ਲਾਉਣ ਤਕ ਜਾਂਦੀਆਂ ਹਨ। ਪਹਿਲੀ ਅਤੇ ਦੂਜੀ ਸੰਸਾਰ ਜੰਗ ਦੀ ਵੀ ਏਹੋ ਵਜਾਹ ਸੀ। ਸਾਮਰਾਜੀ ਮੁਲਕਾਂ ਦੀ ਮਾੜੇ ਦੇਸ਼ਾਂ (ਮੰਡੀਆਂ) ਨੂੰ ਲੁੱਟਣ/ਮੁੜ ਵੰਡਣ ਦੀ ਲੜਾਈ ਸੀ, ਜਿਸ ਵਿਚ ਕਰੋੜਾਂ ਲੋਕ ਐਵੇਂ ਮਾਰੇ ਗਏ। ਕਈ ਵਾਰ ਤਾਂ ਲੀਡਰ ਚੋਣਾਂ ਜਿੱਤਣ ਲਈ ਵੀ ਜੰਗੀ ਮੁਹਾਰਨੀ ਸ਼ੁਰੂ ਕਰ ਦੇਂਦੇ।

ਫੌਜੀ ਜੰਗ ਦੀ ਭੱਠੀ ਦਾ ਮਹਿਜ ਬਾਲਣ ਨਹੀਂ। ਆਮ ਲੋਕਾਂ ਲਈ ਖੁਦ ਵੀ ਸੋਚਣਾ ਬਣਦਾ ਕਿ ਆਪਸ 'ਚ' ਦੂਜੀ ਸੰਸਾਰ ਜੰਗ ਲੜਨ ਵਾਲੇ ਇਕ ਪਾਸੇ ਜਪਾਨ ਇਟਲੀ ਜਰਮਨ—ਤੇ ਦੂਜੇ ਬੰਨੇ ਅਮਰੀਕਾ ਫਰਾਂਸ ਇੰਗਲੈਂਡ ਪੋਲੈਂਡ ਸਾਰੇ ਹੁਣ ਕਿਵੇਂ ਜੱਫੀਆਂ ਪਾ ਰਹੇ ਘਿਓ ਖਿਚੜੀ ਹਨ, ਤੇ ਫਿਰ ਦੋਵਾਂ ਪਾਸਿਆਂ ਦੇ ਸ਼ਹੀਦ ਫੌਜੀ ਕਿਹੜੇ ਖਾਤੇ ਗਏ? ਕੀ ਅਜਾਈਂ ਮੌਤੇ ਮਰਗੇ?

ਪਹਿਲੀਆਂ ਦੋਵਾਂ ਸੰਸਾਰ ਜੰਗਾਂ ਦੇ ਮੁਕਾਬਲੇ ਹੁਣ ਹੋਣ ਵਾਲੀ ਸੰਭਾਵੀ ਜੰਗ ਦੋਵਾਂ ਪਾਸਿਆਂ ਦੇ ਉਲਝੇ ਮੁਲਕਾਂ ਦਾ ਸਰਵਨਾਸ਼ ਕਰ ਦੇਣ ਵਾਲੀ ਹੋਵੇਗੀ। ਇਹ ਫੌਜੀਆਂ ਤਕ ਸੀਮਤ ਨਹੀਂ ਰਹਿਣੀ, ਵੱਡੇ ਸ਼ਹਿਰਾਂ ਦੇ ਕਰੋੜਾਂ ਆਮ ਲੋਕਾਂ ਉੱਤੇ ਸੈਂਕੜੇ ਹਜ਼ਾਰਾਂ ਪ੍ਰਮਾਣੂ ਬੰਬ ਡਿੱਗਣਗੇ। ਤੇ ਰੋਣ ਸਾਂਭਣ ਵਾਲਾ ਕੋਈ ਨੀ ਹੋਵੇਗਾ।

ਫਿਲਹਾਲ ਇਕ ਪਾਸੇ ਰੂਸ ਚੀਨ ਇਰਾਨ ਉੱਤਰੀ ਕੋਰੀਆ ਹਨ ਅਤੇ ਦੂਜੇ ਪਾਸੇ ਅਮਰੀਕਾ ਇੰਗਲੈਂਡ ਇਸਰਾਈਲ ਸਮੇਤ 31 'ਨਾਟੋ' ਦੇਸ਼। ਅਮਰੀਕਾ ਦਾ 'ਕੁਆਡ' ਗੱਠਜੋੜ ਰਾਹੀਂ ਭਾਰਤ ਨੂੰ ਚੀਨ ਵਿਰੁੱਧ ਆਪਣੇ ਵੱਲ ਘੜੀਸਣ ਵਾਲਾ ਫੰਡਾ ਚੱਲਿਆ ਨਹੀਂ। ਲੱਗਦਾ ਹੈ ਕਿ 'ਬਰਿਕਸ' (ਬਰਾਜ਼ੀਲ ਰੂਸ ਇੰਡੀਆ ਚੀਨ ਸਾਊਥ ਅਫਰੀਕਾ) ਗੱਠਜੋੜ ਭਾਰਤ-ਚੀਨ ਵਿਵਾਦ ਦੇ ਖੱਪਖਾਨੇ ਨੂੰ ਲੜਾਈ ਵੱਲ ਨੂੰ ਨਹੀਂ ਜਾਣ ਦੇਵੇਗਾ। ਇਸ ਵਿਚ ਵਿਦੇਸ਼ ਮੰਤਰੀ ਜੈ ਸ਼ੰਕਰ ਦੀ ਲਿਆਕਤ ਦੀ ਵੀ ਖਾਸ ਭੂਮਿਕਾ ਦਿੱਸਦੀ। ਐਟਮੀ ਤਾਕਤਾਂ ਵਿਚੋਂ ਫਿਲਹਾਲ ਭਾਰਤ ਪਾਕਿਸਤਾਨ ਕਿਸੇ ਪਾਸੇ ਨਹੀਂ ਤੁੱਲੇ। ਆਮ ਸੁਣੀਂਦਾ ਹੈ ਕਿ ਇਹ ਜੋ ਤੀਜੀ ਐਟਮੀ ਸੰਸਾਰ ਜੰਗ ਹੋਵੇਗੀ, ਇਸ ਵਿਚ ਕੁੱਲ ਦੁਨੀਆਂ ਤਬਾਹ ਹੋ ਜਾਵੇਗੀ, ਕੋਈ ਨਹੀਂ ਬਚੇਗਾ। ਪਰ ਮੇਰਾ ਖਿਆਲ ਹੈ ਕਿ ਇਸ ਵਿਚ ਸਾਰੇ ਅਫਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਨੂੰ ਕੁਛ ਨੀ ਹੋਵੇਗਾ। ਉਹ ਇਹਨਾਂ ਜੰਗੀ ਵਿਵਾਦਾਂ ਵਿਚ ਕਿਸੇ ਬੰਨੇ ਧਿਰ ਨਹੀਂ ਬਣੇ। ਬਹੁਤ ਸਾਰੇ ਏਸ਼ੀਅਨ ਮੁਲਕ ਵੀ ਜਾਨੀ ਨੁਕਸਾਨ ਤੋਂ ਬਚੇ ਹੀ ਰਹਿਣਗੇ। ਭਾਰਤ ਦਾ ਵੀ ਬਚਾਅ ਹੀ ਰਹੂ ਜਾਪਦਾ ਜਿਵੇਂ ਪਹਿਲੇ ਸਮਿਆਂ ਵਿਚ ਧਰਤੀ ਉੱਤੇ ਕਾਬਜ ਅਤੇ ਜੰਗਾਂ 'ਚ ਉਲਝਦੇ ਰਹੇ ਪਰਸ਼ੀਆ ਸਲਤਨਤ, ਯੂਨਾਨੀ, ਰੋਮ ਸਲਤਨਤ, ਤੁਰਕ, ਬ੍ਰਿਟਿਸ਼, ਜਪਾਨ, ਫਰਾਂਸ, ਜਰਮਨ, ਆਸਟਰੀਆ, ਇਟਲੀ, ਸਪੇਨ ਅੱਜ ਫੌਜੀ ਪੱਖੋਂ ਨਿੱਸਲ ਹੋਏ ਬੈਠੇ ਹਨ। ਕਿਤੇ ਜ਼ਿਆਦਾ ਕੁਸਕਦੇ ਨਹੀਂ। ਹੁਣ ਵਾਲੇ ਜੰਗੀ ਭਲਵਾਨਾਂ ਨੂੰ ਵੀ ਇਤਹਾਸ ਤੋਂ ਸਬਕ ਲੈਂਦਿਆਂ ਕੁਛ ਅਕਲ ਕਰਨੀ ਚਾਹੀਦੀ ਹੈ।

ਇਸ ਹਾਲਾਤ 'ਚ ਭਾਰਤ ਪਾਕਿਸਤਾਨ ਦੀ ਕਿਸੇ ਹੋਰ ਮੁਲਕ ਨਾਲ ਜੰਗ ਦੀ ਸੰਭਾਵਨਾ ਨਹੀਂ। ਦੋਵਾਂ ਦੇਸ਼ਾਂ ਦੇ ਹੀ ਕਰੋੜਾਂ ਲੋਕ ਦੋ ਡੰਗ ਦੀ ਰੋਟੀ ਨੂੰ ਤਰਸ ਰਹੇ ਨੇ। ਇਹ ਹਉਮੈ ਅਤੇ ਚੋਣਾਂ ਜਿੱਤਣ ਵਰਗੀਆਂ ਸਵਾਰਥੀ ਗਿਣਤੀਆਂ ਮਿਣਤੀਆਂ ਛੱਡ ਕੇ ਕਿਸੇ ਵੀ ਕੀਮਤ ਤੇ ਸਬੰਧ ਸੁਧਾਰ ਲੈਣ, ਅਤੇ ਬਰੂਦੀ ਦੌੜ ਤੋਂ ਬਚ ਕੇ ਤਰੱਕੀ ਕਰਨ ਵੱਲ ਧਿਆਨ ਦੇਣ, ਤਾਂ ਚੰਗੇ ਰਹਿਣਗੇ। ਭਾਰਤ, ਅਫਰੀਕਾ, ਲਾਤੀਨੀ ਅਮਰੀਕਾ ਤੇ ਕੁਝ ਅਰਬ ਦੇਸ਼ ਅਜੇ ਵੀ ਅਮਨ ਲਈ ਆਵਾਜ਼ ਬੁਲੰਦ ਕਰਨ ਦੀ ਸਥਿਤੀ ਵਿਚ ਹਨ। ਭਾਵੇਂ ਕਿ ਇਹ ਵੀ ਸਮੇਂ ਦਾ ਸੱਚ ਹੈ ਕਿ ਹਥਿਆਰਾਂ ਦੀ ਦੌੜ ਕਦੀ ਵੀ ਖਤਮ ਨਹੀਂ ਹੋਣੀ, ਹੋਰ ਵਧਣੀ। ਤਾਂ ਫਿਰ ਚਲੋ 'ਮੱਛੀ ਪੱਥਰ ਚੱਟ ਕੇ ਹੀ ਮੁੜਦੀ' ਵਾਲੀ ਲੋਕ ਕਹਾਵਤ ਤਾਂ ਫਿਰ ਅਖੀਰੀ ਆਪਣਾ ਕੰਮ ਕਰੂਗੀ ਹੀ।




ਡਾ. ਕੁਲਦੀਪ ਸਿੰਘ
98151-15429

## ਕਾਰਲ ਮਾਰਕਸ ਦੇ ਜਨਮ 'ਤੇ

# ਚਿੰਤਕ ਜੋ ਦੁਨੀਆ ਦਾ ਰਾਹ ਦਰਸਾਵਾ...

*'ਸਰੋਕਾਰਾਂ ਦੀ ਆਵਾਜ਼' ਅਜਿਹੀ ਅਵਾਜ਼ ਹੈ ਜਿਹੜੀ ਲਗਾਤਾਰ ਦੁਨੀਆ ਦੇ ਹਰੇਕ ਕੋਨੇ 'ਤੇ ਕਿਰਤ ਕਰਨ ਵਾਲੇ ਲੋਕਾਂ ਅਤੇ ਵਿਚਾਰਵਾਨਾ ਨੂੰ ਆਪਣਾ ਹਿਸਾ ਸਮਝਦੀ ਹੈ ਅਤੇ ਉਨ੍ਹਾਂ ਦੇ ਸੰਘਰਸ਼ਾਂ ਨੂੰ ਅਵਾਜ਼ ਦਿੰਦੀ ਹੈ ਕਿ ਆਪੋ-ਆਪਣੇ ਖਿੱਤਿਆਂ ਵਿਚ ਛੋਟੀਆਂ-ਛੋਟੀਆਂ ਤੰਦਾਂ, ਸੋਚਾਂ, ਹੱਦਬੰਦੀਆਂ ਅਤੇ ਲੜਾਈਆਂ ਨੂੰ ਪਰ੍ਹੇ ਵਗਾ ਮਾਰਕੇ ਸਭ ਤੋਂ ਵੱਡੀ ਲੜਾਈ ਲਈ ਇਕਜੁਟ ਹੋਈਏ ਕਿ ਇਸ ਧਰਤੀ 'ਤੇ ਲੋਕਾਂ ਦਾ ਰਾਜ ਜੋ ਸਿਰਫ਼ ਤੇ ਸਿਰਫ਼ ਸਮਾਜਵਾਦੀ ਮਾਡਲ ਹੀ ਹੈ ਉਸ ਨੂੰ ਵਿਕਸਿਤ ਕਰਨ ਲਈ ਸਾਹਿਤ, ਸਭਿਆਚਾਰ, ਕਲਾਵਾਂ, ਵਿਧਾਵਾਂ, ਵਿਚਾਰਧਾਰਾਵਾਂ, ਰਾਜਨੀਤੀ, ਆਰਥਿਕਤਾ ਆਦਿ ਦੀ ਚੀਰਫਾੜ ਕਰਕੇ ਇਕ ਅਜਿਹਾ ਬੌਧਿਕ ਖੇਤਰ ਵਿਕਸਿਤ ਕਰੀਏ ਤਾਂ ਕਿ ਦੁਨੀਆ ਭਰ ਵਿਚ ਇਕਜੁਟ ਅਜਿਹੀ ਸੋਚ ਉਤਪੰਨ ਹੋ ਸਕੇ ਜਿਸ ਨਾਲ ਇਸ ਧਰਤੀ ਤੋਂ ਸਰਮਾਏਦਾਰੀ ਦਾ ਹੂੰਝਾ ਫੇਰਿਆ ਜਾ ਸਕੇ। ਇਸ ਸੋਚ ਨੂੰ ਅਗਾਂਹ ਵਿਕਸਿਤ ਕਰਨ ਲਈ ਅਸੀਂ ਕਾਰਲ ਮਾਰਕਸ ਦੇ ਜਨਮ ਦਿਨ ਦੀਆਂ ਜਿਥੇ ਤੁਹਾਨੂੰ ਮੁਬਾਰਕਾਂ ਦਿੰਦੇ ਹਾਂ, ਉਥੇ ਉਨ੍ਹਾਂ ਦੇ ਦਿਨ 'ਤੇ ਆਪੋ ਆਪਣੇ ਥਾਵਾਂ 'ਤੇ ਮਾਰਕਸ ਨੂੰ 5 ਮਈ ਨੂੰ ਯਾਦ ਕਰੀਏ। - ਸੰਪਾਦਕ*



"ਕਾਰਲ ਮਾਰਕਸ ਵਿਦਵਾਨ ਸੀ, ਚਿੰਤਕ ਸੀ, ਅਰਥ ਵਿਗਿਆਨ ਦਾ ਮਾਹਿਰ ਸੀ, ਸਾਹਿਤ ਅਤੇ ਸਭਿਆਚਾਰ ਦੀਆਂ ਬਾਰੀਕੀਆਂ ਨੂੰ ਉਧੇੜਨ ਵਾਲਾ ਸੀ, ਸਮਾਜਿਕ ਤਬਦੀਲੀ ਲਈ ਕਾਰਜਸ਼ੀਲ ਸੀ ਪ੍ਰੰਤੂ ਸਭ ਤੋਂ ਵੱਡਾ ਉਹ ਪ੍ਰਤੀਬੱਧ ਇਨਕਲਾਬੀ ਸੀ।" ਉਪਰੋਕਤ ਸ਼ਬਦ ਐਂਗਲਜ਼ ਨੇ ਉਸ ਦੇ ਆਖਰੀ ਮੌਕੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ। ਜਿਸ ਦਾ ਭਾਵ ਸੀ ਕਿ ਉਹ ਆਪਣੇ ਸਮੁੱਚੇ ਜੀਵਨ ਸਫ਼ਰ ਦੌਰਾਨ ਬੌਧਿਕ ਵਿਚਾਰਾਂ ਤੋਂ ਲੈ ਕੇ ਕ੍ਰਾਂਤੀਕਾਰੀ ਲੜਾਈਆਂ ਤੱਕ ਬਿਨਾਂ ਕਿਸੇ ਸਮਝੌਤੇ ਦੇ ਕੁੱਦ ਪੈਂਦਾ ਸੀ। ਜਿਸ ਨੇ ਤਾਉਮਰ ਸਮਾਜ ਨੂੰ ਸਮਝਣ ਅਤੇ ਉਸ ਨੂੰ ਬਦਲਣ ਵਾਸਤੇ ਲਗਾ ਦਿੱਤੀ। ਹਾਲਾਂਕਿ ਜਦੋਂ ਮਾਰਕਸ ਨੇ ਦਸਵੀਂ ਪਾਸ ਕੀਤੀ ਤਾਂ ਉਸ ਨੇ ਫੈਸਲਾ ਕਰ ਲਿਆ ਸੀ ਕਿ ਉਹ ਨਿੱਜ ਨਾਲੋਂ ਸਮਾਜ ਨੂੰ ਪਹਿਲ ਦੇਵੇਗਾ ਅਤੇ ਸਮਾਜਿਕ ਤਬਦੀਲੀ ਲਈ ਆਪਣਾ ਸਾਰਾ ਕੁਝ ਸਮਰਪਿਤ ਕਰ ਦੇਵੇਗਾ। ਇਸ ਕਰਕੇ ਕਾਰਲ ਮਾਰਕਸ ਨੇ ਜਿਥੇ ਜ਼ਿੰਦਗੀ ਦੇ ਮੁਢਲੇ ਵਰ੍ਹਿਆਂ ਵਿਚ ਹੀ 1844 ਵਿਚ ਫਿਲਾਸਫੀਕਰਨ ਮੈਨੂਸਕਰੈਪਟ ਲਿਖ ਦਿੱਤੇ ਸੀ ਕਿ ਕਿਸ ਤਰ੍ਹਾਂ ਪੂੰਜੀ ਦੇ ਚੱਲਣ ਢੰਗ ਵਿਚ ਮਨੁੱਖ ਬਹੁਤ ਗਰੀਬ ਬਣ ਜਾਂਦਾ ਹੈ। ਲਗਾਤਾਰ ਉਹ ਬੇਗਾਨਿਆਂ ਵਾਂਗ ਮਹਿਸੂਸ ਕਰਦਾ ਹੈ ਕਿ ਚਾਰੇ ਪਾਸੇ ਉਸ ਵਿਚੋਂ ਇਨਸਾਨੀ ਗੁਣ ਅਤੇ ਕਲਾਵਾਂ ਖਤਮ ਹੋ ਜਾਂਦੀਆਂ ਹਨ। ਇਸ ਆਧਾਰ ਨੇ ਉਸ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਕਿਹੜੀ ਅਜਿਹੀ ਪਦਾਰਥਿਕ ਸ਼ਕਤੀ ਹੈ ਜਿਹੜੀ ਉਸ ਨੂੰ ਗਰੀਬ ਬਣਾ ਦਿੰਦੀ ਹੈ। ਇਸ ਦੀਆਂ ਤੈਆਂ ਫਰੋਲਣ ਲਈ ਆਪਣੀ ਬੌਧਿਕ ਪ੍ਰਕਿਰਿਆ ਇਸ ਤਰ੍ਹਾਂ ਸ਼ੁਰੂ ਕੀਤੀ ਕਿ ਪਹਿਲਾਂ ਜਰਮਨ ਦੀ ਫਿਲਾਸਫੀ ਜਿਸ ਉਪਰ ਹੀਗਲ ਦੀ ਛਾਪ ਸੀ ਉਸ ਵਿਚਲੇ ਪਹਿਲੂਆਂ ਨੂੰ ਵਾਚਿਆ ਤੇ ਆਪਣਾ ਇਤਿਹਾਸਕ ਪਦਾਰਥਵਾਦ ਦਾ ਢੰਗ ਤਰੀਕਾ ਦਵੰਦਮਈ ਪ੍ਰਕਿਰਿਆ ਰਾਹੀਂ ਕਿਸ ਤਰ੍ਹਾਂ ਫਿਲਾਸਫੀ ਦੁਨੀਆ ਨੂੰ ਸਮਝਣ ਸਕਦੀ ਹੈ ਇਸ ਕਰਕੇ ਉਸ ਨੇ ਫਿਲਾਸਫੀ ਦੇ ਖੇਤਰ ਵਿਚ ਸਭ ਤੋਂ ਪਹਿਲਾਂ ਆਪਣੇ ਵਿਚਾਰਧਾਰਕ ਸੰਦ ਵਿਕਸਿਤ ਕੀਤੇ। ਉਸ ਉਪਰੰਤ ਜਿਸ ਕਿਸਮ ਨਾਲ ਫਰਾਂਸ ਦੇ ਖਿਆਲੀ ਵਿਚਾਰਵਾਨ ਸੋਹਜ, ਸਾਹਿਤ ਅਤੇ ਕਲਾਵਾਂ ਨੂੰ ਸਮਝਾਉਂਦੇ ਸੀ ਅਤੇ ਇਕ ਖਿਆਲੀ ਕਿਸਮ ਦਾ ਸੰਸਾਰ ਸਿਰਜਨ ਦਾ ਵਿਚਾਰ ਦਿੰਦੇ ਸੀ ਉਨ੍ਹਾ ਦਾ ਆਲੋਚਨਾਤਮਿਕ ਅਧਿਐਨ ਕੀਤਾ ਕਿ ਕਿਸ ਕਿਸਮ ਨਾਲ ਉਨ੍ਹਾਂ ਦੇ ਢੰਗ ਤਰੀਕੇ ਵਿਚ ਖੜੋਤ ਹੈ ਅਤੇ ਖਾਲੀਪਣ ਹੈ। ਇਸੇ ਤਰ੍ਹਾਂ ਅਰਥਸ਼ਾਸਤਰੀ ਜਿਨ੍ਹਾਂ ਦਾ ਕੇਂਦਰ ਇੰਗਲੈਂਡ ਸੀ ਚਾਹੇ ਉਹ ਰਿਕਾਰਡੋ ਸੀ ਚਾਹੇ ਐਡਮ ਸਮਿਥ ਸੀ ਅਤੇ ਇਥੋਂ ਤੱਕ ਮੈਲਥੀਐਸ ਸੀ ਆਦਿ ਵੱਖ-ਵੱਖ ਢੰਗਾਂ ਰਾਹੀਂ ਅਰਥਚਾਰਿਆਂ ਨੂੰ ਦਰਸਾਉਂਦੇ ਸੀ ਉਨ੍ਹਾਂ ਦੀਆਂ ਕਮਜ਼ੋਰ ਕੜੀਆਂ ਫੜ ਕੇ ਮਾਰਕਸ ਨੇ ਦਾਸ ਕੈਪੀਟਲ ਲਿਖਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਕਿ ਕਿਸ ਤਰ੍ਹਾਂ ਸਰਮਾਏਦਾਰੀ ਪ੍ਰਬੰਧ ਹਰ ਚੀਜ਼ ਨੂੰ ਵਸਤੂ ਬਣਾ ਲੈਂਦਾ ਹੈ ਅਤੇ ਉਸ ਨੂੰ ਮੰਡੀਆਂ ਰਾਹੀਆਂ ਵੇਚਦਾ ਹੈ ਅਤੇ ਜਿਸ ਦਾ ਇਨ੍ਹਾਂ ਉਪਰ ਕੰਟਰੋਲ ਹੋ ਜਾਂਦਾ ਹੈ ਉਹ ਮਜ਼ਦੂਰ ਦੀ ਕਿਰਤ ਨੂੰ ਲੁੱਟਦੇ ਹਨ ਅਤੇ ਆਪ ਵੱਡੇ ਮੁਨਾਫ਼ੇ ਕਮਾ ਕੇ ਆਪਣੇ ਘਰ ਭਰਦੇ ਹਨ ਅਤੇ ਇਕ ਕਿਸਮ ਨਾਲ ਗਰੀਬੀ ਅਤੇ ਅਮੀਰੀ ਵਿਚ ਇਕ ਵੱਡੀ ਖਾਈ ਉਤਪੰਨ ਕਰ ਦਿੰਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਉਸ ਕਿਸਮ ਦਾ ਸਿਧਾਂਤ ਵਿਕਸਿਤ ਕੀਤਾ ਜਿਸ ਕਿਸਮ ਨਾਲ ਗਲੀਲੀਓ ਨੇ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਕੀਤਾ ਸੀ। ਮਾਰਕਸ ਨੇ ਕਿ ਜਦੋਂ ਤੱਕ ਸਰਮਾਏਦਾਰੀ ਰਹੇਗੀ ਉਹ ਗਰੀਬੀ ਅਤੇ ਅਮੀਰੀ ਨੂੰ ਪੈਦਾ ਕਰਦੀ ਰਹੇਗੀ। ਇਸ ਕਰਕੇ ਸਰਮਾਏਦਾਰੀ ਪ੍ਰਬੰਧ ਵਿਚ ਲਗਾਤਾਰ ਜਮਾਤਾਂ ਅਤੇ ਜਮਾਤੀ ਸੰਘਰਸ਼ ਉਤਪੰਨ ਹੁੰਦੇ ਰਹਿਣਗੇ। ਇਹ ਹਕੀਕਤ ਅੱਜ ਦੁਨੀਆ ਦੇ ਹਰੇਕ ਕੋਨੇ 'ਤੇ ਹੈ। ਸਰਮਾਏਦਾਰ ਜਿਥੇ ਵੀ ਉਨ੍ਹਾਂ ਨੂੰ ਨਫਾ ਦਿਖਾਈ ਦਿੰਦਾ ਹੈ ਉਹ ਜੰਗਾਂ ਰਾਹੀਂ ਜਾਂ ਕੁਦਰਤੀ ਸਰੋਤਾਂ ਦੀ ਤਬਾਹੀ ਕਰਕੇ ਜਾਂ ਵੱਖ-ਵੱਖ ਦੇਸ਼ਾਂ ਵਿਚ ਹਰੇਕ ਕਿਸਮ ਦੀ ਮਾਨਵੀ ਸ਼ਕਤੀ ਨੂੰ ਮੰਡੀ ਦੀ ਵਸਤੂ ਸਮਝਕੇ ਵੇਚਦੇ ਤੇ ਖਰੀਦਦੇ ਹਨ। ਅਜੋਕੀ ਹਕੀਕਤ ਇਹ ਹੈ ਕਿ ਸਿੱਖਿਆ ਤੋਂ ਲੈ ਕੇ ਲੋਕਾਂ ਦੀ ਰੋਜ਼ਮਰਾਂ ਦੀ ਹਰੇਕ ਵਸਤੂ ਮੰਡੀ ਦੀ ਤਾਕਤ ਤੇ ਕੰਟਰੋਲ ਵਿਚ ਆ ਚੁੱਕੀ ਹੈ ਜਿਸ ਕਰਕੇ ਦੁਨੀਆ ਭਰ ਦੇ ਕਿਰਤੀ ਸਿਰਫ਼ ਤੇ ਸਿਰਫ਼ ਆਪਣੀ ਕਿਰਤ ਵੇਚਦੇ ਹਨ ਅਤੇ ਗੁਜ਼ਾਰਾ ਕਰਦੇ ਹਨ। ਇਸ ਕਰਕੇ ਹੀ ਦੁਨੀਆ ਦਾ ਕੋਈ ਕੋਨਾ ਅਜਿਹਾ ਨਹੀਂ ਜਿਥੇ ਮਜ਼ਦੂਰ ਆਪੋ ਆਪਣੇ ਢੰਗਾਂ ਨਾਲ ਲੜਾਈਆਂ ਨਾ ਲੜ ਰਹੇ ਹੋਣ। ਇਹ ਮਾਰਕਸ ਵਲੋਂ ਦੋ ਦਹਾਕੇ ਲਗਾਤਾਰ ਲਾਇਬ੍ਰੇਰੀਆਂ ਵਿਚ ਬੈਠ ਕੇ ਅਤੇ ਆਪਣੀ ਜ਼ਿੰਦਗੀ ਦੇ ਹੁਸੀਨ ਵਰ੍ਹੇ 67 ਹਜ਼ਾਰ ਕਿਤਾਬਾਂ ਪੜ੍ਹ ਕੇ ਅਤੇ ਉਨ੍ਹਾਂ ਦੇ ਵਿਸ਼ਲੇਸਣ ਕਰਕੇ ਜੋ ਦਾਸ ਕੈਪੀਟਲ ਦੀ ਸਿਰਜਨਾ ਕੀਤੀ ਇਸ ਕਰਕੇ ਮਾਰਕਸ ਨੂੰ ਅੱਜ ਦੁਨੀਆ ਦਾ ਵੱਡਾ ਚਿੰਤਕ ਸਮਝਿਆ ਜਾਂਦਾ ਹੈ।

ਇਸ ਤੋਂ ਵੀ ਅਗਾਂਹ ਉਨ੍ਹਾਂ ਆਪਣੀ ਜ਼ਿੰਦਗੀ ਦੇ ਆਖਰੀ ਵਰ੍ਹੇ ਸੋਵੀਅਤ ਯੂਨੀਅਨ ਨੂੰ ਸਮਝਣ ਲਈ ਰੂਸੀ ਭਾਸ਼ਾ ਵੀ ਸਿੱਖੀ ਅਤੇ ਉਥੋਂ ਦੀਆਂ ਲੜਾਈਆਂ ਨੂੰ ਨੇੜਿਓਂ ਵੇਖ ਰਹੇ ਸਨ। ਉਨ੍ਹਾਂ ਨੂੰ ਜਾਪ ਰਿਹਾ ਸੀ ਕਿ ਆਉਣ ਵਾਲੇ ਤਬਦੀਲੀ ਦੇ ਕੇਂਦਰ ਇਹ ਮੁਲਕ ਬਣਨਗੇ। ਇਹ ਸੱਚਾਈ ਵੀ ਹੋਈ ਕਿ ਦੁਨੀਆ ਦਾ ਸਭ ਤੋਂ ਵੱਡਾ ਪਹਿਲਾ ਤਜਰਬਾ ਰੂਸ ਵਿਚ ਇਨਕਲਾਬ ਹੋਇਆ। ਕਿਰਤ ਕਰਨ ਵਾਲੇ ਲੋਕਾਂ ਨੂੰ 60-70 ਸਾਲ ਰਾਜ ਕੀਤਾ। ਇਸੇ ਲੜੀ 'ਚ ਹੀ ਚੀਨ ਵਿਚ ਇਨਕਲਾਬ ਹੋਇਆ ਅਤੇ ਬਹੁਤ ਮੁਲਕਾਂ ਵਿਚ ਸਾਮਰਾਜ ਜੋ ਕਿ ਬਰਤਾਨਵੀ ਸੀ ਉਸ ਤੋਂ ਛੁਟਕਾਰਾ ਪਾਇਆ ਅਤੇ ਅਜ਼ਾਦ ਹੋਏ। ਮਾਰਕਸ ਨੂੰ ਸਿਰਫ ਅਰਥ ਬਾਰੀਕੀਆਂ ਸਮਝਣ ਵਾਲੇ ਦੇ ਤੌਰ 'ਤੇ ਹੀ ਨਹੀਂ ਦੇਖਣਾ ਚਾਹੀਦਾ ਉਹ ਸਮਾਜਿਕ ਤਬਦੀਲੀ ਦੇ ਮਾਡਲ ਸਮਾਜਵਾਦ ਦਾ ਵੀ ਵਾਹਕ ਸੀ। ਇਸ ਕਰਕੇ ਉਨ੍ਹਾਂ ਦੀਆਂ ਬਹੁਗਿਣਤੀ ਲਿਖਤਾਂ ਅਤੇ ਪੱਤਰਵਿਹਾਰ ਵਿਚ ਰਾਜਨੀਤੀ ਦਿਖਾਈ ਦਿੰਦੀ ਸੀ ਕਿ ਵੱਖ-ਵੱਖ ਮੁਲਕਾਂ ਨੂੰ ਕਿਸ ਤਰ੍ਹਾਂ ਸਮਝਣਾ ਹੈ ਅਤੇ ਉਥੇ ਦੇ ਪੈਦਾਵਾਰ ਦੇ ਢੰਗ ਤਰੀਕੇ ਕਿਹੜੇ ਕਿਹੜੇ ਹਨ ਅਤੇ ਉਨ੍ਹਾਂ ਮੁਲਕਾਂ ਵਿਚ ਕਿਸ ਕਿਸਮ ਦੀਆਂ ਤਬਦੀਲੀਆਂ ਹੋ ਸਕਦੀਆਂ ਹਨ। ਇਸ ਕਰਕੇ ਉਹ ਭਾਰਤ ਵਰਗੇ ਦੇਸ਼ ਦੇ ਪੈਦਾਵਾਰੀ ਰਿਸ਼ਤਿਆਂ ਨੂੰ ਏਸ਼ੀਆਟਿਡ ਮੋਡ ਕਿਹਾ ਕਰਦੇ ਸਨ ਕਿ ਇਥੇ ਬਹੁਤ ਕੁਝ ਅਜਿਹਾ ਹੈ ਜਿਸ ਵਿਚ ਸਮੂਹਿਕ ਇਕੱਤਰਾ ਵੀ ਹੈ ਅਤੇ ਵੰਡ ਵੀ ਹੈ। ਜੇ ਇਹ ਮੁਲਕ ਸਰਮਾਏਦਾਰੀ ਦੇ ਰਸਤੇ 'ਤੇ ਤੁਰ ਗਏ ਤਾਂ ਇਨ੍ਹਾਂ ਦਾ ਹਸ਼ਰ ਵੀ ਅਜਿਹਾ ਹੀ ਹੋਵੇਗਾ। ਇਸ ਕਰਕੇ ਮਾਰਕਸ ਦੀ ਸਭ ਤੋਂ ਵੱਡੀ ਸਮਝਦਾਰੀ ਅਤੇ ਸੋਚ ਵਿਚ ਇਕ ਰਾਜਨੀਤਕ ਪ੍ਰੋਜੈਕਟ ਵੀ ਪਿਆ ਸੀ ਕਿ ਜਦੋਂ ਜਮਾਤੀ ਸੰਘਰਸ਼ ਸ਼ੁਰੂ ਹੁੰਦੇ ਹਨ ਤਾਂ ਸੱਤਾ ਦਾ ਸਵਾਲ ਕੇਂਦਰ 'ਤੇ ਆ ਜਾਂਦਾ ਹੈ ਜੇ ਸੱਤਾ ਕਿਰਤੀਆਂ ਦੇ ਹੱਥ ਵਿਚ ਆ ਜਾਵੇ ਤਾਂ ਉਹ ਸਮਾਜ ਦਾ ਸਮੁੱਚਾ ਤਾਣਾ-ਬਾਣਾ ਬਦਲ ਸਕਦੇ ਹਨ।

ਇਸ ਕਰਕੇ ਉਨ੍ਹਾਂ ਨੇ ਪੈਰਿਸ ਕਮਿਊਨ ਬਾਰੇ ਸਪਸ਼ਟ ਕਿਹਾ ਸੀ ਕਿ ਇਹ ਤਜਰਬਾ ਹੈ ਕਿ ਕਿਸ ਤਰ੍ਹਾਂ ਸੱਤਾ ਤੋਂ ਕਿਰਤੀ ਲੋਕ ਸਦੀਆਂ ਤੋਂ ਬਣੇ ਆ ਰਹੇ ਹੁਕਮਰਾਨਾ ਨੂੰ ਉਖੇੜ ਸਕਦੇ ਹਨ। ਕਈ ਵਾਰੀ ਮਾਰਕਸ ਇਸ ਗੱਲ ਤੋਂ ਖਫ਼ਾ ਹੋ ਜਾਂਦੇ ਸੀ ਜਦੋਂ ਉਨ੍ਹਾਂ ਦੀ ਸਮਝ ਅਤੇ ਸੋਚ ਨੂੰ ਕੱਟੜਤਾ ਜਾਂ ਧਾਰਮਿਕ ਕਿਸਮ ਨਾਲ ਸਮਝਿਆ ਜਾਂਦਾ ਸੀ। ਉਹ ਇਥੋਂ ਤੱਕ ਕਹਿੰਦੇ ਸਨ ਕਿ ਜੇ ਇਹ ਤੁਹਾਡਾ ਮਾਰਕਸਵਾਦ ਹੈ ਤਾਂ ਮੈਂ ਕੋਈ ਮਾਰਕਸਵਾਦੀ ਨਹੀਂ ਕਿਉਂਕਿ ਉਹ ਉਨ੍ਹਾਂ ਦੀ ਵਿਧੀ ਸੀ ਕਿ ਆਪਣੇ ਮੁਲਕ ਦੇ ਪੈਦਾਵਾਰੀ ਰਿਸ਼ਤਿਆਂ, ਸਭਿਆਤਾਵਾਂ ਅਤੇ ਰਾਜ ਦੇ ਆਪਸੀ ਸਬੰਧਾਂ ਨੂੰ ਸਮਝਕੇ ਹੀ ਤਬਦੀਲੀ ਹੋ ਸਕਦੀ ਹੈ। ਹਰੇਕ ਖਿੱਤੇ ਅਤੇ ਇਲਾਕੇ ਵਿਚ ਲਗਾਤਾਰ ਵੱਖ-ਵੱਖ ਪੱਧਰ 'ਤੇ ਤਬਦੀਲੀਆਂ ਹੁੰਦੀਆਂ ਰਹੀਆਂ ਹਨ ਇਸ ਕਰਕੇ ਤੁਸੀਂ ਮਾਰਕਸਵਾਦੀ ਤਾਂ ਹੋ ਜੇ ਆਪਣੇ ਮੁਲਕ ਦੇ ਹਲਾਤਾਂ ਦਾ ਸਹੀ ਢੰਗ ਨਾਲ ਵਿਸ਼ੇਲਸ਼ਣ ਕਰਕੇ ਹੋ ਅਤੇ ਉਸ ਨੂੰ ਤਬਦੀਲ ਕਰਨ ਲਈ ਵੱਖ-ਵੱਖ ਪੱਧਰ 'ਤੇ ਜਮਾਤੀ ਸੰਘਰਸ਼ ਵਿਕਸਿਤ ਕਰਦੇ ਹੋ ਜਿਸ ਵਿਚ ਕਿਰਤੀਆਂ ਦੀ ਸੱਤਾ ਦਾ ਸਵਾਲ ਕੇਂਦਰ ਵਿਚ ਹੋਵੇ।

ਪਰ ਇਤਿਹਾਸਕ ਤਰਾਸਦੀ ਇਹ ਰਹੀ ਕਿ ਮਾਰਕਸ ਦੇ ਨਾਂ ਹੇਠ ਕਈ ਕਿਸਮ ਦੇ ਹਿੱਸੇ ਜਾਂ ਸੋਚਾਂ ਪੈਦਾ ਹੋ ਗਈਆਂ ਜਿਨ੍ਹਾਂ ਦਾ ਮਾਰਕਸ ਦੀ ਸਮਝਦਾਰੀ ਨਾਲ ਕੋਈ ਨੇੜ ਦਾ ਸਬੰਧ ਵੀ ਨਹੀਂ ਸੀ। ਇਤਿਹਾਸ ਨੇ ਇਸ ਕਰਕੇ ਬਹੁਤ ਮੁਲਕਾਂ ਵਿਚ ਸਮਾਜਵਾਦੀ ਪ੍ਰੋਜੈਕਟ ਨੂੰ ਫੇਲ੍ਹ ਕਰ ਦਿੱਤਾ ਜਿਸ ਨੂੰ ਫੇਲ੍ਹ ਕਰਨ ਲਈ ਦੁਨੀਆ ਭਰ ਦੀ ਸਰਮਾਏਦਾਰੀ ਪਹਿਲਾਂ ਹੀ ਲੱਗੀ ਹੋਈ ਸੀ ਕਿਉਂਕਿ ਦੁਨੀਆ ਭਰ ਵਿਚ ਸਮਾਜਵਾਦੀ ਮਾਡਲ ਤੋਂ ਬਿਨਾਂ ਕੋਈ ਵੀ ਹੋਰ ਮਾਡਲ ਸੰਭਵ ਨਹੀਂ ਸੀ ਕਿਉਂਕਿ ਸਮਾਜਵਾਦੀ ਮਾਡਲ ਵਿਚ ਸੱਤਾ ਲੋਕਾਂ ਦੇ ਹੱਥ ਵਿਚ ਆ ਜਾਂਦੀ ਹੈ ਅਤੇ ਉਹ ਸਰੋਤਾਂ ਨੂੰ ਬਰਾਬਰ ਕਿਰਤੀਆਂ ਵਿਚ ਵੰਡ ਦਿੰਦੇ ਹਨ ਅਤੇ ਉਨ੍ਹਾਂ ਦਾ ਉਸ ਉਪਰ ਕੰਟਰੋਲ ਕਰ ਦਿੰਦੇ ਹਨ। ਅਜਿਹਾ ਤਜਰਬਾ ਵੱਡਾ ਸਮਾਂ ਕਿਊਬਾ ਵਿਚ ਫੀਡਲ ਕਾਸਟਰੋ ਦੀ ਅਗਵਾਈ ਵਿਚ ਹੋਇਆ ਸੀ ਅਤੇ ਉਸ ਤੋਂ ਪ੍ਰਭਾਵਤ ਹੋ ਕੇ ਲਾਤਾਨੀ ਮੁਲਕਾਂ ਜਿਨ੍ਹਾਂ ਵਿਚ ਵੈਂਨਜ਼ੂਲਾ ਅਤੇ ਬਲੀਵੀਆ ਆਦਿ ਇਨਕਲਾਬਾਂ ਦੇ ਰਾਹ 'ਤੇ ਤੁਰ ਪਏ। ਭਲਾ ਹੀ ਮੁੜ ਦੁਨੀਆ ਵਿਸ਼ਵ ਪੱਧਰ 'ਤੇ ਨਵਉਦਾਰਵਾਦ ਦੇ ਰਾਹੀਂ ਸਰਮਾਏਦਾਰੀ ਅਤੇ ਸਾਮਰਾਜ ਵਿਚ ਤਬਦੀਲ ਹੋ ਗਈ ਹੈ। ਇਸ ਕਰਕੇ ਅਜੋਕੀ ਦੁਨੀਆ ਬੜੇ ਵੱਡੇ ਨਵੇਂ ਸੰਕਟ ਵਿਚੋਂ ਗੁਜ਼ਰ ਰਹੀ ਹੈ। ਕੋਈ ਵੀ ਦੁਨੀਆ ਦਾ ਅਜਿਹਾ ਕੋਨੇ ਨਹੀਂ ਜਿਥੇ ਕਿਸੇ ਨਾ ਕਿਸੇ ਰੂਪ ਵਿਚ ਸੰਘਰਸ਼ ਨਾ ਚੱਲ ਰਹੇ ਹੋਣ। ਇਨ੍ਹਾਂ ਦੇ ਢੰਗ ਤਰੀਕੇ ਚਾਹੇ ਵੱਧ ਤਨਖਾਹਾਂ ਅਤੇ ਨੌਕਰੀਆਂ ਦੀ ਰੱਖਿਆ ਦਾ ਸਵਾਲ ਹੋਵੇ, ਚਾਹੇ ਵਾਤਾਵਰਣ ਦੀ ਰੱਖਿਆ ਦਾ ਸਵਾਲ ਹੋਵੇ, ਚਾਹੇ ਕੌਮਾਂ ਦੇ ਅਜ਼ਾਦ ਜਾਂ ਉਨ੍ਹਾਂ ਦੀ ਬਹਾਲੀ ਦਾ ਸਵਾਲ ਹੋਵੇ ਅਤੇ ਇਥੋਂ ਤੱਕ ਬਹੁਤ ਹੀ ਪਛੜੇ ਮੁਲਕਾਂ ਵਿਚ ਜਾਤੀ ਅਤੇ ਜਮਾਤੀ ਸਵਾਲ ਹੋਣ ਉਹ ਕਿਸੇ ਨਾ ਕਿਸੇ ਰੂਪ ਵਿਚ ਸੰਘਰਸ਼ਾਂ ਦਾ ਹਿੱਸੇ ਬਣੇ ਹੋਏ ਹਨ। ਜਿਨ੍ਹਾਂ ਲਈ ਵੱਖੋ-ਵੱਖਰੀਆਂ ਸੋਚਾਂ ਅਤੇ ਸਮਝਾਂ ਵਾਲੇ ਲੋਕ ਲੜ ਰਹੇ ਹਨ ਪ੍ਰੰਤੂ ਸਭ ਤੋਂ ਵੱਡਾ ਇਤਿਹਾਸਕ ਤੌਰ 'ਤੇ ਸਵਾਲ ਅਜੇ ਵੀ ਰੁਕਿਆ ਹੋਇਆ ਜਿਹੜੇ ਕਾਰਲ ਮਾਰਕਸ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਖੜ੍ਹਾ ਕੀਤਾ ਸੀ ਕਿ ਨਵੇਂ ਸਮਾਜ ਦੀ ਸਿਰਜਨਾ ਲਈ ਇਕ ਕਿਰਤੀਆਂ ਦੀ ਪਾਰਟੀ ਜ਼ਰੂਰੀ ਹੈ ਜਿਹੜੀ ਲੈਨਿਨ ਨੇ ਕਿਹਾ ਸੀ ਕਿ ਜਿੰਨਾ ਮਰਜ਼ੀ ਸੰਕਟ ਹੋਵੇ ਜੇ ਮਜ਼ਦੂਰਾਂ ਦੀ ਪਾਰਟੀ ਨਹੀਂ ਹੋਵੇਗੀ ਤਾਂ ਉਥੇ ਸਮਾਜਵਾਦੀ ਇਨਕਲਾਬ ਨਹੀਂ ਹੋ ਸਕਦੇ। ਸਮੁੱਚੀ ਦੁਨੀਆ ਵਿਚ ਇਹ ਵੱਡਾ ਸੰਕਟ ਹੈ। ਵੱਖੋ-ਵੱਖਰੇ ਢੰਗਾਂ ਨਾਲ ਭਲਾ ਛੋਟੇ-ਮੋਟੇ ਗਰੁੱਪ ਤਬਦੀਲੀ ਲਈ ਤਾਂਘ ਰਹੇ ਹਨ ਪ੍ਰੰਤੂ ਇਕਜੁਟ ਪਾਰਟੀ ਦੀ ਅਣਹੋਂਦ ਕਰਕੇ ਸੱਤਾ ਦਾ ਸਵਾਲ ਸਹੀ ਢੰਗ ਨਾਲ ਏਜੰਡੇ 'ਤੇ ਨਹੀਂ ਆ ਰਿਹਾ। ਜਿਸ ਕਿਸਮ ਨਾਲ ਰੂਸ, ਚੀਨ, ਵੀਅਤਨਾਮ ਅਤੇ ਕਿਊਬਾ ਵਿਚ ਆ ਗਿਆ ਸੀ। ਇਹ ਵੀ ਹਕੀਕਤ ਹੈ ਕਿ ਸਰਮਾਏਦਾਰੀ ਸੰਕਟਾਂ ਵਿਚੋਂ ਗੁਜ਼ਰਦੀ ਹੈ ਅਤੇ ਹਮੇਸ਼ਾ ਇਕ ਸੰਕਟ ਤੋਂ ਬਾਅਦ ਦੂਜੇ ਸੰਕਟ ਰਾਹੀਂ ਤਬਾਹੀ ਲੈ ਕੇ ਆਉਂਦੀ ਹੈ। 20ਵੀਂ ਸਦੀ ਦਾ ਇਤਿਹਾਸ ਇਹ ਰਿਹਾ ਹੈ ਕਿ ਜਦੋਂ ਸਰਮਾਏਦਾਰੀ ਸੰਕਟ ਵਿਚ ਸੀ ਉਸ ਨੇ ਵਿਸ਼ਵ ਭਰ ਦੀਆਂ ਜੰਗਾਂ ਨੂੰ ਜਨਮ ਦਿੱਤਾ। ਹੁਣ ਭਲਾ ਸਿੱਧੀ ਜੰਗ ਨਹੀਂ ਚਲ ਰਹੀ ਪ੍ਰੰਤੂ ਦੁਨੀਆ ਦਾ ਕਈ ਵੀ ਅਜਿਹਾ ਕੋਨਾ ਨਹੀਂ ਜਿਥੇ ਅਮਰੀਕਾ ਦੀ ਮਿਲਟਰੀ ਨਾ ਖੜ੍ਹੀ ਹੋਵੇ ਅਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਦਖ਼ਲ ਨਾ ਦੇ ਰਹੀ ਹੋਵੇ। ਇਸ ਕਰਕੇ ਅਜੋਕੀ ਸਰਮਾਏਦਾਰੀ ਬੇਹੱਦ ਗੰਭੀਰ ਸੰਕਟ ਵਿਚ ਹੈ। ਮਜ਼ਦੂਰ ਲੱਖਾਂ ਲੜਾਈਆਂ ਵੱਲ ਨੂੰ ਕਿਸੇ ਨਾ ਕਿਸੇ ਢੰਗ ਨਾਲ ਜੂਝ ਰਹੇ ਹਨ ਪ੍ਰੰਤੂ ਪ੍ਰਾਪਤੀ ਨਾਮਾਤਰ ਹੀ ਹੋ ਰਹੀ ਹੈ। ਦੂਸਰੇ ਪਾਸੇ ਦੁਨੀਆ ਭਰ ਦੇ ਹੁਕਮਰਾਨਾ ਨੇ ਵੱਖ-ਵੱਖ ਧਰਮਾਂ, ਇਲਾਕਿਆਂ, ਮਜ਼੍ਹਬਾਂ, ਦੇਸ਼ਾਂ ਅਤੇ ਸਰੋਤਾਂ ਦੀ ਵੰਡ ਨੂੰ ਲੈ ਕੇ ਅਜਿਹੇ ਰਾਜ ਸਥਾਪਤ ਕਰ ਲਏ ਹਨ ਜਿਨ੍ਹਾਂ ਵਿਚ ਕਾਰਪੋਰੇਟ ਘਰਾਣੇ ਅਤੇ ਹੁਕਮਰਾਨ ਜੋ ਸੱਜੇ ਪੱਖੀ ਹਨ ਉਨ੍ਹਾਂ ਦਾ ਗਠਜੋੜ ਬਣ ਚੁੱਕਾ ਹੈ।

ਜਦੋਂ ਅਸੀਂ ਮਾਰਕਸ ਨੂੰ ਯਾਦ ਕਰ ਰਹੇ ਹਾਂ ਤਾਂ ਉਸ ਵੇਲੇ ਵਿਚਾਰਧਾਰਕ ਇੰਨਾ ਭੰਬਲਭੂਸਾ ਪਿਆ ਹੋਇਆ ਹੈ ਕਿ ਕੋਈ ਆਧੁਨਿਕਤਾਵਾਦ ਦਾ ਨਾਅਰਾ ਲਾ ਰਿਹਾ ਹੈ ਤੇ ਕੋਈ ਉਤਰਾਆਧੁਨਿਕਤਾਵਾਦ ਦੀ ਵਿਚਾਰਧਾਰਾ ਵਿਕਸਿਤ ਕਰ ਰਿਹਾ ਹੈ ਅਤੇ ਕਿਸੇ ਦੇਸ਼ ਵਿਚ ਧਰਮ ਆਧਾਰਤ ਰਾਜ ਦਾ ਵਿਚਾਰ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ਸਭ ਤੋਂ ਵੱਡਾ ਸਵਾਲ ਜੋ ਮਾਰਕਸ ਨੇ ਖੜ੍ਹਾ ਕੀਤਾ ਸੀ ਕਿ ਸਰਮਾਏ ਦਾ ਜਿਸ ਕੋਲ ਕੰਟਰੋਲ ਹੋਵੇਗਾ ਉਹ ਨਹੀਂ ਚਾਹੇਗਾ ਕਿ ਜਮਾਤੀ ਸੰਘਰਸ਼ ਲੋਕਾਂ ਦੀ ਸੋਚ ਦਾ ਹਿੱਸਾ ਬਣਨ। ਇਹ ਤਾਂ ਕਿਰਤ ਕਰਨ ਵਾਲੇ ਲੋਕਾਂ ਨੇ ਸੋਚਣਾ ਹੈ ਕਿ ਕਿਸ ਢੰਗ ਨਾਲ ਜਮਾਤੀ ਸੰਘਰਸ਼ਾਂ ਨੂੰ ਕੇਂਦਰ 'ਤੇ ਰੱਖਕੇ ਸਰਮਾਏਦਾਰੀ ਪ੍ਰਬੰਧ ਦਾ ਬਦਲ ਉਸਾਰਿਆ ਜਾਵੇ ਅਤੇ ਉਸ ਦੇ ਬਰਾਬਰ ਰਾਜ ਸੱਤਾ ਜਿਸ ਦਾ ਭਾਵ ਸਮਾਜਵਾਦੀ ਮਾਡਲ ਹੈ ਉਹ ਖੜ੍ਹਾ ਕੀਤਾ ਜਾਵੇ।

ਕਾਰਲ ਮਾਰਕਸ ਨੇ ਆਪਣੇ ਸਮੁੱਚੇ ਜੀਵਨ ਨੂੰ ਜਿਥੇ ਸੰਘਰਸ਼ਾਂ ਤੋਂ ਲੈ ਕੇ ਵੱਖ-ਵੱਖ ਪੱਧਰ 'ਤੇ ਵੱਖ-ਵੱਖ ਦੇਸ਼ਾਂ ਵਿਚ ਚਲ ਰਹੀਆਂ ਲੜਾਈਆਂ ਲਈ ਲਿਖਤਾਂ ਲਿਖੀਆਂ, ਉਥੇ ਉਨ੍ਹਾਂ ਬਿਨਾਂ ਕਿਸੇ ਸਮਝੌਤੇ ਇਥੋਂ ਤੱਕ ਬੇਹੱਦ ਗਰੀਬੀ ਵਿਚ ਰਹਿੰਦਿਆਂ ਵੀ ਉਹ ਵਿਚਾਰ ਦੁਨੀਆ ਨੂੰ ਦਿੱਤੇ। ਅਜਿਹੀ ਵਿਚਾਰਧਾਰਾ ਦਿੱਤੀ ਕਿ ਜਦ ਤੱਕ ਇਸ ਧਰਤੀ 'ਤੇ ਸਰਮਾਏਦਾਰੀ ਰਹੇਗੀ ਤੇ ਲੜਨ ਵਾਲੇ ਲੋਕ ਵੀ ਲੜਦੇ ਰਹਿਣਗੇ। ਕਾਰਲ ਮਾਰਕਸ ਦੀ ਸਾਰਥਿਕਤਾ ਇਹ ਹੈ ਕਿ ਸਰਮਾਏਦਾਰੀ ਦੇ ਚੱਲਣ ਢੰਗ ਨੂੰ ਸਮਝਣ ਲਈ ਮਾਰਕਸ ਤੋਂ ਵੱਡਾ ਕੋਈ ਵੀ ਵਿਦਵਾਨ, ਵਿਚਾਰਵਾਨ ਪੈਦਾ ਨਹੀਂ ਹੋਇਆ। ਹਾਲਾਂਕਿ ਬਹੁਤ ਵਿਦਵਾਨਾਂ ਨੇ ਉਸ ਦੀਆਂ ਬੁਨਿਆਦਾਂ ਦੇ ਆਧਾਰ 'ਤੇ ਹੋਰ ਨਵੀਆਂ ਪਰਤਾਂ ਖੋਲ੍ਹੀਆਂ ਹਨ ਜਿਨ੍ਹਾਂ ਰਾਹੀਂ ਸਮਾਜ ਨੂੰ ਬਦਲਣ ਵਾਸਤੇ ਦੁਨੀਆ ਦੇ ਹਰੇਕ ਕੋਨੇ 'ਤੇ ਮਾਰਕਸਵਾਦੀ ਹਨ। ਅੱਜ ਲੋੜ ਇਸ ਗੱਲ ਦੀ ਹੈ ਕਿ ਜਿਸ ਕਿਸਮ ਨਾਲ ਮਾਰਕਸ ਆਪਣੇ ਸਮਿਆਂ ਵਿਚ ਦੁਨੀਆ ਨੂੰ ਦੇਖ ਰਿਹਾ ਸੀ, ਅਜੋਕੇ ਮਾਰਕਸਵਾਦੀ ਵੀ ਆਪਣੇ ਸਮਿਆਂ ਨੂੰ ਇਸ ਤਰ੍ਹਾਂ ਦੇਖਣ। ਅਸਲ ਵਿਚ ਇਹ ਵੀ ਮਾਰਕਸ ਦੀ ਗਿਰੀ ਹੈ। ਮਾਰਕਸ ਵਿਚ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਹ ਹਰੇਕ ਸੰਕਟ ਵਿਚ ਇਕ ਬਦਲ ਦੀ ਗੁੰਜਾਇਸ਼ ਅਤੇ ਸੰਭਾਵਨਾਵਾਂ ਫਰੋਲਦਾ ਰਹਿੰਦਾ ਸੀ। ਇਸ ਕਰਕੇ ਉਸ ਦੀ ਸਮੁੱਚੀ ਜੀਵਨ ਸਫ਼ਰ ਦੀ ਤੋਰ, ਸੋਚ ਅਤੇ ਵਿਧੀ ਨੂੰ ਵਾਰ-ਵਾਰ ਦੇਖਣਾ ਅਤੇ ਸਮਝਣਾ ਤਾਂ ਕਿ ਅਜੋਕੀ ਦੁਨੀਆ ਵਿਚ ਸਮਾਜਵਾਦੀ ਮਾਡਲ ਸਥਾਪਤ ਕੀਤੇ ਜਾਵੇ ਨਹੀਂ ਤਾਂ ਜਿਸ ਕਿਸਮ ਨਾਲ ਕੁਦਰਤੀ ਸਰੋਤਾਂ ਨੂੰ ਤਬਾਹ ਕਰਕੇ ਸਰਮਾਏਦਾਰੀ ਦੁਨੀਆ ਭਰ ਵਿਚ ਤਬਾਹੀ ਮਚਾ ਰਹੀ ਹੈ ਕਿਤੇ ਰੋਜ਼ਾ ਲਗਜ਼ਮਵਰਗ ਦੀਆਂ ਇਹ ਸਤਰਾਂ ਸੱਚੀਆਂ ਨਾ ਹੋ ਜਾਣ, "ਸਮਾਜਵਾਦ ਜਾਂ ਭਿਆਨਕ ਤਬਾਹੀ"।

-ਅਰੁੰਧਤੀ ਰਾਏ
ਅਨੁ.: ਬੂਟਾ ਸਿੰਘ ਮਹਿਮੂਦਪੁਰ

# ਕਸੂਤੀ ਹਾਲਤ: ਬੋਲਣ ਦੀ ਆਜ਼ਾਦੀ ਅਤੇ ਅਸਫ਼ਲ ਹੋ ਰਿਹਾ ਲੋਕਤੰਤਰ

[ਪਿਛਲੇ ਦਿਨੀਂ ਸਟਾਕਹੋਮ ਸਥਿਤ ਸਵੀਡਿਸ਼ ਅਕਾਦਮੀ ਵਿਖੇ 'ਥਾਟ ਐਂਡ ਟਰੁੱਥ ਅੰਡਰ ਪ੍ਰੈਸ਼ਰ' ਵਿਸ਼ੇ 'ਤੇ ਇਕ ਕਾਨਫਰੰਸ ਆਯੋਜਤ ਕੀਤੀ ਗਈ ਸੀ। 22 ਮਾਰਚ 2023 ਨੂੰ ਹੋਏ ਇਸ ਕਾਨਫਰੰਸ ਵਿਚ ਪੰਜ ਹੋਰ ਬੁਲਾਰਿਆਂ ਦੇ ਨਾਲ ਉੱਘੀ ਲੇਖਿਕਾ ਅਰੁੰਧਤੀ ਰਾਏ ਨੇ ਵੀ ਆਪਣੇ ਵਿਚਾਰ ਰੱਖੇ ਸਨ ਅਤੇ ਭਾਰਤ 'ਚ ਮੋਦੀ ਹਕੂਮਤ ਹੇਠ ਬਣ ਰਹੇ ਹਾਲਾਤ ਬਾਰੇ ਚਰਚਾ ਕੀਤੀ ਸੀ। ਇਸ ਮੌਕੇ ਦਿੱਤੇ ਬਹੁਤ ਹੀ ਮਹੱਤਵਪੂਰਨ ਭਾਸ਼ਣ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ]



ਮੈਂ ਸਵੀਡਿਸ਼ ਅਕਾਦਮੀ ਦਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਕਾਨਫਰੰਸ ਵਿਚ ਬੋਲਣ ਲਈ ਸੱਦਿਆ ਅਤੇ ਮੈਨੂੰ ਹੋਰ ਬੁਲਾਰਿਆਂ ਨੂੰ ਸੁਣਨ ਦਾ ਇਹ ਖ਼ਾਸ ਮੌਕਾ ਦਿੱਤਾ। ਇਸ ਦੀ ਯੋਜਨਾ ਦੋ ਸਾਲ ਪਹਿਲਾਂ ਉਦੋਂ ਬਣਾਈ ਗਈ ਸੀ ਜਦੋਂ ਕਰੋਨਾ ਵਾਇਰਸ ਦੀ ਵਿਸ਼ਵ-ਵਿਆਪੀ ਮਹਾਮਾਰੀ ਦੀ ਪੂਰੀ ਦਹਿਸ਼ਤ ਅਜੇ ਸਾਹਮਣੇ ਆਉਣੀ ਬਾਕੀ ਸੀ। ਅਤੇ ਜਦੋਂ ਯੂਕਰੇਨ ਉੱਪਰ ਰੂਸੀ ਹਮਲਾ ਨਹੀਂ ਹੋਇਆ ਸੀ

ਪਰ ਇਨ੍ਹਾਂ ਦੋ ਵਿਨਾਸ਼ਕਾਰੀ ਘਟਨਾਵਾਂ ਨੇ ਸਿਰਫ਼ ਉਸ ਜੋਖ਼ਮ ਨੂੰ ਹੋਰ ਡੂੰਘਾ ਹੀ ਕੀਤਾ ਹੈ ਜਿਸ ਬਾਰੇ ਅਸੀਂ ਇੱਥੇ ਵਿਚਾਰ ਕਰਨ ਲਈ ਜੁੜੇ ਹਾਂ - ਉਹ ਇਹ ਵਰਤਾਰਾ ਹੈ ਕਿ ਲੋਕਤੰਤਰ ਨੂੰ ਅਜਿਹੀ ਚੀਜ਼ ਵਿਚ ਬਦਲਿਆ ਜਾ ਰਿਹਾ ਹੈ ਜੋ ਪਛਾਣ ਤੋਂ ਪਰੇ ਹੈ ਪਰ ਉਸ ਵਿਚ ਬਹੁਤ ਹੀ ਡਰਾਉਣੇ ਰੂਪ ਵਿਚ ਪਛਾਣੇ ਹੋਏ ਰੂਪ 'ਚ ਵੀ ਨਜ਼ਰ ਆ ਰਹੇ। ਹਨ। ਦਿਨ ਬ ਦਿਨ ਬੋਲਣ ਉੱਪਰ ਪਾਬੰਦੀਆਂ ਵਧਦੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਤਰੀਕਾ ਬਹੁਤ ਪੁਰਾਣਾ ਹੈ ਅਤੇ ਬਹੁਤ ਨਵਾਂ ਵੀ। ਇਹ ਪਾਬੰਦੀਆਂ ਇਕ ਐਸੇ ਮੁਕਾਮ 'ਤੇ ਪਹੁੰਚ ਰਹੀਆਂ ਹਨ ਕਿ ਖ਼ੁਦ ਮਾਹੌਲ ਹੀ ਇਕ ਅਜਿਹੀ ਮਸ਼ੀਨ ਵਿਚ ਬਦਲ ਗਿਆ ਹੈ ਜੋ ਇਹ ਪਤਾ ਲਗਾਉਂਦਾ ਹੈ ਕਿ ਕੌਣ ਗੁੰਮਰਾਹ ਹੈ ਅਤੇ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ। ਅਸੀਂ ਤੇਜ਼ੀ ਨਾਲ ਇਕ ਅਜਿਹੀ ਥਾਂ 'ਤੇ ਪਹੁੰਚ ਗਏ ਜਾਪਦੇ ਹਾਂ ਜੋ ਇਕ ਬੌਧਿਕ ਬੰਦ ਗਲੀ ਜਾਂ ਚੁਰਾਹੇ 'ਚ ਲੱਗੇ ਜਾਮ ਵਰਗੀ ਕਸੂਤੀ ਹਾਲਤ ਹੈ।

ਮੈਂ ਆਪਣੀ ਗੱਲ ਦਾ ਆਰੰਭ ਆਪਣੇ ਸਿਰਲੇਖ 'ਚ ਅਖ਼ੀਰ 'ਚ ਕਹੀ ਗੱਲ ਤੋਂ, ਅਤੇ ਸਭ ਤੋਂ ਪਹਿਲਾਂ ਮੈਂ ਅਸਫ਼ਲ ਹੋ ਰਹੇ ਲੋਕਤੰਤਰ ਉੱਪਰ ਗੱਲ ਕਰਾਂਗੀ।

ਸਵੀਡਨ ਵਿਚ ਮੈਂ ਆਖ਼ਰੀ ਵਾਰ 2017 ਵਿਚ ਗੋਟੇਨਬਰਗ ਪੁਸਤਕ ਮੇਲੇ ਵਿਚ ਆਈ ਸੀ। ਬਹੁਤ ਸਾਰੇ ਕਾਰਕੁਨਾਂ ਨੇ ਮੈਨੂੰ ਮੇਲੇ ਦਾ ਬਾਈਕਾਟ ਕਰਨ ਲਈ ਕਿਹਾ ਕਿਉਂਕਿ ਮੇਲੇ ਵਾਲਿਆਂ ਨੇ ਬੋਲਣ ਦੀ ਆਜ਼ਾਦੀ ਦੇ ਨਾਮ 'ਤੇ ਘੋਰ ਸੱਜੇਪੱਖੀ ਨੀਯੇ ਟੀਡਰ ਅਖ਼ਬਾਰ ਨੂੰ ਆਪਣਾ ਸਟਾਲ ਲਗਾਉਣ ਦੀ ਖੁੱਲ੍ਹ ਦਿੱਤੀ ਸੀ। ਉਸ ਵਕਤ ਮੈਂ ਕਿਹਾ ਸੀ ਕਿ ਮੇਰੇ ਲਈ ਅਜਿਹਾ ਕਰਨਾ ਬਹੁਤ ਬੇਤੁਕਾ ਹੋਵੇਗਾ ਕਿਉਂਕਿ ਮੇਰੇ ਮੁਲਕ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਸ ਨੂੰ ਦੁਨੀਆ ਦੇ ਰੰਗ-ਮੰਚ ਉੱਪਰ ਬਹੁਤ ਨਿੱਘ ਨਾਲ ਬੁਲਾਇਆ ਜਾਂਦਾ ਸੀ (ਅਤੇ ਅਜੇ ਵੀ ਇਸੇ ਤਰ੍ਹਾਂ ਬੁਲਾਇਆ ਜਾਂਦਾ ਹੈ) ਆਰ.ਐੱਸ.ਐੱਸ. ਦਾ ਤਾਉਮਰ ਲਈ ਮੈਂਬਰ ਹੈ। ਇਹ ਆਰ.ਐੱਸ.ਐੱਸ. 1925 ਵਿਚ ਬਣਾਇਆ ਗਿਆ ਘੋਰ ਸੱਜੇਪੱਖੀ ਸ਼੍ਰੇਸ਼ਟਵਾਦੀ ਸੰਗਠਨ ਹੈ ਜਿਸ ਨੂੰ ਮੁਸੋਲਿਨੀ ਦੀ ਨੈਸ਼ਨਲ ਫਾਸ਼ੀਵਾਦੀ ਪਾਰਟੀ ਦੇ 'ਪੂਰੀ ਤਰ੍ਹਾਂ ਸਵੈ-ਸੇਵੀ ਨੀਮ-ਫ਼ੌਜੀ ਬਲੈਕਸ਼ਰਟਸ ਦੀ ਤਰਜ਼ 'ਤੇ' ਬਣਾਇਆ ਗਿਆ ਹੈ।

ਗੋਟੇਨਬਰਗ ਵਿਚ ਮੈਂ ਨੌਰਡਿਕ ਰਜ਼ਿਸਟੈਂਸ ਮੂਵਮੈਂਟ ਨੂੰ ਮਾਰਚ ਕਰਦੇ ਦੇਖਿਆ। ਦੂਜੇ ਆਲਮੀ ਯੁੱਧ ਤੋਂ ਬਾਦ ਯੂਰਪ ਵਿਚ ਪਹਿਲਾ ਨਾਜ਼ੀ ਜਲੂਸ। ਨੌਜਵਾਨ ਫਾਸ਼ੀਵਾਦ ਵਿਰੋਧੀਆਂ ਨੇ ਸੜਕਾਂ 'ਤੇ ਆ ਕੇ ਇਸ ਦਾ ਵਿਰੋਧ ਕੀਤਾ।

ਪਰ ਅੱਜ ਇਕ ਕੱਟੜ ਸੱਜੇ-ਪੱਖੀ ਪਾਰਟੀ ਸਵੀਡਨ ਵਿਚ ਸੱਤਾਧਾਰੀ ਗੱਠਜੋੜ ਦਾ ਹਿੱਸਾ ਹੈ, ਭਾਵੇਂ ਉਹ ਖੁੱਲ੍ਹੇਆਮ ਨਾਜ਼ੀ ਨਾ ਹੀ ਹੋਵੇ। ਅਤੇ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਆਪਣਾ ਨੌਵਾਂ ਸਾਲ ਪੂਰਾ ਕਰ ਰਿਹਾ ਹੈ।

ਅਸਫ਼ਲ ਹੋ ਰਹੇ ਲੋਕਤੰਤਰ ਦੀ ਗੱਲ ਕਰਦੇ ਹੋਏ ਮੈਂ ਮੁੱਖ ਤੌਰ 'ਤੇ ਭਾਰਤ ਬਾਰੇ ਗੱਲ ਕਰਾਂਗੀ। ਇਸ ਲਈ ਨਹੀਂ ਕਿ ਇਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ, ਸਗੋਂ ਇਸ ਲਈ ਕਿ ਇਹ ਉਹ ਧਰਤੀ ਹੈ ਜਿਸ ਨੂੰ ਮੈਂ ਪਿਆਰ ਕਰਦੀ ਹਾਂ, ਉਹ ਜਗ੍ਹਾ ਜਿਸ ਨੂੰ ਮੈਂ ਜਾਣਦੀ ਹਾਂ ਅਤੇ ਜਿੱਥੇ ਮੈਂ ਰਹਿੰਦੀ ਹਾਂ, ਉਹ ਜਗ੍ਹਾ ਜੋ ਹਰ ਰੋਜ਼ ਮੇਰਾ ਦਿਲ ਤੋੜਦੀ ਹੈ। ਅਤੇ ਇਸ ਦਾ ਇਲਾਜ ਵੀ ਕਰਦੀ ਹੈ। ਇਹ ਚੇਤੇ ਰੱਖਣਾ ਕਿ ਮੈਂ ਜੋ ਕੁਛ ਵੀ ਕਹਾਂਗੀ, ਉਹ ਮਦਦ ਦੀ ਪੁਕਾਰ ਹੈ ਕਿਉਂਕਿ ਭਾਰਤ ਵਿਚ ਅਸੀਂ ਲੋਕ ਬਖ਼ੂਬੀ ਜਾਣਦੇ ਹਾਂ ਕਿ ਕੋਈ ਮਦਦ ਨਹੀਂ ਆਵੇਗੀ। ਕੋਈ ਮਦਦ ਨਹੀਂ ਆ ਸਕਦੀ। ਇੱਥੇ ਬੋਲਦੇ ਹੋਏ ਮੈਂ ਤੁਹਾਨੂੰ ਇਕ ਅਜਿਹੇ ਮੁਲਕ ਬਾਰੇ ਦੱਸ ਰਹੀ ਹਾਂ ਜੋ ਆਪਣੀਆਂ ਖ਼ਾਮੀਆਂ ਦੇ ਬਾਵਜੂਦ ਇਕ ਸਮੇਂ ਵਿਲੱਖਣ ਸੰਭਾਵਨਾਵਾਂ ਨਾਲ ਭਰਪੂਰ ਸੀ, ਇਕ ਅਜਿਹਾ ਮੁਲਕ ਜਿਸ ਨੇ ਖ਼ੁਸ਼ਹਾਲੀ, ਸਬਰ-ਸੰਤੋਖ, ਸਹਿਣਸ਼ੀਲਤਾ, ਵੰਨ-ਸੁਵੰਨਤਾ ਅਤੇ ਸਥਿਰਤਾ ਦੀ ਅਜਿਹੀ ਸਮਝ ਪੇਸ਼ ਕੀਤੀ ਜੋ ਪੱਛਮੀ ਦੁਨੀਆ ਤੋਂ ਪੂਰੀ ਤਰ੍ਹਾਂ ਅਲਹਿਦਾ ਸੀ। ਉਸ ਸਭ ਕਾਸੇ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਉਸ ਦੀ ਰੂਹ ਨੂੰ ਕੁਚਲਿਆ ਜਾ ਰਿਹਾ ਹੈ।

ਭਾਰਤ ਦੇ ਲੋਕਤੰਤਰ ਨੂੰ ਬਹੁਤ ਸਿਲਸਿਲੇਵਾਰ ਤਰੀਕੇ ਨਾਲ ਟੁਕੜੇ-ਟੁਕੜੇ ਕਰਕੇ ਉਧੇੜਿਆ ਜਾ ਰਿਹਾ ਹੈ। ਸਿਰਫ਼ ਰਸਮਾਂ ਬਚੀਆਂ ਹਨ। ਇਹ ਤੈਅ ਹੈ ਕਿ ਅਗਲੇ ਸਾਲ ਤੁਸੀਂ ਸਾਡੀਆਂ ਸਰਗਰਮ, ਰੰਗ-ਬਿਰੰਗੀਆਂ ਚੋਣਾਂ ਬਾਰੇ ਬਹੁਤ ਕੁਝ ਸੁਣੋਗੇ। ਸਿਰਫ਼ ਇਕ ਚੀਜ਼ ਜੋ ਦਿਖਾਈ ਨਹੀਂ ਦੇਵੇਗੀ ਉਹ ਇਹ ਹੈ ਕਿ ਸਾਰਿਆਂ ਲਈ ਨਿਰਪੱਖ ਅਤੇ ਬਰਾਬਰ ਨਜ਼ਰ ਆਉਣ ਵਾਲੀ ਇਹ ਸਮਤਲ ਜ਼ਮੀਨ - ਜੋ ਨਿਰਪੱਖ ਚੋਣਾਂ ਦਾ ਆਧਾਰ ਹੁੰਦੀ ਹੈ - ਦਰ ਅਸਲ ਇਕ ਤਿੱਖੀ ਢਲਾਣ ਵਾਲੀ ਚੋਟੀ ਹੈ ਜਿੱਥੇ ਇਕ ਤਰ੍ਹਾਂ ਨਾਲ ਸਾਰੀ ਦੌਲਤ, ਸਾਰਾ ਡੇਟਾ, ਮੀਡੀਆ, ਚੋਣ ਮੈਨੇਜਮੈਂਟ ਅਤੇ ਸੁਰੱਖਿਆ ਪ੍ਰਣਾਲੀ ਲੁੜਕ ਕੇ ਹੁਕਮਰਾਨ ਧਿਰ ਦੇ ਹੱਥਾਂ ਵਿਚ ਆ ਗਈ ਹੈ।

ਸਵੀਡਨ ਦਾ ਵੀ-ਡੈਮ ਇੰਸਟੀਚਿਊਟ ਆਪਣੇ ਵਿਸਤਾਰਤ, ਅਤੇ ਵਿਆਪਕ ਡੇਟਾ ਸੈੱਟ ਨਾਲ ਲੋਕਤੰਤਰਾਂ ਦੀ ਸਿਹਤ ਨੂੰ ਮਾਪਦਾ ਹੈ। ਉਸ ਨੇ ਭਾਰਤ ਨੂੰ 'ਚੁਣਾਵੀ ਨਿਰੰਕੁਸ਼ਤਾ' ਦਾ ਦਰਜਾ ਦਿੱਤਾ ਹੈ ਅਤੇ ਇਸ ਨੂੰ ਅਲ ਸਲਵਾਡੋਰ, ਤੁਰਕੀ ਅਤੇ ਹੰਗਰੀ ਦੇ ਨਾਲ ਰੱਖਿਆ ਗਿਆ ਹੈ। ਇੰਸਟੀਚਿਊਟ ਨੇ ਅੰਦੇਸ਼ਾ ਜ਼ਾਹਿਰ ਕੀਤਾ ਹੈ ਕਿ ਉੱਥੇ ਹੁਣ ਚੀਜ਼ਾਂ ਬਦਤਰ ਹੋਣ ਵਾਲੀਆਂ ਹਨ। ਅਸੀਂ 140 ਕਰੋੜ ਲੋਕਾਂ ਨੂੰ ਲੋਕਤੰਤਰ ਤੋਂ ਵਾਂਝੇ ਕੀਤੇ ਜਾਣ ਅਤੇ ਇਕ ਤਾਨਾਸ਼ਾਹੀ ਰਾਜ ਵਿਚ ਧੱਕੇ ਜਾਣ ਦੀ ਗੱਲ ਕਰ ਰਹੇ ਹਾਂ। ਜਾਂ ਇਹ ਇਸ ਤੋਂ ਵੀ ਭੈੜਾ ਹੋ ਸਕਦਾ ਹੈ।

ਲੋਕਤੰਤਰ ਦੇ ਟੁਕੜੇ-ਟੁਕੜੇ ਹੋਣ ਦਾ ਅਮਲ ਮੋਦੀ ਅਤੇ ਆਰ.ਐੱਸ.ਐੱਸ. ਦੇ ਸੱਤਾ ਵਿਚ ਆਉਣ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ। ਪੰਦਰਾਂ ਸਾਲ ਪਹਿਲਾਂ ਮੈਂ ਡੈਮੋਕ੍ਰੇਸੀਜ਼ ਫੇਲਿੰਗ ਲਾਈਟਸ (ਲੋਕਤੰਤਰ ਦਾ ਬੁਝਦਾ ਦੀਵਾ) ਨਾਮ ਦਾ ਲੇਖ ਲਿਖਿਆ ਸੀ। ਉਦੋਂ ਕਾਂਗਰਸ ਪਾਰਟੀ ਸੱਤਾ ਵਿਚ ਸੀ ਜੋ ਕਿ ਪੁਰਾਣੇ ਜਗੀਰੂ ਖ਼ਾਨਦਾਨੀ ਅਤੇ ਪੂਰੇ ਜੋਸ਼-ਖ਼ਰੋਸ਼ ਨਾਲ ਖੁੱਲ੍ਹੀ ਮੰਡੀ ਨਾਲ ਜੁੜੇ ਟੈਕਨੋਕ੍ਰੇਟਾਂ ਦੀ ਪਾਰਟੀ ਹੈ। ਮੈਂ ਉਸ ਲੇਖ ਦਾ ਇਕ ਛੋਟਾ ਜਿਹਾ ਹਿੱਸਾ ਪੜ੍ਹਾਂਗੀ, ਇਸ ਲਈ ਨਹੀਂ ਕਿ ਮੈਂ ਇਹ ਸਾਬਤ ਕਰਨਾ ਚਾਹੁੰਦੀ ਹਾਂ ਕਿ ਮੈਂ ਕਿਵੇਂ ਦਰੁਸਤ ਸੀ, ਸਗੋਂ ਤੁਹਾਨੂੰ ਇਹ ਦਿਖਾ ਸਕਾਂ ਕਿ ਉਦੋਂ ਤੋਂ ਲੈ ਕੇ ਹੁਣ ਤੱਕ ਚੀਜ਼ਾਂ ਕਿੰਨੀਆਂ ਬਦਲ ਗਈਆਂ ਹਨ।

'ਹੁਣ ਜਦੋਂ ਅਸੀਂ ਇਸ ਬਹਿਸ ਵਿਚ ਉਲਝੇ ਹੋਏ ਹਾਂ ਕਿ ਕੀ ਮੌਤ ਤੋਂ ਬਾਦ ਜ਼ਿੰਦਗੀ ਹੁੰਦੀ ਹੈ, ਕੀ ਅਸੀਂ ਇਸ ਫਿਹਰਿਸਤ ਵਿਚ ਇਕ ਹੋਰ ਸਵਾਲ ਜੋੜ ਸਕਦੇ ਹਾਂ? ਕੀ ਲੋਕਤੰਤਰ ਤੋਂ ਬਾਦ ਜ਼ਿੰਦਗੀ ਸੰਭਵ ਹੈ? ਉਹ ਕਿਸ ਤਰ੍ਹਾਂ ਦੀ ਜ਼ਿੰਦਗੀ ਹੋਵੇਗੀ?

ਹੁਣ ਦਰਅਸਲ ਸਵਾਲ ਇਹ ਹੈ ਕਿ ਅਸੀਂ ਲੋਕਤੰਤਰ ਨਾਲ ਕੀ ਭਾਣਾ ਵਰਤਾ ਦਿੱਤਾ ਹੈ? ਅਸੀਂ ਇਸ ਨੂੰ ਕਿਸ ਚੀਜ਼ ਵਿਚ ਬਦਲ ਦਿੱਤਾ ਹੈ? ਜਦੋਂ ਲੋਕਤੰਤਰ ਦਾ ਲਾਹਾ ਲੈ ਲਿਆ ਜਾਂਦਾ ਹੈ ਤਾਂ ਕੀ ਵਾਪਰਦਾ ਹੈ? ਜਦੋਂ ਇਸ ਨੂੰ ਇਸ ਤਰ੍ਹਾਂ ਖੋਖਲਾ ਕਰ ਦਿੱਤਾ ਜਾਂਦਾ ਹੈ ਕਿ ਇਸ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ? ਜਦੋਂ ਇਸ ਦੀ ਹਰੇਕ ਸੰਸਥਾ ਨੂੰ ਕਿਸੇ ਖ਼ਤਰਨਾਕ ਸ਼ੈਅ 'ਚ ਬਦਲ ਦਿੱਤਾ ਜਾਂਦਾ ਹੈ ਤਾਂ ਕੀ ਵਾਪਰਦਾ ਹੈ? ਹੁਣ ਕੀ ਹੋਵੇਗਾ ਜਦੋਂ ਲੋਕਤੰਤਰ ਅਤੇ ਖੁੱਲ੍ਹੀ ਮੰਡੀ ਨੂੰ ਆਪਸ ਵਿਚ ਮਿਲਾ ਕੇ ਇਕ ਐਸੇ ਵਹਿਸ਼ੀ ਦਰਿੰਦੇ 'ਚ ਬਦਲ ਦਿੱਤਾ ਗਿਆ ਹੈ ਜਿਸ ਦੇ ਕੋਲ ਸਿਰਫ਼ ਇਹੀ ਪਤਲੀ ਅਤੇ ਸੀਮਤ ਜਹੀ ਕਲਪਨਾ ਹੈ ਕਿ ਮੁਨਾਫ਼ੇ ਨੂੰ ਜ਼ਿਆਦਾ ਤੋਂ ਜ਼ਿਆਦਾ ਕਿਵੇਂ ਵਧਾਇਆ ਜਾਵੇ, ਅਤੇ ਉਹ ਇਸੇ ਖ਼ਿਆਲ ਦੇ ਪਿੱਛੇ ਪਿੱਛੇ ਤੁਰਦਾ ਰਹਿੰਦਾ ਹੈ? ਕੀ ਇਸ ਪ੍ਰਕਿਰਿਆ ਨੂੰ ਪੁੱਠਾ ਗੇੜਾ ਦੇਣਾ ਸੰਭਵ ਹੈ? ਜੋ ਚੀਜ਼ ਆਪਣੇ ਮੂਲ ਚਰਿੱਤਰ ਤੋਂ ਬਦਲ ਕੇ ਕੁਝ ਹੋਰ ਬਣ ਗਈ ਹੈ, ਕੀ ਉਹ ਉਸ ਮੂਲ ਚੀਜ਼ 'ਚ ਮੁੜ ਬਦਲ ਸਕਦੀ ਹੈ ਜੋ ਉਹ ਪਹਿਲਾਂ ਹੁੰਦੀ ਸੀ?'

ਉਹ ਸੰਨ 2009 ਸੀ। ਪੰਜ ਸਾਲ ਬਾਅਦ 2014 ਵਿਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਦੋਂ ਤੋਂ ਲੈ ਕੇ ਨੌਂ ਸਾਲਾਂ 'ਚ ਭਾਰਤ ਏਨਾ ਬਦਲ ਗਿਆ ਹੈ ਕਿ ਤੁਸੀਂ ਇਸ ਨੂੰ ਪਛਾਣ ਨਹੀਂ ਸਕਦੇ। ਭਾਰਤ ਦਾ ਸੰਵਿਧਾਨ, ਜਿਸ 'ਧਰਮ-ਨਿਰਪੱਖ, ਸਮਾਜਵਾਦੀ ਗਣਰਾਜ' ਦਾ ਵਾਅਦਾ ਕਰਦਾ ਹੈ, ਹੁਣ ਹੋਂਦ ਵਿਚ ਨਹੀਂ ਹੈ। ਸਮਾਜਿਕ ਨਿਆਂ ਦੇ ਮਹਾਨ ਸੰਘਰਸ਼ਾਂ, ਅਤੇ ਅਡੋਲ, ਦੂਰਅੰਦੇਸ਼ ਵਾਤਾਵਰਣਵਾਦੀ ਅੰਦੋਲਨਾਂ ਨੂੰ ਕੁਚਲ ਦਿੱਤਾ ਗਿਆ ਹੈ। ਹੁਣ ਅਸੀਂ ਮਰ ਰਹੇ ਦਰਿਆਵਾਂ, ਸੁੱਕ ਰਹੇ ਜਲ-ਸਰੋਤਾਂ, ਗ਼ਾਇਬ ਹੁੰਦੇ ਜੰਗਲਾਂ ਜਾਂ ਪਿਘਲਦੇ ਜਾ ਰਹੇ ਗਲੇਸ਼ੀਅਰਾਂ ਦੀਆਂ ਗੱਲਾਂ ਘੱਟ ਹੀ ਕਰਦੇ ਹਾਂ। ਕਿਉਂਕਿ ਉਨ੍ਹਾਂ ਫ਼ਿਕਰਮੰਦੀਆਂ ਦੀ ਜਗ੍ਹਾ ਹੁਣ ਇਕ ਵਧੇਰੇ ਫ਼ੌਰੀ ਦਹਿਸ਼ਤ ਨੇ ਲੈ ਲਈ ਹੈ। ਤੁਸੀਂ ਇਸ ਨੂੰ ਖ਼ੁਸ਼ਹਾਲੀ ਦਾ ਅਹਿਸਾਸ ਵੀ ਕਹਿ ਸਕਦੇ ਹੋ ਜੋ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਵਿਚਾਰਧਾਰਕ ਲਕੀਰ ਦੇ ਕਿਸ ਪਾਸੇ ਖੜ੍ਹੇ ਹੋ।

ਸਾਡਾ ਤਜਰਬਾ ਇਹੀ ਦੱਸਦਾ ਹੈ ਕਿ ਭਾਰਤ ਇਕ ਕਾਰਪੋਰੇਟ, ਧਰਮਤੰਤਰੀ ਹਿੰਦੂ ਰਾਜ ਬਣ ਗਿਆ ਹੈ, ਇਕ ਅਜਿਹਾ ਰਾਜ ਜਿੱਥੇ ਹਕੂਮਤ ਵੱਲੋਂ ਨਿਗਰਾਨੀ ਰੱਖਣ ਅਤੇ ਜ਼ੋਰ-ਜਬਰਦਸਤੀ ਦੀ ਹਕੂਮਤ ਚਲਦੀ ਹੈ, ਇਕ ਖ਼ੌਫ਼ਨਾਕ ਰਾਜ। ਪਿਛਲੇ ਨਿਜ਼ਾਮ ਵਿਚ ਖੋਖਲੀਆਂ ਬਣਾ ਦਿੱਤੀਆਂ ਗਈਆਂ ਸੰਸਥਾਵਾਂ, ਖ਼ਾਸ ਕਰਕੇ ਮੁੱਖ ਧਾਰਾ ਮੀਡੀਆ, ਹੁਣ ਹਿੰਦੂ ਸ਼੍ਰੇਸ਼ਟਵਾਦੀ ਜਨੂੰਨ ਨਾਲ ਗੜੁੱਚ ਹੈ। ਇਸ ਦੇ ਨਾਲ-ਨਾਲ ਖੁੱਲ੍ਹੀ ਮੰਡੀ ਨੇ ਉਹ ਕੁਝ ਕਰ ਦਿੱਤਾ ਹੈ ਜੋ ਇਸ ਨੇ ਕਰਨਾ ਹੁੰਦਾ ਹੈ। ਸੰਖੇਪ ਵਿਚ ਕਹਾਂ ਤਾਂ ਔਕਸਫੈਮ ਦੀ 2023 ਦੀ ਰਿਪੋਰਟ ਅਨੁਸਾਰ ਭਾਰਤ ਦੀ ਚੋਟੀ ਦੀ 1 ਫ਼ੀ ਸਦੀ ਆਬਾਦੀ ਮੁਲਕ ਦੀ 40 ਫ਼ੀ ਸਦੀ ਦੌਲਤ ਦੀ ਮਾਲਕ ਹੈ, ਜਦੋਂ ਕਿ ਹੇਠਲੀ 50 ਫ਼ੀ ਸਦੀ ਆਬਾਦੀ (70 ਕਰੋੜ ਲੋਕਾਂ) ਕੋਲ ਕੁੱਲ ਦੌਲਤ ਸਿਰਫ਼ 3 ਫ਼ੀ ਸਦੀ ਦੇ ਕਰੀਬ ਹੈ। ਅਸੀਂ ਬਹੁਤ ਗ਼ਰੀਬ ਲੋਕਾਂ ਦਾ ਇਕ ਅਮੀਰ ਮੁਲਕ ਹਾਂ।

ਪਰ ਇਸ ਨਾਬਰਾਬਰੀ ਤੋਂ ਜੋ ਗੁੱਸਾ ਅਤੇ ਨਾਰਾਜ਼ਗੀ ਜਨਮ ਲੈਂਦੀ ਹੈ ਉਹ ਉਨ੍ਹਾਂ ਲੋਕਾਂ ਵਿਰੁੱਧ ਨਹੀਂ ਹੈ ਜੋ ਕਿਸੇ ਹੱਦ ਤੱਕ ਇਸ ਲਈ ਜ਼ਿੰਮੇਵਾਰ ਹੋ ਸਕਦੇ ਹਨ। ਇਸ ਦੀ ਬਜਾਏ ਉਸ ਗੁੱਸੇ ਅਤੇ ਨਾਰਾਜ਼ਗੀ ਦਾ ਰੁਖ ਭਾਰਤ ਦੀਆਂ ਘੱਟ-ਗਿਣਤੀਆਂ ਵਿਰੁੱਧ ਮੋੜ ਦਿੱਤਾ ਗਿਆ ਹੈ ਅਤੇ ਇਸ ਨੂੰ ਹੋਰ ਵਧਾਇਆ ਜਾ ਰਿਹਾ ਹੈ। 17 ਕਰੋੜ ਮੁਸਲਮਾਨ, ਜੋ ਆਬਾਦੀ ਦਾ 14 ਫ਼ੀ ਸਦੀ ਹਨ, ਇਸ ਹਮਲੇ ਦਾ ਸਿੱਧਾ ਨਿਸ਼ਾਨਾ ਹਨ। ਪਰ ਬਹੁਗਿਣਤੀ ਪ੍ਰਸਤ ਸੋਚ ਜਮਾਤ ਅਤੇ ਜਾਤ ਦੀਆਂ ਹੱਦਾਂ ਦੇ ਆਰ-ਪਾਰ ਜਾਂਦੀ ਹੈ ਅਤੇ ਬਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਿਚ ਇਸ ਦਾ ਵੱਡਾ ਲੋਕ-ਆਧਾਰ ਹੈ।

ਇਸ ਸਾਲ ਜਨਵਰੀ 'ਚ ਬੀਬੀਸੀ ਨੇ 'ਇੰਡੀਆ : ਦੀ ਮੋਦੀ ਕੁਐਸਚਨ' ਨਾਮ ਦੀ ਡਾਕੂਮੈਂਟਰੀ ਦੋ ਕਿਸ਼ਤਾਂ 'ਚ ਪ੍ਰਸਾਰਿਤ ਕੀਤੀ। ਇਸ ਵਿਚ ਮੋਦੀ ਦਾ ਸਿਆਸੀ ਸਫ਼ਰਨਾਮਾ, ਸਭ ਤੋਂ ਪਹਿਲਾਂ 2001 'ਚ ਉਸ ਦੇ ਗੁਜਰਾਤ ਰਾਜ ਦਾ ਮੁੱਖ ਮੰਤਰੀ ਬਣਨ ਤੋਂ ਲੈ ਕੇ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫ਼ਰ ਦਿਖਾਇਆ ਗਿਆ ਹੈ। ਫਿਲਮ ਨੇ ਬਰਤਾਨਵੀ ਬਦੇਸ਼ ਦਫ਼ਤਰ ਦੁਆਰਾ ਅਪ੍ਰੈਲ 2002 ਵਿਚ ਤਿਆਰ ਕੀਤੀ ਅੰਦਰੂਨੀ ਰਿਪੋਰਟ ਨੂੰ ਪਹਿਲੀ ਵਾਰ ਜਨਤਕ ਕੀਤਾ ਜੋ ਕਿ ਫਰਵਰੀ-ਮਾਰਚ 2002 ਵਿਚ ਮੋਦੀ ਦੀ ਹਕੂਮਤ ਵਾਲੇ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਬਾਰੇ ਸੀ। ਇਹ ਕਤਲੇਆਮ ਰਾਜ ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਇਆ ਸੀ।

ਇਨ੍ਹਾਂ ਸਾਰੇ ਸਾਲਾਂ ਤੱਕ ਗੁਪਤ ਰੱਖੀ ਗਈ ਇਹ ਤੱਥ ਖੋਜ ਰਿਪੋਰਟ ਸਿਰਫ਼ ਉਸ ਗੱਲ ਦੀ ਤਸਦੀਕ ਕਰਦੀ ਹੈ ਜਿਸ ਨੂੰ ਭਾਰਤੀ ਕਾਰਕੁਨ, ਪੱਤਰਕਾਰ, ਵਕੀਲ, ਦੋ ਆਹਲਾ ਪੁਲਿਸ ਅਧਿਕਾਰੀ ਅਤੇ ਕਤਲਾਂ ਤੇ ਬਲਾਤਕਾਰਾਂ ਦੇ ਚਸ਼ਮਦੀਦ ਗਵਾਹ ਸਾਲਾਂ ਤੋਂ ਕਹਿੰਦੇ ਆ ਰਹੇ ਹਨ। ਇਹ ਅੰਦਾਜ਼ਾ ਪੇਸ਼ ਕਰਦੀ ਹੈ ਕਿ 'ਘੱਟੋ-ਘੱਟ 2000' ਲੋਕ ਮਾਰੇ ਗਏ ਸਨ। ਇਸ ਰਿਪੋਰਟ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਨੂੰ ਗਿਣੀ-ਮਿੱਥੀ ਯੋਜਨਾ ਦੇ ਆਧਾਰ 'ਤੇ ਕਤਲੇਆਮ ਕਿਹਾ ਗਿਆ ਹੈ, ਜਿਸ ਵਿਚ 'ਨਸਲੀ ਸਫ਼ਾਏ ਦੇ ਸਾਰੇ ਖ਼ਾਸ ਲੱਛਣ' ਮੌਜੂਦ ਸਨ। ਰਿਪੋਰਟ ਕਹਿੰਦੀ ਹੈ ਕਿ ਭਰੋਸੇਯੋਗ ਸੂਤਰਾਂ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਸੀ ਕਿ ਜਦੋਂ ਕਤਲੇਆਮ ਸ਼ੁਰੂ ਹੋਇਆ ਤਾਂ ਪੁਲਿਸ ਨੂੰ ਚੁੱਪ ਚਾਪ ਦੇਖਦੇ ਰਹਿਣ ਦੇ ਹੁਕਮ ਦਿੱਤੇ ਗਏ ਸਨ। ਕਤਲੇਆਮ ਦੀ ਰਿਪੋਰਟ ਐਨ ਸਿੱਧੇ ਰੂਪ 'ਚ ਮੋਦੀ ਵੱਲ ਉਂਗਲ ਉਠਾਉਂਦੀ ਹੈ।

ਉਦੋਂ ਤੋਂ ਲੈ ਕੇ ਭਾਰਤ ਵਿਚ ਫਿਲਮ ਉੱਪਰ ਪਾਬੰਦੀ ਹੈ। ਟਵਿੱਟਰ ਅਤੇ ਯੂਟਿਊਬ ਨੂੰ ਇਸ ਦੇ ਸਾਰੇ ਲਿੰਕ ਹਟਾਉਣ ਦੇ ਆਦੇਸ਼ ਦਿੱਤੇ ਗਏ। ਉਨ੍ਹਾਂ ਨੇ ਤੁਰੰਤ ਹੁਕਮ ਦੀ ਤਾਮੀਲ ਕੀਤੀ। 21 ਫਰਵਰੀ ਨੂੰ ਦਿੱਲੀ ਅਤੇ ਮੁੰਬਈ ਵਿਚ ਬੀਬੀਸੀ ਦੇ ਦਫ਼ਤਰਾਂ ਨੂੰ ਪੁਲਿਸ ਨੇ ਘੇਰ ਲਿਆ ਅਤੇ ਆਮਦਨ ਕਰ ਅਧਿਕਾਰੀਆਂ ਨੇ ਉੱਥੇ ਛਾਪੇਮਾਰੀ ਕੀਤੀ। ਜਿਵੇਂ ਔਕਸਫੈਮ ਦੇ ਦਫ਼ਤਰਾਂ ਨਾਲ ਹੋ ਚੁੱਕਾ ਹੈ। ਜਿਵੇਂ ਐਮਨੈਸਟੀ ਇੰਟਰਨੈਸ਼ਨਲ ਦੇ ਦਫ਼ਤਰਾਂ ਨਾਲ ਹੋ ਚੁੱਕਾ ਹੈ। ਜਿਵੇਂ ਕਈ ਵੱਡੇ ਵਿਰੋਧੀ-ਧਿਰ ਦੇ ਆਗੂਆਂ ਦੇ ਘਰਾਂ ਅਤੇ ਦਫ਼ਤਰਾਂ ਨਾਲ ਹੋ ਚੁੱਕਾ ਹੈ। ਜਿਵੇਂ ਲੱਗਭੱਗ ਹਰ ਉਸ ਐੱਨ.ਜੀ.ਓ. ਨਾਲ ਹੁੰਦਾ ਰਿਹਾ ਹੈ ਜੋ ਪੂਰੀ ਤਰ੍ਹਾਂ ਸਰਕਾਰ ਦੇ ਪਾਏ ਪੂਰਨਿਆਂ 'ਤੇ ਨਹੀਂ ਚੱਲਦੀ।

ਜਿੱਥੇ ਮੋਦੀ ਨੂੰ 2002 ਦੇ ਕਤਲੇਆਮ ਦੇ ਲਈ ਸੁਪਰੀਮ ਕੋਰਟ ਵੱਲੋਂ ਕਾਨੂੰਨੀ ਤੌਰ 'ਤੇ ਕਲੀਨ ਚਿੱਟ ਦਿੱਤੀ ਜਾ ਚੁੱਕੀ ਹੈ, ਉੱਥੇ ਜਿਹੜੇ ਕਾਰਕੁਨ ਅਤੇ ਪੁਲਿਸ ਅਧਿਕਾਰੀ ਸਬੂਤਾਂ ਦੇ ਢੇਰ ਅਤੇ ਚਸ਼ਮਦੀਦਾਂ ਦੇ ਆਧਾਰ 'ਤੇ ਕਤਲੇਆਮ ਵਿਚ ਉਸ ਦੀ ਭੂਮਿਕਾ ਦਾ ਦੋਸ਼ ਲਗਾਉਣ ਦੀ ਹਿੰਮਤ ਕਰਦੇ ਰਹੇ, ਉਹ ਜਾਂ ਤਾਂ ਜੇਲ੍ਹ ਵਿਚ ਹਨ ਜਾਂ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ।

ਇਸ ਦੌਰਾਨ ਕਈ ਸਜ਼ਾ-ਯਾਫ਼ਤਾ ਕਾਤਲਾਂ ਨੂੰ ਜ਼ਮਾਨਤ ਜਾਂ ਪੈਰੋਲ ਉੱਪਰ ਰਿਹਾਅ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਅਗਸਤ ਵਿਚ ਭਾਰਤ ਦੀ 75ਵੀਂ ਵਰ੍ਹੇਗੰਢ ਮੌਕੇ ਗਿਆਰਾਂ ਸਜ਼ਾ-ਯਾਫ਼ਤਾ ਵਿਅਕਤੀਆਂ ਨੂੰ ਜੇਲ੍ਹ ਵਿੱਚੋਂ ਰਿਹਾਅ ਕੀਤਾ ਗਿਆ। ਉਨ੍ਹਾਂ ਨੂੰ 2002 ਦੇ ਕਤਲੇਆਮ ਦੌਰਾਨ, ਉੱਨੀ ਸਾਲ ਦੀ ਉਮਰ ਦੀ ਇਕ ਮੁਸਲਿਮ ਔਰਤ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਉਸਦੇ ਪਰਿਵਾਰ ਦੇ ਚੌਦਾਂ ਲੋਕਾਂ ਦੇ ਕਤਲ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਉਨ੍ਹਾਂ ਨੇ ਜਿਨ੍ਹਾਂ ਲੋਕਾਂ ਨੂੰ ਕਤਲ ਕੀਤਾ ਉਨ੍ਹਾਂ ਵਿਚ ਬਾਨੋ ਦੀ ਇਕ ਦਿਨ ਦੀ ਭਤੀਜੀ ਅਤੇ ਤਿੰਨ ਸਾਲ ਦੀ ਧੀ ਸਲੇਹਾ ਸ਼ਾਮਿਲ ਸੀ, ਜਿਸ ਦਾ ਸਿਰ ਪੱਥਰ ਨਾਲ ਕੁਚਲ ਕੇ ਉਸ ਨੂੰ ਮਾਰ ਦਿੱਤਾ ਗਿਆ ਸੀ। ਇਨ੍ਹਾਂ ਸਜ਼ਾ ਯਾਫ਼ਤਾ ਮੁਜਰਿਮਾਂ ਨੂੰ ਵਿਸ਼ੇਸ਼ ਮੁਆਫ਼ੀ ਦੇ ਦਿੱਤੀ ਗਈ। ਜੇਲ੍ਹ 'ਚੋਂ ਬਾਹਰ ਆਉਣ 'ਤੇ ਕਾਤਲ-ਬਲਾਤਕਾਰੀਆਂ ਦਾ ਨਾਇਕਾਂ ਵਾਂਗ ਸਵਾਗਤ ਕੀਤਾ ਗਿਆ, ਉਨ੍ਹਾਂ ਦੇ ਗਲ਼ਾਂ 'ਚ ਫੁੱਲਾਂ ਦੇ ਹਾਰ ਪਾਏ ਗਏ। ਇਕ ਵਾਰ ਫਿਰ, ਰਾਜ ਦੀਆਂ ਚੋਣਾਂ ਨੇੜੇ ਸਨ। ਇਹ



ਵਿਸ਼ੇਸ਼ ਮੁਆਫ਼ੀ ਸਾਡੇ ਲੋਕਤੰਤਰੀ ਅਮਲ ਦਾ ਹਿੱਸਾ ਹੈ।

ਅੱਜ, ਪ੍ਰੋਫੈਸਰ ਟਿਮਥੀ ਸਨਾਈਡਰ ਨੇ ਪੁੱਛਿਆ, "ਆਜ਼ਾਦ ਵਿਚਾਰ ਪ੍ਰਗਟਾਵਾ ਕੀ ਹੈ?" ਮੈਂ ਜੋ ਕੁਝ ਵੀ ਕਿਹਾ ਹੈ, ਉਸ ਤੋਂ ਤੁਸੀਂ ਇਹ ਨਤੀਜਾ ਬਿਲਕੁਲ ਨਾ ਕੱਢਿਓ ਕਿ ਭਾਰਤ ਵਿਚ ਆਜ਼ਾਦ ਵਿਚਾਰ ਪ੍ਰਗਟਾਵਾ ਨਹੀਂ ਹੈ। ਬੋਲਣ ਅਤੇ ਕਾਰਿਆਂ ਦੀ ਆਜ਼ਾਦੀ ਹੈ। ਭਰਪੂਰ ਆਜ਼ਾਦੀ ਹੈ।

ਮੁੱਖ ਧਾਰਾ ਦੇ ਟੀਵੀ ਐਂਕਰ ਆਜ਼ਾਦੀ ਨਾਲ ਘੱਟ-ਗਿਣਤੀਆਂ ਬਾਰੇ ਇਸ ਤਰ੍ਹਾਂ ਝੂਠ ਬੋਲ ਸਕਦੇ ਹਨ, ਉਨ੍ਹਾਂ ਦੀ ਡਰਾਉਣੀ ਤਸਵੀਰ ਪੇਸ਼ ਕਰ ਸਕਦੇ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਦਿਖਾ ਸਕਦੇ ਹਨ ਕਿ ਉਹ ਇਨਸਾਨ ਨਹੀਂ ਹਨ ਅਤੇ ਇਸ ਨਾਲ ਮੁਸਲਮਾਨਾਂ ਦੇ ਜਾਨ-ਮਾਲ ਦਾ ਨੁਕਸਾਨ ਹੋ ਸਕਦਾ ਹੈ। ਇੱਥੋਂ ਤੱਕ ਕਿ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ। ਹਿੰਦੂ ਸੰਤ ਅਤੇ ਤਲਵਾਰਾਂ ਲਹਿਰਾਉਂਦੇ ਹਜੂਮ ਮੁਸਲਮਾਨਾਂ ਦੇ ਸਮੂਹਿਕ ਕਤਲੇਆਮ ਅਤੇ ਸਮੂਹਿਕ ਬਲਾਤਕਾਰ ਦੇ ਸੱਦੇ ਦੇ ਸਕਦੇ ਹਨ। ਦਲਿਤਾਂ ਅਤੇ ਮੁਸਲਮਾਨਾਂ ਨੂੰ ਦਿਨ-ਦਿਹਾੜੇ ਕੋੜੇ ਮਾਰੇ ਜਾ ਸਕਦੇ ਹਨ, ਕੁੱਟ-ਕੁੱਟ ਕੇ ਹਜੂਮੀ ਕਤਲ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਵੀਡੀਓ ਯੂਟਿਊਬ ਉੱਪਰ ਅਪਲੋਡ ਕੀਤਾ ਜਾ ਸਕਦਾ ਹੈ। ਪੂਰੀ ਆਜ਼ਾਦੀ ਨਾਲ ਚਰਚਾਂ ਉੱਪਰ ਹਮਲੇ ਕੀਤੇ ਜਾ ਸਕਦੇ ਹਨ, ਪਾਦਰੀਆਂ ਅਤੇ ਈਸਾਈ ਸਾਧਵੀਆਂ ਨੂੰ ਕੁੱਟਿਆ ਅਤੇ ਜ਼ਲੀਲ ਕੀਤਾ ਜਾ ਸਕਦਾ ਹੈ।

ਭਾਰਤ ਦਾ ਇੱਕੋ-ਇਕ ਮੁਸਲਿਮ ਬਹੁਗਿਣਤੀ ਵਾਲਾ ਖੇਤਰ ਕਸ਼ਮੀਰ ਹੈ ਜਿੱਥੋਂ ਦੇ ਲੋਕ ਲੱਗਭੱਗ ਤਿੰਨ ਦਹਾਕਿਆਂ ਤੋਂ ਸਵੈ-ਨਿਰਣੇ ਦੀ ਲੜਾਈ ਲੜ ਰਹੇ ਹਨ, ਜਿੱਥੇ ਭਾਰਤ ਦਾ ਸਭ ਤੋਂ ਸੰਘਣਾ ਫ਼ੌਜੀ ਰਾਜ ਚਲਾਇਆ ਜਾ ਰਿਹਾ ਹੈ ਅਤੇ ਜਿੱਥੇ ਕਿਸੇ ਵੀ ਬਦੇਸ਼ੀ ਪੱਤਰਕਾਰ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ। ਪਰ ਸਰਕਾਰ ਨੇ ਆਪਣੇ ਆਪ ਨੂੰ ਇਹ ਇਜਾਜ਼ਤ ਦੇ ਰੱਖੀ ਹੈ ਕਿ ਉਹ ਪੂਰੀ ਆਜ਼ਾਦੀ ਨਾਲ ਹਰ ਪ੍ਰਗਟਾਵੇ -ਆਨਲਾਈਨ ਅਤੇ ਹੋਰ ਸਾਰੇ ਰੂਪਾਂ 'ਚ ਪ੍ਰਗਟਾਵਿਆਂ- ਉੱਪਰ ਪਾਬੰਦੀ ਲਗਾ ਸਕਦੀ ਹੈ, ਅਤੇ ਆਜ਼ਾਦੀ ਨਾਲ ਮੁਕਾਮੀ ਪੱਤਰਕਾਰਾਂ ਨੂੰ ਜੇਲ੍ਹ ਵਿਚ ਡੱਕ ਸਕਦੀ ਹੈ।

ਇਹ ਕਬਰਸਤਾਨਾਂ ਨਾਲ ਢਕੀ ਹੋਈ ਖ਼ੂਬਸੂਰਤ ਘਾਟੀ ਹੈ, ਇਕ ਅਜਿਹੀ ਘਾਟੀ ਜਿੱਥੋਂ ਕੋਈ ਖ਼ਬਰ ਨਹੀਂ ਆ ਰਹੀ। ਲੋਕ ਕਹਿੰਦੇ ਹਨ, "ਕਸ਼ਮੀਰ ਵਿਚ ਮੁਰਦੇ ਜ਼ਿੰਦਾ ਹਨ ਅਤੇ ਜ਼ਿੰਦਾ ਲੋਕ ਦਰਅਸਲ ਉਹ ਮੁਰਦੇ ਹਨ ਜੋ ਮਹਿਜ਼ ਜ਼ਿੰਦਾ ਹੋਣ ਦਾ ਨਾਟਕ ਕਰ ਰਹੇ ਹਨ।" ਕਸ਼ਮੀਰੀ ਅਕਸਰ ਭਾਰਤ ਦੀ ਡੈਮੋਕਰੇਸੀ ਨੂੰ 'ਡੇਮਨ-ਕਰੇਜ਼ੀ' (ਪਾਗਲ ਸ਼ੈਤਾਨ) ਕਹਿੰਦੇ ਹਨ।

2019 ਦੀਆਂ ਚੋਣਾਂ ਤੋਂ ਬਾਦ ਮੋਦੀ ਅਤੇ ਉਸ ਦੀ ਪਾਰਟੀ ਦੇ ਦੂਜੀ ਵਾਰ ਸੱਤਾ 'ਤੇ ਕਾਬਜ ਹੋਣ ਤੋਂ ਕੁਝ ਹਫ਼ਤੇ ਬਾਦ, ਜੰਮੂ-ਕਸ਼ਮੀਰ ਤੋਂ ਰਾਜ ਹੋਣ ਦਾ ਉਸ ਦਾ ਦਰਜਾ ਖੋਹ ਲਿਆ ਗਿਆ ਅਤੇ ਇਕ ਹੱਦ ਤੱਕ ਉਸ ਨੂੰ ਮਿਲੀ ਖ਼ੁਦਮੁਖਤਿਆਰੀ ਇਕਤਰਫ਼ਾ ਤੌਰ 'ਤੇ ਖ਼ਤਮ ਕਰ ਦਿੱਤੀ ਗਈ। ਜਦੋਂ ਕਿ ਭਾਰਤੀ ਸੰਵਿਧਾਨ ਵਿਚ ਜੰਮੂ-ਕਸ਼ਮੀਰ ਰਾਜ ਦੀ ਇਸ ਖ਼ੁਦਮੁਖਤਿਆਰੀ ਦੀ ਗਾਰੰਟੀ ਦਿੱਤੀ ਗਈ ਸੀ। ਇਸ ਤੋਂ ਤੁਰੰਤ ਬਾਦ ਸੰਸਦ ਨੇ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਨੂੰ ਮਨਜ਼ੂਰੀ ਦਿੱਤੀ। ਇਹ ਨਵਾਂ ਕਾਨੂੰਨ ਖੁੱਲ੍ਹੇਆਮ ਮੁਸਲਮਾਨਾਂ ਨਾਲ ਵਿਤਕਰਾ ਕਰਦਾ ਹੈ। ਇਸ ਦੇ ਤਹਿਤ ਹੁਣ ਲੋਕਾਂ ਨੂੰ ਆਪਣੀ ਨਾਗਰਿਕਤਾ ਖੁੱਸ ਜਾਣ ਦਾ ਖ਼ੌਫ਼ ਹੈ ਅਤੇ ਅਜਿਹੇ ਲੋਕਾਂ 'ਚ ਜ਼ਿਆਦਾਤਰ ਮੁਸਲਮਾਨ ਹਨ।

ਸੀਏਏ ਇਕ ਰਾਸ਼ਟਰੀ ਨਾਗਰਿਕਤਾ ਰਜਿਸਟਰ (ਐੱਨਆਰਸੀ) ਤਿਆਰ ਕਰਨ ਦੀ ਪ੍ਰਕਿਰਿਆ ਦਾ ਹਿੱਸਾ ਹੈ। ਐੱਨਆਰਸੀ ਵਿਚ ਦਰਜ ਹੋਣ ਲਈ ਇਹ ਜ਼ਰੂਰੀ ਹੈ ਕਿ ਲੋਕ ਰਾਜ ਦੁਆਰਾ ਪ੍ਰਵਾਨਿਤ ਕੁਝ "ਪੁਰਾਣੇ ਦਸਤਾਵੇਜ" ਪੇਸ਼ ਕਰਨ - ਇਹ ਇਕ ਅਜਿਹੀ ਪ੍ਰਕਿਰਿਆ ਹੈ ਜੋ ਨਾਜ਼ੀ ਜਰਮਨੀ ਦੇ ਨਿਊਰਮਬਰਗ ਕਾਨੂੰਨਾਂ ਦੁਆਰਾ ਜਰਮਨ ਲੋਕਾਂ ਲਈ ਲਾਜ਼ਮੀ ਬਣਾਈਆਂ ਸ਼ਰਤਾਂ ਤੋਂ ਬਹੁਤੀ ਵੱਖਰੀ ਨਹੀਂ ਹੈ। ਅਸਾਮ ਰਾਜ ਵਿਚ 20 ਲੱਖ ਲੋਕ ਪਹਿਲਾਂ ਹੀ ਐੱਨਆਰਸੀ ਤੋਂ ਬਾਹਰ ਕੀਤੇ ਜਾ ਚੁੱਕੇ ਹਨ ਅਤੇ ਉਨ੍ਹਾਂ ਨੂੰ ਆਪਣੇ ਅਧਿਕਾਰ ਖੁੱਸ ਜਾਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸ਼ਾਲ ਨਜ਼ਰਬੰਦੀ ਕੇਂਦਰ ਬਣਾਏ ਜਾ ਰਹੇ ਹਨ ਜਿਨ੍ਹਾਂ ਨੂੰ ਬਣਾਉਣ ਦਾ ਕੰਮ ਕਰਨ ਵਾਲੇ ਲੋਕ ਆਉਣ ਵਾਲੇ ਦਿਨਾਂ ਵਿਚ ਉਨ੍ਹਾਂ ਦੇ ਕੈਦੀ ਹੋਣਗੇ - ਅਜਿਹੇ ਲੋਕ ਜਿਨ੍ਹਾਂ ਨੂੰ "ਬਦੇਸ਼ੀ ਐਲਾਨੇ" ਜਾਂ "ਸ਼ੱਕੀ ਵੋਟਰ" ਵਜੋਂ ਚਿੰਨ੍ਹਤ ਕੀਤਾ ਗਿਆ ਹੈ।

ਸਾਡਾ ਨਵਾਂ ਭਾਰਤ ਆਡੰਬਰਾਂ ਅਤੇ ਚਮਤਕਾਰਾਂ ਦਾ ਮੁਲਕ ਹੈ। ਮਸਲਨ ਗੁਜਰਾਤ ਦੇ ਅਹਿਮਦਾਬਾਦ ਵਿਚ ਇਕ ਕ੍ਰਿਕਟ ਸਟੇਡੀਅਮ ਹੈ। ਇਸਨੂੰ ਨਰਿੰਦਰ ਮੋਦੀ ਸਟੇਡੀਅਮ ਕਿਹਾ ਜਾਂਦਾ ਹੈ ਅਤੇ ਇਸਦੀ ਸਮਰੱਥਾ 1 ਲੱਖ 32000 ਦਰਸ਼ਕਾਂ ਦੀ ਹੈ। ਜਨਵਰੀ 2020 'ਚ ਇਹ ਨਮੱਸਤੇ ਟਰੰਪ ਰੈਲੀ ਲਈ ਪੂਰੀ ਤਰ੍ਹਾਂ ਭਰ ਦਿੱਤਾ ਗਿਆ ਸੀ ਜਦੋਂ ਮੋਦੀ ਨੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਵਾਗਤ ਕੀਤਾ ਸੀ। ਉਸ ਸ਼ਹਿਰ ਵਿਚ ਜਿੱਥੇ 2002 ਦੇ ਕਤਲੇਆਮ ਦੌਰਾਨ ਦਿਨ-ਦਿਹਾੜੇ ਮੁਸਲਮਾਨਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਅਤੇ ਹਜ਼ਾਰਾਂ ਲੋਕਾਂ ਨੂੰ ਘਰਾਂ ਤੋਂ ਬੇਘਰ ਕਰ ਦਿੱਤਾ ਗਿਆ ਸੀ ਅਤੇ ਜਿੱਥੇ ਮੁਸਲਮਾਨ ਅਜੇ ਵੀ ਘੁਰਨਿਆਂ ਵਰਗੀਆਂ ਗ਼ਰੀਬ ਬਸਤੀਆਂ ਵਿਚ ਰਹਿ ਰਹੇ ਹਨ, ਉਸ ਸ਼ਹਿਰ ਵਿਚ ਭੀੜ ਦੇ ਸਾਹਮਣੇ ਖੜ੍ਹੇ ਹੋ ਕੇ ਅਤੇ ਹੱਥ ਲਹਿਰਾ ਕੇ ਟਰੰਪ ਨੇ ਭਾਰਤ ਦੀ ਸਹਿਣਸ਼ੀਲਤਾ ਅਤੇ ਵੰਨ-ਸੁਵੰਨਤਾ ਦੀ ਤਾਰੀਫ਼ ਕੀਤੀ ਸੀ। ਮੋਦੀ ਨੇ ਲੋਕਾਂ ਨੂੰ ਕਿਹਾ ਸੀ ਤਾੜੀਆਂ ਵਜਾਓ।

ਇਕ ਦਿਨ ਬਾਦ ਟਰੰਪ ਦਿੱਲੀ ਪਹੁੰਚਿਆ। ਜਦੋਂ ਉਸ ਨੇ ਰਾਜਧਾਨੀ ਵਿਚ ਚਰਨ ਪਾਏ ਤਾਂ ਉਦੋਂ ਉੱਥੇ ਇਕ ਹੋਰ ਕਤਲੇਆਮ ਚੱਲ ਰਿਹਾ ਸੀ। ਗੁਜਰਾਤ ਦੇ ਮੁਕਾਬਲੇ ਇਕ ਛੋਟਾ ਕਤਲੇਆਮ। ਇਹ ਸਭ ਟਰੰਪ ਦੇ ਆਲੀਸ਼ਾਨ ਹੋਟਲ ਤੋਂ ਕੁਝ ਕਿਲੋਮੀਟਰ ਦੂਰ ਰਾਜਧਾਨੀ ਦੇ ਕਿ ਮਜ਼ਦੂਰ ਮੁਹੱਲੇ ਵਿਚ ਹੋ ਰਿਹਾ ਸੀ ਜੋ ਕਿ ਉਸ ਜਗ੍ਹਾ ਤੋਂ ਬਹੁਤੀ ਦੂਰ ਨਹੀਂ ਹੈ ਜਿੱਥੇ ਮੈਂ ਰਹਿੰਦੀ ਹਾਂ। ਹਮਲਾਵਰ ਹਿੰਦੂ ਹਜੂਮ ਇਕ ਵਾਰ ਫਿਰ ਮੁਸਲਾਮਾਨ ਵਿਰੁੱਧ ਸੜਕਾਂ 'ਤੇ ਨਿਕਲਿਆ। ਇਕ ਵਾਰ ਫਿਰ ਪੁਲਿਸ ਨੇ ਉਸ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਇਸ ਦੀ ਵਜ੍ਹਾ ਇਹ ਸੀ ਕਿ ਇਸ ਇਲਾਕੇ ਵਿਚ ਸੀਏਏ (ਨਾਗਰਿਕਤਾ ਸੋਧ ਕਾਨੂੰਨ) ਦੇ ਖ਼ਿਲਾਫ਼ ਮੁਸਲਿਮ ਵਿਰੋਧੀ ਅੰਦੋਲਨ ਚੱਲ ਰਿਹਾ ਸੀ। ਤਰਵੰਜਾ ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਸਨ। ਸੈਂਕੜੇ ਦੁਕਾਨਾਂ, ਘਰ ਅਤੇ ਮਸਜਿਦਾਂ ਜਲਾ ਦਿੱਤੇ ਗਏ। ਟਰੰਪ ਨੇ ਇਕ ਸ਼ਬਦ ਤੱਕ ਨਹੀਂ ਕਿਹਾ।

ਉਨ੍ਹਾਂ ਖ਼ੌਫ਼ਨਾਕ ਦਿਨਾਂ ਦੀ ਇਕ ਵੱਖਰੀ ਤਰ੍ਹਾਂ ਦੀ ਲੀਲਾ ਸਾਡੇ ਜ਼ਿਹਨ 'ਚ ਦਰਜ ਹੈ। ਭਾਰਤ ਦੀ ਰਾਜਧਾਨੀ ਦੀ ਇਕ ਸੜਕ ਉੱਪਰ ਇਕ ਨੌਜਵਾਨ ਮੁਸਲਮਾਨ ਬੁਰੀ ਤਰ੍ਹਾਂ ਜ਼ਖ਼ਮੀ ਅੱਧਮੋਈ ਹਾਲਤ 'ਚ ਡਿਗਿਆ ਪਿਆ ਹੈ। ਪੁਲਿਸ ਦੇ ਜਵਾਨ ਉਸ ਨੂੰ ਨੋਚਦੇ ਹੋਏ, ਕੁੱਟਦੇ ਹੋਏ ਭਾਰਤ ਦਾ ਕੌਮੀ ਗੀਤ ਗਾਉਣ ਲਈ ਮਜਬੂਰ ਕਰ ਰਹੇ ਹਨ। ਕੁਝ ਹੀ ਦਿਨਾਂ ਵਿਚ ਉਸ ਦੀ ਮੌਤ ਹੋ ਗਈ। ਉਸਦਾ ਨਾਮ ਫ਼ੈਜ਼ਾਨ ਸੀ। ਉਸਦੀ ਉਮਰ 23 ਸਾਲ ਸੀ। ਉਨ੍ਹਾਂ ਪੁਲਿਸ ਮੁਲਾਜਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ।

ਲੋਕਤੰਤਰੀ ਦੁਨੀਆ ਦੇ ਜਗੀਰਦਾਰਾਂ ਲਈ ਇਨ੍ਹਾਂ ਵਿੱਚੋਂ ਕਿਸੇ ਵੀ ਗੱਲ ਦੀ ਕੋਈ ਖ਼ਾਸ ਮਹੱਤਤਾ ਨਹੀਂ ਹੋਣੀ ਚਾਹੀਦੀ। ਤੇ ਅਸਲ ਵਿਚ ਹੈ ਵੀ ਨਹੀਂ। ਕਿਉਂਕਿ ਕੁਝ ਵੀ ਹੋਵੇ, ਕਈ ਜ਼ਰੂਰੀ ਕੰਮਾਂ ਨੂੰ ਅੰਜਾਮ ਦੇਣਾ ਹੈ। ਕਿਉਂਕਿ ਭਾਰਤ ਉੱਭਰ ਰਹੇ ਚੀਨ ਦੇ ਵਿਰੁੱਧ ਪੱਛਮ ਦੀ ਦੀਵਾਰ ਹੈ (ਜਾਂ ਉਹ ਇਸ ਤਰ੍ਹਾਂ ਦੀ ਉਮੀਦ ਕਰਦੇ ਹਨ), ਅਤੇ ਕਿਉਂਕਿ ਖੁੱਲ੍ਹੀ ਮੰਡੀ ਵਿਚ ਤੁਹਾਡੇ ਸਮੂਹਿਕ ਬਲਾਤਕਾਰ ਜਾਂ ਤੁਹਾਨੂੰ ਭੀੜ ਦੁਆਰਾ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਜਾਂ ਰਤਾ ਕੁ ਨਸਲੀ ਸਫ਼ਾਏ ਨੂੰ ਜਾਂ ਕਿਸੇ ਗੰਭੀਰ ਵਿਤੀ ਭ੍ਰਿਸ਼ਟਾਚਾਰ ਨੂੰ ਵੇਚ ਕੇ ਬਦਲੇ 'ਚ ਵੱਡੀ ਤਾਦਾਦ 'ਚ ਲੜਾਕੂ ਜਾਂ ਵਪਾਰਕ ਜਹਾਜ਼ ਖ਼ਰੀਦੇ ਜਾ ਸਕਦੇ ਹਨ। ਜਾਂ ਰੂਸ ਤੋਂ ਖ਼ਰੀਦੇ ਕੱਚੇ ਤੇਲ ਨੂੰ ਸੋਧ ਕੇ ਅਤੇ ਇਸਨੂੰ ਅਮਰੀਕੀ ਪਾਬੰਦੀਆਂ ਦੇ ਕਲੰਕ ਤੋਂ ਮੁਕਤ ਕਰਕੇ, ਤੁਸੀਂ ਇਸਨੂੰ ਯੂਰਪ ਨੂੰ, ਅਤੇ ਜੀ ਹਾਂ, ਅਮਰੀਕਾ ਨੂੰ ਵੀ ਵੇਚ ਸਕਦੇ ਹੋ, ਜਿਵੇਂ ਕਿ ਸਾਡੇ ਅਖ਼ਬਾਰਾਂ ਨੇ ਖ਼ਬਰ ਦਿੱਤੀ ਹੈ। ਹਰ ਕੋਈ ਖ਼ੁਸ਼ ਹੈ। ਤੇ ਹੋਵੇ ਵੀ ਕਿਓਂ ਨਾ?




ਯੂਕਰੇਨੀ ਲੋਕਾਂ ਲਈ ਯੂਕਰੇਨ ਉਨ੍ਹਾਂ ਦਾ ਮੁਲਕ ਹੈ। ਰੂਸ ਲਈ, ਇਹ ਇਕ ਬਸਤੀ ਹੈ, ਅਤੇ ਪੱਛਮੀ ਯੂਰਪ ਅਤੇ ਅਮਰੀਕਾ ਲਈ ਇਹ ਇਕ ਮੋਰਚਾ ਹੈ। (ਜਿਵੇਂ ਵੀਅਤਨਾਮ ਸੀ। ਜਿਵੇਂ ਅਫ਼ਗਾਨਿਸਤਾਨ ਸੀ)। ਪਰ ਮੋਦੀ ਲਈ ਇਹ ਇਕ ਹੋਰ ਰੰਗ-ਮੰਚ ਹੈ ਜਿੱਥੇ ਉਹ ਆਪਣੀ ਕਲਾਕਾਰੀ ਦਿਖਾ ਸਕਦਾ ਹੈ। ਇਸ ਵਾਰ ਉਸ ਦੀ ਭੂਮਿਕਾ ਅਮਨ ਲਿਆਉਣ ਵਾਲੇ ਇਕ ਸੁਲਝੇ ਹੋਏ ਰਾਜਨੇਤਾ ਦੀ ਹੈ ਜੋ ਉਪਦੇਸ਼ ਦਿੰਦਾ ਹੈ ਕਿ "ਇਹ ਯੁੱਧ ਲੜਨ ਦਾ ਸਮਾਂ ਨਹੀਂ ਹੈ।"

ਨਿੱਤ ਵਧਦੀ ਜਾ ਰਹੀ ਇਕ ਸਨਕ ਦੀ ਤਰ੍ਹਾਂ ਨਜ਼ਰ ਆਉਣ ਵਾਲੇ ਮੁਲਕ 'ਚ ਇਕ ਬੇਹੱਦ ਨਫ਼ੀਸ ਨਿਆਂ ਪ੍ਰਣਾਲੀ ਕਾਇਮ ਹੈ। ਪਰ ਕਾਨੂੰਨ ਦੇ ਅੱਗੇ ਕੋਈ ਬਰਾਬਰੀ ਨਹੀਂ ਹੈ। ਕਾਨੂੰਨ ਜਾਤੀ, ਧਰਮ, ਲਿੰਗ ਅਤੇ ਜਮਾਤ ਦੇਖ ਕੇ ਚੁਣਵੇਂ ਤਰੀਕੇ ਨਾਲ ਲਾਗੂ ਕੀਤੇ ਜਾਂਦੇ ਹਨ। ਮਿਸਾਲ ਵਜੋਂ, ਇਕ ਹਿੰਦੂ ਜਿਹੜੀ ਗੱਲ ਕਹਿ ਸਕਦਾ ਹੈ ਉਹ ਇਕ ਮੁਸਲਮਾਨ ਨਹੀਂ ਕਹਿ ਸਕਦਾ। ਇਕ ਕਸ਼ਮੀਰੀ ਉਹ ਗੱਲਾਂ ਨਹੀਂ ਕਹਿ ਸਕਦਾ ਜੋ ਹੋਰ ਲੋਕ ਕਹਿ ਸਕਦੇ ਹਨ। ਇਸ ਨਾਲ ਇਕਜੁੱਟਤਾ, ਇਕ ਦੂਜੇ ਦੇ ਲਈ ਬੋਲਣਾ ਕਿਸੇ ਵੀ ਹੋਰ ਸਮੇਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੋ ਗਿਆ ਹੈ। ਪਰ ਇਹ ਵੀ ਇਕ ਜ਼ੋਖ਼ਮ ਵਾਲਾ ਕੰਮ ਹੋ ਗਿਆ ਹੈ ਅਤੇ ਇਹੀ ਉਹ ਗੱਲ ਹੈ ਜੋ ਮੇਰੇ ਭਾਸ਼ਣ ਦਾ ਸਿਰਲੇਖ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ - ਅਸੀਂ ਇਕ ਜਮੂਦ ਦੇ ਕੰਢੇ 'ਤੇ ਪਹੁੰਚ ਰਹੇ ਹਾਂ, ਇਕ ਬੰਦ ਗਲੀ 'ਚ ਦਾਖ਼ਲ ਹੋ ਰਹੇ ਹਾਂ।

ਬਦਕਿਸਮਤੀ ਨਾਲ ਇਕ ਅਜਿਹੇ ਸਮੇਂ 'ਚ, ਜੋ ਗੱਲਾਂ ਤੁਸੀਂ ਕਹਿ ਨਹੀਂ ਸਕਦੇ ਅਤੇ ਜਿਹੜੇ ਸ਼ਬਦ ਤੁਸੀਂ ਆਪਣੀ ਜ਼ੁਬਾਨ ਉੱਪਰ ਲਿਆ ਨਹੀਂ ਸਕਦੇ, ਉਨ੍ਹਾਂ ਦੀ ਫਿਹਰਿਸਤ ਪਲ-ਪਲ ਲੰਮੀ ਹੁੰਦੀ ਜਾ ਰਹੀ ਹੈ। ਇਕ ਸਮਾਂ ਅਜਿਹਾ ਸੀ ਜਦੋਂ ਉਨ੍ਹਾਂ ਫੋਰਮਾਂ ਉੱਪਰ ਸਰਕਾਰਾਂ ਅਤੇ ਮੁੱਖ ਧਾਰਾ ਮੀਡੀਆ ਦਾ ਕੰਟਰੋਲ ਸੀ ਜੋ ਚਰਚਾ ਅਤੇ ਬਿਰਤਾਂਤ ਨੂੰ ਕੰਟਰੋਲ ਕਰਦੇ ਸਨ। ਪੱਛਮ ਵਿਚ, ਇਸ ਦੀ ਲਗਾਮ ਜ਼ਿਆਦਾਤਰ ਗੋਰੇ ਲੋਕਾਂ ਦੇ ਹੱਥਾਂ 'ਚ ਸੀ। ਭਾਰਤ ਵਿਚ ਇਹ ਲਗਾਮ ਬ੍ਰਾਹਮਣਾਂ ਦੇ ਹੱਥਾਂ ਵਿਚ ਸੀ। ਅਤੇ ਫਿਰ ਬੇਸ਼ੱਕ ਫ਼ਤਵਾ ਦੇਣ ਵਾਲੇ ਲੋਕ ਵੀ ਹਨ ਜਿਨ੍ਹਾਂ ਲਈ ਸੈਂਸਰਸ਼ਿਪ ਲਾਉਣਾ ਅਤੇ ਕਤਲ ਕਰ ਦੇਣਾ ਇੱਕੋ ਚੀਜ਼ ਹੁੰਦੀ ਹੈ।

ਪਰ ਹੁਣ ਸੈਂਸਰਸ਼ਿਪ ਬਦਲ ਕੇ ਸਭ ਦੇ ਖ਼ਿਲਾਫ਼ ਸਭ ਦੀ ਲੜਾਈ ਬਣ ਗਈ ਹੈ। ਬੁਰਾ ਮਨਾਉਣ ਦੀ ਕੋਮਲ ਕਲਾ ਇਕ ਵਿਸ਼ਵੀ ਉਦਯੋਗ ਬਣ ਗਈ ਹੈ। ਸਵਾਲ ਇਹ ਹੈ ਕਿ ਹਜ਼ਾਰ ਸਿਰਾਂ, ਹਜ਼ਾਰ ਹੱਥਾਂ-ਪੈਰਾਂ ਵਾਲੀ, ਘਾਤ ਲਾਈ ਬੈਠੀ, ਹਮੇਸ਼ਾ ਚੁਕੰਨੀ, ਹਮੇਸ਼ਾ ਸ਼ਿਕਾਰ ਦੀ ਤਲਾਸ਼ 'ਚ ਰਹਿਣ ਵਾਲੀ, ਗੁੰਮਰਾਹੀ ਦਾ ਸੁਰਾਗ਼ ਲਗਾ ਕੇ ਹਮਲਾ ਕਰਨ ਵਾਲੀ ਇਸ ਮਸ਼ੀਨ ਨਾਲ ਕਿਸ ਤਰ੍ਹਾਂ ਦੀ ਗੱਲ ਕੀਤੀ ਜਾ ਸਕਦੀ ਹੈ? ਕੀ ਇਹ ਸੰਭਵ ਵੀ ਹੈ, ਜਾਂ ਕੀ ਇਹ ਇਕ ਅਜਿਹੀ ਸਮੁੰਦਰੀ ਲਹਿਰ ਹੈ ਜਿਸ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇਸ ਦਾ ਜਵਾਰ ਮੱਠਾ ਪੈ ਜਾਵੇ?

ਹੋਰ ਮੁਲਕਾਂ ਵਾਂਗ ਭਾਰਤ ਵਿਚ ਪਛਾਣ ਦੀ ਵਰਤੋਂ ਟਾਕਰੇ ਦੇ ਇਕ ਹਥਿਆਰ ਵਜੋਂ ਕੀਤੀ ਜਾਣ ਲੱਗੀ ਹੈ ਅਤੇ ਪਛਾਣ ਦੇ ਆਧਾਰ 'ਤੇ ਹੋਣ ਵਾਲੇ ਜਬਰ-ਜ਼ੁਲਮ ਦਾ ਇਹ ਮੁੱਖ ਜਵਾਬ ਬਣ ਗਿਆ ਹੈ। ਅਸੀਂ ਲੋਕ ਜੋ ਆਪਣੀਆਂ ਪਛਾਣਾਂ, ਆਪਣੀ ਨਸਲ, ਜਾਤੀ, ਨਸਲੀ-ਸੱਭਿਆਚਾਰਕਤਾ, ਜੈਂਡਰ ਜਾਂ ਲਿੰਗਕ ਤਰਜ਼ੀਹਾਂ ਦੇ ਕਾਰਨ ਇਤਿਹਾਸਕ ਤੌਰ 'ਤੇ ਦਾਬੇ ਦਾ ਸ਼ਿਕਾਰ ਰਹੀਆਂ ਗ਼ੁਲਾਮ ਬਸਤੀਆਂ ਰਹੇ ਹਾਂ, ਜਿਨ੍ਹਾਂ ਦਾ ਇਕ ਰੂੜ੍ਹੀਵਾਦੀ ਅਕਸ ਬਣਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਹੋਂਦ ਨੂੰ ਨਕਾਰ ਦਿੱਤਾ ਗਿਆ, ਜਿਨ੍ਹਾਂ ਦੀ ਗੱਲ ਸੁਣੀ ਨਹੀਂ ਗਈ ਅਤੇ ਉਨ੍ਹਾਂ ਨੂੰ ਅਣਡਿੱਠ ਕੀਤਾ ਗਿਆ, ਹੁਣ ਇਸ ਦਾਬੇ ਦਾ ਮੁਕਾਬਲਾ ਕਰਨ ਲਈ ਆਕੀ ਹੋ ਕੇ ਇਨ੍ਹਾਂ ਪਛਾਣਾਂ ਦੀ ਮੱਦਦ ਲੈ ਰਹੇ ਹਨ।

ਇਹ ਇਤਿਹਾਸ ਦਾ ਇਕ ਤਾਕਤਵਰ, ਵਿਸਫੋਟਕ ਪਲ ਹੈ ਜਿਸ ਵਿਚ ਸੋਸ਼ਲ ਮੀਡੀਆ ਦੀ ਮੱਦਦ ਨਾਲ ਇਕ ਬੇਕਾਬੂ, ਭੜਕਦਾ ਹੋਇਆ ਗੁੱਸਾ ਪੁਰਾਣੇ ਵਿਚਾਰਾਂ, ਪੁਰਾਣੇ ਤੌਰ-ਤਰੀਕਿਆਂ, ਬਿਨਾਂ ਸਵਾਲ ਕੀਤੇ ਮੰਨ ਲਈਆਂ ਗਈਆਂ ਕਾਬਜ਼ ਮਾਨਤਾਵਾਂ, ਡੂੰਘੇ ਭਾਵਨਾਤਮਕ ਅਰਥਾਂ ਵਾਲੇ ਸ਼ਬਦਾਂ ਅਤੇ ਉਸ ਭਾਸ਼ਾ ਉੱਪਰ ਸੱਟ ਮਾਰ ਰਿਹਾ ਹੈ ਜਿਸ ਵਿਚ ਤੁਅੱਸਬ ਅਤੇ ਕੱਟੜਪੁਣਾ ਭਰਿਆ ਹੋਇਆ ਹੈ। ਇਸ ਦੀ ਤੇਜ਼ੀ ਅਤੇ ਹੜਬੜੀ ਨੇ ਇਸ ਅਵੇਸਲੀ ਦੁਨੀਆ ਨੂੰ ਝੰਜੋੜ ਦਿੱਤਾ ਹੈ ਜੋ ਦੁਬਾਰਾ ਸੋਚਣ, ਦੁਬਾਰਾ ਕਲਪਨਾ ਕਰਨ ਲਈ ਮਜਬੂਰ ਹੋ ਰਹੀ ਹੈ ਅਤੇ ਚੀਜ਼ਾਂ ਨੂੰ ਕਰਨ ਤੇ ਕਹਿਣ ਦੇ ਬਿਹਤਰ ਤਰੀਕੇ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਵਿਡੰਬਨਾ ਇਹ ਹੈ ਕਿ ਜਦੋਂ ਅਸੀਂ ਫਾਸ਼ੀਵਾਦ ਵੱਲ ਵਧ ਰਹੇ ਹਾਂ ਤਾਂ ਇਹ ਵਰਤਾਰਾ, ਚੀਜ਼ਾਂ ਨੂੰ ਇਸ ਤਰੀਕੇ ਨਾਲ ਸੰਵਾਰਨਾ-ਸੁਧਾਰਨਾ ਲੱਗਭੱਗ ਰਹੱਸਮਈ ਰੂਪ 'ਚ ਨਾਲੋ-ਨਾਲ ਚੱਲ ਰਿਹਾ ਹੈ।

ਇਸ ਵਿਸਫੋਟ ਦੇ ਡੂੰਘੇ, ਇਨਕਲਾਬੀ ਪਹਿਲੂ ਹਨ; ਨਾਲ ਹੀ ਬੇਤੁਕੇ ਅਤੇ ਨੁਕਸਾਨਦੇਹ ਪਹਿਲੂ ਵੀ ਹਨ। ਇਸ ਦੇ ਇੰਤਹਾ ਪਹਿਲੂਆਂ ਨੂੰ ਉਠਾ ਕੇ ਗੱਲਾਂ ਕਰਨਾ ਅਤੇ ਉਸ ਦੀ ਵਰਤੋਂ ਕਰਦੇ ਹੋਏ ਪੂਰੀ ਬਹਿਸ ਨੂੰ ਬਦਨਾਮ ਕਰਨਾ ਸੌਖਾ ਹੈ। (ਮਿਸਾਲ ਵਜੋਂ, ਕੀ ਔਰਤਾਂ ਨੂੰ ਹੁਣ 'ਮਾਹਵਾਰੀ ਵਾਲੇ ਲੋਕ' ਕਿਹਾ ਜਾਣਾ ਚਾਹੀਦਾ ਹੈ? ਕੀ ਇਸਲਾਮ ਦੀ ਅਮੀਰ ਵੰਨ-ਸੁਵੰਨਤਾ ਨੂੰ ਪੜ੍ਹਾਉਣ ਵਾਲੀ ਇਕ ਅਮਰੀਕਨ ਕਲਾ ਦੀ ਪ੍ਰੋਫੈਸਰ ਨੂੰ ਫ਼ੌਰਨ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ ਕਿਉਂਕਿ ਉਸ ਨੇ ਪੈਗੰਬਰ ਮੁਹੰਮਦ ਦੀ 14ਵੀਂ ਸਦੀ ਦੀ ਇਕ ਪੇਂਟਿੰਗ ਆਪਣੇ ਵਿਦਿਆਰਥੀਆਂ ਨੂੰ ਦਿਖਾਈ, ਜਿਸ ਤੋਂ ਪਹਿਲਾਂ ਉਸ ਨੇ ਆਪਣੇ ਵਿਦਿਆਰਥੀਆਂ ਨੂੰ ਕਿਹਾ ਸੀ ਕਿ ਉਹ ਇਹ ਪੇਂਟਿੰਗ ਦਿਖਾਉਣ ਜਾ ਰਹੀ ਹੈ ਅਤੇ ਇਹ ਵੀ ਕਿਹਾ ਸੀ ਕਿ ਜਿਨ੍ਹਾਂ ਵਿਦਿਆਰਥੀ ਨੂੰ ਇਹ ਪੇਂਟਿੰਗ ਦੇਖ ਕੇ ਦੁੱਖ ਲੱਗੇਗਾ ਜਾਂ ਪਰੇਸ਼ਾਨ ਹੋਣਗੇ, ਉਹ ਉੱਠ ਕੇ ਚਲੇ ਜਾਣ। ਕੀ ਇਤਿਹਾਸਕ ਤਕਲੀਫ਼ਾਂ ਨੂੰ ਊਚ-ਨੀਚ ਦੇ ਸਥਾਈ ਦਰਜਿਆਂ 'ਚ ਵੰਡਿਆ ਜਾ ਸਕਦਾ ਹੈ, ਜਿਸ ਨੂੰ ਹਰੇਕ ਨੂੰ ਕਬੂਲ ਕਰਨਾ ਹੀ ਪਵੇਗਾ?)

ਇਹ ਇਕ ਅਜਿਹਾ ਬਾਲਣ ਹੈ ਜਿਸਦੀ ਵਰਤੋਂ ਕੱਟੜ ਸੱਜੇਪੱਖੀ ਆਪਣੇ ਆਪ ਨੂੰ ਮਜ਼ਬੂਤ ਬਣਾਉਣ ਲਈ ਕਰਦੇ ਹਨ। ਪਰ ਡਰ ਕੇ ਅਤੇ ਬਿਨਾਂ ਸੋਚੇ-ਸਮਝੇ, ਬਿਨਾਂ ਸਵਾਲ ਉਠਾਏ ਇਸ ਅੱਗੇ ਗੋਡੇ ਟੇਕ ਦੇਣਾ ਵੀ ਇਸ ਬਦਲਾਅ ਦੀ ਤੌਹੀਨ ਹੈ। ਕਿਉਂਕਿ ਪਛਾਣਾਂ ਦੀ ਸਿਆਸਤ ਵਿਚ ਅਕਸਰ ਹੀ ਇਕ ਅਜਿਹਾ ਅਹਿਮ ਧੁਰਾ ਹੁੰਦਾ ਹੈ ਜੋ ਆਪਣੀ ਜਗ੍ਹਾ 'ਤੇ ਘੁੰਮਦੇ ਹੋਏ ਉਸੇ ਹੀ ਚੀਜ਼ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੰਦਾ ਹੈ ਜਿਸ ਦਾ ਉਹ ਵਿਰੋਧ ਕਰਨਾ ਚਾਹੁੰਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਪਛਾਣ ਨੂੰ ਵੱਖ-ਵੱਖ ਕਰਕੇ ਛੋਟੇ ਛੋਟੇ ਦਰਜਿਆਂ 'ਚ ਵੰਡ ਦਿੱਤਾ ਜਾਂਦਾ ਹੈ।

ਫਿਰ ਇਹ ਛੋਟੇ-ਛੋਟੇ ਦਰਜੇ ਵੀ ਸੱਤਾ ਦਾ ਊਚ-ਨੀਚ ਵਾਲਾ ਢਾਂਚਾ ਬਣਾ ਲੈਂਦੇ ਹਨ, ਉਨ੍ਹਾਂ ਵਿਚ ਇਕ ਨਿੱਕੀ ਕੁਲੀਨਤਾ ਵਿਕਸਿਤ ਹੋ ਜਾਂਦੀ ਹੈ, ਜੋ ਵੱਡੇ ਸ਼ਹਿਰਾਂ, ਵੱਡੀਆਂ ਯੂਨੀਵਰਸਿਟੀਆਂ ਵਿਚ ਸਥਿਤ ਹੁੰਦੀ ਹੈ, ਉਸ ਦੇ ਕੋਲ ਸੋਸ਼ਲ ਮੀਡੀਆ ਦੀ ਪੂੰਜੀ ਹੁੰਦੀ ਹੈ ਜੋ ਲਾਜ਼ਮੀ ਤੌਰ 'ਤੇ ਉਸੇ ਤਰ੍ਹਾਂ ਦੇ ਬਾਈਕਾਟਾਂ, ਹੋਂਦ ਤੋਂ ਹੀ ਇਨਕਾਰ ਕਰ ਦੇਣ ਅਤੇ ਊਚ-ਨੀਚ ਦੀ ਨਕਲ ਕਰਦੀ ਹੈ ਜਿਸ ਨੂੰ ਚੁਣੌਤੀ ਦੇਣ ਨਾਲ ਸ਼ੁਰੂਆਤ ਹੋਈ ਸੀ।

ਜੇ ਅਸੀਂ ਉਨ੍ਹਾਂ ਲੇਬਲਾਂ ਅਤੇ ਪਛਾਣਾਂ ਦੀਆਂ ਕਾਲ-ਕੋਠੜੀਆਂ 'ਚ ਖ਼ੁਦ ਨੂੰ ਕੈਦ ਕਰ ਲਈਏ ਜੋ ਸਾਨੂੰ ਉਨ੍ਹਾਂ ਲੋਕਾਂ ਨੇ ਦਿੱਤੀਆਂ ਹਨ ਜੋ ਸਾਡੇ ਉੱਪਰ ਹਮੇਸ਼ਾ ਹਕੂਮਤ ਕਰਦੇ ਆਏ ਹਨ ਤਾਂ ਅਸੀਂ ਵੱਧ ਤੋਂ ਵੱਧ ਜੇਲ੍ਹ ਦੀ ਬਗ਼ਾਵਤ ਨੂੰ ਹੀ ਅੰਜਾਮ ਦੇ ਸਕਦੇ ਹਾਂ। ਅਸੀਂ ਇਨਕਲਾਬ ਨਹੀਂ ਕਰ ਸਕਦੇ। ਤੇ ਫਿਰ ਛੇਤੀਂ ਹੀ ਜੇਲ੍ਹ ਦੇ ਰਖਵਾਲੇ ਵੀ ਪਹੁੰਚ ਜਾਣਗੇ ਤਾਂ ਕਿ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਿਆ ਜਾਵੇ। ਦਰਅਸਲ ਉਹ ਤਾਂ ਪਹਿਲਾਂ ਹੀ ਤੁਰ ਪਏ ਹਨ। ਜਦੋਂ ਅਸੀਂ ਫ਼ੁਰਮਾਨਾਂ ਅਤੇ ਸੈਂਸਰਸ਼ਿਪ ਦੇ ਸੱਭਿਆਚਾਰ ਨੂੰ ਸਵੀਕਾਰ ਕਰ ਲੈਂਦੇ ਹਾਂ ਤਾਂ ਆਖ਼ਿਰਕਾਰ ਇਸ ਨਾਲ ਹੱਦੋਂ ਵੱਧ ਫ਼ਾਇਦਾ ਹਮੇਸ਼ਾ ਹੀ ਸੱਜੇ ਪੱਖ ਨੂੰ ਅਤੇ ਆਮ ਤੌਰ 'ਤੇ ਯਥਾਸਥਿਤੀ ਨੂੰ ਹੁੰਦਾ ਹੈ।

ਆਪਣੇ ਆਪ ਨੂੰ ਭਾਈਚਾਰਿਆਂ, ਧਰਮਾਂ ਅਤੇ ਜਾਤੀ ਸਮੂਹਾਂ, ਨਸਲੀ-ਸੱਭਿਆਚਾਰਕ ਸਮੂਹਾਂ ਅਤੇ ਜੈਂਡਰਾਂ 'ਚ ਮੋਹਰਬੰਦ ਕਰਕੇ, ਆਪਣੀਆਂ ਪਛਾਣਾਂ ਨੂੰ ਸੀਮਤ ਕਰਦੇ ਹੋਏ ਅਤੇ ਉਨ੍ਹਾਂ ਨੂੰ ਸਮਤਲ ਬਣਾਉਂਦੇ ਹੋਏ ਅਤੇ ਉਨ੍ਹਾਂ ਨੂੰ ਭੰਨ-ਘੜ ਕੇ ਸਾਂਚਿਆਂ ਵਿਚ ਢਾਲ ਦੇਣ ਨਾਲ

ਇਕਜੁੱਟਤਾ ਦੀ ਗੁੰਜਾਇਸ਼ ਹੀ ਖ਼ਤਮ ਹੋ ਜਾਂਦੀ ਹੈ। ਵਿਡੰਬਨਾ ਦੇਖੋ ਕਿ ਭਾਰਤ ਵਿਚ ਹਿੰਦੂ ਜਾਤਪਾਤੀ ਵਿਵਸਥਾ ਦਾ ਸਰਬਉੱਚ ਟੀਚਾ ਇਹੀ ਸੀ ਅਤੇ ਹੁਣ ਵੀ ਹੈ। ਲੋਕਾਂ ਨੂੰ ਅਟੁੱਟ ਅਤੇ ਬੰਦ ਖ਼ਾਨਿਆਂ ਦੀ ਇਕ ਉਚ-ਨੀਚ ਵਾਲੀ ਵਿਵਸਥਾ ’ਚ ਵੰਡ ਦਿਓ, ਅਤੇ ਫਿਰ ਕੋਈ ਵੀ ਭਾਈਚਾਰਾ ਦੂਜੇ ਦੇ ਦਰਦ ਨੂੰ ਮਹਿਸੂਸ ਕਰਨ ਦੇ ਕਾਬਲ ਨਹੀਂ ਰਹਿ ਜਾਵੇਗਾ ਕਿਉਂਕਿ ਉਹ ਇਕ ਦੂਜੇ ਨਾਲ ਹਮੇਸ਼ਾ ਅਤੇ ਲਗਾਤਾਰ ਟਕਰਾਅ ਵਿਚ ਰਹਿੰਦੇ ਹਨ।

ਇਹ ਇਕ ਆਟੋਮੈਟਿਕ, ਗੁੰਝਲਦਾਰ ਪ੍ਰਸ਼ਾਸਕੀ ਅਤੇ ਨਿਗਰਾਨੀ ਮਸ਼ੀਨ ਵਾਂਗ ਚੱਲਦਾ ਹੈ ਜਿਸ ਵਿਚ ਸਮਾਜ ਖ਼ੁਦ ਹੀ ਹੀ ਆਪਣਾ ਸੰਚਾਲਨ ਅਤੇ ਨਿਗਰਾਨੀ ਕਰਦਾ ਹੈ ਅਤੇ ਇਸ ਪ੍ਰਕਿਰਿਆ ਵਿਚ ਇਹ ਯਕੀਨੀ ਬਣਾਉਂਦਾ ਹੈ ਕਿ ਦਾਬੇ ਦਾ ਢਾਂਚਾ ਕਾਇਮ ਰਹੇ। ਇਸ ਵਿਵਸਥਾ ਵਿਚ ਹਰ ਕੋਈ ਕਿਸੇ ਨਾ ਕਿਸੇ ਨੂੰ ਦਬਾਉਂਦਾ ਹੈ ਅਤੇ ਕਿਸੇ ਨਾ ਕਿਸੇ ਦੇ ਦਾਬੇ ਦਾ ਸ਼ਿਕਾਰ ਹੁੰਦਾ ਹੈ, ਸਿਵਾਏ ਸਭ ਤੋਂ ਉੱਚੀਆਂ ਅਤੇ ਸਭ ਤੋਂ ਹੇਠਲੀਆਂ ਜਾਤਾਂ ਦੇ। ਇਹ ਜਾਤੀਆਂ ਵੀ ਆਪਸ ਵਿਚ ਬਹੁਤ ਬਾਰੀਕੀ ਨਾਲ ਊਚ-ਨੀਚ ਵਿਚ ਵੰਡੀਆਂ ਹੋਈਆਂ ਹਨ।

ਇਕ ਵਾਰ ਫੰਦਿਆਂ ਦਾ ਜਾਲ ਵਿਛਾ ਦਿੱਤੇ ਜਾਣ ਤੋਂ ਬਾਦ ਤਕਰੀਬਨ ਕੋਈ ਵੀ ਨਹੀਂ ਬਚਦਾ ਹੈ ਜੋ ਸ਼ੁੱਧ ਅਤੇ ਸਹੀ ਹੋਣ ਦੀ ਕਸੌਟੀ ਉੱਪਰ ਪੂਰਾ ਉੱਤਰ ਸਕੇ। ਨਿਸ਼ਚਿਤ ਤੌਰ ’ਤੇ, ਤਕਰੀਬਨ ਕੁਝ ਵੀ ਅਜਿਹਾ ਨਹੀਂ ਬਚਦਾ ਜੋ ਕਦੇ ਚੰਗਾ ਜਾਂ ਮਹਾਨ ਸਾਹਿਤ ਮੰਨਿਆ ਗਿਆ ਸੀ। ਯਕੀਨਨ ਸ਼ੈਕਸਪੀਅਰ ਨਹੀਂ। ਟਾਲਸਟਾਏ ਵੀ ਨਹੀਂ – ਉਨ੍ਹਾਂ ਦੇ ਰੂਸੀ ਸਾਮਰਾਜਵਾਦ ਦੀ ਤਾਂ ਗੱਲ ਹੀ ਛੱਡੋ, ਜ਼ਰਾ ਸੋਚੋ ਕਿ ਟਾਲਸਟਾਏ ਨੇ ਇਹ ਕਿਵੇਂ ਮੰਨ ਲਿਆ ਸੀ ਕਿ ਉਹ ਅੰਨਾ ਕਰੈਨੀਨਾ ਨਾਂ ਦੀ ਔਰਤ ਦਾ ਮਨ ਪੜ੍ਹ ਸਕਦਾ ਹੈ। ਦੋਸਤੋਵਸਕੀ ਵੀ ਨਹੀਂ, ਜੋ ਬੁੱਢੀਆਂ ਔਰਤਾਂ ਨੂੰ ਸਿਰਫ਼ “ਚੁੜੇਲ” ਕਹਿੰਦਾ ਸੀ। ਇਸ ਤਰ੍ਹਾਂ ਤਾਂ ਮੈਂ ਯਕੀਨੀ ਤੌਰ ’ਤੇ ਇਕ ਚੁੜੇਲ ਹੋਣ ਦੀ ਕਸੌਟੀ ਉੱਪਰ ਖ਼ਰੀ ਉੱਤਰਦੀ ਹਾਂ। ਪਰ ਇਸ ਦੇ ਬਾਵਜੂਦ ਮੈਂ ਚਾਹਾਂਗੀ ਕਿ ਲੋਕ ਉਨ੍ਹਾਂ ਨੂੰ ਪੜ੍ਹਨ।

ਜਾਂ ਜੇ ਤੁਸੀਂ ਚਾਹੋ ਤਾਂ ਮਹਾਤਮਾ ਗਾਂਧੀ ਦੀਆਂ ਲਿਖਤਾਂ ਦੇ ਸੰਗ੍ਰਹਿ ਪੜ੍ਹ ਲੈਣਾ। ਮੈਂ ਗਾਰੰਟੀ ਦੇ ਸਕਦੀ ਹਾਂ ਕਿ ਤੁਸੀਂ ਹਰ ਹਿਸਾਬ ਨਾਲ ਦੰਗ ਰਹਿ ਜਾਓਗੇ – ਭਾਵੇਂ ਇਹ ਨਸਲ ਦੀ ਗੱਲ ਹੋਵੇ, ਜਾਂ ਲਿੰਗ, ਜਾਤ ਜਾਂ ਜਮਾਤ ਦੀ। ਕੀ ਇਸ ਦਾ ਭਾਵ ਇਹ ਹੈ ਕਿ ਉਨ੍ਹਾਂ ਉੱਪਰ ਪਾਬੰਦੀ ਲਗਾ ਦੇਣੀ ਚਾਹੀਦੀ ਹੈ? ਜਾਂ ਹੁਣ ਉਨ੍ਹਾਂ ਨੂੰ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ? ਇੱਥੋਂ ਤੱਕ ਕਿ ਜੇਨ ਆਸਟਨ ਵੀ ਨਹੀਂ ਬਚ ਸਕੇਗੀ। ਇਹ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਕਿਸੇ ਵੀ ਧਰਮ ਦਾ ਕੋਈ ਵੀ ਪਵਿੱਤਰ ਗ੍ਰੰਥ ਇਨ੍ਹਾਂ ਮਾਪਦੰਡਾਂ ਉੱਪਰ ਪੂਰਾ ਨਹੀਂ ਉੱਤਰੇਗਾ।

ਜਨਤਕ ਸੰਵਾਦ ਦੇ ਜ਼ਾਹਰਾ ਰੌਲ਼ੇ-ਗੌਲ਼ੇ ਦਰਮਿਆਨ ਅਸੀਂ ਲੋਕ ਇਕ ਤਰ੍ਹਾਂ ਦੀ ਬੌਧਿਕ ਖੜੋਤ ਵਿਚ, ਇਕ ਬੰਦ ਗਲੀ ਵਿਚ ਪ੍ਰਵੇਸ਼ ਕਰ ਰਹੇ ਹਾਂ। ਇਕਜੁੱਟਤਾ ਕਦੇ ਵੀ ਪੂਰੀ ਤਰ੍ਹਾਂ ਨਿਰਦੋਸ਼ ਨਹੀਂ ਹੋ ਸਕਦੀ। ਇਸ ਨੂੰ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ, ਇਸ ਉੱਪਰ ਬਹਿਸ ਹੋਣੀ ਚਾਹੀਦੀ ਹੈ, ਇਸ ਨੂੰ ਸੁਧਾਰਨਾ ਚਾਹੀਦਾ ਹੈ। ਪਰ ਇਸ ਦੀ ਗੁੰਜਾਇਸ਼ ਨੂੰ ਖ਼ਤਮ ਕਰਦੇ ਹੋਏ ਅਸੀਂ ਉਸੇ ਚੀਜ਼ ਨੂੰ ਮਜ਼ਬੂਤ ਕਰਦੇ ਹਾਂ ਜਿਸ ਨਾਲ ਲੜਨ ਦਾ ਦਾਅਵਾ ਅਸੀਂ ਕਰਦੇ ਹਾਂ।

ਇਸ ਸਭ ਦਾ ਸਾਹਿਤ ’ਤੇ ਕੀ ਪ੍ਰਭਾਵ ਪੈਂਦਾ ਹੈ? ਇਕ ਗਲਪ ਲੇਖਕ ਹੋਣ ਦੇ ਨਾਤੇ ਕੁਝ ਚੀਜ਼ਾਂ ਮੈਨੂੰ “ਐਪਰੋਪ੍ਰੀਏਸ਼ਨ” (ਬਿਨਾਂ ਇਜਾਜ਼ਤ ਮੰਗ ਲੈਣਾ ਜਾਂ ਖੋਹ ਲੈਣਾ) ਸ਼ਬਦ ਨਾਲੋਂ ਵੀ ਜ਼ਿਆਦਾ ਪ੍ਰੇਸ਼ਾਨ ਕਰਦੀਆਂ ਹਨ, ਜੋ ਕਿ ਨਵੀਂ ਸੈਂਸਰਸ਼ਿੱਪ ਦੇ ਨਾਅਰਿਆਂ ਵਿੱਚੋਂ ਇਕ ਹੈ। ਇਸ ਪ੍ਰਸੰਗ ’ਚ, ਸਿੱਧਾ-ਸਿੱਧਾ ਕਹੀਏ ਤਾਂ ਇਸ ਹੜੱਪਣ ਦਾ ਰਿਸ਼ਤਾ ਲੁਟੇਰਿਆਂ ਨਾਲ ਜੋੜਿਆ ਜਾ ਰਿਹਾ ਹੈ, ਪਛਤਾਵਾ ਕਰਨ ਵਾਲੇ ਉਨ੍ਹਾਂ ਲੁਟੇਰਿਆਂ ਨਾਲ ਵੀ ਜੋ ਦੂਜਿਆਂ ਨੂੰ ਲਿਖਣ ਦੀ, ਨੁਮਾਇੰਦਗੀ ਕਰਨ ਦੀ, ਦੂਜਿਆਂ ਨੂੰ ਉੱਚੀ ਆਵਾਜ਼ ਵਿਚ ਬੋਲਣ ਦੀ, ਜਾਂ ਦਰ ਅਸਲ ਆਪਣੇ ਸ਼ਿਕਾਰ ਲੋਕਾਂ ਦੀਆਂ ਕਹਾਣੀਆਂ ਨੂੰ ਉਨ੍ਹਾਂ ਦੇ ਨਾਂ ’ਤੇ ਸੁਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਬਹੁਤ ਘਿਣਾਉਣੀ ਗੱਲ ਹੈ, ਅਤੇ ਇਹ ਕਿਸੇ ਵੀ ਚੀਜ਼ ਦੀ ਆਲੋਚਨਾ ਕਰਦੇ ਹੋਏ ਧਿਆਨ ਵਿਚ ਰੱਖਣ ਵਾਲਾ ਇਕ ਉਪਯੋਗੀ ਸਿਧਾਂਤ ਹੈ।

ਪਰ ਇਹ ਚੀਜ਼ਾਂ ਉੱਪਰ ਪਾਬੰਦੀ ਲਗਾਉਣ ਜਾਂ ਉਨ੍ਹਾਂ ਨੂੰ ਸੈਂਸਰ ਕਰਨ ਦਾ ਉਚਿਤ ਕਾਰਨ ਨਹੀਂ ਹੈ। ਹਾਂ, ਸਾਡੇ ਤੋਂ ਮਾਈਕ ਖੋਹ ਲਿਆ ਗਿਆ ਹੈ। ਹਾਂ, ਅਸੀਂ ਇਕ ਕਿਸਮ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਸੁਣ ਲਿਆ ਹੈ ਅਤੇ ਹੋਰ ਕਿਸਮ ਦੇ ਲੋਕਾਂ ਨੂੰ ਬਹੁਤ ਘੱਟ ਸੁਣਿਆ ਹੈ। ਪਰ ਜੀਵਨ ਦਾ ਜਾਲ ਸੰਘਣਾ ਅਤੇ ਉਲਝਿਆ ਹੋਇਆ ਹੈ, ਇਸ ਵਿਚ ਰਹਿਣ ਵਾਲੇ ਜੀਵਾਂ ਅਤੇ ਉਨ੍ਹਾਂ ਦੇ ਕੰਮਾਂ ਨੂੰ ਰੂੜ੍ਹੀ ਵਿਸ਼ੇਸ਼ਤਾਈਆਂ ਤੱਕ ਸੁੰਗੇੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਉਨ੍ਹਾਂ ਨੂੰ ਏਨੀ ਆਸਾਨੀ ਨਾਲ ਅਤੇ ਬੇਸਮਝੀ ਵਾਲੇ ਤਰੀਕਿਆਂ ਨਾਲ ਵੰਡਿਆ ਜਾ ਸਕਦਾ ਹੈ।



ਜੇਕਰ ਖ਼ਾਸ ਤੌਰ ’ਤੇ ਗਲਪ ਦੀ ਗੱਲ ਕਰੀਏ ਤਾਂ ਐਪ੍ਰੋਪਰੀਏਸ਼ਨ ਤੋਂ ਬਿਨਾਂ ਕੋਈ ਵੀ ਕਹਾਣੀ ਲਿਖੀ ਨਹੀਂ ਜਾ ਸਕਦੀ। ਕਿਉਂਕਿ ਅਸੀਂ ਕਥਾ-ਲੇਖਕ ਵੀ ਲੁਟੇਰੇ ਹੁੰਦੇ ਹਾਂ। ਜੇ ਸੀਰੀਅਲ ਕਿਲਰ ਬੇਕਿਰਕ ਕਾਤਲ ਹੁੰਦੇ ਹਨ ਤਾਂ ਨਾਵਲਕਾਰ ਬੇਰਹਿਮ ਲੁਟੇਰੇ ਹੁੰਦੇ ਹਨ। ਆਪਣੀ ਕਾਲਪਨਿਕ ਦੁਨੀਆ ਦੀ ਰਚਨਾ ਕਰਨ ਲਈ ਅਸੀਂ ਹਰ ਉਸ ਚੀਜ਼ ਨੂੰ ਹਥਿਆ ਲੈਂਦੇ ਹਾਂ ਜਿਸ ਨਾਲ ਸਾਡੀ ਮੁਲਾਕਾਤ ਹੁੰਦੀ ਹੈ ਅਤੇ ਉਸ ਸਭ ਕਾਸੇ ਤੋਂ ਅਸੀਂ ਕੰਮ ਲੈਂਦੇ ਹਾਂ। ਇਹੀ ਉਹ ਚੀਜ਼ ਹੈ ਜੋ ਮਹਾਨ ਨਾਵਲਾਂ ਨੂੰ ਖ਼ਤਰਨਾਕ ਬਣਾਉਂਦੀ ਹੈ, ਉਨ੍ਹਾਂ ਨੂੰ ਅਜਿਹੀਆਂ ਚੀਜ਼ਾਂ ਬਣਾਉਂਦੀ ਹੈ ਜੋ ਲੁਕੀਆਂ ਚੀਜ਼ਾਂ ਨੂੰ ਉਜਾਗਰ ਕਰਦੇ ਹਨ।

ਮੈਂ ਆਪਣੇ ਬਾਰੇ ਕਹਾਂ ਤਾਂ ਮੈਂ ਆਪਣੀ ਸ਼ਿਲਪ ਨੂੰ ਨਾ ਸਿਰਫ਼ ਟੋਨੀ ਮੌਰੀਸਨ ਅਤੇ ਜੇਮਸ ਬਾਲਡਵਿਨ ਵਰਗੇ ਰਾਜਨੀਤਿਕ ਤੌਰ ’ਤੇ ਅਸਧਾਰਨ ਲੇਖਕਾਂ ਤੋਂ ਸਿੱਖਣ ਦੀ ਕੋਸ਼ਿਸ਼ ਕੀਤੀ ਹੈ, ਸਗੋਂ ਮੈਂ ਕਿਪਲਿੰਗ ਵਰਗੇ ਸਾਮਰਾਜਵਾਦੀਆਂ ਤੋਂ ਵੀ, ਅਤੇ ਧਾਰਮਿਕ ਕੱਟੜਪੰਥੀ, ਨਸਲਵਾਦੀ, ਉਪੱਦਰੀ ਅਤੇ ਦੁਸ਼ਟ ਲੇਖਕਾਂ ਤੋਂ ਵੀ ਸਿੱਖਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਨੂੰ ਸੁੰਦਰ ਲਿਖਣਾ ਆਉਂਦਾ ਹੈ। ਕੀ ਉਨ੍ਹਾਂ ਸਾਰਿਆਂ ਨੂੰ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਕਿਸੇ ਤੰਗਨਜ਼ਰ ਮੈਨੀਫੈਸਟੋ ਦੀ ਤਾਲ ’ਤੇ ਮਾਰਚ ਕਰ ਸਕਣ?

ਪਿੱਛੇ ਜਹੇ ਰੋਲਡ ਡੌਲ ਦੀ ਲੇਖਣੀ ਨੂੰ ਮੁੜ ਸੰਪਾਦਤ ਕਰਨ ਦਾ ਫ਼ੈਸਲਾ ਲਿਆ ਗਿਆ - ਹਾਏ ਰੱਬਾ, ਹੁਣ ਕਿਸ ਦੀ ਵਾਰੀ ਹੈ? ਨਾਬੋਕੋਵ? ਕੀ ਲੋਲਿਤਾ ਸਾਡੀ ਕਿਤਾਬਾਂ ਦੀ ਅਲਮਾਰੀ ਤੋਂ ਗਾਇਬ ਹੋ ਜਾਵੇਗੀ? ਜਾਂ ਕੀ ਉਸ ਨੂੰ ਇਕ ਭੇਸ ਵਟਾਉਣ ਵਾਲੀ ਖੁਫ਼ੀਆ, ਨਾਬਾਲਗ ਕਾਰਕੁਨ ਵਿਚ ਬਦਲ ਦਿੱਤਾ ਜਾਵੇਗਾ? ਕੀ ਪੁਰਾਣੀਆਂ ਮਹਾਨ ਕਲਾਕ੍ਰਿਤਾਂ ਨੂੰ ਦੁਬਾਰਾ ਪੇਂਟ ਕੀਤਾ ਜਾਵੇਗਾ? ਉਨ੍ਹਾਂ ਨੂੰ ਮਰਦਾਨਾ ਨਜ਼ਰ ਨਾਲ ਸ਼ੁੱਧ ਕਰਦੇ ਹੋਏ? ਇਹ ਸਭ ਕੁਝ ਕਹਿਣਾ ਹੀ ਆਪਣੇ ਆਪ ਵਿਚ ਅਫ਼ਸੋਸਨਾਕ ਹੈ। ਇਹ ਸਾਨੂੰ ਕਿੱਥੇ ਲਿਜਾ ਕੇ ਛੱਡੇਗਾ? ਇਕ ਸਮੁੰਦਰੀ ਕੰਢੇ ’ਤੇ ਜਿੱਥੇ ਪੈਰਾਂ ਦੇ ਨਿਸ਼ਾਨ ਨਹੀਂ ਹਨ? ਇਕ ਦੁਨੀਆ ਜਿਸ ਦਾ ਕੋਈ ਇਤਿਹਾਸ ਨਹੀਂ ਹੈ?

ਜੇ ਸਾਹਿਤ ਹਜ਼ਾਰਾਂ ਗੰਢਾਂ ਵਾਲੇ ਧਾਗੇ ਦੇ ਜਾਲ ਵਿਚ ਉਲਝ ਕੇ ਜੜ੍ਹ ਹੋ ਜਾਵੇ ਤਾਂ ਇਹ ਇਕ ਤਰ੍ਹਾਂ ਦੇ ਖੜੋਤ ਮਾਰੇ, ਬੋਝਲ ਐਲਾਨਨਾਮੇ ਵਿਚ ਬਦਲ ਜਾਵੇਗਾ। ਦੁੱਖ ਦੀ ਗੱਲ ਤਾਂ ਇਹ ਹੈ ਕਿ ਅੱਜ ਜੋ ਲੋਕ ਪੂਰੇ ਜੋਸ਼-ਖ਼ਰੋਸ਼ ਨਾਲ ਇਸ ਉੱਪਰ ਲਾਠੀਆਂ ਚਲਾਉਣ ’ਚ ਲੱਗੇ ਹੋਏ ਹਨ, ਉਹ ਨਾ ਸਿਰਫ਼ ਦੂਜਿਆਂ ਨੂੰ ਸੰਵੇਦਨਾਹੀਣ ਪੱਥਰ ਬਣਾ ਰਹੇ ਹਨ, ਸਗੋਂ ਆਪਣੇ ਆਪ ਨੂੰ ਵੀ ਪੱਥਰ ਬਣਾ ਰਹੇ ਹਨ। ਉਹ ਅਜਿਹੀਆਂ ਬਾਰੂਦੀ ਸੁਰੰਗਾਂ ਵਿਛਾ ਰਹੇ ਹਨ ਜਿਨ੍ਹਾਂ ਉੱਪਰ ਉਨ੍ਹਾਂ ਦੇ ਆਪਣੇ ਪੈਰ ਜ਼ਰੂਰ ਧਰੇ ਜਾਣਗੇ, ਇਹ ਹਕੀਕਤ ਉਹ ਜਾਣਦੇ ਹਨ। ਜਦੋਂ ਦਿਮਾਗ ਉੱਪਰ ਚੌਕਸੀ ਅਤੇ ਚੁਕੰਨੇਪਣ ਦਾ ਪਹਿਰਾ ਹੋਵੇ ਤਾਂ ਉਸ ਦੇ ਲਈ ਥਿਰਕਣਾ ਅਤੇ ਨੱਚਣਾ ਸੰਭਵ ਨਹੀਂ ਹੁੰਦਾ। ਇਸ ਨਵੀਂ, ਛਲਾਵੇ ਨਾਲ ਭਰੀ ਜ਼ੁਬਾਨ ਵਿਚ ਸਿਰਫ਼ ਭਾਰੇ, ਸੰਭਲ-ਸੰਭਲ ਕੇ ਹੀ ਕਦਮ ਚੁੱਕੇ ਜਾ ਸਕਦੇ ਹਨ।

ਕੁਝ ਵੀ ਹੋਵੇ, ਇਹ ਚੀਜ਼ਾਂ ਠੰਡੇ ਬਸਤੇ ਵਿਚ ਪਾਉਣ ਨਾਲ ਖ਼ਤਮ ਨਹੀਂ ਹੋ ਜਾਂਦੀਆਂ। ਇਹ ਬਹਿਸਾਂ ਜਿਸ ਧੌਂਸ ਅਤੇ ਬਦਲਾਖ਼ੋਰੀ ਨਾਲ ਹੋ ਰਹੀਆਂ ਹਨ, ਜੇ ਇਹ ਇਸ ਤੋਂ ਬਿਨਾਂ ਹੁੰਦੀਆਂ ਤਾਂ ਨਿਸ਼ਚਿਤ ਰੂਪ ’ਚ ਇਸ ਦੇ ਨਤੀਜੇ ’ਚ ਜੋ ਕੱਟੜਪੁਣੇ, ਨਸਲਵਾਦ ਅਤੇ ਲਿੰਗਵਾਦ ਦੀ ਗੜਬੜ ਨਜ਼ਰ ਆਉਂਦੀ ਹੈ, ਉਹ ਨਾ ਹੁੰਦੀ। ਇਸ ਦੀ ਬਜਾਏ, ਐਸੀਆਂ ਬੇਮਿਸਾਲ ਆਵਾਜ਼ਾਂ ਉਭਰ ਕੇ ਸਾਹਮਣੇ ਆਉਂਦੀਆਂ ਜੋ ਪਹਿਲਾਂ ਕਦੇ ਸੁਣੀਆਂ ਨਹੀਂ ਗਈਆਂ ਸਨ ਜੋ ਜ਼ਿਆਦਾਤਰ ਅਤੀਤ ਨੂੰ ਸ਼ਰਮਿੰਦਾ ਕਰ ਦੇਣਗੀਆਂ।

ਇਹ ਸਭ ਸਹੀ ਹੈ, ਫਿਰ ਵੀ, ਸ਼ਬਦਾਂ ਨੂੰ ਬਾਰੀਕੀ ਨਾਲ ਗੌਰ ਕਰਕੇ ਦੇਖਣਾ ਬੁਰਾ ਖ਼ਿਆਲ ਨਹੀਂ ਹੈ। ਕਿਉਂਕਿ ਕਦੇ-ਕਦੇ ਇਕ ਸ਼ਬਦ ਹੀ ਪੂਰੀ ਕਾਇਨਾਤ ਬਣ ਜਾਂਦਾ ਹੈ।

ਮਿਸਾਲ ਵਜੋਂ, ਜਦੋਂ ਪਹਿਲੀ ਵਾਰ ਮੇਰਾ ਨਾਵਲ ਛਪਿਆ ਅਤੇ ਮੈਂ ਪ੍ਰਕਾਸ਼ਿਤ ਨਾਵਲਕਾਰ ਬਣੀ ਤਾਂ ਭਾਰਤ ਤੋਂ ਬਾਹਰ ਮੰਚਾਂ ਉੱਪਰ ਅਕਸਰ ਹੀ ਮੇਰਾ ਤੁਆਰਫ਼ “ਭਾਰਤੀ ਔਰਤ ਲੇਖਕ” ਵਜੋਂ ਕਰਵਾਇਆ ਜਾਂਦਾ। (ਭਾਰਤ ਵਿਚ “ਬੁੱਕਰ ਪੁਰਸਕਾਰ ਜੇਤੂ ਪਹਿਲੀ ਭਾਰਤੀ ਔਰਤ” ਕਿਹਾ ਜਾਂਦਾ ਹੈ।) ਹਰ ਵਾਰ ਜਦੋਂ ਅਜਿਹਾ ਹੁੰਦਾ ਤਾਂ ਮੈਂ ਅੰਦਰੋ ਅੰਦਰੀ ਕੰਬ ਜਾਂਦੀ ਅਤੇ ਇਸ ਤਰ੍ਹਾਂ ਕਿਸੇ ਉੱਪਰ ਲੇਬਲ ਲਗਾਉਣ ਦੇ ਤਰੀਕਿਆਂ ਬਾਰੇ ਸੋਚਦੀ।

ਕੀ ਅਜਿਹਾ ਕਰਨਾ ਜ਼ਰੂਰੀ ਸੀ ਜਾਂ ਕੀ ਇਹ ਕਿਸੇ ਵਿਅਕਤੀ ਨੂੰ ਸੀਮਤ ਅਤੇ ਸੁੰਗੇੜਨ ਦਾ ਤਰੀਕਾ ਹੈ? ਆਖ਼ਿਰਕਾਰ, ਅਸੀਂ ਸਾਹਿਤ ਦੀ ਗੱਲ ਕਰ ਰਹੇ ਸੀ, ਵੀਜ਼ਾ ਅਰਜੀਆਂ ਦੀ ਨਹੀਂ। ਮੈਂ ਕੰਬ ਜਾਂਦੀ ਕਿਉਂਕਿ ਗੁਸੁਖ਼ਵਾਨ ਅਤੇ ਖ਼ੁਦ ਨੂੰ ਲਾਇਕ ਸਮਝਣ ਵਾਲੇ ਮਰਦ ਮੈਨੂੰ ਲਗਾਤਾਰ ਗਿਆਨ ਦਿੰਦੇ ਰਹਿੰਦੇ ਸਨ ਕਿ ਲਿਖਣਾ ਕਿਵੇਂ ਹੈ, ਕੀ ਲਿਖਣਾ ਹੈ, ਕਿਸ ਸੁਰ ’ਚ ਲਿਖਣਾ ਹੈ, ਮੇਰੇ ਵਰਗੀ (ਔਰਤ) ਲੇਖਕ ਦੇ ਲਿਖਣ ਲਈ ਕਿਹੜੇ ਵਿਸ਼ੇ ਮੁਨਾਸਿਬ ਹੋਣਗੇ। ਅਜਿਹਾ ਉਹ ਸਿਰਫ਼ ਨਿੱਜੀ ਤੌਰ ’ਤੇ ਹੀ ਨਹੀਂ ਕਹਿੰਦੇ, ਇੱਥੋਂ ਤੱਕ ਕਿ ਅਖ਼ਬਾਰਾਂ ਦੇ ਪਹਿਲੇ ਪੰਨਿਆਂ ਉੱਪਰ ਵੀ ਅਜਿਹੀਆਂ ਗੱਲਾਂ ਲਿਖੀਆਂ ਜਾਂਦੀਆਂ। ਇਕ ਸਲਾਹ ਅਕਸਰ ਦਿੱਤੀ ਜਾਂਦੀ ਹੈ ਕਿ ਮੈਂ ਬੱਚਿਆਂ ਲਈ ਕਹਾਣੀਆਂ ਲਿਖਾਂ। ਉਨ੍ਹਾਂ ਨੂੰ ਕਥਾ-ਸਹਿਤ ਨਾਲ ਓਨੀ ਪ੍ਰੇਸ਼ਾਨੀ ਨਹੀਂ ਹੁੰਦੀ ਜਿੰਨੀ ਉਨ੍ਹਾਂ ਲੇਖਾਂ ਨਾਲ ਹੁੰਦੀ, ਹਾਲਾਂ ਕਿ ਮੈਂ ਜੋ ਕਹਿ ਰਹੀ ਸੀ ਉਨ੍ਹਾਂ ਗੱਲਾਂ ਨਾਲ ਉਹ ਸਿਧਾਂਤਕ ਤੌਰ ’ਤੇ ਸਹਿਮਤ ਸਨ।

ਇਕ ਵਾਰ ਮੈਨੂੰ ਭਾਰਤ ਵਿਚ ਵੱਡੇ ਡੈਮਾਂ ਉੱਪਰ ਮੇਰੀਆਂ ਲਿਖਤਾਂ ਨੂੰ ਲੈ ਕੇ ਅਦਾਲਤ ਦੀ ਮਾਣਹਾਨੀ ਲਈ ਸੁਪਰੀਮ ਕੋਰਟ ਵਿਚ ਪੇਸ਼ ਹੋਣ ਲਈ ਕਿਹਾ ਗਿਆ। ਸੁਣਵਾਈ ਦੌਰਾਨ ਜੱਜ ਸਾਹਿਬ ਨਿਰਾਸ਼ਾ ਦੇ ਆਲਮ ’ਚ ਮੇਰੇ ਲੇਖ ਦਾ ਜ਼ਿਕਰ ਕਰਦਿਆਂ ਮੈਨੂੰ ‘ਉਹ ਔਰਤ’ ਕਹਿ ਰਹੇ ਸਨ। ਜਿਵੇਂ ਮੈਂ ਉਸ ਦੇ ਸਾਹਮਣੇ, ਉੱਥੇ ਮੌਜੂਦ ਨਾ ਹੋਵਾਂ। ਮੈਂ ਨਿੱਜੀ ਤੌਰ ’ਤੇ ਆਪਣੇ ਆਪ ਨੂੰ ‘ਇਕ ਬੁੱਕਰ ਵਿਨਿੰਗ ਹੁਕਰ (ਬੁੱਕਰ ਜੇਤੂ ਬਜ਼ਾਰੂ)’ ਕਹਿੰਦੀ। ਜਦੋਂ ਮੈਂ ਅਦਾਲਤ ਤੋਂ ਮੁਆਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਤਾਂ ਮੈਨੂੰ ਕਿਹਾ ਗਿਆ ਕਿ ਮੈਂ “ਇਕ ਤਰਕਸ਼ੀਲ ਆਦਮੀ” ਵਾਂਗ ਵਿਹਾਰ ਨਹੀਂ ਕਰ ਰਹੀ ਅਤੇ ਮੈਨੂੰ ਇਕ ਦਿਨ ਲਈ ਜੇਲ੍ਹ ਭੇਜ ਦਿੱਤਾ ਗਿਆ।

ਉਦੋਂ ਤੋਂ ਬਾਦ ਹਾਲਾਤ ਬਦਲ ਗਏ ਹਨ। ਮੇਰੀ ਜਾਣ-ਪਛਾਣ ਲਈ ਤਿਆਰ ਕੀਤੀ ਗਈ ਸੂਚੀ ਵਿਚ ਇਕ ਇਕ ਸ਼ਬਦ – ਭਾਰਤੀ, ਔਰਤ ਅਤੇ ਲੇਖਕ – ਅੱਜਕੱਲ੍ਹ ਅਜਿਹਾ ਵਿਸ਼ਾ ਬਣ ਗਏ ਹਨ ਜਿਨ੍ਹਾਂ ਉੱਪਰ ਬੜੀ ਬੇਕਰਾਰੀ ਨਾਲ ਅਤੇ ਬੜੀ ਮੁਸ਼ਕਿਲ ਨਾਲ ਛਾਣ-ਬੀਣ ਅਤੇ ਬਹਿਸਾਂ ਕੀਤੀਆਂ ਜਾ ਰਹੀਆਂ ਹਨ। ਇਹ ਸ਼ਬਦ ਅਜਿਹੇ ਟਕਰਾਵਾਂ ਦਾ ਵਿਸ਼ਾ ਹਨ ਜਿਨ੍ਹਾਂ ਉੱਪਰ ਤਕਰੀਬਨ ਕੋਈ ਰਾਜ਼ੀਨਾਮਾ ਨਹੀਂ ਹੋ ਸਕਦਾ। ਇਕ ਔਰਤ ਕੌਣ ਹੁੰਦੀ ਹੈ? ਜਾਂ ਦਰ ਅਸਲ ਮਨੁੱਖ ਕੌਣ ਹੁੰਦਾ ਹੈ? ਇਕ ਦੇਸ਼ ਕੀ ਹੁੰਦਾ ਹੈ? ਇਕ ਨਾਗਰਿਕ ਕੀ ਹੁੰਦਾ ਹੈ? ਓਪਨ ਏਆਈ ਅਤੇ ਚੈਟਜੀਪੀਟੀ ਦੇ ਯੁਗ ਵਿਚ ਇਕ ਲੇਖ ਕੌਣ ਜਾਂ ਕੀ ਹੈ?

ਚਾਹੇ ਬਹੁਤ ਸਾਰੇ ਲੋਕ ਇਸ ਨੂੰ ਨਾ ਮੰਨਣ, ਪਰ ਅਸੀਂ ਹੁਣ ਜਾਣਦੇ ਹਾਂ ਕਿ ਆਦਮੀ ਅਤੇ ਔਰਤ ਵਿਚਕਾਰਲੀ ਸਰਹੱਦ ਇਕ ਤਰਲ, ਹਮੇਸ਼ਾ ਬਦਲਦੀ ਰਹਿਣ ਵਾਲੀ ਚੀਜ਼ ਹੈ। ਇਹ ਉਹ ਚੀਜ਼ ਨਹੀਂ ਹੈ ਜੋ ਰਵਾਇਤੀ ਮਾਨਤਾਵਾਂ ਵਿਚ ਬਿਆਨ ਕੀਤੀ ਜਾਂਦੀ ਹੈ। ਪਰ ਮਨੁੱਖ ਅਤੇ ਮਸ਼ੀਨ ਦਰਮਿਆਨ, ਕਲਾ ਅਤੇ ਕੋਡਿੰਗ ਦਰਮਿਆਨ, ਨਕਲੀ ਬੁੱਧੀ ਅਤੇ ਮਨੁੱਖੀ ਚੇਤਨਾ ਦਰਮਿਆਨ ਸਰਹੱਦ ਬਾਰੇ ਕੀ ਖ਼ਿਆਲ ਹੈ? ਕੀ ਇਹ ਸਰਹੱਦਾਂ ਓਨੀਆਂ ਹੀ ਪੱਕੀਆਂ ਅਤੇ ਬਣੀਆਂ-ਬਣਾਈਆਂ ਸਰਹੱਦਾਂ ਹਨ ਜਿਵੇਂ ਅਸੀਂ ਸੋਚਿਆ ਸੀ?

ਚੈਟਬੌਟਸ ਦਾ ਜ਼ਮਾਨਾ ਆ ਗਿਆ ਹੈ, ਅਤੇ ਕੁਝ ਕਹਿ ਰਹੇ ਹਨ ਕਿ ਏ.ਆਈ. (ਆਰਟੀਫਿਸ਼ੀਅਲ ਇੰਟੈਲੀਜੈਂਸ : ਨਕਲੀ ਬੁੱਧੀ) ਚੌਥੀ ਉਦਯੋਗਿਕ ਕ੍ਰਾਂਤੀ ਹੈ। ਕੀ ਲੇਖਕ, ਪੱਤਰਕਾਰ, ਕਲਾਕਾਰ ਅਤੇ ਸੰਗੀਤਕਾਰ ਹੌਲੀ-ਹੌਲੀ ਉਸੇ ਤਰ੍ਹਾਂ ਮਰ ਜਾਣਗੇ ਜਿਵੇਂ ਜੁਲਾਹੇ, ਕਾਰੀਗਰ, ਕਾਰਖ਼ਾਨੇ ਦੇ ਮਜ਼ਦੂਰ ਅਤੇ ਪੁਰਾਣੀ ਦੁਨੀਆ ਦੇ ਕਿਸਾਨ ਖ਼ਤਮ ਹੋ ਗਏ ਸਨ? (ਸ਼ਾਇਦ “ਹੱਥ ਨਾਲ ਸਿਰਜੇ” ਅਤੇ “ਹੱਥ ਨਾਲ ਬੁਣੇ” ਪਹਿਰਾਵਿਆਂ/ਪੁਸ਼ਾਕਾਂ ਅਤੇ ਕਲਾਕ੍ਰਿਤੀਆਂ ਦੀ ਤਰ੍ਹਾਂ ਨਾਵਲ ਵੀ “ਹੱਥ ਨਾਲ ਲਿਖੇ” ਬਣ ਜਾਣਗੇ ਅਤੇ ਫਿਰ ਸਾਹਿਤ ਵਜੋਂ ਨਹੀਂ ਸਗੋਂ ਕਲਾਤਮਕ ਚੀਜ਼ਾਂ ਵਾਂਗ ਸੀਮਤ ਸੰਸਕਰਣਾਂ ਵਿਚ ਵਿਕਣਗੇ।)। ਕੀ ਚੈਟਜੀਪੀਟੀ ਬਿਹਤਰ ਸਾਹਿਤ ਰਚੇਗਾ ਜਾਂ ਸਿਡਨੀ ਜਾਂ ਬਿੰਜ?

ਮਹਾਨ ਭਾਸ਼ਾ ਵਿਗਿਆਨੀ ਨੋਮ ਚੌਮਸਕੀ ਸੋਚਦਾ ਹੈ ਕਿ ਇਹ ਅਸੰਭਵ ਹੈ। ਜੇਕਰ ਮੈਂ ਚੌਮਸਕੀ ਨੂੰ ਸਹੀ ਸਮਝ ਸਕੀ ਹਾਂ ਤਾਂ ਉਸ ਦਾ ਮੰਨਣਾ ਹੈ ਕਿ ਇਕ ਮਸ਼ੀਨ ਲਰਨਿੰਗ ਪ੍ਰੋਗਰਾਮ ਬੇਅੰਤ ਮਾਤਰਾ ਵਿਚ ਡੇਟਾ ਨੂੰ ਬਹੁਤ ਤੇਜ਼ੀ ਨਾਲ ਪ੍ਰਾਸੈੱਸ ਕਰਕੇ ਇਕ ਨਕਲੀ ਵਿਗਿਆਨ ਜਾਂ ਨਕਲੀ ਕਲਾ (ਸੂਡੋ-ਸਾਇੰਸ ਜਾਂ ਸੂਡੋ-ਆਰਟ) ਬਣਾ ਸਕਦਾ ਹੈ, ਪਰ ਇਹ ਕਦੇ ਵੀ ਮਨੁੱਖੀ ਸਹਿਜ-ਬੋਧ ਦੀਆਂ ਜਟਿਲ ਸਮਰੱਥਾਵਾਂ ਦੀ ਥਾਂ ਨਹੀਂ ਲੈ ਸਕਦਾ।

ਇਸ ਨੂੰ ਲੈ ਕੇ ਭਾਰੀ ਬੇਚੈਨੀ ਹੈ ਕਿ ਜੇ ਓਪਨ ਏਆਈ ਨਿਯਮਾਂ ਅਤੇ ਕਾਇਦਿਆਂ ਤੋਂ ਬਿਨਾਂ ਦੁਨੀਆ ਵਿਚ ਥਾਂ ਬਣਾ ਲੈਂਦਾ ਹੈ ਤਾਂ ਕੀ ਹੋਵੇਗਾ। ਅਤੇ ਅਜਿਹੀ ਬੇਚੈਨੀ ਹੋਣੀ ਚਾਹੀਦੀ ਹੈ।

ਜਦੋਂ ਸਾਹਿਤ ਦੀ ਗੱਲ ਆਉਂਦੀ ਹੈ ਤਾਂ ਮੇਰੀ ਚਿੰਤਾ ਇਸ ਗੱਲ ਨੂੰ ਲੈ ਕੇ ਘੱਟ ਹੈ ਕਿ ਕੀ ਚੈਟਬੌਟਸ ਲੇਖਕਾਂ ਦੀ ਥਾਂ ਲੈ ਸਕਣਗੇ। (ਸ਼ਾਇਦ ਮੈਂ ਇਸ ਪੱਖੋਂ ਕੁਝ ਜ਼ਿਆਦਾ ਹੀ ਉਮਰ ਦਰਾਜ ਹਾਂ ਅਤੇ ਕੁਝ ਜ਼ਿਆਦਾ ਹੀ ਬੇਕਾਰ ਹਾਂ। ਜਾਂ ਸ਼ਾਇਦ ਇਹ ਇਸ ਲਈ ਹੈ ਕਿ ਮੈਂ ਸਾਹਿਤ ਨੂੰ “ਵਸਤੂ” ਵਜੋਂ ਨਹੀਂ ਦੇਖਦੀ।) ਇਸ ਪ੍ਰਕਿਰਿਆ ’ਚ ਜੋ ਦਰਦ, ਖ਼ੁਸ਼ੀ ਅਤੇ ਬਹੁਤ ਜ਼ਿਆਦਾ ਪਾਗਲਪਨ ਹੈ ਉਹੀ ਮੇਰੇ ਲਿਖਣ ਦੀ ਅਸਲ ਵਜ੍ਹਾ ਹੈ।) ਮੇਰੀ ਚਿੰਤਾ ਇਹ ਹੈ ਕਿ ਇਨਸਾਨੀ ਲੇਖਕਾਂ ਨੂੰ – ਦੇਖੋ, ਮੈਂ ਕਹਿ ਹੀ ਦਿੱਤਾ, ਮੈਂ ‘ਇਨਸਾਨੀ ਲੇਖਕ’ ਕਿਹਾ - ਜਿੰਨੀ ਮਾਤਰਾ ’ਚ ਡੇਟਾ ਅਤੇ ਜਾਣਕਾਰੀ ਅੱਜਕੱਲ੍ਹ ਪ੍ਰਾਸੈੱਸ ਕਰਨੀ ਪੈਂਦੀ ਹੈ, ਅਤੇ ਗ਼ਲਤੀਆਂ ਤੋਂ ਬੇਦਾਗ਼ ਹੋਣ ਅਤੇ ਰਾਜਨੀਤਿਕ ਰੂਪ ’ਚ ਪੂਰੀ ਤਰ੍ਹਾਂ ਸਹੀ ਹੋਣ ਲਈ ਵਿੱਛੇ ਹੋਏ ਫੰਦਿਆਂ ਦੇ ਜਾਲ ਵਿੱਚੋਂ ਲੰਘਣਾ ਪੈਂਦਾ ਹੈ, ਖ਼ਤਰਾ ਇਹ ਹੈ ਕਿ ਲੇਖਕ ਆਪਣੀ ਸਹਿਜ-ਬੋਧ ਗੁਆ ਸਕਦੇ ਹਨ ਅਤੇ ਚੈਟਬੌਟ ਵਿਚ ਬਦਲ ਸਕਦੇ ਹਨ। ਇਹ ਸੰਭਵ ਹੈ ਕਿ ਫਿਰ ਰੂਹਾਂ ਦੀ ਅਦਲਾ-ਬਦਲੀ ਹੋ ਜਾਵੇਗੀ। ਚੈਟਬੌਟਸ ਫਿਰ ਅਸਲੀ ਰੂਹਾਂ ਦੇ ਰੂਪ ਵਿਚ ਦਿਖਾਈ ਦੇਣਗੇ, ਅਤੇ ਅਸਲ ਰੂਹਾਂ ਨੇ ਚੈਟਬੌਟ ਦਾ ਭੇਖ ਧਾਰਿਆ ਹੋਵੇਗਾ।

ਇਸ ਸਾਰੀ ਤਰਲਤਾ ਅਤੇ ਆਵਾਜਾਈ ਦੀ ਗੁੰਜ਼ਾਇਸ਼ ਦਰਮਿਆਨ, ਸਿਰਫ਼ ਜੋ ਸਰਹੱਦਾਂ ਮਜ਼ਬੂਤ ਹੁੰਦੀਆਂ ਜਾਪਦੀਆਂ ਹਨ, ਉਹ ਰਾਸ਼ਟਰੀ ਰਾਜਾਂ ਦਰਮਿਆਨ ਦੀਆਂ ਸਰਹੱਦਾਂ ਹਨ। ਉਹ ਮਜ਼ਬੂਤ ਨੀਂਹਾਂ ਅਤੇ ਸਖ਼ਤ ਕੰਡੇਦਾਰ ਤਾਰਾਂ ਵਾਲੀਆਂ ਸਰਹੱਦਾਂ ਹਨ, ਅਤੇ ਉਨ੍ਹਾਂ ਉੱਪਰ ਗਸ਼ਤ ਕੀਤੀ ਜਾ ਰਹੀ ਹੈ। ਜਦੋਂ ਫ਼ੌਜਾਂ ਉਨ੍ਹਾਂ ਨੂੰ ਪਾਰ ਕਰਦੀਆਂ ਹਨ, ਉਸ ਨੂੰ ਅਸੀਂ ਯੁੱਧ ਕਹਿੰਦੇ ਹਾਂ। ਜਦੋਂ ਲੋਕ ਉਨ੍ਹਾਂ ਨੂੰ ਪਾਰ ਕਰਦੇ ਹਨ ਤਾਂ ਉਸ ਨੂੰ ਸ਼ਰਨਾਰਥੀ ਸੰਕਟ ਕਿਹਾ ਜਾਂਦਾ ਹੈ। ਜਦੋਂ ਬੇਲਗਾਮ ਪੂੰਜੀ ਇਨ੍ਹਾਂ ਨੂੰ ਪਾਰ ਕਰਦੀ ਹੈ ਤਾਂ ਉਸ ਨੂੰ ਖੁੱਲ੍ਹੀ ਮੰਡੀ ਕਿਹਾ ਜਾਂਦਾ ਹੈ।

ਆਧੁਨਿਕ ਰਾਸ਼ਟਰ-ਰਾਜ ਨੇ ਇਕ ਵਿਚਾਰ ਵਜੋਂ ਹੁਣ ਈਸ਼ਵਰ ਦਾ ਦਰਜਾ ਹਾਸਲ ਕਰ ਲਿਆ ਹੈ ਜਿਸ ਦੇ ਲਈ ਜਾਨ ਲਈ ਜਾ ਸਕਦੀ ਅਤੇ ਦਿੱਤੀ ਜਾ ਸਕਦੀ ਹੈ। ਪਰ ਹੁਣ, ਡਿਜੀਟਲ ਯੁੱਗ ਵਿਚ, ਕੀ ਅਸੀਂ ਇਕ ਨਵੀਂ ਕਿਸਮ ਦੇ ਰਾਜ ਵੱਲ ਵਧ ਰਹੇ ਹਾਂ? ਇਕ ਇਲੈਕਟ੍ਰਾਨਿਕ ਰਾਜ, ਜਾਂ ਜਿਸ ਨੂੰ ਸਟੇਟ ਇਨ ਅ ਸਮਾਰਟਫ਼ੋਨ (ਸਮਾਰਟਫ਼ੋਨ ਵਿਚ ਸਰਕਾਰ) ਕਿਹਾ ਜਾ ਰਿਹਾ ਹੈ? ਜੇ ਤੁਸੀਂ ਚਾਹੋ ਤਾਂ ਤੁਸੀਂ ਇਸਨੂੰ ਅਵਤਾਰ ਰਾਜ ਕਹਿ ਸਕਦੇ ਹੋ।

ਯੂਐੱਸਏਡ ਦੇ ਫੰਡ ਉੱਪਰ ਅਤੇ ਵੱਡੀਆਂ ਤਕਨੀਕੀ ਕੰਪਨੀਆਂ – ਐਮਾਜ਼ਨ, ਗੂਗਲ, ਔਰੇਕਲ ਦੀ ਹਮਾਇਤ ਨਾਲ ਅਵਤਾਰ ਰਾਜ ਸਾਡੇ ਸਾਹਮਣੇ ਤਕਰੀਬਨ ਇਕ ਹਕੀਕਤ ਬਣ ਚੁੱਕਾ ਹੈ। 2019 ਵਿਚ, ਯੂਕਰੇਨ ਦੀ ਸਰਕਾਰ ਨੇ ਡੀਆਈਆਈਏ ਦੀ ਸ਼ੁਰੂਆਤ ਕੀਤੀ ਜੋ ਇਕ ਐਸੀ ਸਮਾਰਟਫ਼ੋਨ ਐਪ ਹੈ ਜੋ ਡਿਜੀਟਲ ਸ਼ਨਾਖ਼ਤ ਦੇ ਕੰਮ ਆਉਂਦੀ ਹੈ। ਸੌ ਤੋਂ ਵੱਧ ਸਰਕਾਰੀ ਸੇਵਾਵਾਂ ਮੁਹੱਈਆ ਕਰਾਉਣ ਤੋਂ ਇਲਾਵਾ ਡੀਆਈਆਈਏ ਵਿਚ ਪਾਸਪੋਰਟ, ਵੈਕਸੀਨ ਸਰਟੀਫ਼ਿਕੇਟ ਅਤੇ ਹੋਰ ਸ਼ਨਾਖ਼ਤੀ ਕਾਰਡ ਜਾਂ ਦਸਤਾਵੇਜ਼ ਸਟੋਰ ਕੀਤੇ ਜਾ ਸਕਦੇ ਹਨ। ਡੀਆਈਆਈਏ ਸਿਟੀ ਉਸ ਦੀਆਂ ਸਰਹੱਦਾਂ ਤੋਂ ਬਾਹਰ ਇਸ ਦੀ ਵਿੱਤੀ ਰਾਜਧਾਨੀ ਹੈ – ਇਕ ਤਰ੍ਹਾਂ ਦਾ ਪੂੰਜੀ-



ਨਿਵੇਸ਼ ਕੇਂਦਰ ਜਿੱਥੇ ਨਾਗਰਿਕ ਆਪਣੇ ਕੰਮਕਾਜ ਨੂੰ ਰਜਿਸਟਰ ਕਰਵਾ ਸਕਦੇ ਹਨ, ਅਤੇ ਕਾਰੋਬਾਰ ਕਰ ਸਕਦੇ ਹਨ।

ਸ਼ੁਰੂ 'ਚ ਡੀਆ ਜਾਂ ਡੀਆਈਆਈਏ [ਯੂਕਰੇਨੀ ਭਾਸ਼ਾ ਵਿਚ ਡੀਆ ਦਾ ਅਰਥ ਹੈ 'ਕਾਰਵਾਈ', ਅਤੇ ਡੀਆਈਆਈਏ "ਰਾਜ ਅਤੇ ਮੈਂ" ਦਾ ਸੰਖੇਪ ਰੂਪ ਵੀ ਹੈ] ਦੀ ਕਲਪਨਾ "ਪਾਰਦਰਸ਼ਤਾ ਅਤੇ ਕੁਸ਼ਲਤਾ" ਨੂੰ ਯਕੀਨੀਂ ਬਣਾਉਣ ਵਾਲੇ ਨੌਕਰਸ਼ਾਹ ਸੰਦ ਵਜੋਂ ਕੀਤੀ ਗਈ ਸੀ, ਰੂਸੀ ਹਮਲਾ ਸ਼ੁਰੂ ਹੋਣ ਤੋਂ ਬਾਦ ਇਸ ਨੂੰ ਯੂਐਸਏਡ ਦੀ ਪ੍ਰਸ਼ਾਸਕ ਸਮੰਥਾ ਪਾਵਰ ਦੇ ਸ਼ਬਦਾਂ 'ਚ "ਯੁੱਧ ਲਈ ਅਪਣਾ ਲਿਆ ਗਿਆ।" ਸਾਰੀਆਂ ਖ਼ਬਰਾਂ ਅਨੁਸਾਰ ਡੀਆਈਆਈਏ ਨੇ ਯੂਕਰੇਨ ਦੇ ਬਹਾਦਰ ਲੋਕਾਂ ਦੀ ਬਹੁਤ ਵੱਡੀ ਸੇਵਾ ਕੀਤੀ ਹੈ।

ਹੁਣ ਇਸ ਦਾ ਨਾਗਰਿਕਾਂ ਲਈ ਇਕ 24 ਘੰਟੇ ਸੱਤੇ ਦਿਨ ਚੱਲਦਾ ਰਹਿਣ ਵਾਲਾ ਸਰਕਾਰੀ ਨਿਊਜ਼ ਚੈਨਲ ਹੈ ਜਿਸ ਤੋਂ ਨਾਗਰਿਕ ਯੁੱਧ ਸੰਬੰਧੀ ਤਾਜ਼ਾ ਜਾਣਕਾਰੀ ਹਾਸਲ ਕਰ ਸਕਦੇ ਹਨ। ਸ਼ਰਨਾਰਥੀ ਇਸ ਉੱਪਰ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ, ਮੁਆਵਜ਼ੇ ਦੇ ਦਾਅਵੇ ਦਾਇਰ ਕਰ ਸਕਦੇ ਹਨ। ਖ਼ਬਰਾਂ ਅਨੁਸਾਰ ਨਾਗਰਿਕ ਇਸ ਉੱਪਰ ਦੁਸ਼ਮਣ ਨੂੰ ਸਹਿਯੋਗ ਦੇਣ ਵਾਲਿਆਂ ਦੀ ਜਾਣਕਾਰੀ ਅਤੇ ਰੂਸੀ ਫ਼ੌਜੀ ਸਰਗਰਮੀਆਂ ਦੀਆਂ ਫ਼ੋਟੋਆਂ ਅੱਪਲੋਡ ਕਰ ਸਕਦੇ ਹਨ। ਇਹ ਇਕ ਤਰ੍ਹਾਂ ਦਾ ਰੀਅਲ-ਟਾਈਮ ਪਬਲਿਕ ਖੁਫ਼ੀਆ ਇੰਟੈਲੀਜੈਂਸ ਅਤੇ ਨਿਗਰਾਨੀ ਨੈੱਟਵਰਕ ਬਣ ਗਿਆ ਹੈ ਜਿਸ ਦਾ ਸੰਚਾਲਨ ਆਮ ਨਾਗਰਿਕ ਕਰ ਰਹੇ ਹਨ।

ਜਦੋਂ ਯੁੱਧ ਸ਼ੁਰੂ ਹੋਇਆ ਤਾਂ ਡੀਆਈਆਈਏ ਵਿਚ ਸਟੋਰ ਕੀਤੇ ਯੂਕਰੇਨੀ ਨਾਗਰਿਕਾਂ ਦੇ ਨਿੱਜੀ ਡੇਟਾ ਨੂੰ ਮਹਿਫ਼ੂਜ਼ ਕਰਨ ਲਈ ਐਮਾਜ਼ੌਨ ਏਡਬਲਯੂਐੱਸ ਸਨੋਬਾਲਜ਼ ਕਹੀਆਂ ਜਾਣ ਵਾਲੀਆਂ ਮਿਲਟਰੀ ਗਰੇਡ ਹਾਰਡ ਡਰਾਈਵਾਂ ਵਿਚ ਟਰਾਂਸਫਰ ਕਰ ਦਿੱਤਾ ਗਿਆ, ਜੋ ਕਲਾਊਡ ਵਿਚ ਡੇਟਾ ਅੱਪਲੋਡ-ਡਾਊਨਲੋਡ ਕਰਨ ਦੇ ਕੰਮ ਆਉਂਦੀਆਂ ਹਨ। ਫਿਰ ਉਨ੍ਹਾਂ ਨੂੰ ਯੂਕਰੇਨ ਤੋਂ ਬਾਹਰ ਲਿਜਾਇਆ ਗਿਆ ਅਤੇ ਸਾਰਾ ਡੇਟਾ ਕਲਾਊਡ ਉੱਪਰ ਅੱਪਲੋਡ ਕਰ ਦਿੱਤਾ ਗਿਆ।

ਯੂਕਰੇਨ ਦੇ ਲੋਕ ਜਿਸ ਤਰ੍ਹਾਂ ਦੇ ਵਿਨਾਸ਼ਕਾਰੀ ਯੁੱਧ ਦਾ ਸਾਹਮਣਾ ਕਰ ਰਹੇ ਹਨ ਅਤੇ ਉਸ ਦੀਆਂ ਪੈਦਾ ਕੀਤੀਆਂ ਮੁਸੀਬਤਾਂ ਝੱਲ ਰਹੇ ਹਨ। ਯੁੱਧ ਵਿਚ ਜੇ ਕਰ ਲੋਕ ਪੂਰੀ ਤਰ੍ਹਾਂ ਆਪਣੀ ਸਰਕਾਰ ਦੇ ਨਾਲ ਹਨ ਤਾਂ ਆਪਣੇ ਸਮਾਰਟਫੋਨਾਂ ਵਿਚ ਆਪਣੀ ਸਰਕਾਰ ਹੋਣ ਦੇ ਬੇਮਿਸਾਲ ਫ਼ਾਇਦੇ ਹਨ। ਪਰ ਕੀ ਸ਼ਾਂਤੀ ਦੇ ਸਮਿਆਂ ਵਿਚ ਵੀ ਇਨ੍ਹਾਂ ਲਾਭਾਂ ਵਿਚ ਵਾਧਾ ਹੁੰਦਾ ਹੈ? ਕਿਉਂਕਿ ਐਡਵਰਡ ਸਨੋਡਨ ਦੀ ਬਦੌਲਤ ਅਸੀਂ ਜਾਣਦੇ ਹਾਂ ਕਿ ਨਿਗਰਾਨੀ ਦੋ-ਧਾਰੀ ਤਲਵਾਰ ਹੈ। ਸਾਡੇ ਫ਼ੋਨ ਸਾਡੇ ਸਭ ਤੋਂ ਨੇੜਲੇ ਦੁਸ਼ਮਣ ਹਨ ਜੋ ਸਾਡੀ ਜਾਸੂਸੀ ਵੀ ਕਰਦੇ ਹਨ।

"ਲੋਕਤੰਤਰੀ ਦੁਨੀਆ ਦੀ ਰੱਖਿਆ" ਲਈ ਯੂਐੱਸਏਡ ਦੀ ਯੋਜਨਾ ਹੈ ਕਿ ਡੀਆਈਆਈਏ ਜਾਂ ਅਜਿਹੀ ਹੀ ਐਪ ਨੂੰ ਦੂਜੇ ਮੁਲਕਾਂ ਵਿਚ ਲਾਗੂ ਕੀਤਾ ਜਾਵੇ। ਇਕਵਾਡੋਰ, ਜਾਂਬੀਆ, ਡੋਮਿਨਿਕਨ ਰੀਪਬਲਿਕ ਵਰਗੇ ਮੁਲਕ ਇਸ ਕਤਾਰ ਵਿਚ ਸਭ ਤੋਂ ਅੱਗੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਇਕ ਵਾਰ ਜਦੋਂ ਡੀਆਈਆਈਏ ਵਰਗੀ ਐਪ ਨੂੰ "ਯੁੱਧ ਲਈ ਅਪਣਾ ਲਿਆ" ਜਾਂਦਾ ਹੈ ਤਾਂ ਕੀ ਇਸਨੂੰ ਸ਼ਾਂਤੀ ਦੇ ਲਈ "ਤਿਆਗਿਆ" ਜਾਂ "ਬਦਲਿਆ" ਜਾ ਸਕਦਾ ਹੈ? ਕੀ ਹਥਿਆਰਾਂ ਦੇ ਰੂਪ 'ਚ ਢਾਲ ਦਿੱਤੀ ਗਈ ਨਾਗਰਿਕ ਆਬਾਦੀ ਤੋਂ ਉਸ ਦਾ ਇਹ ਰੂਪ ਵਾਪਸ ਲਿਆ ਜਾ ਸਕਦਾ ਹੈ? ਕੀ ਨਿੱਜੀ ਹੱਥਾਂ ਨੂੰ ਸੌਂਪੇ ਗਏ ਡੇਟਾ ਨੂੰ ਮੁੜ ਵਿਅਕਤੀਗਤ ਬਣਾਉਣਾ ਸੰਭਵ ਹੈ?

ਭਾਰਤ ਵੀ ਇਸ ਰਾਹ 'ਤੇ ਚੱਲ ਰਿਹਾ ਹੈ। ਪ੍ਰਧਾਨ ਮੰਤਰੀ ਵਜੋਂ ਮੋਦੀ ਦੇ ਪਹਿਲੇ ਕਾਰਜਕਾਲ ਦੌਰਾਨ, ਭਾਰਤ ਦੀ ਉਸ ਸਮੇਂ ਦੀ ਸਭ ਤੋਂ ਵੱਡੀ ਕਾਰਪੋਰੇਟ ਕੰਪਨੀ ਰਿਲਾਇੰਸ ਇੰਡਸਟਰੀਜ਼ ਨੇ ਜੀਓ ਨਾਂ ਦਾ ਇਕ ਮੁਫ਼ਤ ਵਾਇਰਲੈੱਸ ਡੇਟਾ ਨੈੱਟਵਰਕ ਲਾਂਚ ਕੀਤਾ ਸੀ ਜਿਸ ਵਿਚ ਇਕ ਬਹੁਤ ਹੀ ਸਸਤਾ ਸਮਾਰਟਫ਼ੋਨ ਵੀ ਨਾਲ ਦਿੱਤਾ ਜਾਂਦਾ ਸੀ। ਇਕ ਵਾਰ ਆਪਣੇ ਸ਼ਰੀਕਾਂ ਨੂੰ ਮੁਕਾਬਲੇ ਤੋਂ ਬਾਹਰ ਕਰ ਦੇਣ ਤੋਂ ਬਾਦ ਜੀਓ ਨੇ ਪੈਸੇ ਵਸੂਲਣੇ ਸ਼ੁਰੂ ਕਰ ਦਿੱਤੇ। ਜੀਓ ਨੇ ਭਾਰਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਵਾਇਰਲੈੱਸ ਡੇਟਾ ਖ਼ਪਤਕਾਰ ਵਿਚ ਬਦਲ ਦਿੱਤਾ ਹੈ - ਇੱਥੇ ਕੁਲ-ਮਿਲਾ ਕੇ ਚੀਨ ਅਤੇ ਅਮਰੀਕਾ ਨਾਲੋਂ ਜ਼ਿਆਦਾ ਇੰਟਰਨੈੱਟ ਖ਼ਪਤਕਾਰ ਹਨ।

2019 ਤੱਕ, 30 ਕਰੋੜ ਸਮਾਰਟਫ਼ੋਨ ਖ਼ਪਤਕਾਰ ਸਨ। ਇੰਟਰਨੈੱਟ ਨਾਲ ਜੁੜੇ ਹੋਣ ਦੇ ਬੇਸ਼ੱਕ ਅਨੇਕਾਂ ਫ਼ਾਇਦੇ ਹਨ, ਪਰ ਨਾਲ ਦੀ ਨਾਲ ਇਹੀ ਕਰੋੜਾਂ ਲੋਕ ਨਫ਼ਰਤ ਦੇ, ਸਮਾਜੀ ਤੌਰ 'ਤੇ ਰੇਡੀਓਐਕਟਿਵ ਸੰਦੇਸ਼ਾਂ ਦੇ, ਅਤੇ ਅਨੰਤ ਜਾਅਲੀ ਖ਼ਬਰਾਂ ਦੇ ਦਰਸ਼ਕ ਵੀ ਹਨ ਜੋ ਸੋਸ਼ਲ ਮੀਡੀਆ ਤੋਂ ਹੁੰਦੀਆਂ ਹੋਈਆਂ ਉਨ੍ਹਾਂ ਦੇ ਫ਼ੋਨਾਂ ਤੱਕ ਲਗਾਤਾਰ ਪਹੁੰਚਦੀਆਂ ਰਹਿੰਦੀਆਂ ਹਨ। ਇੱਥੇ ਤੁਸੀਂ ਭਾਰਤ ਨੂੰ ਇਸਦੇ ਅਸਲੀ ਨੰਗੇ ਰੂਪ ਵਿਚ ਦੇਖ ਸਕਦੇ ਹੋ।

ਇਹ ਉਹ ਜਗ੍ਹਾ ਹੈ ਜਿੱਥੋਂ ਮੁਸਲਮਾਨਾਂ ਦੇ ਸਮੂਹਿਕ ਕਤਲੇਆਮ ਅਤੇ ਸਮੂਹਿਕ ਬਲਾਤਕਾਰ ਦਾ ਸੱਦਾ ਦੇਣ ਵਾਲਿਆਂ ਦੀ ਆਵਾਜ਼ ਦੂਰ-ਦੂਰ ਤੱਕ ਪਹੁੰਚਦੀ ਹੈ। ਜਿੱਥੇ ਮੁਸਲਮਾਨਾਂ ਦੇ ਕਤਲੇਆਮ ਕਰਨ ਵਾਲੇ ਹਿੰਦੂ 'ਯੋਧਿਆਂ' ਦੀਆਂ ਵੀਡੀਓ, ਮੁਸਲਮਾਨਾਂ ਵੱਲੋਂ ਹਿੰਦੂਆਂ ਦੀਆਂ ਹੱਤਿਆਵਾਂ ਕਰਨ ਦੀਆਂ ਜਾਅਲੀ ਵੀਡੀਓ ਅਤੇ ਕੋਵਿਡ ਮਹਾਮਾਰੀ ਫੈਲਾਉਣ ਲਈ ਚੋਰੀ-ਛੁਪੇ ਫ਼ਲਾਂ ਉੱਪਰ ਥੁੱਕਦੇ ਮੁਸਲਮਾਨ ਫ਼ਲ ਵਿਕ੍ਰੇਤਾਵਾਂ ਦੀਆਂ ਜਾਅਲੀ ਵੀਡੀਓ ਲੋਕਾਂ ਵਿਚ ਫੈਲਾ ਕੇ ਉਨ੍ਹਾਂ 'ਚ ਗੁੱਸੇ ਅਤੇ ਨਫ਼ਰਤ ਦੀ ਅੱਗ ਭੜਕਾਈ ਜਾਂਦੀ ਹੈ (ਜਿਵੇਂ ਨਾਜ਼ੀ ਜਰਮਨੀ ਵਿਚ ਯਹੂਦੀਆਂ ਉੱਪਰ ਟਾਈਫਸ ਫੈਲਾਉਣ ਦੇ ਦੋਸ਼ ਲਗਾਏ ਗਏ ਸਨ)। ਮੁੱਖ ਧਾਰਾ ਦੇ ਮੀਡੀਆ ਦਾ ਹਿੰਦੂ ਸਰਵਉੱਚਤਾਵਾਦੀਆਂ ਦੇ ਸੋਸ਼ਲ ਮੀਡੀਆ ਚੈਨਲਾਂ ਨਾਲ ਉਹੀ ਰਿਸ਼ਤਾ ਹੈ ਜੋ ਰਵਾਇਤੀ ਫ਼ੌਜ ਦਾ ਕਾਤਲ ਦਸਤੇ ਨਾਲ ਹੁੰਦਾ ਹੈ। ਅਜਿਹੇ ਦਸਤੇ ਉਹ ਕੰਮ ਕਰ ਸਕਦੇ ਹਨ ਜੋ ਰਵਾਇਤੀ ਫ਼ੌਜ ਲਈ ਗੈਰ-ਕਾਨੂੰਨੀ ਹੁੰਦੇ ਹਨ।

ਭਾਰਤ ਵਿਚ ਡਿਜੀਟਲ ਕ੍ਰਾਂਤੀ ਇਸ ਗੱਲ ਦੀ ਇਕ ਸਟੀਕ ਮਿਸਾਲ ਹੈ ਕਿ ਕਿਵੇਂ ਵੱਡੇ ਕਾਰੋਬਾਰ ਅਤੇ ਹਿੰਦੂ ਸ੍ਰੇਸ਼ਟਤਾਵਾਦ ਤਾਲਮੇਲ ਬਿਠਾ ਕੇ ਚੱਲ ਸਕਦੇ ਹਨ।

ਲੱਖਾਂ ਭਾਰਤੀ ਨਾਗਰਿਕਾਂ ਨੂੰ ਡਿਜੀਟਲ ਰੰਗ-ਮੰਚ ਉੱਪਰ ਲਿਜਾਇਆ ਜਾ ਰਿਹਾ ਹੈ, ਪੂਰੀਆਂ ਦੀਆਂ ਪੂਰੀਆਂ ਜ਼ਿੰਦਗੀਆਂ ਔਨਲਾਈਨ ਚਲ ਰਹੀਆਂ ਹਨ - ਸਿੱਖਿਆ, ਮੈਡੀਕਲ ਸੇਵਾਵਾਂ, ਵਪਾਰ, ਬੈਂਕਿੰਗ ਅਤੇ ਗ਼ਰੀਬਾਂ ਲਈ ਰਾਸ਼ਨ ਦੀ ਵੰਡ ਸਭ ਔਨਲਾਈਨ ਹੋ ਰਿਹਾ ਹੈ। ਸੋਸ਼ਲ ਮੀਡੀਆ ਚਲਾਉਣ ਵਾਲੀਆਂ ਕਾਰਪੋਰੇਟ ਕੰਪਨੀਆਂ ਨੂੰ ਹੁਣ ਸਰਕਾਰਾਂ ਦਾ ਕਹਿਣਾ ਜ਼ਿਆਦਾ ਮੰਨਣਾ ਪੈਂਦਾ ਹੈ ਕਿਉਂਕਿ ਉਹ ਮੰਡੀ ਦੇ ਏਨੇ ਵੱਡੇ ਹਿੱਸੇ ਨੂੰ ਕੰਟਰੋਲ ਕਰਦੇ ਹਨ।

ਕਿਉਂਕਿ ਜਦੋਂ ਸਰਕਾਰ ਨਾਰਾਜ਼ ਹੁੰਦੀ ਹੈ, ਜਿਵੇਂ ਕਿ ਅਕਸਰ ਹੁੰਦਾ ਹੈ, ਤਾਂ ਉਹ ਸਭ ਕੁਝ ਬੰਦ ਕਰ ਸਕਦੀ ਹੈ। ਜਲਦੀ ਹੀ 2023 ਡਿਜੀਟਲ ਇੰਡੀਆ ਐਕਟ ਵਰਗਾ ਨਵਾਂ ਸਖ਼ਤ ਕਾਨੂੰਨ ਲਾਗੂ ਹੋਣ ਵਾਲਾ ਹੈ ਜੋ ਸਰਕਾਰ ਨੂੰ ਇੰਟਰਨੈੱਟ ਉੱਪਰ ਅਜਿਹੀ ਤਾਕਤ ਮੁਹੱਈਆ ਕਰਾਏਗਾ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਤੋਂ ਬਿਨਾਂ ਵੀ ਭਾਰਤ ਦੁਨੀਆ ਦੇ ਕਿਸੇ ਵੀ ਮੁਲਕ ਨਾਲੋਂ ਵੱਧ ਇੰਟਰਨੈੱਟ ਬੰਦ ਕਰਨ ਵਾਲਾ ਮੁਲਕ ਹੈ।

2019 ਵਿਚ, ਕਸ਼ਮੀਰ ਘਾਟੀ ਦੇ 70 ਲੱਖ ਬਾਸ਼ਿੰਦਿਆਂ ਉੱਪਰ ਟੈਲੀਕਾਮ ਅਤੇ ਇੰਟਰਨੈੱਟ ਦੀ ਘੇਰਾਬੰਦੀ ਥੋਪ ਦਿੱਤੀ ਗਈ ਜੋ ਮਹੀਨਿਆਂ ਤੱਕ ਚੱਲੀ। ਕੋਈ ਫ਼ੋਨ ਕਾਲ ਨਹੀਂ, ਕੋਈ ਟੈਕਸਟ ਨਹੀਂ, ਕੋਈ ਸੁਨੇਹਾ ਨਹੀਂ, ਕੋਈ ਓਟੀਪੀ ਨਹੀਂ, ਕੋਈ ਇੰਟਰਨੈੱਟ ਨਹੀਂ। ਕੁਝ ਵੀ ਨਹੀਂ। ਅਤੇ ਉਨ੍ਹਾਂ ਦੇ ਲਈ ਸਟਾਰਲਿੰਕ ਸੈਟੇਲਾਈਟ ਮੁਹੱਈਆ ਕਰਾਉਣ ਵਾਲਾ ਕੋਈ ਨਹੀਂ ਸੀ।

ਅੱਜ ਜਦੋਂ ਮੈਂ ਇੱਥੇ ਬੋਲ ਰਹੀ ਹਾਂ ਤਾਂ 2 ਕਰੋੜ 70 ਲੱਖ ਦੀ ਆਬਾਦੀ ਵਾਲੇ ਪੰਜਾਬ ਰਾਜ ਵਿਚ ਇੰਟਰਨੈੱਟ ਬੰਦੀ ਦਾ ਚੌਥਾ ਦਿਨ ਹੈ ਕਿਉਂਕਿ ਪੁਲਿਸ ਸਿਆਸੀ ਕਾਰਨਾਂ ਕਰਕੇ ਫ਼ਰਾਰ ਦੱਸੇ ਜਾ ਰਹੇ ਇਕ ਸ਼ਖ਼ਸ ਦੀ ਭਾਲ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਚਿੰਤਾ ਹੈ ਕਿ ਉਹ ਕਿਤੇ ਹਮਾਇਤ ਨਾ ਜੁਟਾ ਲਵੇ।

2026 ਤੱਕ, ਭਾਰਤ ਵਿਚ ਇਕ ਅਰਬ ਸਮਾਰਟਫ਼ੋਨ ਖ਼ਪਤਕਾਰ ਹੋਣ ਦੀ ਉਮੀਦ ਹੈ। ਜ਼ਰਾ ਕਲਪਨਾ ਕਰੋ ਕਿ ਡੀਆਈਆਈਏ ਐਪ ਦੇ ਭਾਰਤੀ ਐਡੀਸ਼ਨ ਵਿਚ ਕਿੰਨਾ ਵੱਡਾ ਡੇਟਾ ਹੋਵੇਗਾ। ਕਲਪਨਾ ਕਰੋ ਕਿ ਇਹ ਸਾਰਾ ਡੇਟਾ ਨਿੱਜੀ ਕਾਰਪੋਰੇਸ਼ਨਾਂ ਦੇ ਹੱਥਾਂ ਵਿਚ ਹੈ। ਜਾਂ, ਕਲਪਨਾ ਕਰੋ ਕਿ ਇਹ ਇਕ ਫਾਸ਼ੀਵਾਦੀ ਰਾਜ ਦੇ ਹੱਥਾਂ ਵਿਚ ਹੈ ਅਤੇ ਇਸ ਦੇ ਪ੍ਰਚਾਰ 'ਚ ਮਦਹੋਸ਼, ਇੰਤਹਾਪਸੰਦ ਹਮਾਇਤੀਆਂ ਦੇ ਹੱਥਾਂ ਵਿਚ ਹੈ।

ਮਿਸਾਲ ਲਈ, ਮੰਨ ਲਓ ਕਿ ਇਕ ਬੇਨਾਮ ਮੁਲਕ ਇਕ ਨਵਾਂ ਨਾਗਰਿਕਤਾ ਕਾਨੂੰਨ ਪਾਸ ਕਰਨ ਤੋਂ ਬਾਦ ਆਪਣੇ ਹੀ ਨਾਗਰਿਕਾਂ ਵਿੱਚੋਂ ਲੱਖਾਂ "ਸ਼ਰਨਾਰਥੀ" ਤਿਆਰ ਕਰਦਾ ਹੈ। ਇਹ ਉਨ੍ਹਾਂ ਨੂੰ ਜਲਾਵਤਨ ਨਹੀਂ ਦੇ ਸਕਦਾ, ਇਸ ਕੋਲ ਉਨ੍ਹਾਂ ਸਾਰਿਆਂ ਨੂੰ ਕੈਦ ਕਰਨ ਵਾਸਤੇ ਜੇਲ੍ਹਾਂ ਬਣਾਉਣ ਲਈ ਪੈਸਾ ਨਹੀਂ ਹੈ। ਪਰ ਇਸ ਬੇਨਾਮ ਮੁਲਕ ਨੂੰ ਗੁਲਾਗ ਜਾਂ ਤਸੀਹਾ ਕੈਂਪ ਬਣਾਉਣ ਦੀ ਵੀ ਲੋੜ ਨਹੀਂ ਪਵੇਗੀ। ਇਹ ਉਨ੍ਹਾਂ ਸ਼ਰਨਾਰਥੀਆਂ ਨੂੰ ਬਸ ਸਵਿੱਚ-ਆਫ਼ ਕਰ ਸਕਦਾ ਹੈ। ਇਹ ਉਨ੍ਹਾਂ ਦੇ ਸਮਾਰਟਫ਼ੋਨਾਂ ਵਿਚ ਸਰਕਾਰ ਨੂੰ ਸਵਿੱਚ-ਆਫ਼ ਕਰ ਸਕਦਾ ਹੈ। ਫਿਰ ਇਸ ਦੇ ਕੋਲ ਕੰਮ ਕਰਨ ਲਈ ਤਿਆਰ ਇਕ ਵੱਡੀ ਆਬਾਦੀ ਹੋਵੇਗੀ, ਮਜ਼ਦੂਰਾਂ ਦੀ ਇਕ ਉੱਪ-ਸ਼੍ਰੇਣੀ ਹੋਵੇਗੀ ਜਿਸ ਕੋਲ ਕੋਈ ਅਧਿਕਾਰ ਨਹੀਂ ਹੋਵੇਗਾ, ਜਿਨ੍ਹਾਂ ਦੇ ਲਈ ਕੋਈ ਘੱਟੋ-ਘੱਟ ਮਜ਼ਦੂਰੀ ਨਹੀਂ ਹੋਵੇਗੀ, ਜਿਨ੍ਹਾਂ ਨੂੰ ਵੋਟ ਪਾਉਣ, ਸਿਹਤ ਸੇਵਾਵਾਂ, ਰਾਸ਼ਨ ਆਦਿ ਲੈਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

ਉਨ੍ਹਾਂ ਨੂੰ ਸਰਕਾਰੀ ਅੰਕੜਿਆਂ ਅਤੇ ਰਿਪੋਰਟਾਂ ਵਿਚ ਸ਼ਾਮਿਲ ਕਰਨ ਦੀ ਵੀ ਜ਼ਰੂਰਤ ਨਹੀਂ ਹੋਵੇਗੀ। ਇਸ ਨਾਲ ਅੰਕੜਿਆਂ 'ਚ ਬੇਨਾਮ ਮੁਲਕ ਦੀ ਬਿਹਤਰ ਤਸਵੀਰ ਉੱਭਰੇਗੀ। ਇਹ ਇਕ ਪੂਰੀ ਤਰ੍ਹਾਂ ਸਮਰੱਥ ਅਤੇ ਪਾਰਦਰਸ਼ੀ ਕਾਰਵਾਈ ਹੋ ਸਕਦੀ ਹੈ। ਇਹ ਇਕ ਮਹਾਨ ਲੋਕਤੰਤਰ ਦੀ ਤਰ੍ਹਾਂ ਵੀ ਦਿਖਾਈ ਦੇ ਸਕਦਾ ਹੈ।

ਇਕ ਅਜਿਹਾ ਰਾਜ ਕਿਹੋ ਜਿਹਾ ਮਹਿਸੂਸ ਹੋਵੇਗਾ? ਜਾਂ ਇਸ ਦਾ ਸੁਆਦ ਕਿਹੋ ਜਿਹਾ ਹੋਵੇਗਾ? ਕੀ ਇਹ ਇਕ ਅਜਨਬੀ ਜਹੀ ਚੀਜ਼ ਹੋਵੇਗੀ? ਜਾਂ ਕੀ ਇਹ ਕੋਈ ਬਹੁਤ ਜਾਣੀ-ਪਛਾਣੀ ਚੀਜ਼ ਹੋਵੇਗੀ?

ਤਹੱਮਲ ਨਾਲ ਸੁਣਨ ਲਈ ਤੁਹਾਡਾ ਧੰਨਵਾਦ। ਫ਼ਿਲਹਾਲ, ਮੈਂ ਤੁਹਾਡੇ ਤੋਂ ਵਿਦਾ ਲੈਂਦੀ ਹਾਂ ਅਤੇ ਇਹ ਵਿਚਾਰ ਤੁਹਾਡੇ ਅੰਗ-ਸੰਗ ਛੱਡਣਾ ਚਾਹੁੰਦੀ ਹਾਂ। ਇਕ ਮੁਲਕ ਕੀ ਹੁੰਦਾ ਹੈ? ਇਕ ਹਕੂਮਤ ਕੀ ਹੁੰਦੀ ਹੈ? ਇਕ ਇਨਸਾਨ ਕੀ ਹੁੰਦਾ ਹੈ? ਅਤੇ ਇਕ ਲੇਖਕ ਕੌਣ, ਜਾਂ ਕੀ ਚੀਜ਼ ਹੁੰਦਾ ਹੈ?

22 ਮਾਰਚ 2023, ਸਟਾਕਹੋਮ।


# ਅਜੇ ਨਾ ਜਾ ਅਜੇ ਕੁਝ ਠਹਿਰ ਜਾ ਤੂੰ, ਚਿੜੀ ਚੂਕੀ ਨਾ ਹੋਇਆ ਹੈ ਸਵੇਰਾ



ਬੇਅੰਤ ਸਿੰਘ
94635 05435

ਕਦੇ ਵੀ ਉਦਾਸ/ਨਿਰਾਸ਼/ਹਤਾਸ਼ ਅਤੇ ਥੱਕੇ ਹੋਏ ਮਹਿਸੂਸ ਹੋਣਾ ਤਾਂ ਕਹਿਣਾ ਚੱਲੋ ਲੀਅ ਸਰ ਕੋਲ ਚਲੀਏ। ਫੋਨ ਕਰਨਾ ਉਹਨਾਂ ਕਹਿਣਾ ਆਜੋ ਸ਼ਾਮ ਨੂੰ ਘਰ ਹੀ। ਮਿਲਕੇ ਸਭ ਨਿਰਾਸ਼ਾ ਹਤਾਸ਼ਾ ਹੀ ਲਹਿ ਜਾਣੀ। ਰੂਹ ਸਰਸ਼ਾਰ ਹੋ ਜਾਣੀ। ਚੜ੍ਹਦੀਕਲਾ ਵਿੱਚ ਹੋ ਜਾਣਾ। ਇਨਕਲਾਬੀ ਲਹਿਰ ਦੀਆਂ ਮੁਸ਼ਕਿਲਾਂ, ਰਾਜਨੀਤੀ ਅਕਾਦਮਿਕਤਾ ਤੋਂ ਲੈ ਕੇ ਯੂਨੀਵਰਸਿਟੀ ਦੀ ਟੀਚਰ ਰਾਜਨੀਤੀ ਬਾਰੇ ਕਈ ਕਈ ਘੰਟੇ ਗੱਲਾਂਬਾਤਾਂ ਕਰੀ ਜਾਣੀਆਂ। ਉਹਨਾਂ ਜਾਣ ਲੱਗੇ ਵਕਈ ਬਾਰ ਪੁੱਛ ਵੀ ਲੈਣਾ ਕੋਈ ਲੋੜ ਤਾਂ ਨਹੀਂ (ਮਤਲਬ ਜੇਬ ਵਿੱਚ ਪੈਸੇ ਹੈਗੇ ਨੇ)।

ਦੁਨੀਆ ਦੀ ਰਾਜਨੀਤੀ ਤੋਂ ਲੈ ਕੇ ਸਾਹਿਤ ਅਤੇ ਸਾਹਿਤਕਾਰਾਂ ਦੀਆਂ ਗੱਲਾਂ ਸੁਣੀ ਜਾਣੀਆਂ। ਕਿਸੇ ਦਾ ਥੀਸਜ ਟੌਪਿਕ ਤੈਅ ਕਰਨਾ ਤਾਂ ਸੋਚਣਾ ਚਲੋਂ ਲੀਅ ਸਰ ਤੋਂ ਪੁੱਛ ਲਵਾਂਗੇ। ਕਦੀ ਵੀ ਉਹਨਾਂ ਯੂਨੀਵਰਸਟੀ ਆਉਣਾ ਤਾਂ ਫੋਨ ਕਰਕੇ ਬੁਲਾ ਲੈਣਾ ਆਜਾ ਬੇਅੰਤ ਕੌਫੀ ਹਾਊਸ। ਇਡਲੀ ਡੋਸਾ ਅਤੇ ਸਟਰਾਂਗ ਕੌਫੀ ਉਹਨਾਂ ਦੇ ਮਨਪਸੰਦ ਸੀ, ਪੈਸੇ ਉਹਨਾਂ ਪਹਿਲਾਂ ਕੱਢ ਕੇ ਫੜਾ ਦੇਣੇ।




ਫੇਰ ਲੰਮੀਆਂ ਗੱਲਾਂ ਤੋਂ ਬਾਅਦ ਜਦੋਂ ਤੱਕ ਡਾ ਹਰਿੰਦਰ ਸੋਹੀ ਮੈਡਮ (ਉਹਨਾਂ ਦੀ ਪਤਨੀ) ਨੇ ਯੂਨੀਵਰਸਟੀ ਕੋਚਿੰਗ ਸੈਂਟਰ ਤੋਂ ਕਲਾਸਾਂ ਲਾ ਕੇ ਆਉਣਾ ਸਾਡੀ ਬੈਠਕ ਚਲਦੀ ਰਹਿਣੀ।

ਜਮਹੂਰੀ ਅਧਿਕਾਰ ਸਭਾ(AFDR) ਦੀਆਂ ਕਿੰਨੀਆਂ ਗੱਲਾਂ ਸਨਾਉਣੀਆਂ। ਉਹਨਾਂ ਗੱਲ ਸੁਣਾਈ ਦਿੱਲੀ ਸਿੱਖ ਵਿਰੋਧੀ ਕਤਲੇਆਮ ਵੇਲੇ ਜਦੋਂ PUCL(people unity for civil liberties) ਅਤੇ AFDR(association for Democratic right) ਨੇ ਆਪਣੀ ਤੱਥ ਖ਼ੋਜ ਰਿਪੋਰਟ 'ਦੋਸ਼ੀ ਕੌਣ' (who are the guilty) ਪ੍ਰਕਾਸ਼ਿਤ ਕਰਕੇ ਪੂਰੇ ਭਾਰਤ ਵਿੱਚ ਇਕੋ ਦਿਨ ਵੰਡਣ ਅਤੇ ਜਾਰੀ ਕਰਨ ਦਾ ਫੈਸਲਾ ਕੀਤਾ ਤਾਂ ਉਹਨਾਂ ਦੱਸਿਆ ਕਿ ਮੈਂ ਤੇ ਡਾ. ਸੁੱਚਾ ਗਿੱਲ ਅਤੇ ਕਈ ਹੋਰ ਵਾਈਸ ਚਾਂਸਲਰ ਨੂੰ ਮਿਲੇ ਅਤੇ ਕਿਹਾ ਕਿ ਸਾਡੀ ਇਸਤੋਂ ਬਾਅਦ ਗ੍ਰਿਫਤਾਰੀ ਹੋ ਸਕਦੀ ਹੈ ਤੁਸੀਂ ਸਾਡੇ ਇੰਪਲਾਇਰ ਹੋ ਇਸ ਲਈ ਅਸੀਂ ਪਹਿਲਾਂ ਹੀ ਤੁਹਾਨੂੰ ਦੱਸਣ ਲੱਗੇ ਹਾਂ ਕਿ ਅਸੀਂ ਕੱਲ ਨੂੰ ਇਸਨੂੰ ਜਾਰੀ ਕਰਨਾ ਹੈ ਅਤੇ ਉਹ ਅਗਲੇ ਦਿਨ ਜਾਰੀ ਕਰ ਦਿੱਤੀ ਗਈ।

ਇੱਕ ਵਾਰ ਅਸੀਂ ਐਵੇਂ ਹੀ 3 ਦੋਸਤਾਂ ਨੇ ਪੁੱਛ ਲਿਆ ਕਿ ਸਰ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਤਾਂ ਸਾਰੇ ਪ੍ਰੋਫੈਸਰ ਪਲਟੀ ਮਾਰ ਗਏ ਅਤੇ ਮਾਰਕਸਵਾਦ ਨੂੰ ਭੰਡਣ ਤੱਕ ਚਲੇ ਗਏ ਤੁਹਾਡੇ ਦਿਮਾਗ ਚ ਉਦੋਂ ਕੀ ਚੱਲ ਰਿਹਾ ਸੀ? ਉਹਨਾਂ ਦਾ ਇੱਕ ਅੰਦਾਜ਼ ਸੀ ਉਹ ਬੁਲਾਂ ਵਿੱਚ ਮੁਸਕੁਰਾ ਕੇ ਕਈ ਵਾਰ ਜਵਾਬ ਦਿੰਦੇ, ਤੇ ਉਹਨਾਂ ਇਵੇਂ ਹੀ ਹੱਸ ਕੇ ਕਿਹਾ, 'ਉਹ ਨਹੀਂ ਨਹੀਂ ਮੇਰਾ ਉਦੋਂ ਵੀ ਪੱਕਾ ਵਿਸ਼ਵਾਸ਼ ਸੀ ਅਤੇ ਹੁਣ ਵੀ ਹੈ'। ਉਹਨਾਂ ਕਿਸ ਕਿਸ ਤਰੀਕੇ ਨਾਲ ਵਿਦਿਆਰਥੀ ਅਤੇ ਇਨਕਲਾਬੀ ਲਹਿਰ ਦੀ ਮਦੱਦ ਕੀਤੀ ਹੈ ਉਸਦਾ ਇਥੇ ਵਰਨਣ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਫਰਾਖ ਦਿਲ ਅਧਿਆਪਕ ਅਤੇ ਇਨਸਾਨ ਬਣਨਾ ਬਹੁਤ ਔਖਾ। ਉਹ ਸਾਰੇ ਗਰੁੱਪਾਂ ਦੇ ਵਿਦਿਆਰਥੀ ਆਗੂਆਂ ਨਾਲ ਦੋਸਤਾਨਾ ਤਰੀਕੇ ਨਾਲ ਪੇਸ਼ ਆਉਂਦੇ। ਉਹਨਾਂ ਦਾ ਮੰਨਣਾ ਸੀ ਯੂਨੀਵਰਸਟੀ ਦਾ ਸਭਿਆਚਾਰ ਹੁੰਦਾ ਹੀ ਐਵੇਂ ਦਾ ਹੈ, ਉਹਨਾਂ ਕਿੰਨੀ ਵਾਰ ਮਾਓ ਦਾ ਕੋਟ ਸਾਨੂੰ ਸੁਣਾਇਆ ਸੀ ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ', ਫੇਰ ਮਾਓ ਦੇ ਸਭਿਆਚਾਰਕ ਇਨਕਲਾਬ ਦੇ who are the enemy (ਦੁਸ਼ਮਣ ਦੀ ਪਹਿਚਾਣ ਕਰੋ) ਕਿੰਨੀ ਵਾਰ ਸੁਣਾਇਆ ਸੀ। ਕਹਿਣਾ ਕਿ ਯੂਨੀਵਰਸਿਟੀ ਦੀ ਵਿਦਿਆਰਥੀ ਰਾਜਨੀਤੀ ਕਾਲਜਾਂ ਨਾਲੋਂ ਵੱਖ ਹੁੰਦੀ ਹੈ। ਇਥੇ ਤੁਸੀਂ ਗੋਸ਼ਟੀਆਂ, ਸੈਮੀਨਾਰ, ਬਹਿਸਾਂ, ਸਟੱਡੀ ਸਰਕਲ ਆਦਿ ਕਰਦੇ ਜਾਵੋ। ਉਹਨਾਂ ਨੂੰ ਵਿਚਾਰਾਂ ਨਾਲ ਵਿਨ ਓਵਰ ਕਰੋ।

ਮੈਂ ਜੈਲੀ ਅਤੇ ਰਜਿੰਦਰ ਨੇ ਉਹਨਾਂ ਦਾ ਇਕ ਪਿਆਰ ਨਾਲ ਨਾਮ ਰੱਖਿਆ ਹੋਇਆ ਸੀ 'ਜਲੇਬੀ'। ਮੇਰੇ ਫੋਨ ਵਿਚ ਉਹਨਾਂ ਦਾ ਨੰਬਰ ਵੀ ਡਾ ਜਲੇਬੀ ਦੇ ਨਾਮ ਨਾਲ ਦਰਜ਼ ਹੈ। ਇਸ ਨਾਮਕਰਨ ਦੀ ਵਜ੍ਹਾ ਸੀ ਕਿ ਉਹਨਾਂ ਦੇ ਸਮੇਂ (70ਵਿਆਂ) ਦੀ ਇਨਕਲਾਬੀ ਅਤੇ ਵਿਦਿਆਰਥੀ ਲਹਿਰ ਦੀ ਚੜ੍ਹਤ ਦੇ ਸਮੇਂ ਦੇ ਬਹੁਤ ਲੋਕ ਚਾਹੇ ਉਹ ਰਾਜਨੀਤੀ ਵਿੱਚ ਚਾਹੇ ਅਕਾਦਮਿਕ ਖੇਤਰ ਵਿੱਚ ਰਸਤਾ ਬਦਲ ਗਏ ਸਨ ਪਰ ਸਾਰੇ ਡਾ ਸੁਰਜੀਤ ਲੀਅ ਦਾ ਬਹੁਤ ਸਤਿਕਾਰ ਕਰਦੇ ਸਨ। ਸੋਹੀ ਮੈਡਮ ਨੇ ਇੱਕ ਵਾਰ ਗੱਲ ਵੀ ਸੁਣਾਈ ਸੀ ਤੇ ਅਸੀਂ ਕਿੰਨਾਂ ਹੱਸੇ ਸੀ, ਉਹਨਾਂ ਯੂਨੀਵਰਸਿਟੀ ਇੱਕ ਵਾਰ ਭੂਤਵਾੜੇ ਦੇ ਸਭਿਆਚਾਰ ਬਾਰੇ ਪੇਪਰ ਪੜ੍ਹਿਆ ਤਾਂ ਉਹਨਾਂ ਇੱਕ ਗੱਲ ਕਹੀ ਕਿ ਉਸ ਵੇਲੇ ਦੇ ਜਿਹੜੇ ਭੂਤ ਹੁਣ ਜਿਉਂਦੇ ਹਨ ਉਹਨਾਂ ਵਿਚੋਂ ਕਈ ਹੁਣ ਭੂਤ ਨਹੀਂ ਰਹੇ, ਸਾਹਮਣੇ ਬੈਠੇ ਡਾ ਗੁਰਭਗਤ ਸਿੰਘ ਉੱਠ ਕੇ ਖੜ੍ਹੇ ਹੋ ਗਏ ਅਤੇ ਕਹਿਣ ਲੱਗੇ ਸੋਹੀ ਮੈਡਮ ਇੱਕ ਵਾਰ ਇਥੇ ਹੀ ਰੁੱਕ ਜਾਵੋ ਅਤੇ ਮੈਨੂੰ ਇਸ ਗੱਲ ਤੇ ਤਾੜੀਆਂ ਮਾਰ ਲੈਣ ਦੇਵੋ'।

ਅਸੀਂ ਸੋਚਣਾ ਕਿ ਇਹ ਕਿੰਨੇ ਜ਼ਾਬਤਾਬੱਧ ਅਤੇ ਖੁਲ੍ਹ ਦਿਲੇ ਹਨ।

ਡਰਾਇੰਗ ਰੂਮ ਚ ਲੱਗਿਆ ਉਹ ਪੋਰਟਰੇਟ ਵੀ ਯਾਦ ਆ ਰਿਹਾ ਜਿਸ ਵਿੱਚ ਔਰਤ ਦੇ ਸਾਰੇ ਹੱਥਾਂ ਵਿੱਚ ਰਸੋਈ ਦਾ ਸਮਾਨ ਫੜਿਆ ਅਤੇ ਉੱਪਰ ਲਿਖਿਆ ਹੋਇਆ ਹੈ 'ਮੇਰੀ ਬੀਵੀ ਕਾਮ ਨਹੀਂ ਕਰਤੀ'।

ਉਹ ਚਿੰਨ੍ਹ ਵਿਗਿਆਨ ਅਧਿਐਨ ਦੇ ਉਸਤਾਦ ਸੀ ਇਸ ਲਈ ਚੀਜ਼ਾਂ ਨੂੰ ਡੀ ਕੋਡ ਕਰਨ ਲੱਗੇ ਉਹਨਾਂ ਦੀ ਗੱਲਬਾਤ ਵਿੱਚ ਮਾਰਕਸਵਾਦੀ ਦਵੰਦਵਾਦੀ ਵਿਧੀ ਸਹਿਜੇ ਹੀ ਸਮੋਈ ਹੋਈ ਹੁੰਦੀ ਸੀ।

ਕਿੰਨੇਂ ਸਿਆਣੇ ਲੋਕ ਜ਼ਿੰਦਗੀ ਵਿਚੋਂ ਕਿਰਦੇ ਜਾ ਰਹੇ ਹਨ।

ਤੁਹਾਡੇ ਲਈ ਪਿਆਰ ਅਤੇ ਸਤਿਕਾਰ ਬਣਿਆ ਰਹੇਗਾ। ਤੁਸੀਂ ਹਮੇਸ਼ਾ ਸਾਡੇ ਦਿਲ ਵਿੱਚ ਰਹੋਗੇ।

ਡਾ. ਜਗਤਾਰ ਦੀਆਂ ਲਾਈਨਾਂ ਜ਼ਹਿਨ ਚ ਘੁੰਮ ਰਹੀਆਂ ਨੇ...

**ਇਹ ਦਿਲ ਜਗਦਾ ਕਦੀ ਬੁਝਦਾ ਹੈ ਮੇਰਾ।**
**ਹੈ ਅੰਗਿਆਰਾ ਕਿ ਜੁਗਨੂੰ ਦਰਦ ਤੇਰਾ।**

**ਅਜੇ ਨਾ ਜਾ ਅਜੇ ਕੁਝ ਠਹਿਰ ਜਾ ਤੂੰ,**
**ਚਿੜੀ ਚੂਕੀ ਨਾ ਹੋਇਆ ਹੈ ਸਵੇਰਾ।**

ਨਰਭਿੰਦਰ
93544-30711

## ਸੱਤਾ ਤੇ ਲੁੱਟ ਦਾ ਆਪਸੀ ਰਿਸ਼ਤਾ

# ਰਾਜਨੀਤੀ ਤੇ ਕਾਰਪੋਰੇਟ ਪੂੰਜੀ ਦਾ ਚਰਿੱਤਰ ਬੇਪੜ੍ਹਦ

*ਨਰਭਿੰਦਰ ਦਹਾਕਿਆਂ ਤੋਂ ਲਗਾਤਾਰਤਾ ਵਿਚ ਜੈਕਾਰੇ ਦੀ ਸੰਪਾਦਕੀ ਤੋਂ ਲੈ ਕੇ ਦੁਨੀਆ ਭਰ ਦੇ ਵੱਖ-ਵੱਖ ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਭਾਸ਼ਾਈ ਪਹਿਲੂਆਂ 'ਤੇ ਜਮਾਤੀ ਦ੍ਰਿਸ਼ਟੀਕੋਣ ਤੋਂ ਆਪਣੀ ਸਮਝ, ਸੂਝ ਅਤੇ ਕਲਮ ਰਾਹੀਂ ਲਿਖਦਾ ਆ ਰਿਹਾ ਹੈ। ਅਜਿਹੇ ਦਾਨਸ਼ਵਰ ਤੇ ਕੁਲਵਕਤੀ ਲੇਖਕ ਦੀ ਸ਼ਬਦਾਵਲੀ ਅਤੇ ਸਮਝਦਾਰੀ ਦੀ ਪਕੜ ਹਰੇਕ ਲਿਖਤ ਵਿਚ ਝਲਕਦੀ ਹੈ। ਇਹ ਲਿਖਤ ਜਿਥੇ ਭਾਰਤ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣਿਆਂ ਅਤੇ ਸੱਜੇਪੱਖੀ ਹੁਕਮਰਾਨਾਂ ਦੇ ਗਠਜੋੜ ਦਾ ਪਰਦਾਫਾਸ਼ ਕਰਦੀ ਹੈ, ਉਥੇ ਇਕ ਸੋਝੀ ਵੀ ਉਤਪੰਨ ਕਰਦੀ ਹੈ ਕਿ ਨਵਉਦਾਰਵਾਦ ਦੇ ਦੌਰ ਵਿਚ ਹਰੇਕ ਵਸਤੂ ਮੰਡੀ ਲਈ ਬਣਾ ਦਿੱਤੀ ਗਈ ਹੈ। ਇਸ ਕਰਕੇ ਲੱਖਾਂ ਮਜ਼ਦੂਰਾਂ ਅਤੇ ਕਾਮਿਆਂ ਨੂੰ ਇਕਜੁਟ ਹੋ ਕੇ ਸੋਚਣ ਅਤੇ ਲੜਨ ਦੀ ਜ਼ਰੂਰਤ ਹੈ। - ਸੰਪਾਦਕ*

ਆਖਿਰ ਕੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਮੋਦੀ, ਮੋਦੀ ਅਡਾਨੀ ਰਿਸ਼ਤਿਆਂ ਉਤੇ ਉਠੇ ਸਵਾਲਾਂ ਦਾ ਜਵਾਬ ਕਿਉਂ ਨਹੀਂ ਦੇ ਰਹੇ। ਕਾਰੋਬਾਰੀਆਂ ਭਾਵ ਪੂੰਜੀਪਤੀਆਂ ਤੇ ਰਾਜਨੀਤਕਾਂ ਦੀ ਸਾਂਝ ਕੋਈ ਨਵੀਂ ਗੱਲ ਨਹੀਂ ਪਰ ਮੋਦੀ ਨੇ ਜੋ ਯਾਰੀ ਅਡਾਨੀ ਨਾਲ ਪਗਾਈ ਹੈ ਤੇ ਪੁਗਾ ਰਿਹਾ ਹੈ ਤੇ ਜਿਸ ਦਾ ਭੁਗਤਾਨ ਭਾਰਤੀ ਲੋਕਾਂ ਦੀਆਂ ਜੇਬਾਂ 'ਚੋਂ ਹੋ ਰਿਹਾ ਹੈ, ਨੇ ਢੇਰ ਸਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਸ਼ੇਸ਼ ਕਰਕੇ ਰਾਜ ਦੇ ਚਰਿੱਤਰ ਤੋਂ ਜਿਹੜਾ ਪਰਦਾ ਉਠਿਆ ਹੈ ਉਹਨੇ ਆਮ ਲੋਕਾਂ ਅੰਦਰ ਰਾਜ ਪ੍ਰਤੀ ਬਣੇ ਭੁਲੇਖਿਆਂ ਨੂੰ ਦੂਰ ਕਰ ਦਿੱਤਾ ਹੈ।

ਭਾਜਪਾ ਦੇ 9 ਸਾਲ ਦਾ ਰਾਜ ਕਾਲ ਅਤੇ ਅਦਾਨੀ ਦੇ ਕਾਰੋਬਾਰ ਦੇ ਸਿਖਰਲੇ 9 ਸਾਲ ਦੇ ਰਿਸ਼ਤਿਆਂ ਉਤੇ ਸਵਾਲ ਤਾਂ ਪਹਿਲਾਂ ਵੀ ਉਠਦੇ ਰਹੇ ਅਤੇ ਲੰਬੇ ਕਿਸਾਨ ਸੰਘਰਸ਼ ਨੇ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੇ ਵਿਰੋਧ ਸਮੇਂ ਵੀ ਕਾਰਪੋਰੇਟੀ ਸਰਕਾਰ ਦੀ ਸਾਂਝ ਭਿਆਲੀ ਨੂੰ ਸਾਹਮਣੇ ਲਿਆਂਦਾ ਪਰ ਇਸ ਪੂੰਜੀ ਦੇ ਰੇਤ ਦੇ ਕਿਲ੍ਹੇ ਨੂੰ ਅਮਰੀਕੀ ਫਾਰਨਸਿਕ ਫਾਈਨੈਂਸ ਕੰਪਨੀ ਹਿੰਡਨਬਰਗ ਦੀ ਰਿਪੋਰਟ ਨੇ ਬੇਪੜਦ ਕਰ ਦਿੱਤਾ ਕਿ ਜਿਵੇਂ ਅਦਾਨੀ ਦੁਨੀਆ ਦੇ ਤੀਸਰੇ ਸਭ ਤੋਂ ਅਮੀਰ ਵਿਅਕਤੀ ਬਣੇ ਪਰ ਇਸ ਤੋਂ ਵੀ ਵੱਧ ਲੰਡਨ ਤੋਂ ਛਪਦੇ ਫਾਈਨਾਸ਼ੀਅਲ ਟਾਈਮਜ਼ ਦੀ ਰਿਪੋਰਟ ਨੇ ਨੰਗਾ ਕੀਤਾ ਕਿ ਕਿਵੇਂ ਅਦਾਨੀ ਦੇ ਹੀ ਪਰਿਵਾਰ ਦੀਆਂ ਆਪਣੀਆਂ ਹੀ ਕੰਪਨੀਆਂ ਨੇ ਜਿਨ੍ਹਾਂ ਦੇ ਦਫ਼ਤਰ ਬਾਹਰਲੇ ਦੇਸ਼ਾਂ ਵਿਚ ਸਨ ਕਰੋੜਾਂ ਕਰੋੜ ਡਾਲਰ ਅਡਾਨੀ ਦੀਆਂ ਕੰਪਨੀਆਂ ਵਿਚ ਲਾਏ। ਇਸੇ ਨੂੰ ਸਰਕਾਰ ਸਿੱਧੀ ਵਿਦੇਸ਼ੀ ਪੂੰਜੀ ਦੀ ਆਮਦ ਕਹਿ ਰਿਹਾ ਹੈ ਅਤੇ ਇਸ ਪੂੰਜੀ ਦਾ ਸਰੋਤ ਕੀ ਹੈ? ਫਾਈਨਾਸ਼ਲ ਟਾਈਮਜ਼ ਦੀ ਇਸ ਰਿਪੋਰਟ ਦੇ ਆਧਾਰਤ ਹੀ ਵਿਰੋਧੀ ਧਿਰ ਦੇ ਕਾਂਗਰਸੀ ਨੇਤਾ ਰਾਹੁਲ ਗਾਂਧੀ, ਮੋਦੀ ਤੋਂ 20000 ਕਰੋੜ ਰੁਪਏ ਦੀ ਵਿਦੇਸ਼ੀ ਪੂੰਜੀ ਨਿਵੇਸ਼ ਸਬੰਧੀ ਸਵਾਲ ਪੁੱਛਦਾ ਹੈ ਤਾਂ ਉਸ ਦੇ 54 ਮਿੰਟ ਦੇ ਭਾਸ਼ਣ ਵਿਚੋਂ 18 ਮਿੰਟ ਦਾ ਭਾਸ਼ਣ ਹੀ ਸੰਸਦੀ ਕਾਰਵਾਈ 'ਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਆਖਿਰ ਕਿਉਂ ਸੰਸਦ ਉਨ੍ਹਾਂ ਸਵਾਲਾਂ ਤੋਂ ਕੰਨੀ ਕਰਵਾਉਂਦੀ ਹੈ ਜਿਹੜੇ ਅਡਾਨੀ ਦੀ ਪੂੰਜੀ ਦੇ ਸਾਮਰਾਜ ਨਾਲ ਸਬੰਧਤ ਹਨ।

ਜਿਸ ਅਡਾਨੀ ਦਾ 2014 ਵਿਚ ਮਹਿਜ 8 ਬਿਲੀਅਨ ਡਾਲਰ ਦਾ ਹੀ ਇਨਵੈਸਟਮੈਂਟ ਸੀ ਉਹ 2022 ਤੱਕ 140 ਬਿਲੀਅਨ ਡਾਲਰ ਤੱਕ ਕਿਵੇਂ ਪਹੁੰਚੀ ਤੇ ਦੁਨੀਆ ਦੇ ਅਮੀਰਾਂ 'ਚੋਂ 609ਵੇਂ ਸਥਾਨ ਵਾਲਾ ਵਿਅਕਤੀ 2022 'ਚ ਦੁਨੀਆ ਦੇ ਦੂਸਰੇ ਨੰਬਰ ਦਾ ਅਮੀਰ ਵਿਅਕਤੀ ਕਿਵੇਂ ਬਣ ਗਿਆ। ਇਹੋ ਸ਼ਾਸ਼ਨ ਕਾਲ ਮੋਦੀ ਦੀ ਅਗਵਾਈ ਵਾਲਾ ਹੈ। ਮੋਦੀ ਅਡਾਨੀ ਦਾ ਯਾਰਾਨਾ ਗੁਜਰਾਤ ਤੋਂ ਸ਼ੁਰੂ ਹੋਇਆ। ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੋਦੀ ਨੇ ਅਡਾਨੀ ਨੂੰ ਪੂੰਜੀ ਦੇ ਵਿਸਥਾਰ ਲਈ ਜੋ ਛੋਟਾਂ ਦਿੱਤੀਆਂ ਉਸੇ ਨੂੰ ਗੁਜਰਾਤ ਮਾਡਲ ਕਿਹਾ ਜਾਂਦਾ ਹੈ। ਮੋਦੀ ਨੂੰ ਬੰਦਰਗਾਹ ਉਸਾਰਨ ਤੇ ਹੋਰ ਸਨਅਤੀ ਖੇਤਰਾਂ ਲਈ ਸੇਜ਼ ਸਥਾਪਤ ਕਰਨ ਲਈ ਅਡਾਨੀ ਤੇ ਹੋਰ ਕਾਰਪੋਰੇਟਾਂ ਨੂੰ ਬੇਹੱਦ ਮੁਫ਼ਤ ਦੇ ਭਾਅ ਜ਼ਮੀਨਾਂ, ਸਸਤੇ ਕਰਜ਼ੇ ਤੇ ਜੋ ਸਹੂਲਤਾਂ ਦਿੱਤੀਆਂ ਤੇ ਜਿਸ ਨਾਲ ਕਾਰਪੋਰੇਟ ਪੂੰਜੀ ਦਾ ਵਿਸ਼ਵਾਸ ਜਿੱਤਿਆ ਜਿਸ ਪੌੜੀ 'ਤੇ ਪੈਰ ਰੱਖਕੇ ਮੋਦੀ ਕੇਂਦਰੀ ਸੱਤਾ ਦੀ ਕੁਰਸੀ ਉਤੇ ਬਿਰਾਜਮਾਨ ਹੋਇਆ। ਪਿਛਲੇ 9 ਸਾਲਾਂ ਦਾ ਆਪਣਾ ਇਕ ਕਾਲਾ ਚਿੱਟਾ ਹੈ। ਅਡਾਨੀ ਗੁਜਰਾਤ 'ਚੋਂ ਨਿਕਲ ਕੇ ਦੇਸ਼ ਤੇ ਫਿਰ ਕੌਮਾਂਤਰੀ ਪੱਧਰ ਉਤੇ ਦੂਸਰੇ ਨੰਬਰ ਦਾ ਸਭ ਤੋਂ ਅਮੀਰ ਵਿਅਕਤੀ ਤੱਕ ਪਹੁੰਚ ਗਿਆ। ਇਕ ਸਥਾਨਕ ਕਸਬੇ ਦੇ ਸਾਧਾਰਨ ਕੱਪੜੇ ਦੇ ਕਾਰੋਬਾਰ ਕਰਨ ਵਾਲੇ ਪਿਉ ਦੇ ਪੁੱਤਰ ਨੇ ਕਿਵੇਂ ਆਪਣਾ ਸਾਮਰਾਜ ਉਸਾਰਿਆ ਇਹ ਦੀ ਤਫ਼ਸ਼ੀਲ ਦੀ ਜ਼ਰੂਰਤ ਨਹੀਂ ਪਰ ਅੱਜ ਉਹ ਕੋਲਾ ਖਾਣਾਂ, ਕੋਲਾ ਵਪਾਰ ਤੇਲ ਗੈਸ ਖੋਜ, ਬੰਦਰਗਾਹਾਂ, ਹਵਾਈ ਅੱਡੇ, ਮਲਟੀ ਮਾਡਲਲੈਜਿਸਟਿਕ ਪਾਰਕ, ਬਿਜਲੀ ਉਤਪਾਦਨ ਤੇ ਵੰਡ, ਘਰੇਲੂ ਗੈਗ ਵੰਡ ਦੇ ਕਾਰਬਾਰ ਤੋਂ ਇਲਾਵਾ ਨਹਾਉਣ ਵਾਲੇ ਸਾਬਣ, ਖਾਣ ਵਾਲੇ ਤੇਲਾਂ, ਅਨਾਜ ਭੰਡਾਰਨ, ਸੀਮਿੰਟ, ਗ੍ਰੀਨ ਇਨਰਜੀ, ਰੇਲਵੇ, ਸੁਰੱਖਿਆ ਖੇਤਰ ਦੀ ਸਨਅਤ ਤੇ ਵਪਾਰ ਆਦਿ ਆਦਿ ਖੇਤਰਾਂ ਵਿਚ ਆਪਣਾ ਏਕਾਅਧਿਕਾਰ ਸਥਾਪਤ ਕਰ ਚੁੱਕਾ ਹੈ। ਘਰੇਲੂ ਗੈਸ ਦੀ ਵੰਡ ਦੇ ਕਾਰੋਬਾਰ ਸੰਭਾਲਨ ਪਿਛੋਂ ਰਸੋਈ ਗੈਸ ਦੀਆਂ ਕੀਮਤਾਂ 'ਚ ਲਗਾਤਾਰ ਵਾਧਾ ਜੋ ਸਿੱਧਾ ਭਾਰਤੀ ਲੋਕਾਂ ਦੀਆਂ ਜੇਬਾਂ 'ਚੋਂ ਵਸੂਲਿਆ ਜਾ ਰਿਹਾ ਹੈ, ਅਡਾਨੀ ਦੀ ਇਕੋ ਇਕ ਚੌਧਰ (ਅਜਾਰੇਦਾਰੀ) ਦੀ ਉਘੜਵੀਂ ਮਿਸਾਲ ਹੈ। ਅਡਾਨੀ ਬਾਰੇ ਮਸ਼ਹੂਰ ਹੈ ਉਹ ਕਾਨੂੰਨ ਤੋੜਨਾ ਨਹੀਂ ਬਦਲਾ ਦਿੰਦਾ ਹੈ। ਕਿਸਾਨਾਂ ਦੇ ਧਿਆਨ 'ਚ ਹੋਵੇ ਕਿ ਪਿਛਲੇ ਝੋਨੇ ਦੇ ਸੀਜਨ ਵਿਚ ਪੰਜਾਬ ਦੀ ਸਮੁੱਚੀ ਬਾਸਪਤੀ ਦੀ ਪੈਦਾਵਾਰੀ ਦਾ 80 ਫੀਸਦੀ ਤੱਕ ਹਿੱਸਾ ਅਡਾਨੀ ਤੇ ਅਡਾਨੀ ਦੀਆਂ ਸਹਾਇਕ ਕੰਪਨੀਆਂ ਨੇ ਹੀ ਖ਼ੀਦਿਆ ਸੀ।

ਇਹ ਤਾਂ ਹਿੰਡਨਬਰਗ ਦੀ ਰਿਪੋਰਟ ਦੇ ਆਉਣ ਪਿਛੋਂ ਉਸ ਦੇ ਰੇਤ ਦੇ ਕਿਲ੍ਹੇ ਦੇ ਧੜਾਧੜ ਡਿੱਗਣ ਪਿਛੋਂ ਚਰਚਾ ਵਿਚ ਉਭਰਿਆ ਜਦੋਂ ਉਸ ਦੀਆਂ ਕੰਪਨੀਆਂ ਅਡਾਨੀ ਟੋਟਲ ਗੈਸ ਦੇ ਸ਼ੇਅਰ 80 ਫੀਸਦੀ, ਅਡਾਨੀ ਗ੍ਰੀਨ ਇੰਡਸਟਰੀ ਦੇ 86 ਫੀਸਦੀ ਸ਼ੇਅਰ ਡਿੱਗੇ। ਇਨ੍ਹਾਂ ਸ਼ੇਅਰਾਂ ਦੀ ਗਿਰਾਵਟ ਨੇ ਉਸ ਨੂੰ ਦੂਸਰੇ ਨੰਬਰ ਤੋਂ ਲਾਹ ਕੇ 30ਵੇਂ ਸਥਾਨ ਉਤੇ ਲਿਆ ਸੁੱਟਿਆ। ਉਹਦੀ ਪੂੰਜੀ ਘੱਟ ਕੇ 40 ਅਰਬ ਡਾਲਰ ਤੱਕ ਰਹਿ ਗਈ। ਉਹਨੂੰ ਕਰਜ਼ਾ ਦੇਣ ਵਾਲੀਆਂ ਐਲ.ਆਈ.ਸੀ. ਜੀਵਨ ਬੀਮਾ ਕੰਪਨੀ ਤੇ ਸਟੇਟ ਬੈਂਕ ਦੇ ਡੁੱਬਣ ਦੇ ਖਤਰਿਆਂ ਦਾ ਘੁੱਗੂ ਬੋਲ ਪਿਆ। ਕਈ ਵਿਦੇਸ਼ੀ ਬੈਂਕਾਂ ਨੇ ਉਸ ਨੂੰ ਕਰਜ਼ੇ ਦੇਣ ਦੇ ਵਾਅਦਿਆਂ ਤੋਂ ਹੱਥ ਖਿੱਚ ਲਿਆ। ਇਸੇ ਸਮੇਂ ਅਮਰੀਕੀ ਅਰਬਪਤੀ ਜਾਰਜ ਸੋਰੇਸ ਨੇ ਟਿੱਪਣੀ ਕੀਤੀ ਕਿ ਅਡਾਨੀ ਤੇ ਮੋਦੀ ਨੇ ਮਿਲਕੇ ਜੋ ਰੇਤ ਦਾ ਕਿਲ੍ਹਾ ਉਸਾਰਿਆ ਸੀ ਉਹ ਡਿੱਗ ਗਿਆ ਹੈ।

ਇਨ੍ਹਾਂ ਰਿਪੋਰਟਾਂ ਤੋਂ ਪਿਛੋਂ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀਆਂ ਵਿਦੇਸ਼ ਯਾਤਰਾਵਾਂ ਨਾਲ ਅਡਾਨੀ ਦੀ ਮੌਜੂਦਗੀ ਤੇ ਉਹਦੇ ਕਾਰੋਬਾਰ ਦੇ ਕੌਮਾਂਤਰੀ ਪੱਧਰ ਉਤੇ ਵਿਸਥਾਰ ਦੇ ਕਿਸੇ ਵੀ ਜਗ ਜ਼ਾਹਿਰ ਹੋਏ। ਇਹ ਜੋੜੀ ਜਿਸ ਦੇਸ਼ ਵਿਚ ਵੀ ਗਈ, ਉਥੇ ਕਾਰੋਬਾਰ ਸਥਾਪਤ ਕੀਤੇ। ਬੰਗਲਾ ਦੇਸ਼ ਨਾਲ ਪਾਵਰ ਡੀਲ ਦਾ ਕਾਰੋਬਾਰ ਮੋਦੀ ਹਕੂਮਤ ਦੇ ਦਬਾਅ ਨਾਲ ਅਡਾਨੀ ਨੂੰ ਮਿਲਿਆ, ਇਜ਼ਰਾਇਲ ਨਾਲ ਡਿਫੈਂਸ ਡੀਲ ਦਾ ਕਾਰੋਬਾਰ ਮੋਦੀ ਨੇ ਅਡਾਨੀ ਨੂੰ ਦੁਆਇਆ ਜਦੋਂਕਿ ਇਸ ਖੇਤਰ ਵਿਚ ਉਸ ਦਾ ਕੋਈ ਤਜਰਬਾ ਨਹੀਂ ਸੀ। ਆਸਟ੍ਰੇਲੀਆ ਦੀਆਂ ਕੋਲੇ ਦੀਆਂ ਖਾਣਾਂ, ਸ੍ਰੀਲੰਕਾ ਵਿਚ ਬੰਦਰਗਾਹਾਂ ਤੇ ਟਰਾਂਸਮਿਸ਼ਟ ਉਸਾਰਨ ਦੇ ਪ੍ਰੋਜੈਕਟ ਆਦਿ ਜਿਸਦੀ ਲੰਬੀ ਲੜੀ ਹੈ ਅਡਾਨੀ ਨੂੰ ਮੋਦੀ ਦੀ ਵਜ੍ਹਾ ਕਰਕੇ ਮਿਲੀ।

ਸਵਾਲ ਇਥੋਂ ਤੱਕ ਸੀਮਤ ਹੁੰਦਾ ਤਾਂ ਅਲੱਗ ਗੱਲ ਸੀ। ਇਨ੍ਹਾਂ ਰਿਪੋਰਟਾਂ ਨੇ ਉਨ੍ਹਾਂ ਫਰਜ਼ੀ ਕੰਪਨੀਆਂ ਦੇ ਕਾਰੋਬਾਰ ਤੋਂ ਵੀ ਪਰਦਾ ਚੁੱਕ ਦਿੱਤਾ ਜਿਹੜੀਆਂ ਕਰੋੜਾਂ ਡਾਲਰਾਂ ਦੇ ਲੈਣ-ਦੇਣ ਕਰਨ ਵਾਲੀਆਂ ਸਨ ਅਤੇ ਜਿਨ੍ਹਾਂ ਵਲੋਂ ਕਰੋੜਾਂ ਰੁਪਏ ਅਡਾਨੀ ਨੂੰ ਕਰਜ਼ੇ ਦੇ ਰੂਪ ਵਿਚ ਦਿੱਤੇ ਜਾ ਰਹੇ ਸਨ। ਹਾਲਾਂਕਿ ਉਨ੍ਹਾਂ ਦਾ ਕੋਈ ਜ਼ਮੀਨੀ ਕਾਰੋਬਾਰ ਹੀ ਨਹੀਂ ਸੀ। ਇਨ੍ਹਾਂ ਕੰਪਨੀਆਂ 'ਚੋਂ ਇਕ ਕੰਪਨੀ ਨੇ 20000 ਕਰੋੜ ਅਡਾਨੀ ਨੂੰ ਭੇਜਿਆ ਸੀ। ਜਿਸ ਨੂੰ ਲੈ ਕੇ ਰਾਹੁਲ ਗਾਂਧੀ ਨੇ ਸੰਸਦ 'ਚ ਸਵਾਲ ਖੜ੍ਹਾ ਕੀਤਾ ਕਿ ਇਹ ਰਾਸ਼ੀ ਕਿਸਦੀ ਹੈ? ਇਹ ਪਹਿਲੀ ਵਾਰ ਸੀ ਕਿ ਹਿੰਡਨਬਰਗ, ਫਾਈਨਾਂਸਲ ਟਾਈਮਜ਼ ਤੇ ਹੋਰ ਅਖ਼ਬਾਰੀ ਰਿਪੋਰਟਾਂ ਦੇ ਜੱਗ ਜਾਹਿਰ ਹੋਣ ਪਿਛੋਂ ਸੰਸਦ ਵਿਚ ਮੋਦੀ ਕੇ ਕਾਲੇ ਧੰਦਿਆਂ ਉਤੇ ਉਂਗਲੀ ਉਠੀ ਜਿਹੜਾ ਮੋਦੀ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੇ ਦਾਅਵੇ ਕਰਦਾ ਸੀ ਅਤੇ ਭਾਰਤੀ ਲੋਕਾਂ ਨੂੰ ਇਸੇ ਲਫ਼ਾਜ਼ੀ ਨਾਲ ਗੁੰਮਰਾਹ ਕਰਦਾ ਆ ਰਿਹਾ ਸੀ, ਦੇ ਰਾਜਕਾਲ ਵਿਚ ਮਹਾਂ ਭ੍ਰਿਸ਼ਟਾਚਾਰ ਉਤੇ ਹੀ ਉਂਗਲੀ ਉਠ ਗਈ। ਸੰਸਦ 'ਚ ਮੰਗ ਉਠੀ ਕਿ ਸਾਂਝੀ ਪਾਰਲੀਮੈਂਟਰੀ ਕਮੇਟੀ ਬਣਾ ਕੇ ਇਸ ਦੀ ਜਾਂਚ ਕੀਤੀ ਜਾਵੇ ਪਰ ਸੰਸਦੀ ਤਾਸ਼ੇ 'ਚ ਇਹਨੂੰ ਇਉਂ ਦਬਾਅ ਦਿੱਤਾ ਗਿਆ ਜਿਵੇਂ ਇਹ ਮਜ਼ਾਕ ਹੀ ਹੋਵੇ। ਯਾਦ ਹੋਵੇਗਾ ਅਜਿਹੇ ਗੰਭੀਰ ਸਵਾਲਾਂ ਨੂੰ ਜਦੋਂ ਸੰਸਦ 'ਚ ਉਠਾਇਆ ਜਾ ਰਿਹਾ ਸੀ ਤਾਂ ਪ੍ਰਧਾਨ ਮੰਤਰੀ ਸਮੇਤ, ਗ੍ਰਹਿ ਮੰਤਰੀ, ਵਿੱਤ ਮੰਤਰੀ ਤੇ ਸੁਰੱਖਿਆ ਮੰਤਰੀ ਆਦਿ ਗੈਰ ਹਾਜ਼ਰ ਹੀ ਨਹੀਂ ਸਨ ਅਗਲੇ ਦਿਨ ਇਸ ਬਹਿਸ ਦੇ ਜਵਾਬ ਵਿਚ ਮੋਦੀ ਨੇ ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਜੋ ਅਡਾਨੀ ਨਾਲ ਰਿਸ਼ਤਿਆਂ ਸਬੰਧੀ ਇਕ ਸ਼ਬਦ ਵੀ ਨਾ ਬੋਲਿਆ ਸਗੋਂ ਮਜ਼ਾਕੀਆ ਤੇ ਮਰਾਸੀਆ ਲਹਿਜ਼ੇ 'ਚ ਸੰਸਦ ਨੂੰ ਤਸ਼ਾਮਾ ਘਰ ਵਿਚ ਤਬਦੀਲ ਕਰ ਦਿੱਤਾ। ਮਦਾਰੀਨੁਮਾ ਮੋਦੀ ਨੇ ਜੋ ਮਰੇ ਹੋਏ ਸੱਪਾਂ ਨੂੰ ਪਿੱਟਣ ਦੀ ਖੇਖਣਬਾਜ਼ੀ ਕੀਤੀ ਤੇ ਜਿਸ ਹੰਕਾਰੀ ਤੇ ਹੈਂਕੜੀ ਭਾਸ਼ਾ ਦੀ ਵਰਤੋਂ ਕੀਤੀ, ਇਹਨੇ ਹੋਰ ਸਾਫ਼ ਕਰ ਦਿੱਤਾ ਕਿ ਭਾਰਤੀ ਸੰਸਦ ਦੇਸ਼ ਨਾਲ ਧੋਖਾਦੇਹੀ ਜਾਂ ਗੰਭੀਰ ਮੁੱਦਿਆਂ ਉਤੇ ਚਰਚਾ ਕਰਨਾ ਗੁਆਹਾ ਹੀ ਨਹੀਂ ਸਮਝਦੀ।

ਭਾਜਪਾ ਨੇ ਪਹਿਲਾਂ ਤਾਂ ਰਾਹੁਲ ਦੇ ਇਕ ਵਿਦੇਸ਼ੀ ਦੌਰੇ ਸਮੇਂ ਕੀਤੀ ਟਿੱਪਣੀ ਕਿ 'ਭਾਰਤੀ ਲੋਕਤੰਤਰ ਖਤਰੇ ਵਿਚ ਹੈ', ਨੂੰ ਲੈ ਕੇ ਮੁਆਫ਼ੀ ਮੰਗਣ ਦਾ ਰਾਗ ਅਲਾਪਿਆ ਤੇ ਪਿਛੋਂ 2019 ਵਿਚ ਦਰਜ ਕੀਤੇ ਇਕ ਮਾਣਹਾਨੀ ਕੇਸ ਨੂੰ ਫੌਰਨ ਖੁੱਲ੍ਹਵਾ ਕੇ ਉਸ ਵਿਚ ਉਸ ਨੂੰ ਦੋ ਸਾਲ ਦੀ ਸਜ਼ਾ ਦਾ ਐਲਾਨ ਕਰਵਾਉਣ ਤੋਂ 24 ਘੰਟਿਆਂ ਦੇ ਅੰਦਰ-ਅੰਦਰ ਉਸ ਦੀ ਲੋਕ ਸਭਾ ਮੈਂਬਰੀ ਨੂੰ ਰੱਦ ਕਰਨ ਤੇ ਬੰਗਲਾ ਖਾਲੀ ਕਰਨ ਦੇ ਜੋ ਫੁਰਮਾਨ ਜਾਰੀ ਕੀਤੇ ਨੇ ਗੰਭੀਰ ਮੁੱਦਿਆਂ ਤੋਂ ਹੀ ਦੇਸ਼ ਦੇ ਲੋਕਾਂ ਦਾ ਧਿਆਨ ਭਟਕਾ ਦਿੱਤਾ।



ਲੋਕ ਸਭਾ ਤੇ ਰਾਜ ਸਭਾ ਦੋਹਾਂ ਦੀ ਸਰਵੁੱਚ ਸਦਨਾਂ ਵਿਚ ਜਿਵੇਂ ਵਿਰੋਧੀ ਧਿਰ ਦੀ ਮੰਗ ਨੂੰ ਨਾ ਸਿਰਫ਼ ਨਾਕਾਰਿਆ ਗਿਆ ਸਗੋਂ ਸਪੀਕਰ ਤੇ ਸਭਾਪਤੀ (ਰਾਜ ਸਭਾ) ਨੇ ਹਾਕਮ ਧਿਰ ਦੇ ਹੋ ਹੱਲੇ ਨੂੰ ਉਤਸ਼ਾਹਿਤ ਅਤੇ ਉਤੇਜਿਤ ਕੀਤਾ ਅਤੇ ਵਾਰ-ਵਾਰ ਸਦਨ ਉਠਾ ਦੇਣ ਦੇ ਫੁਰਮਾਨ ਜਾਰੀ ਕੀਤੇ ਇਸ ਨੇ ਪਾਰਲੀਮੈਂਟਰੀ ਹੀਜ਼ ਪਿਆਜ਼ ਤੇ ਮਰਿਆਦਾ ਨੂੰ ਨਿਸ਼ੰਗ ਜਾਹਿਰ ਕਰ ਦਿੱਤਾ ਹੈ। ਸੰਸਦੀ ਕਾਰਵਾਈ ਦੇ ਪ੍ਰਸਾਰਨ ਸਮੇਂ ਮਾਈਕ ਬੰਦ ਕਰਕੇ ਉਨ੍ਹਾਂ ਇਹ ਵੀ ਸੰਦੇਸ਼ ਦੇ ਦਿੱਤਾ ਕਿ 'ਅੰਦਰ ਜੋ ਮਰਜ਼ੀ ਬਕਵਾਸ ਕਰੋ' ਬਾਹਰ ਇਸ ਦੀ ਭਾਫ਼ ਨਹੀਂ ਨਿਕਲਣ ਦਿਆਂਗੇ। ਯਾਦ ਰਹੇ ਸਮੁੱਚੇ ਮੀਡੀਆ ਨੇ ਸੰਸਦ 'ਚ ਉਠੇ ਸਵਾਲਾਂ ਨੂੰ ਦਰਕਿਨਾਰ ਕਰਕੇ ਬਹਿਸ ਨੂੰ ਹੀ ਦੂਸਰੇ ਪਾਸੇ ਮੋੜਾ ਦੇ ਦਿੱਤਾ। ਦਿੰਦਾ ਵੀ ਕਿਉਂ ਨਾ ਆਪਣੇ ਮਾਲਿਕ (ਅਡਾਨੀ) ਨਾਲ ਵਫਾ ਤਾਂ ਪਾਲਣੀ ਹੀ ਸੀ। ਜਿਥੇ ਹੋਰਾਂ ਖੇਤਰਾਂ 'ਚ ਅਦਾਨੀ ਦੀ ਇਜ਼ਾਰੇਦਾਰੀ ਹੈ, ਉਥੇ ਮੀਡੀਆ ਦੇ ਖੇਤਰ ਵਿਚ ਤਾਂ ਏਕਾਅਧਿਕਾਰਵਾਦ ਹੀ ਹੈ।

ਅਡਾਨੀ ਦਾ ਸਾਮਰਾਜ ਕਿਵੇਂ ਫੈਲਿਆ ਇਹ ਇਕ ਵੱਡਾ ਰਹੱਸ ਹੈ। ਜਿਹਦੀ ਚਰਚਾ ਹੋਰ ਥਾਂ। ਪਰ ਇਕ ਮਿਸਾਲ ਦਿੰਦੇ ਜਾਈਏ ਮੁੰਬਈ ਦਾ ਹਵਾਈ ਅੱਡਾ ਜੇ.ਵੀ.ਕੇ. ਸਮੂਹ ਦੀ ਸੰਭਾਲ ਹੇਠ ਸੀ। ਅਡਾਨੀ ਨੇ ਇਸ ਨੂੰ ਹਥਿਆਉਣ ਦਾ ਮਨ ਬਣਾ ਲਿਆ। ਅਪ੍ਰੈਲ 2020 ਵਿਚ ਪਹਿਲਾਂ ਸੀ.ਬੀ.ਆਈ. ਦੇ ਛਾਪੇ ਪਏ ਫਿਰ ਈ.ਡੀ. ਦੀ ਛਾਪੇਮਾਰੀ ਹੋਈ। ਇਕ ਮਹੀਨੇ ਪਿਛੋਂ ਹੀ ਜੇ.ਵੀ. ਕੇ. ਨੇ ਮੁੰਬਈ ਹਵਾਈ ਅੱਡਾ ਅਡਾਨੀ ਨੂੰ ਸੌਂਪਣ ਦੀ ਡੀਲ ਕਰ ਲਈ। ਸਾਰੇ ਛਾਪੇ ਬੰਦ ਜਾਂਚ ਬੰਦ। ਇਸ ਸਮੇਂ ਦਿੱਲੀ ਮੁੰਬਈ ਤੋਂ ਬਿਨਾਂ ਲਖਨਊ, ਮੰਗਲੇਰ, ਜੈਪੁਰ, ਗੁਹਾਟੀ ਅਤੇ ਮਨਪਾੜਾ ਦੇ ਹਵਾਈ ਅੱਡੇ ਅਡਾਨੀ ਦੇ ਕਬਜ਼ੇ 'ਚ ਹਨ। ਉਹ ਵੀ 50 ਸਾਲਾਂ ਤੱਕ ਡੀਡ ਦੇ ਹੇਠ। ਦੂਸਰਾ ਹੈ ਸੀਮਿੰਟ ਦੇ ਕਾਰੋਬਾਰ ਵਿਚ ਅਡਾਨੀ ਦੀ ਇਜ਼ਾਰੇਦਾਰੀ ਦੀ ਮਿਸਾਲ ਹਿਮਾਚਲ ਦੀ ਏਜੰਸੀ ਅਤੇ ਅਲਟਾਟੈਕ ਸੀਮਿੰਟ ਕੰਪਨੀਆਂ ਜੋ ਇਕ ਵਿਦੇਸ਼ੀ ਕੰਪਨੀ ਦੀ ਮਾਲਕੀ ਹੇਠ ਸਨ, ਨੂੰ ਵੀ ਇਸੇ ਢੰਗ ਨਾਲ ਹੜੱਪਿਆ। ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਨੇ ਤਾਂ ਇਹ ਤੱਥ ਵੀ ਉਜਾਗਰ ਕੀਤਾ ਕਿ 2015 ਤੱਕ ਤਾਂ ਅਡਾਨੀ ਨੇ ਵਿਦੇਸ਼ਾਂ ਤੋਂ ਆਏ ਕੱਚੇ ਮਾਲ ਉਤੇ 1000 ਕਰੋੜ ਦੀ ਡਿਊਟੀ ਹੀ ਅਦਾ ਨਹੀਂ ਕੀਤੀ ਸਗੋਂ ਇਕ ਸੇਜ਼ ਵਿਚ ਧੋਖਾਦੇਹੀ ਨਾਲ ਸਰਕਾਰ ਪਾਸੋਂ 500 ਕਰੋੜ ਰੁਪਏ ਦਾ ਟੈਕਸ ਵੀ ਵਾਪਸ ਕਰਵਾ ਲਿਆ ਜੋ ਅਦਾ ਹੀ ਨਹੀਂ ਸੀ ਕੀਤਾ। ਮੋਦੀ ਸਰਕਾਰ ਨੇ ਕਿੰਨੇ ਕਰਜ਼ੇ ਮੁਆਫ਼ ਕੀਤੇ ਕਿੰਨੇ ਟੈਕਸ ਮੁਆਫ਼ ਕੀਤੇ ਇਹ ਲੱਖਾਂ ਕਰੋੜ ਬਣ ਜਾਣਗੇ।

ਕੋਇਲੇ ਦੇ ਖੇਤਰ ਦੀ ਸਰਦਾਰੀ ਦਾ ਸਵਾਲ ਤਾਂ ਪੰਜਾਬ ਨੂੰ ਵੀ ਚੱਖਣਾ ਪੈ ਰਿਹਾ ਹੈ। ਝਾਰਖੰਡ ਛਤੀਸ਼ਗੜ੍ਹ, ਉੜੀਸਾ ਆਦਿ ਦੀਆਂ ਕੋਲਾ ਖਾਣਾਂ ਦਾ ਨਿੱਜੀਕਰਨ ਅਡਾਨੀ ਦੇ ਨਾਂ ਹੈ। ਉਹ ਇਸ ਕੋਲੇ ਨੂੰ ਸਮੁੰਦਰੀ ਰਾਹ ਰਾਹੀਂ ਗੁਜਰਾਤ ਬੰਦਰਗਾਹ ਲੈ ਕੇ ਆਉਣਾ ਹੈ ਤੇ ਫਿਰ ਗੁਜਰਾਤ ਬੰਦਰਗਾਹ ਤੋਂ ਪੰਜਾਬ ਦੇ ਥਰਮਲਾਂ ਨੂੰ ਸਪਲਾਈ ਕਰਦਾ ਹੈ। ਜਦੋਂ ਮੋਦੀ ਮਿਹਰਬਾਨ ਹੈ ਤਾਂ ਲੁੱਟ ਦੇ ਕਈ ਨਵੇਂ ਨਵੇਂ ਢੰਗ ਤਰੀਕੇ ਕਰਪੋਰੇਟਾਂ ਨੇ ਇਜ਼ਾਦ ਕਰ ਲਏ ਹਨ।

ਇਹ ਨਹੀਂ ਕਿ ਇਹ ਪਹਿਲਾਂ ਨਹੀਂ ਸਨ। ਕਾਂਗਰਸ ਰਾਜ ਦੌਰਾਨ ਵੀ ਇਹ ਘਰਾਣੇ ਵਧੇ ਫੁੱਲੇ ਸਨ। ਕਾਂਗਰਸੀ ਸ਼ਾਸਨ ਕਾਲ ਵਿਚ ਅਡਾਨੀ ਅੰਬਾਨੀ, ਟਾਟਾ, ਬਿਰਲਾ ਜਿੰਦਲ, ਮਿੱਤਲ ਮਹਿੰਦਰਾ ਸਭ ਦੀ ਪੂੰਜੀ ਘੱਟ ਗਿਣਤੀ ਨਾਲ ਨਹੀਂ ਸੀ ਵਧੀ। ਬੱਸ ਫਰਕ ਇਹ ਹੈ ਕਿ ਜੋ ਕਾਂਗਰਸ ਲੁੱਟ ਲਪੇਟ ਤੇ ਸ਼ਰਮਾਕੇ ਕਰਦੀ ਸੀ ਮੋਦੀ ਨੇ ਸਾਰੇ ਘੁੰਡ ਚੁੱਕ ਕੇ ਨੰਗੀ ਚਿੱਟੀ ਨਿਰੋਲ ਪੂੰਜੀ ਦੀ ਸੇਵਾ ਕਰਨ ਦਾ ਰਾਹ ਚੁਣਿਆ ਅਤੇ ਇਸੇ ਦੌਰਾਨ ਸਤਾ ਭਾਵ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਅਦਾ ਕੀਤੇ ਟੈਕਸਾਂ ਵਿਚ ਲੱਖਾਂ ਕਰੋੜ ਅਦਾ ਕਰਕੇ ਇਨ੍ਹਾਂ ਨੂੰ ਪਾਲਣ ਪੋਸ਼ਣ ਤੇ ਫੈਲਰਨ ਦੇ ਸਾਰੇ ਰਾਹ ਖੋਲ੍ਹ ਦਿੱਤੇ। ਇਹੋ ਕਾਰਨ ਕਿ ਆਪਣੇ ਸਿਆਸੀ ਸ਼ਰੀਕ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਦੀ ਥਾਂ ਖ਼ੁਦ ਚੁੱਪ ਰਹਿਣ 'ਚ ਭਲਾ ਸਮਝਿਆ। ਪਰ ਸੰਸਦੀ ਸੱਤਾ 'ਚ ਬੈਠੇ ਸੰਘੀ ਗ੍ਰੋਹ ਨੇ ਜਿਵੇਂ ਤੇ ਜਿਹਾ ਢੰਗ ਨਾਲ ਵਿਰੋਧੀ ਆਵਾਜ਼ ਨੂੰ ਬੰਦ ਕਰਾਉਣ ਲਈ ਉਹ ਕੁਝ ਬੋਲ ਰਹੇ ਸਨ ਜਿਹਾ ਦੀ ਸੰਸਦੀ ਮਹਿਮਾਨਾਂ ਵੀ ਇਜਾਜ਼ਤ ਨਹੀਂ ਦਿੰਦੀ।

ਮੋਦੀ ਅਡਾਨੀ ਪ੍ਰਕਰਨ ਨੂੰ ਗਹਿਰਾਈ 'ਚ ਸਮਝਿਆਂ ਇਹ ਸਾਫ਼ ਹੋ ਜਾਂਦਾ ਹੈ ਕਿ ਸੱਤਾ ਦੀ ਵਾਗਡੋਰ ਪੂੰਜੀ ਦੇ ਮਾਲਕਾਂ ਦੇ ਹੱਥ ਹੁੰਦੀ ਹੈ ਅਤੇ ਰਾਜਕੀ ਕੁਰਸੀਆਂ 'ਤੇ ਬਿਰਾਜਮਾਨ ਮਹਿਜ ਉਨ੍ਹਾਂ ਦੀ ਸੇਵਾਦਾਰੀ ਤੇ ਚਾਕਰੀ ਕਰਨ ਅਤੇ ਉਨ੍ਹਾਂ ਦੇ ਆਰਥਿਕ ਕਾਰੋਬਾਰ ਦੇ ਵਿਸਥਾਰ ਲਈ ਹੀ ਭੂਮਿਕਾ ਨਿਭਾਉਂਦੇ ਹਨ। ਸੰਸਦ ਸਿਰਫ਼ ਜਾਬਾਂ ਦੇ ਭੇੜ ਤੋਂ ਸਿਵਾ ਕੁਝ ਨਹੀਂ ਅਤੇ ਇਕ ਤਾਨਾਸ਼ਾਹ ਸਰਕਾਰ ਕਿਸੇ ਅੱਗੇ ਵੀ ਜਵਾਬਦੇਹ ਨਹੀਂ ਤਾਨਾਸ਼ਾਹ ਕਦੀ ਜਵਾਬਦੇਹ ਨਹੀਂ ਹੁੰਦੇ।

ਹਿੰਡਨਬਰਗ ਦੀ ਰਿਪੋਰਟ ਤੇ ਫਿਰ ਫਾਈਨਾਂਸ਼ਲ ਟਾਈਮਜ਼ ਜਾਂ ਈ.ਪੀ. ਡਬਲਿਊ. ਵਰਗੇ ਅਖ਼ਬਾਰਾਂ ਪਰਚਿਆਂ ਨੇ ਕਾਰਪੋਰੇਟ ਪੂੰਜੀ ਦੀ ਸੇਵਾ ਕਰ ਰਹੇ ਰਾਜਕੀ ਪ੍ਰਬੰਧ ਦੇ ਚਿਹਰਿਆਂ ਤੋਂ ਨਕਾਬ ਲਾਹਿਆ ਹੈ ਪਰ ਇਸ ਅਖੌਤੀ ਲੋਕਤੰਤਰ ਦੇ ਹੇਠ ਪਲ ਪਗਰ ਰਹੀ ਅਜਾਰੇਦਾਰ ਕਾਰਪੋਰੇਟੀ ਪੂੰਜੀ ਜੋ ਫਾਸ਼ਿਸ਼ਟ ਤਾਨਾਸ਼ਾਹ ਨੂੰ ਬੇਪੜਦ ਕਰਨ ਦੀ ਜ਼ਿੰਮੇਵਾਰੀ ਲੋਕ ਹਿਤੈਸ਼ੀ ਤਾਕਤਾਂ ਦੇ ਜ਼ੁੰਮੇ ਹੈ ਤਾਂ ਕਿ ਅਵਾਮ ਇਨ੍ਹਾਂ ਦੇ ਚਰਿੱਤਰ ਤੇ ਸੰਕਟਗ੍ਰਸਤ ਅਤੇ ਲੋਕ ਦੋਖੀ ਪ੍ਰਬੰਧ ਨੂੰ ਸਮਝਣ ਬੋਝਣ ਤੇ ਇਸ ਵਿਰੁੱਧ ਜ਼ੋਰਦਾਰ ਅਵਾਜ਼ ਉਠਾਉਣ ਦੇ ਸਮਰੱਥ ਹੋਵੇ ਤਾਂ ਕਿ ਹਰ ਤਰ੍ਹਾਂ ਦੀ ਪੂੰਜੀ ਮੁਕਤ ਸਮਾਜ ਦੀ ਸਰਚਨਾ ਕੀਤੀ ਜਾ ਸਕੇ।



ਦਲਜੀਤ ਅਮੀ

# ਸੰਜੋਗੀ ਉਦਮ ਦਾ ਬਹੁ-ਵਿਧਾਵੀ ਕਲਾਕਾਰ: ਵਿਵਾਨ ਸੁੰਦਰਮ



ਵਿਵਾਨ ਸੁੰਦਰਮ ਨਹੀਂ ਰਹੇ। ਕਲਾ ਦੀ ਆਲਮੀ ਬਰਾਦਰੀ ਵਿੱਚ ਪੰਜਾਬ ਦੀ ਉਹ ਕੰਨੀ ਸੁੰਨੀ ਹੋ ਗਈ ਜਿਸ ਵਿੱਚ ਪੰਜਾਬ ਦਾ ਆਲਮੀ ਕਲਾਕਾਰ ਮਨੁੱਖੀ ਸਰੋਕਾਰਾਂ ਅਤੇ ਅਹਿਸਾਸ ਦੀ ਨੁਮਾਇੰਦਗੀ ਕਰਨ ਵਾਲੀ ਹਰ ਕਲਾ ਜੁਗਤ ਵਿੱਚ ਸ਼ਾਮਿਲ ਸੀ। ਬਰਤਾਨਵੀ ਸਾਮਰਾਜੀਆਂ ਦੀ ਗਰਮ ਰੁੱਤ ਦੀ ਰਾਜਧਾਨੀ ਸ਼ਿਮਲਾ ਵਿੱਚ 28 ਮਈ 1943 ਨੂੰ ਜੰਮਿਆ ਵਿਵਾਨ ਸਮੁੱਚੀ ਦੁਨੀਆ ਵਿੱਚ ਕਲਾ ਵਰਤਾਉਣ ਤੋਂ ਬਾਅਦ ਸਾਮਰਾਜ ਦੀਆਂ ਨਵੀਂਆਂ ਜੁਗਤਾਂ ਦੀ ਥਾਹ ਪਾਉਣ ਵਿੱਚ ਲੱਗੀ ਹੋਈ ਮੁਲਕ ਦੀ ਰਾਜਧਾਨੀ ਦਿੱਲੀ ਵਿੱਚ 29 ਮਾਰਚ 2023 ਨੂੰ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਵਿਵਾਨ ਇਨ੍ਹਾਂ ਅੱਸੀ ਸਾਲਾਂ ਦੇ ਅਹਿਸਾਸਮੰਦ ਅਤੇ ਬਾਸੁਰਤ ਗਵਾਹ ਸਨ ਜਿਨ੍ਹਾਂ ਨੇ ਆਪਣੀ ਗਵਾਹੀ ਦਰਦਮੰਦੀ ਨਾਲ ਦਰਜ ਕੀਤੀ।

ਵਿਵਾਨ ਦਾ ਜਨਮ ਅੰਮ੍ਰਿਤਾ ਸ਼ੇਰਗਿੱਲ ਦੀ ਮੌਤ ਤੋਂ ਤਕਰੀਬਨ ਡੇਢ ਸਾਲ ਬਾਅਦ ਹੋਇਆ ਪਰ ਉਨ੍ਹਾਂ ਨੇ ਆਪਣੀ ਮਾਸੀ ਦੀਆਂ ਯਾਦਾਂ ਅਤੇ ਕਲਾ ਨਾਲ ਤਾਉਮਰ ਸਾਂਝ ਨਿਭਾਈ ਜਿਸ ਦਾ ਪਸਾਰਾ ਅੰਮ੍ਰਿਤਾ ਸ਼ੇਰਗਿੱਲ ਬਾਰੇ ਦੋ ਜਿਲਦਾਂ ਵਿੱਚ ਛਪੀ ਕੌਫ਼ੀ ਟੇਬਲ ਬੁੱਕ ਅਤੇ ਸ਼ੇਰਗਿੱਲ ਸੁੰਦਰਮ ਆਰਟ ਫਾਉਂਡੇਸ਼ਨ ਦੇ ਕੰਮਾਂ ਤੋਂ ਵਡੇਰਾ ਹੈ। ਉਨ੍ਹਾਂ ਸੱਠਵਿਆਂ ਦੇ ਦਹਾਕੇ ਵਿੱਚ ਬੜੌਦਾ ਤੋਂ ਲਲਿਤ ਕਲਾਵਾਂ ਦੀ ਪੜ੍ਹਾਈ ਕਰਨ ਉਪਰੰਤ ਸਲੇਡ ਸਕੂਲ ਆਫ਼ ਆਰਟ, ਲੰਡਨ ਤੋਂ ਸਿਨੇਮਾ ਦੇ ਇਤਿਹਾਸ ਦਾ ਅਧਿਐਨ ਕੀਤਾ। ਉਹ ਵਿਦਿਆਰਥੀ ਲਹਿਰਾਂ ਵਿੱਚ ਸਰਗਰਮ ਰਹੇ। ਉੱਥੇ ਕਮਿਊਨ ਬਣਾਉਣ ਅਤੇ ਵਸਾਉਣ ਵਿੱਚ ਲੱਗੇ ਰਹੇ। ਸੱਤਰਵਿਆਂ ਦੇ ਦਹਾਕੇ ਵਿੱਚ ਉਹ ਵਾਪਸ ਆਏ ਤਾਂ ਕਲਾਕਾਰਾਂ ਅਤੇ ਵਿਦਿਆਰਥੀਆਂ ਦੀਆਂ ਜਥੇਬੰਦੀਆਂ ਵਿੱਚ ਕੰਮ ਕੀਤਾ। ਐਮਰਜੈਂਸੀ ਦੌਰਾਨ ਉਨ੍ਹਾਂ ਨੇ ਕਲਾਕਾਰਾਂ ਅਤੇ ਵਿਦਿਆਰਥੀਆਂ ਦੇ ਸਮਾਗਮਾਂ ਅਤੇ ਰੋਸ-ਮੁਜ਼ਾਹਰਿਆਂ ਵਿੱਚ ਇੰਤਜਾਮੀਆ ਭੂਮਿਕਾ ਨਿਭਾਈ।

ਵਿਵਾਨ ਦੇ ਪਿਤਾ ਕਲਿਆਣ ਸੁੰਦਰਮ ਇੰਡੀਆ ਦੇ ਲਾਅ ਕਮਿਸ਼ਨ ਦੇ ਚੇਅਰਮੈਨ (1968-71) ਰਹੇ। ਵਿਵਾਨ ਨੂੰ ਸਮਾਜ ਅਤੇ ਸਿਆਸਤ ਨੂੰ ਸਮਝਣ ਲਈ ਪਰਿਵਾਰ, ਪੜ੍ਹਾਈ ਅਤੇ ਦੌਰ ਨੇ ਵਸੀਹ ਨਜ਼ਰੀਆ ਪੇਸ਼ ਕੀਤਾ। ਇੱਕ ਪਾਸੇ ਪਰਿਵਾਰ ਸੱਤਾ ਦੇ ਗਲਿਆਰਿਆਂ ਅਤੇ ਕਲਾ ਜਗਤ ਅੰਦਰ ਵਾਸ ਕਰਦਾ ਸੀ ਅਤੇ ਦੂਜੇ ਪਾਸੇ ਉਹ ਦੌਰ ਤਬਦੀਲੀ-ਪਸੰਦ ਅਤੇ ਤਰੱਕੀ-ਪਸੰਦ ਲਹਿਰਾਂ ਦਾ ਤਕਰੀਬਨ ਸਿਖਰ ਸੀ ਜਿਸ ਦੀ ਸਾਹ-ਰਗ ਵਿਦਿਆਰਥੀ ਸਨ। ਵਿਵਾਨ ਦੀ ਕਲਾ ਵਿੱਚ ਇਹ ਸਾਰਾ ਤਜਰਬਾ ਸਮੋਇਆ ਹੋਇਆ ਹੈ। ਉਨ੍ਹਾਂ ਦੀ ਨਫ਼ਾਸਤ ਅਤੇ ਸ਼ਿੱਦਤ ਹਰ ਕਲਾ-ਕਿਰਤ ਵਿੱਚ ਦਿਖਾਈ ਦਿੰਦੀ ਹੈ। ਉਨ੍ਹਾਂ ਦੀ ਸਿਆਸਤ ਕਲਾ ਕਿਰਤਾਂ ਵਿੱਚ ਸਹਿਜ ਨਾਲ ਜ਼ਾਹਿਰ ਹੁੰਦੀ ਹੈ। ਵਿਵਾਨ ਦੀ ਕਲਾ ਖ਼ਾਸਾ ਸਮਾਜਿਕ ਇਤਫ਼ਾਕ, ਬਰਾਬਰੀ ਅਤੇ ਇਨਸਾਫ਼ ਨਾਲ ਜੁੜਿਆ ਹੈ। ਇਹ ਖ਼ਾਸਾ ਉਨ੍ਹਾਂ ਦੀਆਂ ਆਪਣੀਆਂ ਨੁਮਾਇਸ਼ਾਂ ਵਿੱਚ ਉਘੜਦਾ ਹੈ ਅਤੇ ਉਨ੍ਹਾਂ ਦੀ ਸ਼ਮੂਲੀਅਤ ਵਾਲੀਆਂ ਸੰਜੋਗੀ ਨੁਮਾਇਸ਼ਾਂ ਵਿੱਚ ਹੋਰ ਲਿਸ਼ਕਦਾ ਹੈ।

ਉਨ੍ਹਾਂ ਨੇ 1981 ਵਿੱਚ ਸੰਜੋਗੀ ਨੁਮਾਇਸ਼ 'ਪਲੇਸ ਫਾਰ ਪੀਪਲ' ਵਿੱਚ ਸ਼ਮੂਲੀਅਤ ਕੀਤੀ। ਇਹ ਸੰਜੋਗ ਨੁਮਾਇਸ਼ ਵਿੱਚ ਹੁੰਦਾ ਹੈ ਜਿਸ ਦੀ ਸ਼ੁਰੂਆਤ ਵਿਵਾਨ ਦੀ ਕਲਾ ਵਿੱਚ ਵਾਪਰਦੀ ਹੈ। 'ਪਲੇਸ ਫਾਰ ਪੀਪਲ' ਵਿੱਚ ਵਿਵਾਨ ਦਾ ਤੇਲ ਚਿੱਤਰ 'ਪੀਪਲ ਕੰਮ ਐਂਡ ਗੋਅ' ਸ਼ਾਮਿਲ ਹੋਇਆ ਜਿਸ ਵਿੱਚ ਤਿੰਨ ਕਲਾਕਾਰ ਦੀਆਂ ਤਸਵੀਰਾਂ ਬਣਾਈਆਂ ਗਈਆਂ ਹਨ ਜੋ ਤਕਨੀਕੀ ਪੱਖੋਂ ਸਿਨੇਮਾ ਦਾ ਝਲਕਾਰਾ ਪਾਉਂਦੀਆਂ ਹਨ ਅਤੇ ਕਈ ਤਰ੍ਹਾਂ ਦੇ ਸੰਵਾਦ ਦੀ ਗੁੰਜ਼ਾਇਸ਼ ਨਾਲ ਜ਼ਰਖ਼ੇਜ਼ ਹਨ। ਚਿੱਤਰ ਵਿੱਚ ਕਲਾਕਾਰਾਂ ਦਾ ਸੰਜੋਗੀ ਸੰਵਾਦ ਕਲਾ ਦੀਆਂ ਦੋ ਵਿਧਾਵਾਂ ਵਿੱਚ ਸੰਵਾਦ ਕਰਦਾ ਹੋਇਆ ਨੁਮਾਇਸ਼ ਵਿੱਚ ਹੋਰ ਵਡੇਰੇ ਸੰਵਾਦ ਦਾ ਹਿੱਸਾ ਬਣਦਾ ਹੈ। ਵਿਵਾਨ ਅਤੇ ਉਸ ਦੀ ਭੈਣ ਨਵੀਨਾ ਸੁੰਦਰਮ ਕਸੌਲੀ ਆਰਟ ਸੈਂਟਰ ਦੇ ਬਾਨੀ ਸਨ ਜੋ 1976-91 ਦੌਰਾਨ ਕਲਾ ਸਰਗਰਮੀ ਦਾ ਮਰਕਜ਼ ਸੀ। ਕਲਾ ਦੀਆਂ ਨੁਮਾਇਸ਼ਾਂ, ਕਲਾਕਾਰਾਂ ਦੀਆਂ ਸਰਗਰਮੀਆਂ ਅਤੇ ਕਲਾ ਬਾਰੇ ਸੰਵਾਦ ਕਸੌਲੀ ਆਰਟ ਸੈਂਟਰ ਦਾ ਖ਼ਾਸਾ ਸੀ। ਵਿਵਾਨ ਆਪਣੇ ਨਾਨਕਾ ਘਰ ਵਿੱਚ ਕਲਾਕਾਰਾਂ ਦੇ ਕਿਆਮ ਦਾ ਇੰਤਜਾਮ ਕਰਦੇ ਸਨ ਅਤੇ ਉਨ੍ਹਾਂ ਲਈ ਢੁਕਵਾਂ ਮਾਹੌਲ ਬਣਾਉਣ ਦੇ ਨਾਲ-ਨਾਲ ਸਰਪ੍ਰਸਤੀ ਦੇ ਲੋੜੀਂਦੇ ਵਸੀਲੇ ਜੋੜਦੇ ਸਨ।

ਵਿਵਾਨ ਬਹੁ-ਵਿਧਾਵੀ ਕਲਾਕਾਰ ਸਨ ਜੋ ਨਵੇਂ ਤਜਰਬੇ ਕਰਦੇ ਹੋਏ ਸਫ਼ਰਯਾਫ਼ਤਾ ਰਹਿੰਦੇ ਹਨ। ਉਹ 1990ਵਿਆਂ ਦੇ ਦਹਾਕੇ ਤੋਂ ਇੰਸਟਾਲੇਸ਼ਨ ਕਲਾ ਬਣਾਉਣ ਲੱਗੇ ਸਨ ਤਾਂ ਬੁੱਤਸਾਜ਼ੀ, ਫੋਟੋਕਾਰੀ, ਚਿੱਤਰਕਲਾ ਅਤੇ ਵੀਡੀਓ ਦਾ ਇਸਤੇਮਾਲ ਕਰਦੇ ਸਨ। ਲੱਭੀ ਹੋਈ ਅਤੇ ਰੱਦੀ ਸਮੱਗਰੀ ਦਾ ਇਸਤੇਮਾਲ ਕਰਦੇ ਸਨ। ਨਤੀਜੇ ਵਜੋਂ ਫੋਟੋਆਂ ਬੂਹੇ ਖੋਲ੍ਹ ਕੇ ਉਸ ਦੇ ਚਿੱਤਰਾਂ ਵਿੱਚ ਆ ਬੈਠੀਆਂ ਹਨ। ਪੁਰਾਣੀਆਂ ਫੋਟੋਆਂ ਡਿਜੀਟਲ ਦੁਨੀਆ ਨਾਲ ਖੇਡਣ ਲਗਦੀਆਂ ਹਨ। ਚਿੱਤਰ ਅਤੇ ਫੋਟੋਆਂ ਨਵੇਂ ਰੰਗਾਂ ਵਿੱਚ ਰੰਗੀਆਂ ਜਾਂਦੀਆਂ ਹਨ। ਅਣਦੱਸੀਆਂ ਕਹਾਣੀਆਂ ਸੁਣਾਉਣ ਲਗਦੀਆਂ ਹਨ। ਦਹਾਕਿਆਂ ਤੋਂ ਮਨ ਦੇ ਤਹਿਖ਼ਾਨਿਆਂ ਵਿੱਚ ਚੁੱਪ ਧਾਰੀ ਬੈਠੀਆਂ ਤਸਵੀਰਾਂ ਗੋਸ਼ਿਟ ਕਰਨ ਲਗਦੀਆਂ ਹਨ। ਜਦੋਂ 1992 ਵਿੱਚ ਬੁੰਬਈ ਫ਼ਿਰਕੂ ਹਿੰਸਾ ਦਾ ਸ਼ਿਕਾਰ ਹੋਇਆ ਤਾਂ ਵਿਵਾਨ ਦੀ ਕਲਾ ਨੇ ਹਮਦਰਦੀ ਨਾਲ ਹੁੰਗਾਰਾ ਭਰਿਆ। ਇਹ ਇੰਸਟਾਲੇਸ਼ਨ ਖ਼ੁਸੂਸੀ ਜਗ੍ਹਾ ਲਈ ਬਣੀ ਅਤੇ ਕਲਕੱਤਾ ਦੇ ਵਿਕਟੋਰੀਆ ਹਾਲ ਵਿੱਚ 'ਹਿਸਟਰੀ ਪ੍ਰੋਜੈਕਟ' ਵਜੋਂ ਜਾਣੀ ਜਾਂਦੀ ਹੈ।

ਵਿਵਾਨ ਨੇ ਆਪਣੇ ਪਰਿਵਾਰ ਦੁਆਲੇ ਬਹੁਤ ਕੰਮ ਕੀਤਾ ਜੋ ਆਪਣੇ-ਆਪ ਵਿੱਚ ਕਈ ਤਰ੍ਹਾਂ ਦੀ ਵਿਰਾਸਤ ਦਾ ਸੰਗਮ ਹੈ। ਉਮਰਾਓ ਸਿੰਘ ਸ਼ੇਰਗਿੱਲ ਦੀ ਕਲਾ ਉਸ ਦੀ ਨਾਮੀ ਧੀ ਅੰਮ੍ਰਿਤਾ ਸ਼ੇਰਗਿੱਲ ਦੇ ਲਿਸ਼ਕ ਵਿੱਚ ਓਝਲ ਰਹੀ ਪਰ ਜਿਉਂ ਹੀ ਵਿਵਾਨ ਨੇ ਓਝਲ ਨੂੰ ਉਜਲ ਕੀਤਾ ਤਾਂ ਫੋਟੋਕਾਰ ਨਿਕਲ ਆਇਆ ਜਿਸ ਦੀਆਂ ਫੋਟੋਆਂ ਦੀਆਂ ਇੱਕ ਪਾਸੇ ਕੌਮਾਂਤਰੀ ਪੱਧਰ ਉੱਤੇ ਨੁਮਾਇਸ਼ਾਂ ਲੱਗੀਆਂ ਅਤੇ ਦੂਜੇ ਪਾਸੇ ਕਲਾ ਦੇ ਇਤਿਹਾਸਕਾਰਾਂ ਦੇ ਨਾਲ-ਨਾਲ ਪੜਚੋਲੀਆਂ ਦੀਆਂ ਪਾਰਖੂ ਨਜ਼ਰਾਂ ਵਿੱਚ ਆਈਆਂ। ਉਮਰਾਓ ਸਿੰਘ ਸ਼ੇਰਗਿੱਲ ਦੀਆਂ ਖਿੱਚੀਆਂ ਤਸਵੀਰਾਂ ਉਨ੍ਹਾਂ ਦੀ ਆਪਣੀ ਅਤੇ ਪਰਿਵਾਰਾਂ ਦੇ ਬਾਕੀ ਜੀਆਂ ਦੀਆਂ ਜ਼ਿੰਦਗੀਆਂ ਦੇ ਦਸਤਾਵੇਜ ਹਨ। ਵਿਵਾਨ ਨੇ ਇਨ੍ਹਾਂ ਤਸਵੀਰਾਂ ਤੋਂ ਚਿੱਤਰ ਬਣਾਏ, ਇਨ੍ਹਾਂ ਦੇ ਡਿਜੀਟਲ ਮੌਨਟਾਜ ਬਣਾਏ ਜੋ ਉਨ੍ਹਾਂ ਦੀਆਂ ਯਾਦਾਂ ਅਤੇ ਅਹਿਸਾਸ ਦੇ ਨਵੇਂ ਤਾਣੇ-ਬਾਣੇ ਵਿੱਚ ਬੱਝ ਕੇ ਨਵੀਂਆਂ ਬਾਤਾਂ ਪਾਉਂਦੇ ਹਨ। ਉਨ੍ਹਾਂ ਦੇ ਕੰਮ ਦੀ ਇੱਕ ਤੰਦ ਉਨ੍ਹਾਂ ਦੀ ਮਾਸੀ (ਅੰਮ੍ਰਿਤਾ ਸ਼ੇਰਗਿੱਲ) ਅਤੇ ਦੂਜੀ ਨਾਨੇ (ਉਮਰਾਓ ਸਿੰਘ ਸ਼ੇਰਗਿੱਲ) ਦੇ ਕੰਮ ਦੀ ਲਗਾਤਾਰਤਾ ਵਿੱਚ ਹੈ। ਅੰਮ੍ਰਿਤਾ ਆਪਣੀ ਭੈਣ (ਵਿਵਾਨ ਦੀ ਮਾਂ, ਇੰਦਰਾ ਸੇਰਗਿੱਲ) ਸਮੇਤ ਪਰਿਵਾਰ ਦੇ ਹੋਰ ਜੀਆਂ ਅਤੇ ਆਂਢ-ਗੁਆਂਢ ਦੇ ਕਿਰਦਾਰਾਂ ਨੂੰ ਸਾਹਮਣੇ ਬਿਠਾ ਕੇ ਚਿੱਤਰਕਾਰੀ ਕਰਦੀ ਸੀ। ਉਹ ਅਸਲ ਕਿਰਦਾਰਾਂ ਨੂੰ ਨਮੂਨੇ ਵਜੋਂ ਇਸਤੇਮਾਲ ਕਰਦੀ ਸੀ। ਵਿਵਾਨ ਆਪਣੀ ਮਾਸੀ ਦੇ ਚਿੱਤਰਾਂ ਅਤੇ ਨਾਨੇ ਦੀਆਂ ਫੋਟੋਆਂ ਤੋਂ ਇਹੋ ਕੰਮ ਲੈਂਦੇ ਸਨ। ਇੱਕ ਤਸਵੀਰ ਵਿੱਚ ਵਿਵਾਨ ਆਪਣੇ ਨਾਨੇ ਦੀ ਗੋਦ ਵਿੱਚ ਕੈਮਰਾ ਫੜ ਕੇ ਬੈਠੇ ਹਨ ਪਰ ਜਦੋਂ ਵਿਵਾਨ ਕਲਾਕਾਰ ਵਜੋਂ ਇਸ ਤਸਵੀਰ ਦਾ ਇਸਤੇਮਾਲ ਕਰਦੇ ਹਨ ਤਾਂ ਇਹ ਭੁਲੇਖਾ ਪੈਂਦਾ ਹੈ ਕਿ ਤਸਵੀਰ ਵਾਲੇ ਬੱਚੇ ਦੇ ਕੈਮਰੇ ਨੇ ਤਸਵੀਰ ਖਿੱਚੀ ਹੈ। ਵਿਵਾਨ ਆਪਣੇ ਇਸ ਕੰਮ ਬਾਰੇ ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੇ ਵੱਡ-ਆਕਾਰੀ ਚਿੱਤਰਾਂ ਵਿੱਚ ਅੰਮ੍ਰਿਤਾ ਦੇ ਚਿੱਤਰਾਂ ਅਤੇ ਉਮਰਾਓ ਸਿੰਘ ਦੀਆਂ ਫੋਟੋਆਂ ਦਾ ਇਸਤੇਮਾਲ ਕੀਤਾ ਅਤੇ ਇਨ੍ਹਾਂ ਦੇ ਵਿਚਕਾਰਲੀਆਂ ਥਾਂਵਾਂ ਵਿੱਚ ਰੰਗਾਂ ਨਾਲ ਆਪਣੀਆਂ ਬਾਤਾਂ ਦੀ ਬੁਣਤੀ ਪਾਈ ਹੈ।

ਵਿਵਾਨ ਸੁੰਦਰਮ ਕਈ ਜਥੇਬੰਦੀਆਂ ਅਤੇ ਅਦਾਰਿਆਂ ਦਾ ਹਿੱਸਾ ਰਹੇ। ਉਹ ਕਲਾ ਵਿੱਚ ਸੰਜੋਗੀ ਸਰਗਰਮੀ ਕਰਨ ਦੀ ਜੁਗਤਬੰਦੀ ਦੇ ਉਸਤਾਦ ਸਨ। ਉਹ ਸਫ਼ਦਰ ਹਾਸ਼ਮੀ ਯਾਦਗਾਰੀ ਟਰੱਸਟ (ਸਹਿਮਤ) ਦਾ ਬਾਨੀ ਟਰੱਸਟੀ ਸਨ। ਵਿਵਾਨ ਦੇ ਚਲਾਣੇ ਉੱਤੇ ਸ਼ਬਨਮ ਹਾਸ਼ਮੀ ਨੇ ਵਿਵਾਨ ਦੇ ਇਨ੍ਹਾਂ ਸ਼ਬਦਾਂ ਨੂੰ ਯਾਦ ਕੀਤਾ, "ਮਈ 1968 ਦੀ ਵਿਦਿਆਰਥੀ ਲਹਿਰ ਰਾਹੀਂ ਮੇਰੇ ਉੱਤੇ ਸਿਆਸਤ ਅਸਰਅੰਦਾਜ਼ ਹੋਈ ਤਾਂ ਮੇਰੇ ਵਿਚਾਰਧਾਰਕ ਝੁਕਾਅ ਮਾਰਕਸਵਾਦੀ ਕਮਿਊਨਿਸਟ ਪਾਰਟੀ ਵੱਲ ਹੋਇਆ ਭਾਵੇਂ ਕਿ ਮੈਂ ਇਸ ਦਾ ਮੈਂਬਰ ਕਦੇ ਨਹੀਂ ਰਿਹਾ। ਕਲਾ ਦੇ ਮੁਹਾਜ ਉੱਤੇ ਮੈਂ 1976 ਵਿੱਚ ਕਸੌਲੀ ਆਰਟ ਸੈਂਟਰ ਬਣਾਇਆ ਜਿਸ ਦੇ ਮਹਿਮਾਨਬਾਜ਼ ਅਤੇ ਪੁਰ-ਖ਼ਲੂਸ ਮਾਹੌਲ ਨਾਲ ਸਰਗਰਮੀ ਅਤੇ ਸੰਵਾਦ ਦਾ ਪਿੜ ਬੱਝਿਆ। ਸਹਿਮਤ ਦੇ ਬਾਨੀ ਟਰੱਸਟੀ ਵਜੋਂ 1990 ਤੋਂ 2003 ਤੱਕ ਮੈਂ ਲਕੀਰ ਖਿੱਚ ਕੇ ਕੀਤੀ ਜਾਣ ਵਾਲੀ ਸਿਆਸਤ ਦਾ ਹਿੱਸਾ ਰਿਹਾ। ਸਹਿਮਤ ਵੱਲੋਂ ਮੈਂ ਬਹੁਤ ਸਾਰੀਆਂ ਛੋਟੀਆਂ ਅਤੇ ਵੱਡੀਆਂ ਨੁਮਾਇਸ਼ਾਂ ਦੇ ਸੰਜੋਗੀ ਦਾ ਕੰਮ ਕੀਤਾ ਜਿਨ੍ਹਾਂ ਨੇ ਮੁਲਕ ਦੇ ਅੰਦਰ ਅਤੇ ਵਿਦੇਸ਼ਾਂ ਦਾ ਸਫ਼ਰ ਕੀਤਾ। ਇਨ੍ਹਾਂ ਨੁਮਾਇਸ਼ਾਂ ਨੇ ਆਵਾਮੀ ਸੰਵਾਦ ਦਾ ਪਿੜ ਬੰਨ੍ਹਣ ਲਈ ਨਵੀਂਆਂ ਜੁਗਤਾਂ ਅਤੇ ਰੂਪਾਂ ਦਾ ਇਸਤੇਮਾਲ ਕੀਤਾ।"

ਇਸ ਵੇਲੇ ਕੋਚੀ ਵਿੱਚ ਚੱਲ ਰਹੇ ਕੌਮਾਂਤਰੀ ਕਲਾ ਮੇਲੇ (ਕੋਚੀ-ਮੁਜ਼ੀਰਿਸ ਬਿਨਾਲੇ) ਵਿੱਚ ਵਿਵਾਨ ਸੁੰਦਰਮ ਦੀਆਂ ਦੋ ਕਲਾ ਲੜੀਆਂ ਵਿੱਚੋਂ ਕੁਝ ਕੰਮ ਸ਼ਾਮਿਲ ਕੀਤੇ ਗਏ ਹਨ। ਵਿਵਾਨ ਦੀ ਕਲਾ ਲੜੀ 'ਏ ਜਰਨੀ ਟੂ ਮੈਕਸੀਕੋ' ਦੀਆਂ ਕੁਝ ਡਰਾਇੰਗ ਲੰਘੇ ਦੌਰ ਦੇ ਹੁਕਮਰਾਨ ਦੀ ਤਾਕਤ ਅਤੇ ਜਕੜ ਨੂੰ ਪੇਸ਼ ਕਰਦੀਆਂ ਹਨ। ਇਸ ਦੇ ਨਾਲ ਹੀ 'ਦ ਹਾਈਟਸ ਆਫ ਮਾਚੋ ਪੀਚੋ' ਨਾਮ ਦੀ ਲੜੀ ਵਿੱਚੋਂ ਕੁਝ ਡਰਾਇੰਗ ਹਨ। ਇਸ ਲੜੀ ਵਿੱਚ ਪੱਚੀ ਡਰਾਇੰਗ ਹਨ ਜੋ ਪਾਬਲੋ ਨੈਰੂਦਾ ਦੀ ਇਸੇ ਨਾਮ ਦੀ ਨਜ਼ਮ ਨੂੰ ਸਿਜਦਾ ਹੈ। ਵਿਵਾਨ ਆਪਣੀ ਆਖ਼ਰੀ ਨੁਮਾਇਸ਼ ਨੂੰ ਚੱਲਦਾ ਛੱਡ ਗਿਆ ਹੈ ਜੋ ਕੋਚੀ ਵਿੱਚ ਸਮੁੰਦਰ ਦੇ ਕਿਨਾਰੇ ਲੱਗੀ ਹੋਈ ਹੈ। ਵਿਵਾਨ ਅੰਮ੍ਰਿਤਾ ਸ਼ੇਰਗਿੱਲ ਦੇ ਚਿੱਤਰਾਂ ਵਿੱਚੋਂ ਬਾਤਾਂ ਪਾਉਂਦੇ ਹਨ ਅਤੇ ਪਾਬਲੋ ਨੈਰੂਦਾ ਦੀ ਨਜ਼ਮ ਨਾਲ ਖੇਡਦੇ ਹਨ। ਅੰਮ੍ਰਿਤਾ ਸ਼ੇਰਗਿੱਲ ਨੇ ਕਿਸੇ ਵੇਲੇ ਕਿਹਾ ਸੀ, "ਯੂਰਪ ਪਿਕਾਸੋ, ਬਰੇਯਕ ਅਤੇ ਹੋਰ ਕਈਆਂ ਦਾ ਹੈ। ਇੰਡੀਆ ਸਿਰਫ਼ ਮੇਰਾ ਹੈ।" ਸ਼ਾਇਦ ਵਿਵਾਨ ਆਪਣੀ ਮਾਸੀ ਨੂੰ ਦੱਸ ਰਿਹਾ ਹੋਵੇਗਾ ਕਿ ਉਸ ਦੇ ਸਮੇਂ ਅਤੇ ਸਥਾਨ ਦਾ ਬਿਆਨੀਆ ਕਿਸੇ ਹੋਰ ਸੰਜੋਗੀ ਪੈਮਾਇਸ਼ ਵਿੱਚ ਹੈ।

(ਲੇਖਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਵਜੋਂ ਕੰਮ ਕਰਦਾ ਹੈ।)




HOMELIFE
HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
MLS
11775 Bramalea Rd., Unit #201, Brampton L6R3S7



EXPERIOR
FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES
FREE QUOTE
Call
Protect your family
Call: 416.209.6363
Hardeep Atwal
Sr. Financial Advisor

DM
TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator



Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਸ਼ਾਹਮੁਖੀ ਵਿਚ ਛਪੀ ਕਿਤਾਬ ਰਿਲੀਜ਼



ਬੀਬੀ ਗੁਲਾਬ ਕੌਰ ਦੀ ਜ਼ਿੰਦਗੀ ਸੰਬੰਧੀ ਪ੍ਰਸਿੱਧ ਖੋਜ਼ੀ ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਕਿਤਾਬ 'ਗੁਲਾਬ ਕੌਰ ਗ਼ਦਰ ਲਹਿਰ ਦੀ ਦਲੇਰ ਯੋਧਾ' ਨੂੰ ਲਹਿੰਦੇ ਪੰਜਾਬ ਵਿੱਚ ਸ਼ਾਹਮੁੱਖੀ ਵਿੱਚ ਛਾਪਿਆ ਗਿਆ ਹੈ ਨੂੰ ਅੱਜ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ, ਸੁਨਾਮ ਊਧਮ ਸਿੰਘ ਵਾਲਾ ਵਿਖੇ ਰਿਲੀਜ਼ ਕੀਤਾ ਗਿਆ।

ਰਾਕੇਸ਼ ਕੁਮਾਰ ਨੇ ਦੱਸਿਆ ਕਿ ਬੀਬੀ ਗੁਲਾਬ ਕੌਰ ਨੇ ਦੇਸ਼ ਦੀ ਆਜ਼ਾਦੀ ਲਈ ਗ਼ਦਰ ਲਹਿਰ ਵਿੱਚ ਅਹਿਮ ਰੋਲ ਅਦਾ ਕੀਤਾ ਸੀ। ਗ਼ਦਰ ਲਹਿਰ ਆਜ਼ਾਦੀ ਤੋਂ ਪਹਿਲਾਂ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਦੀ ਸਾਂਝੀ ਲਹਿਰ ਸੀ। ਇਹ ਕਿਤਾਬ ਲਹਿੰਦੇ ਪੰਜਾਬ ਦੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਦੇਸ਼ ਭਗਤਾਂ ਨੂੰ ਯਾਦ ਕਰਨ ਵਾਲੇ ਲੋਕਾਂ ਨੇ ਛਪਵਾਇਆ ਹੈ। ਇਹ ਗ਼ਦਰ ਲਹਿਰ ਸਬੰਧੀ ਲਹਿੰਦੇ ਪੰਜਾਬ ਵਿੱਚ ਛਪਣ ਵਾਲੀ ਪਹਿਲੀ ਕਿਤਾਬ ਹੈ।

ਇਸ ਕਿਤਾਬ ਨੇ ਪਾਕਿਸਤਾਨ ਦੇ ਬੁੱਧੀਜੀਵੀਆਂ ਵਿਚ ਇਕ ਚਰਚਾ ਛੇੜੀ ਹੈ। ਬੀਬੀ ਗੁਲਾਬ ਕੌਰ ਸੁਨਾਮ ਊਧਮ ਸਿੰਘ ਵਾਲਾ ਦੇ ਲਾਗੇ ਪਿੰਡ ਬਖ਼ਸ਼ੀਵਾਲਾ ਦੀ ਜੰਮਪਲ ਸੀ। ਇਹ ਵੀ ਗ਼ਦਰ ਪਾਰਟੀ ਦੇ ਸੱਦੇ ਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹਿੰਦੋਸਤਾਨ ਆਈ ਸੀ। ਇਹ ਗ਼ਦਰ ਲਹਿਰ ਵਿੱਚ ਲੰਮਾਂ ਸਮਾਂ ਸੰਘਰਸ਼ ਕਰਦੀ ਰਹੀ। ਗ਼ਦਰ ਪਾਰਟੀ ਦੇ ਹੈਡਕੁਆਰਟਰ ਅੰਮ੍ਰਿਤਸਰ ਤੇ ਲਾਹੌਰ ਦੋਵੇਂ ਥਾਵਾਂ ਤੇ ਉਹਨਾਂ ਨੇ ਕੰਮ ਕੀਤਾ।

ਗ਼ਦਰ ਲਹਿਰ ਇੱਕ ਧਰਮ ਨਿਰਪੱਖ ਲਹਿਰ ਸੀ। ਗ਼ਦਰ ਪਾਰਟੀ ਵੱਲੋ ਸਪਸ਼ਟ ਜੀ ਕਿ ਧਰਮ ਹਰੇਕ ਦਾ ਨਿੱਜੀ ਮਾਮਲਾ ਹੈ। ਗ਼ਦਰ ਪਾਰਟੀ ਦੇਸ਼ ਨੂੰ ਆਜ਼ਾਦ ਕਰਵਾ ਕਿ ਇਕ ਵਧੀਆ ਸਮਾਜ ਦੇ ਸਿਰਜਨਾ ਦੀ ਵੀ ਗੱਲ ਕਰਦੀ ਸੀ। ਇਸ ਕਿਤਾਬ ਨਾਲ ਲਹਿੰਦੇ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਗ਼ਦਰ ਲਹਿਰ ਵਾਰੇ ਜਾਣਕਾਰੀ ਹੋਵੇਗੀ।

ਪ੍ਰਿਸੀਪਲ ਮੈਡਮ ਨੀਲਮ, ਅਨਿਲ ਕੁਮਾਰ ਜੀ ਨੇ ਬੀਬੀ ਗੁਲਾਬ ਕੌਰ ਦੀ ਜ਼ਿੰਦਗੀ ਬਾਰੇ ਚਰਚਾ ਕੀਤੀ। ਬੱਚਿਆਂ ਨੇ ਧਿਆਨ ਨਾਲ ਸੁਣਿਆ। ਸਟੇਜ ਦੀ ਭੂਮਿਕਾ ਦਾਤਾ ਸਿੰਘ ਜੀ ਨੇ ਨਿਭਾਈ। ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਵੀ ਕਈ ਆਗੂ ਇਸ ਮੌਕੇ ਮੌਜੂਦ ਸਨ। ਰਾਕੇਸ਼ ਕੁਮਾਰ ਹੁਣ ਤੱਕ ਸੌਲਾਂ ਕਿਤਾਬਾਂ ਲਿਖ ਚੁੱਕੇ ਹਨ। ਨੌ ਵਿਸ਼ਿਆਂ ਤੇ ਇਨ੍ਹਾਂ ਦਾ ਖੋਜ਼ੀ ਕੰਮ ਹੈ। ਇਹਨਾਂ ਦੀਆਂ ਦੋ ਕਿਤਾਬਾਂ ਨੂੰ ਪੰਜਾਬ ਸਰਕਾਰ ਦੇ ਸਰਵੋਤਮ ਪੁਰਸਕਾਰ ਮਿਲ ਚੁੱਕੇ ਹਨ। ਇਹਨਾਂ ਨੂੰ ਰੇਲਵੇ ਵਿਭਾਗ ਦੇ ਭਾਰਤ ਦੇ ਸਾਰੇ ਕਰਮਚਾਰੀਆਂ ਤੋਂ ਸਭ ਤੋਂ ਵੱਧ ਇਨਾਮ ਮਿਲੇ ਹੋਏ ਹਨ। ਬਾਬਾ ਫ਼ਰੀਦ ਸੁਸਾਇਟੀ ਵੱਲੋਂ ਇਹਨਾਂ ਨੂੰ ਬਾਬਾ ਫ਼ਰੀਦ ਇਮਾਨਦਾਰੀ ਇਨਾਮ ਦਿੱਤਾ ਜਾ ਚੁੱਕੀਆਂ ਹੈ

**ਰਾਕੇਸ਼ ਕੁਮਾਰ- 9530503412**

*ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਦੀ ਨਵੇਂ ਸੈਸਨ ਲਈ ਹੋਈ ਚੋਣ*

# ਜਸਵੰਤ ਜੀਰਖ ਜੱਥੇਬੰਦਕ ਅਤੇ ਆਤਮਾ ਸਿੰਘ ਵਿੱਤ ਮੁਖੀ ਦੀ ਮੁੜ ਚੋਣ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : 16 ਅਪ੍ਰੈਲ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਦੀ ਸਾਲ 2023-25 ਦੋ ਸਾਲ ਲਈ ਨਵੇਂ ਅਹੁਦੇਦਾਰਾਂ ਦੀ ਚੋਣ ਜ਼ੋਨ ਵਿੱਚ ਪੈਂਦੀਆਂ ਵੱਖ ਵੱਖ ਤਰਕਸ਼ੀਲ ਇਕਾਈਆਂ ਦੇ ਡੈਲੀਗੇਟਾਂ ਵੱਲੋਂ ਕੀਤੀ ਗਈ। ਸਥਾਨਕ ਜ਼ੋਨ ਦਫਤਰ ਵਿੱਚ ਸੂਬਾ ਆਗੂ ਤਰਕਸ਼ੀਲ ਮੈਗਜੀਨ ਦੇ ਸੰਪਾਦਕ ਬਲਬੀਰ ਲੌਂਗੋਵਾਲ ਦੀ ਨਿਗਰਾਨੀ ਹੇਠ ਹੋਈ ਇਸ ਮੀਟਿੰਗ ਦੌਰਾਨ ਜਗਰਾਓਂ, ਲੁਧਿਆਣਾ, ਸੁਧਾਰ, ਮਲੇਰਕੋਟਲਾ ਅਤੇ ਕੋਹਾੜਾ ਇਕਾਈਆਂ ਦੇ ਆਏ ਚੋਣਵੇਂ ਡੈਲੀਗੇਟਾਂ ਦਾ ਸੁਆਗਤ ਕਰਦਿਆਂ ਜਸਵੰਤ ਜੀਰਖ ਵੱਲੋਂ ਪਿਛਲੀ ਜ਼ੋਨ ਕਮੇਟੀ ਭੰਗ ਕਰਦਿਆਂ ਅਗਲੀ ਕਾਰਵਾਈ ਲਈ ਨਿਗਰਾਨ ਵਜੋਂ ਆਏ ਸ੍ਰੀ ਬਲਬੀਰ ਲੌਂਗੋਵਾਲ ਨੂੰ ਅਗਲੀ ਕਾਰਵਾਈ ਚਲਾਉਣ ਦੀ ਅਪੀਲ ਕੀਤੀ। ਸ੍ਰੀ ਲੌਂਗੋਵਾਲ ਵੱਲੋਂ ਪਿੱਛਲੇ ਸੈਸਨ ਦੇ ਵਿਭਾਗੀ ਮੁੱਖੀਆਂ ਨੂੰ ਆਪਣੇ ਵਿਭਾਗਾਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕਰਨ ਦੀ ਕੀਤੀ ਅਪੀਲ ਅਨੁਸਾਰ ਜਸਵੰਤ ਜੀਰਖ ਵੱਲੋਂ ਆਪਣੇ ਜੱਥੇਬੰਦਕ ਵਿਭਾਗ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਪੜ੍ਹਕੇ ਸੁਣਾਈਆ ਗਿਆ। ਇਸ ਨੂੰ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਸ ਉਪਰੰਤ ਆਤਮਾ ਸਿੰਘ ਵੱਲੋਂ ਵਿੱਤ ਵਿਭਾਗ ਦੀ ਪੇਸ਼ ਕੀਤੀ ਰਿਪੋਰਟ ਨੂੰ ਵੀ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ।



ਨਵੀਂ ਕਮੇਟੀ ਦੀ ਚੋਣ ਸਮੇਂ ਜਸਵੰਤ ਜੀਰਖ ਨੂੰ ਤੀਸਰੀ ਵਾਰ ਜੱਥੇਬੰਦਕ ਵਿਭਾਗ ਮੁੱਖੀ ਤੇ ਆਤਮਾ ਸਿੰਘ ਨੂੰ ਵਿੱਤ ਵਿਭਾਗ ਮੁੱਖੀ ਚੁਣਿਆ ਗਿਆ। ਇਹਨਾਂ ਦੇ ਨਾਲ ਹੀ ਮੀਡੀਆ ਵਿਭਾਗ ਮੁਖੀ ਹਰਚੰਦ ਭਿੰਡਰ, ਸੱਭਿਆਚਾਰਿਕ ਵਿਭਾਗ ਮੁੱਖੀ ਸ਼ਮਸ਼ੇਰ ਨੂਰਪੁਰੀ ਅਤੇ ਮਾਨਸਿਕ ਸਿਹਤ ਵਿਭਾਗ ਮੁੱਖੀ ਮਾ ਰਜਿੰਦਰ ਜੰਡਿਆਲੀ ਨੂੰ ਚੁੱਣਿਆ ਗਿਆ। ਸਾਰੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਮੀਡੀਆ ਵਿਭਾਗ ਮੁੱਖੀ ਹਰਚੰਦ ਭਿੰਡਰ ਨੇ ਦੱਸਿਆ ਕਿ ਸਾਰੀ ਚੋਣ ਪ੍ਰਕਿਰਿਆ ਸਰਵ ਸੰਮਤੀ ਨਾਲ ਸੰਪੂਰਨ ਹੋਈ, ਜਿਸ ਦੀ ਪ੍ਰਸੰਸਾ ਨਿਗਰਾਨ ਦੇ ਤੌਰ 'ਤੇ ਪਹੁੰਚੇ ਸ੍ਰੀ ਬਲਬੀਰ ਲੌਂਗੋਵਾਲ ਨੇ ਵੀ ਕੀਤੀ। ਉਹਨਾਂ ਜ਼ੋਨ ਵੱਲੋਂ ਕੀਤੀ ਉਤਸ਼ਾਹ ਭਰਪੂਰ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਸੂਬਾ ਕਮੇਟੀ ਦੇ ਪ੍ਰੋਗਰਾਮਾਂ ਨੂੰ ਜ਼ੋਨ ਵਿੱਚ ਲਾਗੂ ਕਰਨ ਦੀਆਂ ਗਤੀਵਿਧੀਆਂ ਦੀ ਪ੍ਰਸੰਸਾ ਕੀਤੀ। ਉਹਨਾਂ ਨੌਜਵਾਨਾਂ ਨੂੰ ਸੁਸਾਇਟੀ ਦੀ ਵਿਗਿਆਨਿਕ ਵਿਚਾਰਧਾਰਾ ਨਾਲ ਜੋੜਨ, ਹਕੂਮਤ ਵੱਲੋਂ ਧਰਮਾਂ ਤੇ ਅਧਾਰਤ ਫ਼ਿਰਕਾਪ੍ਰਸਤੀ ਅਤੇ ਫਾਸੀਵਾਦ ਖਿਲਾਫ ਤਰਕਸ਼ੀਲ ਪਹੁੰਚ ਦਾ ਪਸਾਰਾ ਕਰਨ ਤੇ ਜ਼ੋਰ ਦਿੱਤਾ। ਅੰਤ ਵਿੱਚ ਜਸਵੰਤ ਜੀਰਖ ਵੱਲੋਂ ਸਾਰੇ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ ਮੌਜੂਦਾ ਸਮੇਂ ਦੇਸ਼ ਵਿੱਚ ਧਰਮਾਂ, ਜਾਤਾਂ ਅਤੇ ਫ਼ਿਰਕਿਆਂ ਦੇ ਨਾਂ ਹੇਠ, ਮਨੁੱਖਤਾ ਵਿੱਚ ਵੰਡੀਆਂ ਪਾ ਕੇ ਇੱਕ ਦੂਜੇ ਦੇ ਖਿਲਾਫ ਲੜਾਉਣ ਦੀ ਹੋ ਰਹੀ ਰਾਜਨੀਤੀ ਨੂੰ ਚੁਣੌਤੀ ਦੇਣ ਲਈ, ਬਦਲ ਵਿੱਚ ਨਵਾਂ ਤੇ ਉਸਾਰੂ ਸੱਭਿਆਚਾਰ ਉਸਾਰਨ ਲਈ ਠੋਸ ਕਦਮ ਚੁੱਕਣ ਦਾ ਸੱਦਾ ਦਿੱਤਾ। ਉਹਨਾਂ ਸਮਾਜ ਵਿੱਚੋਂ ਅੰਧਵਿਸ਼ਵਾਸ ਅਤੇ ਵੇਲਾ ਵਿਹਾ ਚੁੱਕੇ ਰਸਮਾਂ ਰਿਵਾਜਾਂ ਨੂੰ ਖਤਮ ਕਰਨ ਸਮੇਤ ਮੌਜੂਦਾ ਗਲਤ ਪ੍ਰਚੱਲਤ ਧਾਰਨਾਵਾਂ ਖਿਲਾਫ ਇੱਕ ਜ਼ੋਰਦਾਰ ਮੁਹਿੰਮ ਵਿੱਢਣ ਲਈ ਵਿਚਾਰ ਪ੍ਰਗਟ ਕੀਤੇ। ਅੰਤ ਵਿੱਚ ਸਾਰੇ ਵਿਭਾਗਾਂ ਦੇ ਚੁੱਣੇ ਗਏ ਮੁੱਖੀਆਂ ਵੱਲੋਂ ਅਗਲੀ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਆਪਣੇ ਵਿਭਾਗੀ ਕੰਮਾਂ ਦੀ ਵਿਉਂਤਬੰਦੀ ਬਣਾਕੇ ਲਿਖਤੀ ਰਿਪੋਰਟ ਜੱਥੇਬੰਦਕ ਮੁੱਖੀ ਨੂੰ ਭੇਜਣ ਬਾਰੇ ਫੈਸਲਾ ਲਿਆ ਗਿਆ ਤਾਂ ਕਿ ਹੋਣ ਵਾਲੇ ਸੂਬਾ ਇਜਲਾਸ ਲਈ ਲਾਹੇਵੰਦ ਹੋ ਸਕੇ। ਇਸ ਸਮੇਂ ਉਪਰੋਕਤ ਚੁੱਣੇ ਗਏ ਆਗੂਆਂ ਸਮੇਤ ਮਾ. ਸੁਰਜੀਤ ਦੌਧਰ, ਕਰਤਾਰ ਸਿੰਘ ਵੀਰਾਨ, ਦਲਬੀਰ ਕਟਾਣੀ, ਮਾ. ਤਰਲੋਚਨ ਸਮਰਾਲਾ, ਬਲਵਿੰਦਰ ਸਿੰਘ, ਮੋਹਨ ਸਿੰਘ ਬਡਲਾ, ਮਾ. ਮੇਜਰ ਸਿੰਘ, ਮਲਕੀਤ ਸਿੰਘ ਸੁਧਾਰ ਅਤੇ ਬਿੱਲੂ ਨੰਗਲ ਬਤੌਰ ਡੈਲੀਗੇਟ ਹਾਜ਼ਰ ਸਨ।


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign
call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

# ਪੁਸਤਕ ਮੇਲੇ ਅਤੇ ਪਾਠਕਾਂ ਵਿਚ ਆਪਸੀ ਰਿਸ਼ਤੇ ਦੀ ਮਿਸਾਲ







ਕੈਲਗਰੀ (ਹਰਚਰਨ ਸਿੰਘ ਪਰਹਾਰ): ਬੀਤੇ ਦਿਨ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ। ਉਨ੍ਹਾਂ ਮੀਡੀਏ ਵਲੋਂ ਕੀਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਪੁਸਤਕ ਮੇਲੇ ਦੀ ਸ਼ੁਰੂਆਤ ਕੈਲਗਰੀ ਦੇ ਨਾਮਵਰ ਬਿਜਨੈਸਮੈਨ ਪੌਲ ਸੇਖੋਂ ਵਲੋਂ ਕੀਤੀ ਗਈ। ਜਿਨ੍ਹਾਂ ਨੂੰ ਸਮਾਜ ਸੇਵਾ, ਆਪਣੇ ਪਿੰਡ ਲਾਇਬ੍ਰੇਰੀ ਖੋਲਣ ਅਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲਈ ਮਾਇਕ ਸਹਾਇਤਾ ਕਰਨ ਵਜੋਂ ਪ੍ਰਬੰਧਕਾਂ ਵਲੋਂ ਕਿਤਾਬਾਂ ਦਾ ਸੈਟ ਭੇਟ ਕੀਤਾ ਗਿਆ।

ਇਸ ਮੌਕੇ 'ਤੇ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਵਲੋਂ ਹਮੇਸ਼ਾਂ ਭਰਵਾਂ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਪਾਠਕਾਂ ਨੂੰ ਅਪੀਲ ਕੀਤੀ ਕਿ ਅਗਲੇ ਐਤਵਾਰ ਅਪਰੈਲ 16 ਨੂੰ ਇੰਡੀਅਨ ਐਕਸ ਸਰਵਿਸਮੈਨ ਐਸੋਸੀਏਸ਼ਨ ਦੇ ਹਾਲ ਵਿਖੇ ਦੁਪਹਿਰ ਦੋ ਵਜੇ ਉਘੇ ਲੇਖਕ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਸੀਨੀਅਰ ਪ੍ਰੋਫੈਸਰ ਚਮਨ ਲਾਲ ਦਾ ਵਿਸ਼ੇਸ਼ ਲੈਕਚਰ ਸੁਣਨ ਲਈ ਜਰੂਰ ਪਹੁੰਚਣ। ਉਨ੍ਹਾਂ ਅੱਗੇ ਬੋਲਦੇ ਹੋਏ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ੱਕ ਇਹ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜ਼ੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ? ਅਗਲਾ ਪੁਸਤਕ ਮੇਲਾ 11 ਜੂਨ ਨੂੰ ਹੋਵੇਗਾ।


SAVE MAX PROVEN REAL ESTATE BROKERAGE
*Each office independently owned & operated
COMMERCIAL | RESIDENTIAL | BUSINESS
Buy, Sell, Lease
HARCHARAN PARHAR
BROKER
403.681.8689
savemaxproven@gmail.com
225-1925 18th Ave NE
Calgary, AB T2E 7T8
WWW.SAVEMAXPROVEN.COM







SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

We Provide Following Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor



2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com
Desjardins Financial Security Independent Network · CPP · GREAT-WEST · BMO · RBC Royal Bank · Equitable Life of Canada · iA · Manulife Financial · Canada Life · Foresters · ivari

SHAHEED BHAGAT SINGH BOOK CENTRE
Calgary Canada



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote
New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220



PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

# ਵਪਾਰਕ ਕੰਪਨੀਆਂ ਤੇ ਭਾਰਤੀ ਨੌਜਵਾਨ



ਡਾ. ਬਲਜਿੰਦਰ
94170-79720
singh.drbaljinder@gmail.com

***ਸੋਚਣ ਵਾਲੀ ਗੱਲ ਇਹ ਹੈ ਕਿ ਇਹ ਕੰਪਨੀਆਂ ਇਹਨਾਂ ਚੰਦ ਵਿਅਕਤੀਆਂ ਨੂੰ ਐਨੀਆਂ ਮੋਟੀਆਂ ਤਨਖਾਹਾਂ, ਭੱਤੇ ਅਤੇ ਸ਼ੇਅਰਾਂ ਦੇ ਰੂਪ 'ਚ ਐਨੇ ਪੈਸੇ ਅਦਾ ਕਿਓਂ ਕਰਦੀਆਂ ਹਨ? ਇਹ ਵਿਅਕਤੀ ਉਹਨਾਂ ਕੰਪਨੀਆਂ ਨੂੰ ਵਪਾਰਕ ਯੁੱਧਨੀਤੀਆਂ ਦੇ ਰੂਪ 'ਚ ਆਮ ਲੋਕਾਂ ਨੂੰ ਲੁੱਟਣ ਦੇ ਅਜਿਹੇ ਢੰਗ-ਤਰੀਕੇ ਸੁਝਾਉਂਦੇ ਹਨ ਜਿਹੜੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ ਕਿ ਉਹਨਾਂ ਦੀ ਲੁੱਟ ਕੀਤੀ ਜਾ ਰਹੀ ਹੈ। - ਸੰਪਾਦਕ***

ਮੁਲਕ ਦੇ ਆਵਾਮ ਤੇ ਖਾਸਕਰ ਪੰਜਾਬ ਦੇ ਲੋਕਾਂ ਅਤੇ ਉਹਨਾਂ 'ਚੋਂ ਵੀ ਖਾਸਕਰ ਸਿੱਖਾਂ ਅੰਦਰ ਸੋਸ਼ਲ ਤੇ ਪ੍ਰਿੰਟ ਮੀਡੀਆ ਵੱਲੋਂ ਇਹ ਗੱਲ ਬਹੁਤ ਹੀ ਜ਼ੋਰ-ਸ਼ੋਰ ਨਾਲ ਪ੍ਰਚਾਰੀ ਜਾ ਰਹੀ ਹੈ ਕਿ ਦੇਖੋ ਪੰਜਾਬ ਦੇ ਲੋਕ ਤੇ ਖਾਸਕਰ ਸਿੱਖ ਭਾਈਚਾਰੇ ਦੇ ਕਿਸੇ ਵਿਅਕਤੀ ਦੇ ਕਿਸੇ ਉੱਚੇ ਮੁਕਾਮ 'ਤੇ ਪਹੁੰਚਣ ਨਾਲ ਸੰਸਾਰ ਭਰ ਅੰਦਰ ਸਿੱਖਾਂ ਦਾ ਰੁਤਬਾ ਉੱਚਾ ਹੋਇਆ ਹੈ। ਆਮ ਸਿੱਖਾਂ ਦੇ ਮੱਧ-ਵਰਗੀ ਭਾਈਚਾਰੇ ਅੰਦਰ ਵੀ ਇਹ ਗੱਲ ਧੁਮਾਈ ਜਾ ਰਹੀ ਹੈ ਕਿ ਦੇਖੋ ਪੰਜਾਬ ਦੇ ਲੋਕ ਤੇ ਸਿੱਖ ਕਿਸ ਮੁਕਾਮ 'ਤੇ ਪਹੁੰਚ ਰਹੇ ਹਨ। ਇਹ ਪ੍ਰਚਾਰ ਕਿਓਂ ਕੀਤਾ ਜਾ ਰਿਹਾ ਹੈ ਕਾਰਨ ਇਹ ਹੈ ਕਿ ਪੰਜਾਬ ਨਾਲ ਤੁਅੱਲਕ ਰੱਖਣ ਵਾਲਾ ਇੱਕ ਸਿੱਖ ਸ਼ਖਸ ਅਜੇ ਬੰਗਾ ਸੰਸਾਰ ਬੈਂਕ ਦੇ ਪ੍ਰੈਜ਼ੀਡੈਂਟ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਜਾ ਰਿਹਾ ਹੈ। ਨਾਲ ਹੀ ਮੀਡੀਆ 'ਚ ਇਹ ਵੀ ਖਬਰਾਂ ਪ੍ਰਕਾਸ਼ਤ ਹੋ ਰਹੀਆਂ ਹਨ ਕਿ ਉਸਨੇ ਮਾਸਟਰਕਾਰਡ ਦੇ ਸੀਈਓ ਦੇ ਅਹੁਦੇ 'ਤੇ ਰਹਿੰਦਿਆਂ 2021 'ਚ 206 ਮਿਲੀਅਨ ਡਾਲਰ ਦੀ ਪੂੰਜੀ ਇਕੱਤਰ ਕੀਤੀ ਸੀ ਅਤੇ ਮਾਸਟਰ ਕਾਰਡ ਦਾ ਸੀਈਓ ਰਹਿੰਦਿਆਂ ਉਹ ਹਰ ਰੋਜ਼ ਦੇ 52 ਲੱਖ ਰੁਪੈ ਕਮਾਉਂਦਾ ਸੀ। ਸੋਸ਼ਲ ਮੀਡੀਆ 'ਤੇ ਕਈ ਅਜਿਹੀਆਂ ਪੋਸਟਾਂ ਵੀ ਪਾਈਆਂ ਗਈਆਂ ਹਨ ਜਿਹਨਾਂ 'ਚ ਸਿੱਖਾਂ ਦੇ ਧੀਆਂ-ਪੁੱਤਾਂ ਨੂੰ ਪੜ੍ਹ-ਲਿਖਕੇ ਅਜੇ ਬੰਗਾ ਵਰਗਾ ਬਣਨ ਦੀਆਂ ਨਸੀਹਤਾਂ ਦਿੱਤੀਆਂ ਜਾ ਰਹੀਆਂ ਹਨ।

ਗੱਲ ਇਕੱਲੇ ਅਜੇ ਬੰਗਾ ਦੀ ਹੀ ਨਹੀਂ ਹੈ ਬਲਕਿ ਪਿਛਲੇ ਅਰਸੇ ਦੌਰਾਨ ਕਿੰਨੀਆਂ ਹੀ ਬਹੁਕੌਮੀ ਕਾਰਪੋਰੇਸ਼ਨਾਂ ਦੇ ਸਿਖਰਲੇ ਅਹੁਦਿਆਂ 'ਤੇ ਭਾਰਤੀ ਟੈਕਨੋਕਰੇਟ, ਵਿੱਤੀ ਮਾਹਰ ਤੇ ਬਿਜ਼ਨਸ ਮਾਹਰ ਬਿਰਾਜਮਾਨ ਹੋਏ ਹਨ। ਮਿਸਾਲ ਵਜੋਂ ਸੁੰਦਰ ਪਿਚੱਈ ਗੂਗਲ ਦਾ, ਇੰਦਰਾ ਅਰਵਿੰਦ ਕਰਿਸ਼ਨਾ ਆਈਬੀਐੱਮ ਦਾ, ਸ਼ਾਂਤਨੂੰ ਨਰਾਇਣ ਅਡੋਬ ਦਾ, ਪਰਾਗ ਅੱਗਰਵਾਲ ਅਕਤੂਬਰ ਤੱਕ ਟਵਿੱਟਰ ਦਾ ਹੈੱਡ ਰਿਹਾ ਅਤੇ ਸੱਤਿਆ ਨਡੇਲਾ ਮਾਈਕਰੋਸਾਫਟ ਦੇ ਸੀਈਓ ਦੇ ਅਹੁਦਿਆਂ 'ਤੇ ਰਹਿੰਦਿਆਂ ਇਹਨਾਂ ਬਹੁਕੌਮੀ ਕਾਰਪੋਰੇਸ਼ਨਾਂ ਦੀ ਸੇਵਾ ਕਰ ਰਹੇ ਹਨ। ਇੰਦਰਾ ਨੂਈ ਵੀ ਪੈਪਸੀਕੋ ਦੀ ਹੈੱਡ ਹੈ। ਇੰਜ ਹੋਰ ਵੀ ਕਈ ਸਾਰੇ ਭਾਰਤੀ ਅਜਿਹੇ ਸਿਖਰਲੇ ਅਹੁਦਿਆ 'ਤੇ ਬਿਰਾਜਮਾਨ ਹਨ।

ਅਜਿਹੇ ਪ੍ਰਚਾਰ ਦੀ ਦੇਖਾ-ਦੇਖੀ ਮੱਧ-ਵਰਗੀ ਮਾਪੇ ਵੀ ਆਪਣੇ ਬੱਚਿਆਂ ਤੋਂ ਇਹ ਆਸ ਕਰਦੇ ਹਨ ਕਿ ਫਹੁੜਿਆਂ ਨਾਲ ਪੈਸੇ ਇਕੱਠੇ ਕਰਨ ਵਾਲੇ ਇਹਨਾਂ ਵਿਅਕਤੀਆਂ ਵਾਂਗ ਉਹ ਵੀ ਆਪਣੇ ਘਰਾਂ ਦੇ ਵਾਰੇ-ਨਿਆਰੇ ਕਰ ਦੇਣ। ਉਹ ਮਾਪੇ ਔਖੇ ਹੋ-ਹੋ ਕੇ ਆਪਣੇ ਬੱਚਿਆਂ ਨੂੰ ਮਹਿੰਗੀਆਂ ਟਿਊਸ਼ਨਾਂ 'ਤੇ ਭੇਜਦੇ ਹਨ ਅਤੇ ਨਾਲ ਹੀ ਉਹਨਾਂ ਬੱਚਿਆਂ ਨੂੰ ਜ਼ਿੰਦਗੀ 'ਚ ਉੱਚੇ ਮੁਕਾਮ ਹਾਸਲ ਕਰ ਲੈਣ ਲਈ ਲਗਾਤਾਰ ਹੀ ਸਟਰੈੱਸ 'ਚ ਰੱਖਦੇ ਹਨ ਅਤੇ ਕਈ ਵਾਰ ਅਜਿਹੇ ਦਬਾਅ ਬੱਚੇ ਸਹਿਣ ਦੀ ਹਾਲਤ 'ਚ ਨਹੀਂ ਹੁੰਦੇ ਅਤੇ ਖੁਦਕਸ਼ੀਆਂ ਵਰਗੇ ਗਲਤ ਕਦਮ ਵੀ ਪੁੱਟ ਲੈਂਦੇ ਹਨ।

ਸੋਚਣ ਵਾਲੀ ਗੱਲ ਇਹ ਹੈ ਕਿ ਇਹ ਕੰਪਨੀਆਂ ਇਹਨਾਂ ਚੰਦ ਵਿਅਕਤੀਆਂ ਨੂੰ ਐਨੀਆਂ ਮੋਟੀਆਂ ਤਨਖਾਹਾਂ, ਭੱਤੇ ਅਤੇ ਸ਼ੇਅਰਾਂ ਦੇ ਰੂਪ 'ਚ ਐਨੇ ਪੈਸੇ ਅਦਾ ਕਿਓਂ ਕਰਦੀਆਂ ਹਨ? ਇਹ ਵਿਅਕਤੀ ਉਹਨਾਂ ਕੰਪਨੀਆਂ ਨੂੰ ਵਪਾਰਕ ਯੁੱਧਨੀਤੀਆਂ ਦੇ ਰੂਪ 'ਚ ਆਮ ਲੋਕਾਂ ਨੂੰ ਲੁੱਟਣ ਦੇ ਅਜਿਹੇ ਢੰਗ-ਤਰੀਕੇ ਸੁਝਾਉਂਦੇ ਹਨ ਜਿਹੜੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ ਕਿ ਉਹਨਾਂ ਦੀ ਲੁੱਟ ਕੀਤੀ ਜਾ ਰਹੀ ਹੈ। ਇਹਨਾਂ 'ਦੇਸ਼ਭਗਤ ਭਾਰਤੀਆਂ' ਨੇ ਦੇਸ਼ ਦੇ ਲੋਕਾਂ ਤੇ ਦੁਨੀਆਂ ਭਰ ਦੇ ਲੋਕਾਂ (ਖਪਤਕਾਰਾਂ) ਨੂੰ ਆਪਣੇ ਸ਼ਕੰਜੇ 'ਚ ਕੱਸਿਆ ਹੋਇਆ ਹੈ। ਇਹਨਾਂ ਦੇ ਜ਼ਰੀਏ ਹੀ ਕੰਪਨੀਆਂ ਨੇ ਆਪਣੇ ਕੋਲ ਲੋਕਾਂ ਦਾ ਬੇਥਾਹ ਡਾਟਾ ਆਪਣੀ ਗ੍ਰਿਫ਼ਤ 'ਚ ਕੀਤਾ ਹੋਇਆ ਹੈ। ਇਹ ਇਹਨਾਂ ਕੰਪਨੀਆ ਦੇ ਹੈੱਡ ਹੀ ਹਨ ਜਿਹੜੇ ਕੰਪਨੀਆਂ ਦੇ ਅਜਿਹੇ ਗਗਨਚੁੰਬੀ ਮੁਨਾਫ਼ਿਆਂ ਦੇ ਗ੍ਰਾਫ ਨੂੰ ਹੋਰ ਉੱਚਾਈਆਂ ਤੱਕ ਲੈ ਕੇ ਜਾਣ ਦੀਆਂ 'ਘਤਿੱਤਾਂ' ਘੜਦੇ ਹਨ। ਇਹੀ ਤਾਂ ਉਹ ਸ਼ਖਸ ਹਨ ਜਿਹੜੇ ਲੋਕਾਂ ਦੀਆਂ ਜੇਬਾਂ ਖਾਲੀ ਕਰਨ ਦਾ ਸਾਮਾ ਬਣਦੇ ਹਨ। ਇਹੀ ਤਾਂ ਉਹ 'ਮਹਾਨ' ਹਸਤੀਆਂ ਹਨ ਜਿਹੜੀਆਂ ਅਜਾਰੇਦਾਰੀ (ਮੋਨਪਲੀ) ਦੀ ਦੁਰਵਰਤੋਂ 'ਚ ਉਹਨਾਂ ਕੰਪਨੀਆਂ ਦੇ ਕਰਿੰਦੇ ਬਣਦੇ ਹਨ। ਇਹਦੇ 'ਚ ਕੋਈ ਵੀ ਰੌਲਾ ਨਹੀਂ ਹੈ ਕਿ ਇਹ ਕੰਪਨੀਆਂ ਆਪਣੀ ਅਜਾਰੇਦਾਰੀ ਦੇ ਸਿਰ 'ਤੇ ਅੰਨ੍ਹੇ ਮੁਨਾਫੇ ਕਮਾਉਂਦੀਆਂ ਹਨ ਅਤੇ ਲੋਕਾਂ ਦੇ ਇਕੱਤਰ ਕੀਤੇ ਡਾਟਾ ਬੇਸ 'ਤੇ ਉਹਨਾਂ ਨੂੰ ਭਰਮਾਉਂਦੀਆਂ ਹਨ। ਅਜੇ ਪਿੱਛੇ ਜਿਹੇ ਹੀ ਐਂਡਰਾਇਡ ਦੇ ਏਕਾਧਿਕਾਰ ਦੇ ਮਾਮਲੇ 'ਚ ਗੂਗਲ ਨੂੰ 2200 ਕਰੋੜ ਰੁਪੈ ਦਾ ਜੁਰਮਾਨਾ ਕੀਤਾ ਗਿਆ ਹੈ। ਇਹਨਾਂ 'ਚੋਂ ਕਈ-ਇੱਕ ਕੰਪਨੀਆਂ ਦੇ ਕੁੱਲ ਅਸਾਸੇ ਐਨੇ ਜ਼ਿਆਦਾ ਹਨ ਕਿ ਕਈ ਮਾਮਲਿਆਂ 'ਚ ਤਾਂ ਕੱਲੇ-ਕਹਿਰੇ ਮੁਲਕਾਂ ਦੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਤੋਂ ਵੀ ਵੱਧ ਹਨ ਅਤੇ ਉਹ ਇਹਨਾਂ ਮੁਲਕਾਂ ਨੂੰ ਖਰੀਦ ਵੀ ਸਕਦੀਆਂ ਹਨ।

ਇਹਨਾਂ ਤੱਥਾਂ ਦੇ ਚਿੱਟੇ ਦਿਨ ਵਾਂਗ ਮੌਜੂਦ ਹੋਣ ਦੇ ਬਾਵਜੂਦ ਵੀ ਭਾਰਤੀ ਉਦੋਂ ਘਿਓ ਦੇ ਦੀਵੇ ਬਾਲਦੇ ਹਨ ਜਦੋਂ ਕਿਤੇ ਕੋਈ ਭਾਰਤੀ ਅਜਿਹੇ ਅਹੁਦੇ 'ਤੇ ਬਿਰਾਜਮਾਨ ਹੁੰਦਾ ਹੈ।

ਸਾਨੂੰ ਇਹ ਕਦੀ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਸ ਤੋਂ ਪਹਿਲਾਂ ਵੀ ਡਾ ਮਨਮੋਹਣ ਸਿੰਘ, ਮੌਂਟੇਕ ਸਿੰਘ ਆਹਲੂਵਾਲੀਆ ਤੇ ਰਘੂਰਮਨ ਵਰਗੇ ਵੀ ਸੰਸਾਰ ਬੈਂਕ ਦੇ ਸਿਖਰਲੇ ਅਹੁਦਿਆਂ 'ਤੇ ਬਿਰਾਜਮਾਨ ਰਹੇ ਹਨ ਅਤੇ ਸਾਮਰਾਜਵਾਦ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਾਡੇ ਦੇਸ਼ ਅੰਦਰ ਨਵਉਦਾਰਵਾਦੀ ਨੀਤੀਆਂ ਲਿਆਉਣ ਦੇ ਜ਼ੁੰਮੇਵਾਰ ਹਨ ਅਤੇ ਵਿੱਦਿਆ ਦੇ ਖੇਤਰ ਅੰਦਰ ਤਬਦੀਲੀਆਂ ਕਰਕੇ ਇਸਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਨ ਦੇ ਭਾਗੀਦਾਰ ਹਨ।

ਸੋ ਸਮਝਣ ਦੀ ਲੋੜ ਹੈ ਕਿ ਸੰਸਾਰ ਬੈਂਕ ਵਰਗੇ ਬਹੁ-ਕੌਮੀ ਅਦਾਰਿਆਂ ਅਤੇ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਮੁਖੀਆਂ ਵਜੋਂ ਇਹ ਚੰਦ ਵਿਅਕਤੀ ਆਪਣੇ ਮਾਲਕਾਂ ਦੇ ਹਿੱਤਾਂ ਦੀ ਰਾਖੀ ਹੀ ਕਰਨਗੇ ਨਾਕਿ ਆਮ ਮਿਹਨਤਕਸ਼ ਵਰਗ ਦੇ ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖਣਗੇ। ਪਿੱਛਾ ਭਾਵੇਂ ਇਹਨਾਂ ਦਾ ਭਾਰਤੀ ਹੋਵੇ ਪਰ ਉਹਨਾਂ ਦੀ ਵਫ਼ਾਦਾਰੀ ਤੇ ਹਿੱਤ ਹੀ ਹਨ ਜਿਹਨਾਂ ਦੇ ਬਲਬੂਤੇ ਇਹਨਾਂ ਦੇ ਕਿਰਦਾਰ ਨੂੰ ਅੰਗਿਆ ਜਾਣਾ ਚਾਹੀਦਾ ਹੈ। ਅਜੇ ਬੰਗਾ ਦੇ ਬਹਾਨੇ ਅਜਿਹੇ ਹੋਰਨਾਂ ਨੂੰ ਵੀ ਪਰਖ ਲਈਏ। ਇੰਗਲੈਂਡ ਦਾ ਮੌਜੂਦਾ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਭੋਰਾ ਵੀ ਦਰਦ ਨਹੀਂ ਹੋਣਾ ਜਦੋਂ ਉਹਨੇ ਭਾਰਤ ਵਿਰੋਧੀ ਕਿਸੇ ਵੀ ਨੀਤੀ ਫ਼ੈਸਲੇ 'ਤੇ ਦਸਤਖਤ ਕਰਨੇ ਹੋਣਗੇ। ਉਹਦੇ ਤੋਂ ਇਸ ਤੋਂ ਉਲਟ ਆਪਣੇ ਮੁਲਕ ਇੰਗਲੈਂਡ ਵਿਰੁੱਧ ਜਾਕੇ ਕੋਈ ਵੀ ਫੈਸਲਾ ਲਏ ਜਾਣ ਦੀ ਤਵੱਕੋਂ ਕਰਨਾ ਮਹਿਜ਼ ਖਾਮਖਿਆਲੀ ਹੋਵੇਗੀ।

ਦੇਖਣ-ਪਰਖਣ ਨੂੰ ਤਾਂ ਅਜੇ ਬੰਗਾ ਸਿੱਖ ਬਾਣੇ ਵਾਲਾ ਲੱਗਦਾ ਹੈ ਪਰ ਹੈ ਉਹ ਬੈਂਕਰ-ਇਨਵੈੱਸਟਮੈਂਟ ਕਰਨ ਵਾਲਾ। ਸੰਸਾਰ ਬੈਂਕ ਲੋਕਾਂ ਲਈ ਕਿਹੋ ਜਿਹੀ ਖ਼ੁਸ਼ਹਾਲੀ ਲੈ ਕੇ ਆਉਂਦਾ ਹੈ ਇਸ ਬਾਰੇ ਇੱਥੇ ਬਹੁਤੀ ਚਰਚਾ ਦੀ ਲੋੜ ਨਹੀਂ ਲੱਗਦੀ। ਕਮਲਾ ਹੈਰਿਸ ਵੀ ਭਾਰਤੀ ਮੂਲ ਦੀ ਤਾਮਿਲਨਾਡੂ ਨਾਲ ਸਬੰਧਤ ਖਾਤੂਨ ਹੈ ਅਤੇ ਅਮਰੀਕਾ ਦੀ ਉੱਪ ਰਾਸ਼ਟਰਪਤੀ ਹੈ। ਪਰ ਪਿਛਲੇ ਚਾਰ ਸਾਲਾਂ ਦੇ ਤਜਰਬੇ ਨੇ ਕੀ ਦਿਖਾਇਆ ਹੈ ਕਿ ਉਹਦੀ ਭਾਰਤੀ ਮੂਲ ਦੀ ਹੋਣ ਕਰਕੇ ਭਾਰਤ ਨਾਲ ਕੋਈ ਰਿਆਇਤਦਿਲੀ ਵਾਲਾ ਵਤੀਰਾ ਅਮਰੀਕਾ ਨੇ ਦਿਖਾਇਆ ਹੋਵੇ। ਹੋਰ ਵੀ ਅਨੇਕਾਂ ਮੁਲਕਾਂ ਦੇ ਰਾਸ਼ਟਰਪਤੀ/ਵਜ਼ੀਰ/ਪ੍ਰਧਾਨ ਮੰਤਰੀ ਵੀ ਭਾਰਤੀ ਮੂਲ ਦੇ ਰਹੇ ਹਨ ਅਤੇ ਹਨ। ਸਿੰਘਾਪੁਰ, ਫਿਜ਼ੀ, ਮੌਰੀਸ਼ਸ, ਸੁਰੀਨਾਮ ਤੇ ਵੈੱਸਟ ਇੰਡੀਜ਼ ਅਤੇ ਹੋਰਨਾਂ ਦੇਸ਼ਾਂ ਅੰਦਰ ਭਾਰਤੀ ਮੂਲ ਦੇ ਲੋਕ ਉੱਚ ਅਹੁਦਿਆਂ 'ਤੇ ਰਹੇ ਹਨ।

ਸੋ ਲੋੜ ਕੱਛਾਂ ਵਜਾਉਣ ਦੀ ਨਹੀਂ ਕਿ ਫ਼ਲਾਨਾ ਭਾਰਤੀ ਅੱਜ ਐਡੇ ਮਹਾਨ ਬੈਂਕ ਜਾਂ ਵਿੱਤੀ ਅਦਾਰੇ ਦਾ ਮੁਖੀ ਥਾਪਿਆ ਗਿਆ ਹੈ। ਇਹਦੇ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਉਹਨਾਂ ਦੀ ਚਮੜੀ ਦਾ ਰੰਗ ਭਾਰਤੀ ਲੋਕਾਂ ਵਰਗਾ ਕਾਲਾ ਹੈ, ਉਹ ਭਾਰਤ 'ਚ ਜੰਮੇ-ਪਲੇ ਜ਼ਰੂਰ ਹੋ ਵੀ ਸਕਦੇ ਹਨ ਪਰ ਉਹ ਭਾਰਤੀ ਨਹੀਂ ਹਨ ਕਿਓਂਕਿ ਉਹਨਾਂ ਦੇ ਹਿੱਤ ਭਾਰਤ ਦੇ ਹਿੱਤਾਂ, ਭਾਰਤੀ ਲੋਕਾਂ ਦੇ ਹਿੱਤਾਂ ਦੇ ਮੇਚ ਦੇ ਨਹੀਂ ਹਨ। ਉਹਨਾਂ ਦੇ ਫੈਸਲਿਆਂ ਨਾਲ ਜਾਂ ਉਹਨਾਂ ਦੀ ਨਿੱਜੀ ਦੌਲਤ ਨਾਲ ਆਮ ਲੋਕਾਂ ਦਾ ਢਿੱਡ ਨਹੀ ਪੂਰਨਾ ਅਤੇ ਨਾ ਹੀ ਕੋਈ ਤਰੱਕੀ ਉਹਨਾਂ ਨੇ ਲਿਆਉਣੀ ਹੈ। ਉਹ ਮਹਿਜ਼ ਆਪਣੇ ਆਕਾਵਾਂ ਦੇ ਇਸ਼ਾਰਿਆਂ 'ਤੇ ਨੱਚਣ ਵਾਲੇ, ਸਾਮਰਾਜਵਾਦੀ ਪ੍ਰਬੰਧ ਦੇ ਹੱਥ-ਠੋਕੇ ਹਨ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਖ਼ਜ਼ਾਨਿਆਂ 'ਚ ਇਜ਼ਾਫਾ ਕਰਨ ਵਾਲੀਆਂ ਕੱਠਪੁਤਲੀਆ ਹਨ। ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਹੋਰ ਵਧਾਉਣ ਵਾਲੇ ਹਨ, ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡਣ ਵਾਲਿਆਂ ਨਾਲ ਘਿਓ-ਖਿਚੜੀ ਹਨ, ਭਾਰਤੀ ਲੋਕਾਂ ਦੇ ਡੈਟਾ ਬੇਸ ਨੂੰ ਇਕੱਤਰ ਕਰਕੇ ਅੱਗੇ ਵੇਚ ਕੇ ਦਮੜੀਆਂ ਵੱਟਣ ਵਾਲੇ ਹਨ। ਭਾਰਤ ਨਾਲ ਤੇ ਭਾਰਤ ਦੀ ਆਮ ਲੋਕਾਈ ਨਾਲ ਉਹਨਾਂ ਦਾ ਕੋਈ ਦੂਰ ਦਾ ਵਾਸਤਾ ਵੀ ਨਹੀਂ ਹੈ, ਕੋਈ ਲੈਣਾ-ਦੇਣਾ ਨਹੀਂ ਹੈ। ਆਮ ਭਾਰਤੀ ਨਾਲ ਉਹਨਾਂ ਦਾ ਰਿਸ਼ਤਾ ਇਹੋ ਜਿਹਾ ਹੈ। ਇਸ ਗੱਲ ਨੂੰ ਹਰ ਭਾਰਤੀ ਨੂੰ ਆਪਣੇ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ, ਸਮਝ ਲੈਣੀ ਚਾਹੀਦੀ ਹੈ।



TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts
for Groups & Seniors
K.S.C. General SERVICES
I will help you understand the product and provide trusted service to choose the product that fits your needs and life style.
Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance
(Permanent, Universal or Term)
• Disability & Critical Insurance
(Money Back)
• Long Term Care Insurance
• Health, Dental & Drug Benefits
• Visitor & Super Visa Insurance
(Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public
M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

## ਲੋਕਾਈ ਦੀ ਅਵਾਜ਼ ਦਾ ਕਵੀ

# ਸੰਤ ਰਾਮ ਉਦਾਸੀ



*ਇਤਿਹਾਸ ਦੇ ਪੰਨਿਆਂ 'ਤੇ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਮਾਜਿਕ ਤਬਦੀਲੀ ਲਈ ਜਿਹੜੀਆਂ ਲਹਿਰਾਂ ਪੈਦਾ ਹੁੰਦੀਆਂ ਹਨ ਉਨ੍ਹਾਂ ਸਮਿਆਂ ਵਿਚ ਹੀ ਸਾਹਿਤ ਦੀ ਸਿਰਜਨਾ ਹੁੰਦੀ ਹੈ ਇਸ ਕਰਕੇ ਸੰਤ ਰਾਮ ਉਦਾਸੀ ਨੂੰ ਦੇਸ਼ ਵਿਚ ਉਠੀ ਕਿਸਾਨੀ ਦੀ ਬਗਾਵਤ ਵਾਲੀ 1960 ਦੀ ਲਹਿਰ ਦੇ ਪ੍ਰਭਾਵ ਦੇ ਸਮਿਆਂ ਵਿਚ ਰੱਖ ਕੇ ਦੇਖਣਾ ਚਾਹੀਦਾ ਹੈ ਜਿਸ ਦੀ ਗੂੰਜ ਪੰਜਾਬ ਵਿਚ ਵੀ ਸੀ । ਇਸ ਤਰ੍ਹਾਂ ਲਤਾੜੇ ਜਾ ਰਹੇ ਲੋਕਾਂ ਦਾ ਦਰਦ ਉਦਾਸੀ ਆਪਣੇ ਸੀਨੇ ਵਿਚ ਸਮੋਈ ਬੈਠਾ ਸੀ । ਉਸ ਦੀ ਸ਼ਬਦਾਂ ਦੀ ਤਾਕਤ ਅਤੇ ਆਵਾਜ਼ ਦੀ ਜਾਨ ਸਮੇਂ ਦੀ ਹਕੂਮਤ ਲਈ ਲਲਕਾਰ ਬਣਦੀ ਸੀ । – ਸੰਪਾਦਕ*

**ਗੁਰਤੇਜ ਸਿੰਘ ਖੋਖਰ**

ਕੰਮੀਆਂ ਅਤੇ ਲੁੱਟੇ-ਲਤਾੜਿਆਂ ਦੇ ਵਿਹੜਿਆਂ 'ਚੋਂ ਉੱਠੀ ਅਤੇ ਜ਼ਰਵਾਣੇ ਹਾਕਮਾਂ ਨੂੰ ਲਲਕਾਰਦੀ ਉਸਦੀ ਇਨਕਲਾਬੀ ਹੇਕ ਦੇ ਚੁੱਪ ਹੋਇਆਂ ਨੂੰ ਛੱਤੀ ਵਰੇ ਗੁਜਰ ਚੁੱਕੇ ਹਨ, ਪਰ ਇਸ ਹੇਕ ਨੂੰ ਅਰਥ ਮੁਹੱਈਆ ਕਰਦੀ ਉਸਦੀ ਰਚਨਾਤਮਿਕ ਕਲਾ ਦਾ ਖਜ਼ਾਨਾ ਗੀਤਾਂ, ਗਜ਼ਲਾਂ ਅਤੇ ਕਵਿਤਾਵਾਂ ਦੇ ਰੂਪ ਵਿੱਚ ਅੱਜ ਵੀ ਕਮਾਊ ਲੋਕਾਂ ਕੋਲ ਹੈ। ਅੱਜ ਵੀ ਜਦੋਂ ਕੋਈ ਸੁਹਿਰਦ ਕਲਾਕਾਰ ਗਾਇਕ ਉਸਦੇ ਗੀਤਾਂ ਨੂੰ ਸਟੇਜ ਤੋਂ ਆਵਾਜ਼ ਦਿੰਦਾ ਹੈ, ਜਦੋਂ ਉਸ ਗਾਉਣ ਵਾਲੇ ਰਾਹੀਂ ਗੀਤਾਂ ਦੇ ਬੋਲ ਸਰੋਤਿਆਂ ਦੀ ਸੁਰਤੀ ਦੀ ਸਰਦਲ 'ਤੇ ਦਸਤਕ ਦਿੰਦੇ ਹਨ ਤਾਂ ਸਰੋਤਿਆਂ ਨੂੰ ਉਹਨਾਂ 'ਚੋਂ ਸੰਤ ਰਾਮ ਉਦਾਸੀ ਦਾ ਝਾਉਲਾ ਪੈਂਦਾ ਹੈ। ਇਸ ਕਰਕੇ ਨਹੀਂ ਕਿ ਉਹ ਗਾਉਣ ਵਾਲੇ ਦੀ ਆਵਾਜ਼ ਸੰਤ ਰਾਮ ਉਦਾਸੀ ਵਾਂਗ ਉਹ ਦਮ, ਸ਼ਿੱਦਤ, ਤਾਕਤ, ਰਵਾਨਗੀ, ਲੈਅ-ਬੱਧਤਾ ਅਤੇ ਬੁਲੰਦੀ ਦੀ ਮਾਲਕ ਹੋਣ ਕਰਕੇ ਭੁਲੇਖਾ ਪਾਉਂਦੀ ਹੈ, ਇਸ ਕਰਕੇ ਕਿ ਉਦਾਸੀ ਦੀਆਂ ਕਾਵਿ-ਕਿਰਤਾਂ ਦੀ ਸੁਰ, ਸੀਰਤ ਅਤੇ ਮੁਹਾਂਦਰਾ ਨਿਵੇਕਲਾ ਹੋਣ ਕਰਕੇ, ਉਹ ਆਪਣੀ ਨਿਵੇਕਲੀ ਪਛਾਣ ਰੱਖਦੀਆਂ ਹਨ। ਪਾਸ਼ ਵਾਂਗੂੰ ਸੰਤ ਰਾਮ ਉਦਾਸੀ ਵੱਲੋਂ ਆਪਣੀਆਂ ਕਿਰਤਾਂ ਨੂੰ ਨਿਵੇਕਲਾ ਅਤੇ ਸੱਜਰਾ ਮੁਹਾਂਦਰਾ ਮੁਹੱਈਆ ਕਰਦਿਆਂ ਨਵੀਆਂ ਅਤੇ ਨਿਵੇਕਲੀਆਂ ਪੈੜਾਂ ਪਾਈਆਂ ਗਈਆਂ ਹਨ। ਇਹ ਵੱਖਰੀ ਗੱਲ ਹੈ ਕਿ ਜਿੱਥੇ ਪਾਸ਼ ਵੱਲੋਂ ਮੁੱਖ ਤੌਰ 'ਤੇ ਖੁੱਲੀ ਕਵਿਤਾ ਨੂੰ ਆਪਣੀ ਕਾਵਿ-ਸ਼ੈਲੀ ਵਜੋਂ ਅਪਣਾਇਆ ਗਿਆ, ਉੱਥੇ ਉਦਾਸੀ ਵੱਲੋਂ ਮੁੱਖ ਤੌਰ 'ਤੇ ਸਰੋਦੀ ਕਵਿਤਾ (ਗੀਤਾਂ) ਨੂੰ ਕਾਵਿ-ਸ਼ੈਲੀ ਵਜੋਂ ਅਪਣਾਇਆ ਗਿਆ।

ਸੰਤ ਰਾਮ ਉਦਾਸੀ ਚਾਹੇ ਪਹਿਲਾਂ ਵੀ ਲਿਖਦਾ ਹੁੰਦਾ ਸੀ, ਪਰ ਇੱਕ ਇਨਕਲਾਬੀ ਕਵੀ ਵਜੋਂ ਉਹ ਕਵੀਆਂ ਅਤੇ ਸਾਹਿਤਕ ਲੇਖਕਾਂ ਦੇ ਉਸ ਕਾਫਲੇ ਦਾ ਅੰਗ ਬਣ ਕੇ ਹੀ ਪ੍ਰਵਾਨ ਚੜ੍ਹਿਆ, ਜਿਹੜਾ ਕਾਫ਼ਲਾ 1969-70 ਵਿੱਚ ਮੁਲਕ ਭਰ ਅਤੇ ਪੰਜਾਬ ਵਿੱਚ ਉੱਠੀ ਨਕਸਲਬਾੜੀ ਲਹਿਰ ਦੀ ਸੋਚ ਅਤੇ ਅਕੀਦਿਆਂ ਨੂੰ ਆਤਮਸਾਤ ਕਰਦਿਆਂ, ਇਨਕਲਾਬੀ ਸਾਹਿਤ ਸਿਰਜਣਾ ਦੇ ਬਿਖੜੇ ਪੈਂਡੇ 'ਤੇ ਤੁਰਿਆ ਸੀ। ਇਸ ਕਾਫਲੇ ਵਿੱਚ ਸ਼ੁਮਾਰ ਦਰਜ਼ਨਾਂ ਸਾਹਿਤਕ ਕਾਮਿਆਂ ਵੱਲੋਂ ਕਵਿਤਾ, ਗੀਤ, ਨਾਵਲ, ਕਹਾਣੀ ਅਤੇ ਨਾਟਕ ਆਦਿ ਦੇ ਖੇਤਰ ਵਿੱਚ ਬਹੁਤ ਹੀ ਕਾਬਲੇ ਤਾਰੀਫ ਰਚਨਾਵਾਂ ਲਿਖੀਆਂ ਗਈਆਂ ਹਨ। ਉਹਨਾਂ ਦੀ ਰਚਨਾਤਮਿਕ ਘਾਲਣਾ ਨੇ ਪੰਜਾਬ ਦੇ ਇਨਕਲਾਬੀ ਸਾਹਿਤਕ ਖਜ਼ਾਨੇ ਨੂੰ ਬਹੁਤ ਅਮੀਰ ਬਣਾਇਆ ਹੈ। ਪਰ ਸੰਤ ਰਾਮ ਉਦਾਸੀ ਇਸ ਕਾਫਲੇ ਦਾ ਅਜਿਹਾ ਸਿਰਕੱਢ ਸਰੋਦੀ ਕਵੀ ਹੋਇਆ ਹੈ, ਜਿਹੜਾ ਪੰਜਾਬ ਦੇ ਕਿਰਤੀ ਲੋਕਾਂ ਅਤੇ ਸੰਘਰਸ਼ਸ਼ੀਲ ਜਨਤਾ ਅੰਦਰ ਸਭ ਤੋਂ ਵੱਧ ਉਵੇਂ ਮਕਬੂਲ ਹੋਇਆ ਹੋਇਆ ਹੈ, ਜਿਵੇਂ ਗੁਰਸ਼ਰਨ ਸਿੰਘ ਨਾਟਕ ਦੇ ਖੇਤਰ ਵਿੱਚ ਹੋਇਆ ਹੈ। ਜਿਵੇਂ ਗੁਰਸ਼ਰਨ ਸਿੰਘ ਆਪਣੀ ਨਾਟਕ ਕਲਾ ਰਾਹੀਂ ਲੋਕਾਂ ਨੂੰ ਕੀਲ ਲੈਂਦਾ ਸੀ, ਉਸੇ ਤਰਾਂ ਸੰਤ ਰਾਮ ਉਦਾਸੀ ਵੀ ਆਪਣੀ ਕਾਵ-ਤਾਕਤ ਰਾਹੀਂ ਸਰੋਤਿਆਂ ਨੂੰ ਕੀਲ ਕੇ ਬਿਠਾ ਦਿੰਦਾ ਸੀ। ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਤੋਂ ਲੈ ਕੇ ਪਿੰਡਾਂ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਤੱਕ ਸਭਨਾਂ ਵੱਲੋਂ ਸੰਤ ਰਾਮ ਉਦਾਸੀ ਨੂੰ ਮੰਤਰ ਮੁਗਧ ਹੋ ਕੇ ਸੁਣਿਆ ਜਾਂਦਾ ਸੀ।

ਅਸਲ ਵਿੱਚ ਸੰਤ ਰਾਮ ਉਦਾਸੀ ਐਨ ਸਹੀ ਅਰਥਾਂ ਵਿੱਚ ਇੱਕ ਸਿਰਕੱਢ ਇਨਕਲਾਬੀ ਲੋਕ-ਕਵੀ ਸੀ। ਉਸ ਵੱਲੋਂ ਆਪਣੀਆਂ ਕਾਵਿ-ਕਿਰਤਾਂ ਰਾਹੀਂ ਕਿਰਤੀ ਲੋਕਾਂ, ਵਿਸ਼ੇਸ਼ ਕਰਕੇ ਕਿਰਤੀਆਂ ਦੀ ਸਭ ਤੋਂ ਲਤਾੜੀ ਪਰਤ (ਦਲਿਤ ਕਾਮਿਆਂ) ਦੀ ਜ਼ਿੰਦਗੀ ਦੇ ਸਾਲਮ ਯਥਾਰਥ ਨੂੰ ਪੇਸ਼ ਕੀਤਾ ਗਿਆ। ਯਾਨੀ ਜਿੱਥੇ ਸਿਰੇ ਦੀ ਬੇਕਿਰਕ ਲੁੱਟ ਅਤੇ ਦਾਬੇ ਹੇਠ ਕਰਾਹ ਰਹੀ ਕਿਰਤੀ ਕਾਮਿਆਂ ਦੀ ਜ਼ਿੰਦਗੀ ਦੀ ਦੁਰਦਸ਼ਾ ਅਤੇ ਮੰਦਹਾਲੀ ਦੇ ਯਥਾਰਥ ਨੂੰ ਬੇਹੱਦ ਸਪੱਸ਼ਟਤਾ ਨਾਲ ਪੇਸ਼ ਕੀਤਾ ਗਿਆ, ਉੱਥੇ ਕਿਰਤੀ ਕਾਮਿਆਂ ਅੰਦਰ ਉੱਸਲਵੱਟੇ ਲੈਂਦੀ ਬਗਾਵਤ ਦੀ ਲਾਟ ਬਣਦੀ ਅਤੇ ਇਸ ਗਲੇ-ਸੜੇ ਨਿਜ਼ਾਮ ਨੂੰ ਤਹਿਸ਼-ਨਹਿਸ਼ ਕਰਨਾ ਲੋਚਦੀ ਅਤੇ ਪ੍ਰਚੰਡ ਹੋ ਰਹੀ ਜਮਾਤੀ ਨਫਰਤ ਅਤੇ ਜੁਝਾਰੂ ਤਾਂਘ ਨੂੰ ਵੀ ਮੂੰਹਾਂ ਦਿੱਤਾ ਗਿਆ ਹੈ। ਸਿਰਫ ਕਮਾਊ ਲੋਕਾਂ ਦੇ ਜੀਵਨ ਦੇ ਇਸ ਸਾਲਮ ਯਥਾਰਥ ਨੂੰ ਪੇਸ਼ ਹੀ ਨਹੀਂ ਕੀਤਾ ਗਿਆ, ਸਗੋਂ ਇਸ ਪੇਸ਼ਕਾਰੀ ਨੂੰ ਅਜਿਹੀ ਲੋਕ-ਸ਼ੈਲੀ, ਬਿੰਬਾਂ, ਲਫਾਜ਼ੀ, ਮੁਹਾਵਰੇ ਅਤੇ ਤਰਜ ਦੀ ਪੁਸ਼ਾਕ ਵਿੱਚ ਪੇਸ਼ ਕੀਤਾ ਗਿਆ ਹੈ, ਜਿਹੜੀ ਝੱਟ ਉਹਨਾਂ ਦੀ ਸੁਰਤੀ ਅਤੇ ਬੋਧ ਪ੍ਰਵਾਹ ਨੂੰ ਮੱਲ ਲੈਂਦੀ ਹੈ ਅਤੇ ਧੁਰ ਰੂਹ ਤੱਕ ਝੰਜੋੜੂ ਤਰੰਗਾਂ ਛੇੜ ਦਿੰਦੀ ਹੈ। ਉਸਦੀ ਇਹ ਕਾਵਿ-ਕਲਾ ਅੰਦਰ ਲੋਕਾਂ ਦੀ ਜ਼ਿੰਦਗੀ ਦੇ ਸਾਲਮ ਸੱਚ ਦੀ ਬਹੁਤ ਸਪੱਸ਼ਟ ਅਤੇ ਜ਼ੋਰਦਾਰ ਪੇਸ਼ਕਾਰੀ ਅਤੇ ਇਸ ਪੇਸ਼ਕਾਰੀ ਨੂੰ ਮੁਹੱਈਆ ਕੀਤਾ ਲੋਕ-ਭਾਉਂਦਾ ਰੂਪ ਹੀ ਉਸਦੀ ਕਾਵਿ-ਕਲਾ ਦੀਆਂ ਉਹ ਸਿਫਤਾਂ ਹਨ, ਜਿਹਨਾਂ ਨੇ ਉਸ ਨੂੰ ਸਹੀ ਅਰਥਾਂ ਵਿੱਚ ਇੱਕ ਮਕਬੂਲ ਇਨਕਲਾਬੀ ਲੋਕ ਕਵੀ ਵਜੋਂ ਉਭਾਰਿਆ ਅਤੇ ਸਥਾਪਤ ਕੀਤਾ ਹੈ।

ਉਸਦੀ ਤਰਜ਼ੇ-ਪੇਸ਼ਕਾਰੀ ਦੀਆਂ ਦੋ ਝਲਕਾਂ ਪੇਸ਼ ਹਨ:

**ਜਿੱਥੇ ਬੰਦਾ ਜੰਮਦਾ ਸੀਰੀ ਹੈ**
**ਟਕਿਆਂ ਦੀ ਮੀਰੀ-ਪੀਰੀ ਹੈ**
**ਜਿੱਥੇ ਕਰਜ਼ੇ ਹੇਠ ਪੰਜੀਰੀ ਹੈ**
**ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ**
--
**ਐਪਰ ਜਬਰ ਅੱਗੇ ਕਿੱਦਾਂ ਸਬਰ ਸਰੀਏ**
**ਅਸੀਂ ਇਹੋ ਜੀ ਜ਼ਹਿਰ ਨਾ ਪੀ ਸਕਦੇ**
**ਨੱਕ ਮਾਰ ਕੇ ਡੰਗਰ ਵੀ ਜਿਊਣ ਜਿਸਨੂੰ**
**ਅਸੀਂ ਜੂਨ ਅਜਿਹੀ ਨਾ ਜੀ ਸਕਦੇ**

ਉਸ ਵੱਲੋਂ ਕਾਵਿ-ਕਲਾ ਦੀਆਂ ਇਹ ਸਿਫਤਾਂ ਹਾਸਲ ਕਰਨਾ ਕੋਈ ਇਤਫਾਕੀਆ ਗੱਲ ਨਹੀਂ ਸੀ, ਸਗੋਂ ਇਹ ਸਿਫਤਾਂ ਉਸਦੀ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਅਤੇ ਇਨਕਲਾਬ ਨਾਲ ਪ੍ਰਤੀਬੱਧਤਾ ਦੇ ਮਜਬੂਤ ਆਧਾਰ 'ਤੇ ਉਸਰੀਆਂ ਸਨ। ਉਸ ਅੰਦਰ ਲਟ ਲਟ ਬਲਦੀ ਜਮਾਤੀ ਨਫਰਤ ਅਤੇ ਨਿਜ਼ਾਮ ਨੂੰ ਬਦਲ ਸੁੱਟਣ ਦੀ ਧੂਹ ਉਸਦੀ ਇਨਕਲਾਬੀ ਸੰਵੇਦਨਾ, ਸੋਚ ਅਤੇ ਸੁਰਤੀ ਨੂੰ ਨਾ ਸਿਰਫ ਚੈਨ ਨਾਲ ਨਹੀਂ ਬੈਠਣ ਦਿੰਦੀ ਸੀ, ਸਗੋਂ ਉਸਦੀਆਂ ਰਚਨਾਵਾਂ ਨੂੰ ਲੈਅ-ਬੱਧ ਰਵਾਨਗੀ ਦੇ ਨਾਲ ਦਬੰਗਮਈ ਸੁਰਤਾਲ ਦਾ ਉਵੇਂ ਸੁਮੇਲ ਮੁਹੱਈਆ ਕਰਦੀ ਸੀ, ਜਿਵੇਂ ਪਹਾੜੋਂ ਉੱਤਰਦੇ ਅਤੇ ਵਲ-ਵਲੇਵੇਂ ਖਾਂਦੇ ਦਰਿਆ ਵੱਲੋਂ ਪੈਦਾ ਕੀਤੀ ਜਾਂਦੀ ਆਵਾਜ਼ ਵਿੱਚ ਲੈਅ ਅਤੇ ਗਰਜ ਦਾ ਇੱਕ ਵਿਲੱਖਣ ਸੁਮੇਲ ਹੁੰਦਾ ਹੈ।

1969-70 ਤੋਂ ਬਾਅਦ ਰਚੀ ਗਈ ਉਸਦੀ ਸਮੁੱਚੀ ਕਾਵਿ-ਰਚਨਾ ਵਿੱਚੋਂ ਉਸਦੀ ਇਨਕਲਾਬੀ ਪ੍ਰਤੀਬੱਧਤਾ, ਉਸ ਅੰਦਰ ਲਟ ਲਟ ਬਲਦੀ ਜਮਾਤੀ ਨਫਰਤ ਅਤੇ ਇਸ ਪਿਛਾਖੜੀ ਨਿਜ਼ਾਮ ਨੂੰ ਬਦਲਣ ਦੀ ਜ਼ੋਰਦਾਰ ਧੂਹ ਦਾ ਮੂੰਹ-ਜ਼ੋਰ ਇਜ਼ਹਾਰ ਹੁੰਦਾ ਹੈ। ਇਸ ਲਈ, ਪੰਜਾਬੀ ਸਾਹਿਤਕ ਹਲਕਿਆਂ ਦੇ ਇੱਕ ਹਿੱਸੇ ਵੱਲੋਂ ਉਸਦੀ ਰਚਨਾ ਨੂੰ ਨਾਹਰੇਬਾਜ਼ੀ ਕਹਿੰਦਿਆਂ ਉਂਗਲਾਂ ਉਠਾਈਆਂ ਗਈਆਂ। ਪਰ ਉਹ ਆਪਣੀ ਮਸਤ ਚਾਲ ਤੁਰਿਆ ਗਿਆ। ਕਿਉਂਕਿ ਉਸ ਦੀ ਐਲਾਨੀਆ ਪ੍ਰਤੀਬੱਧਤਾ ਦੱਬੇ-ਕੁਚਲੇ ਲੋਕਾਂ ਦੇ ਹਿੱਤਾਂ ਨਾਲ ਸੀ। ਇਹਨਾਂ ਲੋਕਾਂ ਦੀ ਲੁੱਟ ਅਤੇ ਦਾਬੇ ਦੇ ਜੂਲੇ ਤੋਂ ਇਨਕਲਾਬੀ ਬੰਦਖਲਾਸੀ ਨਾਲ ਸੀ। ਇਸ ਕਰਕੇ, ਉਸ ਵੱਲੋਂ ਅਜਿਹੀਆਂ ਸਭ ਬੇਹੂਦਗੀਆਂ ਨੂੰ ਟਿੱਚ ਜਾਣਦਿਆਂ, ਆਪਣੀ ਕਾਵਿ-ਸਿਰਜਣਾ ਨੂੰ ਲੋਕਾਂ ਦੀਆਂ ਦੁੱਖਾਂ-ਤਕਲੀਫਾਂ, ਲੋਕਾਂ ਦੀ ਜਮਾਤੀ ਨਫਰਤ, ਸਮਾਜਿਕ ਤਬਦੀਲੀ ਲਈ ਮਘਦੀ-ਭਖਦੀ ਤਾਂਘ, ਇਨਕਲਾਬੀ ਲਹਿਰ ਨੂੰ ਖ਼ੂਨ ਵਿੱਚ ਡੁਬੋਣ 'ਤੇ ਉਤਾਰੂ ਸਮੇਂ ਦੇ ਹਾਕਮਾਂ ਦੇ ਜਬਰ ਅਤੇ ਤਸ਼ੱਦਦ ਅਤੇ ਇਸ ਜਬਰ-ਜ਼ੁਲਮ ਖਿਲਾਫ ਲੋਕਾਂ ਵਿੱਚ ਉੱਸਲਵੱਟੇ ਲੈਂਦੀ ਨਾਬਰੀ ਦੇ ਪ੍ਰਤੀਕਰਮ ਨੂੰ ਬਿਨਾ ਰੱਖ-ਰਖਾਅ ਅਤੇ ਪੂਰੀ ਨਿੱਡਰਤਾ ਨਾਲ ਚਿਤਰਨ ਦੇ ਲੇਖੇ ਲਾਉਂਦਿਆਂ, ਉਹਨਾਂ ਲਿਖਾਰੀਆਂ ਨਾਲੋਂ ਲਕੀਰ ਖਿੱਚਵਾਂ ਨਿਖੇੜਾ ਕੀਤਾ ਗਿਆ, ਜਿਹੜੇ ਇੱਕ ਹੱਥ ਲੋਕ-ਹਿੱਤਾਂ ਅਤੇ ਇਨਕਲਾਬੀ ਲਹਿਰ ਨਾਲ ਪ੍ਰਤੀਬੱਧਤਾ ਦੀ ਪੁਸ਼ਾਕ ਵੀ ਸਜਾਈ ਫਿਰਦੇ ਸਨ ਪਰ ਦੂਜੇ ਹੱਥ ਆਪਣੇ 'ਰੁਜ਼ਗਾਰਵਾਦ ਦੇ ਛਕੜੇ' ਨੂੰ ਮੂਧਾ ਵੱਜਣ ਦੇ ਧੁੜਕੂ ਨਾਲ ਭੈਅ-ਭੀਤ ਹੁੰਦਿਆਂ, ਆਪਣੀਆਂ ਕਿਰਤਾਂ ਨੂੰ ਵੱਢ-ਤਰਾਸ਼ ਕੇ ਜਰਵਾਣੇ ਹਾਕਮਾਂ ਵੱਲੋਂ ਕਾਬਲੇ ਮਨਜੂਰ ਕਲਬੂਤ ਦੇ ਮੇਚਦੀਆਂ ਬਣਾ ਕੇ ਪੇਸ਼ ਕਰਨ ਦੇ ਆਹਰ ਲੱਗੇ ਹੋਏ ਸਨ ਅਤੇ ਉਸਦੀ ਕਾਵਿ-ਕਲਾ ਨੂੰ ਨਾਹਰੇਬਾਜ਼ੀ ਅਤੇ ਤੁੱਛ ਕਹਿ ਕੇ ਆਇਆ-ਗਿਆ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਸਨ।

ਉਦਾਸੀ ਦੀ ਕਾਵਿ-ਰਚਨਾ ਦੀ ਇੱਕ ਕਾਬਲੇ-ਜ਼ਿਕਰ ਸਿਫਤ ਇਹ ਹੈ ਕਿ ਉਸ ਵੱਲੋਂ ਸਿੱਖ ਲਹਿਰ ਦੇ ਸੰਗਰਾਮੀ ਵਿਰਸੇ ਦੀਆਂ ਜੁਝਾਰੂ ਰਵਾਇਤਾਂ ਨੂੰ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਅੰਦਰ ਪਰੋਅ ਕੇ ਪੇਸ਼ ਕੀਤਾ ਗਿਆ ਹੈ। ਸਿੱਖ ਲਹਿਰ ਆਪਣੇ ਸਮਿਆਂ ਵਿੱਚ ਰਜਵਾੜਾਸ਼ਾਹੀ-ਜਾਗੀਰਦਾਰੀ ਦੀ ਲੁੱਟ, ਦਾਬੇ ਅਤੇ ਜ਼ੁਲਮਾਂ ਖਿਲਾਫ ਦੱਬੇ ਕੁਚਲੇ ਕਿਸਾਨਾਂ, ਕਾਮਿਆਂ ਅਤੇ ਛੋਟੇ ਮੋਟੇ ਕਾਰੋਬਾਰੀਆਂ ਦੀ ਜਮਾਤੀ ਜੱਦੋਜਹਿਦ ਦੀ ਇੱਕ ਸ਼ਾਨਦਾਰ ਵੀਰ-ਗਾਥਾ ਹੈ। ਚਾਹੇ ਅਧਿਆਤਮਿਕ ਵਿਚਾਰਧਾਰਾ ਸਿੱਖ ਲਹਿਰ ਦਾ ਇੱਕ ਪ੍ਰੇਰਨਾ ਸਰੋਤ ਸੀ। ਉਹਨਾਂ ਸਮਿਆਂ ਵਿੱਚ ਅਜਿਹਾ ਹੋਣਾ ਐਨ ਸੁਭਾਵਿਕ ਸੀ। ਪਰ ਸਿੱਖ ਲਹਿਰ ਵੱਲੋਂ ਹੱਕ-ਸੱਚ ਲਈ, ਮਿਸਾਲੀ ਦ੍ਰਿੜਤਾ, ਸਿਰੜ ਅਤੇ ਸਿਦਕਦਿਲੀ ਨਾਲ ਜਮਾਤੀ ਦੁਸ਼ਮਣਾਂ ਖਿਲਾਫ ਜੂਝਣ ਦੀਆਂ ਪਾਈਆਂ ਗਈਆਂ ਸੰਗਰਾਮੀ ਪਿਰਤਾਂ ਅੱਜ ਪੰਜਾਬੀ ਕੌਮ ਅਤੇ ਇਨਕਲਾਬੀ ਲਹਿਰ ਦੀ ਕਾਬਲੇ-ਫ਼ਖਰ ਵਿਰਾਸਤ ਦਾ ਅਨਮੋਲ ਹਿੱਸਾ ਹਨ। ਅੱਜ ਸਾਮਰਾਜੀ ਜੀ ਹਜ਼ੂਰੀਏ ਹਾਕਮਾਂ, ਉਹਨਾਂ ਦੇ ਜ਼ਰਖਰੀਦ ਬੁੱਧੀਜੀਵੀਆਂ ਅਤੇ ਉਹਨਾਂ ਦੇ ਢਹੇ ਚੜੇ ਕੁੱਝ ਸਿੱਖ ਫਿਰਕੂ ਜਨੂੰਨੀ ਅਨਸਰਾਂ ਵੱਲੋਂ ਇਹਨਾਂ ਸ਼ਾਨਾਂਮੱਤੀਆਂ ਜੁਝਾਰ ਪਿਰਤਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ ਜਾਂ ਉਹਨਾਂ ਨੂੰ ਪੰਜਾਬ ਦੇ ਇਤਿਹਾਸ ਦੇ ਸੰਗਰਾਮੀ ਪੱਤਰਿਆਂ 'ਚੋਂ ਖਾਰਜ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਲਈ, ਨਾ ਸਿਰਫ ਇਤਿਹਾਸਕ ਖੇਤਰ ਅੰਦਰ, ਸਗੋਂ ਸਾਹਿਤ-ਰਚਨਾ ਦੇ ਖੇਤਰ ਅੰਦਰ ਵੀ ਇਹਨਾਂ ਸੰਗਰਾਮੀ ਪਿਰਤਾਂ ਨੂੰ ਉਚਿਆਉਣ ਅਤੇ ਅਜੋਕੇ ਦੌਰ ਅੰਦਰ ਇਹਨਾਂ ਦੀ ਪ੍ਰਸੰਗਕਿਤਾ ਨੂੰ ਉਭਾਰਨ ਅਤੇ ਪੇਸ਼ ਕਰਨ ਦੀ ਜੁੰਮੇਵਾਰੀ ਵਿਸ਼ੇਸ਼ ਕਰਕੇ ਖਰੇ ਲੋਕ-ਹਿਤੈਸ਼ੀ, ਪੰਜਾਬੀ ਕੌਮਪ੍ਰਸਤ ਅਤੇ ਇਨਕਲਾਬੀ ਲੇਖਕਾਂ ਸਿਰ ਆਇਦ ਹੁੰਦੀ ਹੈ। ਸੰਤ ਰਾਮ ਉਦਾਸੀ ਵੱਲੋਂ ਇਸ ਜਿੰਮੇਵਾਰੀ ਨੂੰ ਹੁੰਗਾਰਾ ਦਿੱਤਾ ਗਿਆ ਅਤੇ ਸਿੱਖ ਲਹਿਰ ਦੀਆਂ ਸੰਗਰਾਮੀ ਪਿਰਤਾਂ ਨੂੰ ਆਪਣੀ ਕਾਵਿ-ਰਚਨਾ ਅੰਦਰ ਗੁੰਦ ਕੇ ਪੇਸ਼ ਕੀਤਾ ਗਿਆ।

ਉਸਦੀ ਕਵਿਤਾ ਦੀ ਇੱਕ ਹੋਰ ਉੱਭਰਵੀਂ ਸਿਫਤ ਇਹ ਹੈ ਕਿ ਉਸ ਵੱਲੋਂ ਆਪਣੀ ਕਾਵਿ-ਰਚਨਾ ਵਿੱਚ ਦੱਬੇ ਕੁਚਲੇ ਲੋਕਾਂ ਦੀ ਦੁਰਦਸ਼ਾ, ਇਸ ਦੁਰਦਸ਼ਾ ਖਿਲਾਫ ਉਹਨਾਂ ਅੰਦਰ ਉਬਾਲੇ ਖਾਂਦੀ ਨਫਰਤ ਅਤੇ ਵਿਦਰੋਹ ਦੀ ਭਾਵਨਾ ਅਤੇ ਇਸ ਤੋਂ ਮੁਕਤੀ ਲੋਚਦੀ ਜ਼ੋਰਦਾਰ ਤਾਂਘ ਦੀ ਹੀ ਪੇਸ਼ਕਾਰੀ ਨਹੀਂ ਕੀਤੀ ਗਈ, ਸਗੋਂ ਇਹਨਾਂ ਦੱਬੇ-ਕੁਚਲੇ ਲੋਕਾਂ ਦਾ ਅੱਧ ਬਣਦੀਆਂ ਔਰਤਾਂ ਦੀ ਹਾਲਤ-ਬਿਆਨੀ ਨੂੰ ਬਹੁਤ ਹੀ ਅਹਿਮ ਸਥਾਨ ਦਿੱਤਾ ਗਿਆ ਹੈ। ਉਸਦੀਆਂ ਕਈ ਰਚਨਾਵਾਂ ਔਰਤਾਂ ਦੀ ਦੂਹਰੀ ਗੁਲਾਮੀ (ਹਾਕਮ ਜਮਾਤੀ ਦਾਬੇ ਅਤੇ ਪਿਤਾਪੁਰਖੀ/ਮਰਦ ਪ੍ਰਧਾਨ ਸਮਾਜਿਕ ਦਾਬੇ) ਕਰਕੇ ਔਰਤਾਂ ਨਾਲ ਹੁੰਦੇ ਧੱਕੇ ਅਤੇ ਵਿਤਕਰੇ, ਇਹਨਾਂ ਦੋਵਾਂ ਦਾਬਿਆਂ 'ਚੋਂ ਪਹਿਲੇ ਦੀ ਭਾਰੂ ਹੈਸੀਅਤ ਕਰਕੇ ਔਰਤਾਂ 'ਤੇ ਹੁੰਦੇ ਜਿਨਸੀ ਅੱਤਿਆਚਾਰ, ਇਸ ਦੂਹਰੀ ਗੁਲਾਮੀ ਖਿਲਾਫ ਔਰਤਾਂ ਅੰਦਰ ਉੱਸਲਵੱਟੇ ਲੈਂਦੀ ਅਤੇ ਮੂੰਹਾਂ ਭਾਲਦੀ ਨਫਰਤ ਅਤੇ ਇਸ ਦੂਹਰੀ ਗੁਲਾਮੀ ਦੇ ਜੂਲੇ ਨੂੰ ਵਗਾਹ ਮਾਰਨ ਦੀ ਲੋਚਾ ਅਤੇ ਤਾਂਘ ਨੂੰ ਕਮਾਲ ਦੀ ਕਾਵਿਕ ਸੋਝੀ ਨਾਲ ਪੇਸ਼ ਕੀਤਾ ਗਿਆ ਹੈ। ਉਦਾਸੀ ਦੀ ਇਹ ਕਵਿਤਾ ਜਿੱਥੇ ਇਸ ਹਾਕਮ ਜਮਾਤੀ ਦਾਬੇ ਅਤੇ ਜਬਰੋ-ਜ਼ੁਲਮ ਅਤੇ ਪਿਤਾਪੁਰਖੀ ਮੱਧਯੁੱਗੀ-ਜਾਗੀਰੂ ਕਦਰਾਂ-ਕੀਮਤਾਂ ਦੇ ਦੂਹਰੀ ਗੁਲਾਮੀ ਦੇ ਸੰਗਲਾਂ ਨੂੰ ਤੋੜ ਦੇਣ ਲਈ ਔਰਤਾਂ ਨੂੰ ਵੰਗਾਰਦੀ ਹੈ, ਉੱਥੇ ਇਸ ਜ਼ੁਲਮ ਅਤੇ ਦਾਬੇ ਦੀਆਂ ਸਤਾਈਆਂ ਔਰਤਾਂ, ਵਿਸ਼ੇਸ਼ ਕਰਕੇ ਕਿਰਤੀ ਔਰਤਾਂ ਵੱਲੋਂ ਇਸ ਵੰਗਾਰ ਨੂੰ ਕਬੂਲਦਿਆਂ, ਮੁਕਤੀ ਲਈ ਅੰਗੜਾਈ ਲੈ ਰਹੀਆਂ ਔਰਤਾਂ ਦੀ ਹੇਕ ਬਣ ਗੂੰਜਦੀ ਹੈ।

ਸਮਾਜ ਦੇ ਸਭ ਤੋਂ ਵੱਧ ਨਪੀੜੇ ਅਤੇ ਲੁੱਟੇ-ਲਤਾੜਿਆਂ ਦੀ ਮੰਦਹਾਲੀ, ਉਹਨਾਂ ਦੀਆਂ ਆਸਾਂ-ਉਮੀਦਾਂ, ਉਹਨਾਂ ਦੇ ਵਲਵਲਿਆਂ, ਨਾਬਰੀ ਅਤੇ ਮੁਕਤੀ ਸੰਗਰਾਮ ਨੂੰ ਆਪਣੀ ਕਾਵਿ-ਕਲਾ ਰਾਹੀਂ ਗਾਉਣ ਅਤੇ ਜੀਣ ਵਾਲਾ ਇਹ ਇਨਕਲਾਬੀ ਲੋਕ-ਕਵੀ ਜਿਸ ਕਿਸਮ ਦੀ ਕਦਰ ਦਾ ਹੱਕਦਾਰ ਸੀ, ਪੰਜਾਬ ਦੀ ਇਨਕਲਾਬੀ ਲਹਿਰ ਅਤੇ ਇਨਕਲਾਬੀ ਸਾਹਿਤਕ ਹਲਕਿਆਂ ਵੱਲੋਂ ਉਸਦੀ ਉਹੋ ਜਿਹੀ ਕਦਰ ਨਹੀਂ ਪਾਈ ਗਈ। ਲੋਕਾਂ ਦੇ ਇੱਕ ਸਿਰਕੱਢ ਇਨਕਲਾਬੀ ਲੋਕ ਕਵੀ ਵਜੋਂ ਨਾ ਉਦਾਸੀ ਨੂੰ ਬਣਦੀ ਅਹਿਮੀਅਤ ਦਿੱਤੀ ਗਈ ਹੈ ਅਤੇ ਨਾ ਹੀ ਉਸਦੀ ਕਾਵਿ-ਰਚਨਾ ਨੂੰ ਬਣਦੀ ਅਹਿਮੀਅਤ ਦਿੱਤੀ ਗਈ ਹੈ। ਇਨਕਲਾਬੀ ਲਹਿਰ ਦੇ ਕੁੱਝ ਖੈਰ-ਖੁਆਹ ਅਤੇ ਉਦਾਸੀ ਅਤੇ ਉਸਦੀ ਕਾਵਿ-ਰਚਨਾ ਦੇ ਕਦਰਦਾਨ ਕੁੱਝ ਸੱਜਣਾਂ ਵੱਲੋਂ ਉਸ ਦੀਆਂ ਰਚਨਾਵਾਂ ਨੂੰ ਛਪਵਾਉਣ ਅਤੇ ਇਹਨਾਂ ਸਬੰਧੀ ਗੋਸ਼ਟੀਆਂ ਕਰਵਾਉਣ ਦੇ ਸਲਾਹੁਣਯੋਗ ਉਪਰਾਲੇ ਕੀਤੇ ਗਏ ਹਨ। ਇਹਨਾਂ ਉਸਾਰੂ ਉਪਰਾਲਿਆਂ ਦੇ ਅਮਲ ਨੂੰ ਅੱਗੇ ਤੋਰਨ ਅਤੇ ਹੋਰ ਸੁਚਾਰੂ ਸ਼ਕਲ ਦੇਣ ਦੀ ਲੋੜ ਸੀ। ਇਨਕਲਾਬੀ ਹਲਕਿਆਂ ਵੱਲੋਂ ਇਸ ਲੋੜ ਨੂੰ ਬਣਦਾ ਹੁੰਗਾਰਾ ਦਿੱਤਾ ਜਾਣਾ ਚਾਹੀਦਾ ਸੀ, ਜਿਹੜਾ ਨਹੀਂ ਦਿੱਤਾ ਗਿਆ।

ਅੱਜ ਵੀ ਸਮੇਂ ਦੀ ਲੋੜ ਹੈ ਕਿ ਉਦਾਸੀ ਅਤੇ ਉਸਦੇ ਇਸ ਇਨਕਲਾਬੀ ਲੋਕ-ਕਾਵਿ ਦੀ ਕਦਰ ਪਾਈ ਜਾਵੇ। ਉਸਦੀ ਕਾਵਿ-ਕਲਾ ਨੂੰ ਉਭਾਰਿਆ ਜਾਵੇ, ਇਨਕਲਾਬੀ ਲਹਿਰ ਦੀਆਂ ਸਟੇਜਾਂ ਦਾ ਅੰਗ ਬਣਾਇਆ ਜਾਵੇ। ਗੀਤ-ਸੰਗੀਤ ਅਤੇ ਕੋਰੀਓਗ੍ਰਾਫੀ ਦਾ ਵਿਸ਼ਾ ਬਣਾਇਆ ਜਾਵੇ। ਸਾਹਿਤ-ਗੋਸ਼ਟੀਆਂ ਰਾਹੀਂ ਇਸਦੀ ਇਨਕਲਾਬੀ ਲੋਕ-ਕਾਵਿ ਵਜੋਂ ਕਦਰ ਦੀ ਅਹਿਮੀਅਤ ਨੂੰ ਉਘਾੜਿਆ, ਪ੍ਰਚਾਰਿਆ ਜਾਵੇ। ਇਹਨਾਂ ਸੁਵੱਲੜੀਆਂ ਕੋਸ਼ਿਸ਼ਾਂ ਨੇ ਆਪਣਾ ਰੰਗ ਲਾਜ਼ਮੀ ਦਿਖਾਉਣਾ ਹੈ। ਉਦਾਸੀ ਦੀ ਕਾਵਿ-ਕਲਾ ਵਿੱਚ ਦੱਬੇ-ਕੁਚਲੇ ਲੋਕਾਂ ਦੇ ਅਨੁਭਵ ਅਤੇ ਰੂਹ ਨੂੰ ਝੰਜੋੜਨ, ਇਨਕਲਾਬੀ ਜਜ਼ਬਿਆਂ ਨੂੰ ਸਾਣ 'ਤੇ ਲਾਉਣ ਅਤੇ ਸਮਾਜਿਕ ਤਬਦੀਲੀ ਲਈ ਜੂਝ ਮਰਨ ਲਈ ਪ੍ਰੇਰਨਾ ਮੁਹੱਈਆ ਕਰਨ ਦੀ ਤਾਕਤ ਹੈ, ਬਸ਼ਰਤੇ ਇਸਦੀ ਸੁਚੇਤ ਅਤੇ ਸੁਚੱਜੀ ਵਰਤੋਂ ਕਰਨ ਦਾ ਬੀੜਾ ਚੁੱਕਿਆ ਜਾਵੇ।

# ਪੈਨਸ਼ਨ ਪ੍ਰਾਪਤੀ ਦੇ ਸੰਘਰਸ਼ ਦਾ ਸਵਾਲ



ਯਸ਼ ਪਾਲ
98145 35005




ਹਿਮਾਚਲ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ NPS ਨੂੰ ਵਾਪਸ ਲੈਕੇ OPS ਬਹਾਲ ਕਰਨ ਦੇ ਕੀਤੇ ਗਏ ਐਲਾਨਾਂ ਤੋਂ ਬਾਅਦ ਪਰ ਵਿਸ਼ੇਸ਼ ਕਰਕੇ ਹਿਮਾਚਲ ਰਾਜ ਦੀਆਂ ਚੋਣਾਂ 'ਚ ਬੀ.ਜੇ.ਪੀ. ਹੱਥੋਂ ਸੱਤਾ ਖੁੱਸਣ ਨਾਲ ਅਤੇ ਹਰਿਆਣਾ, ਕਰਨਾਟਕ, ਉੱਤਰਾਖੰਡ ਤੇ ਹੋਰ ਰਾਜਾਂ ਅਤੇ ਕੇਂਦਰੀ ਮੁਲਾਜ਼ਮਾਂ ਦੇ OPS ਦੀ ਬਹਾਲੀ ਨੂੰ ਲੈਕੇ ਸੰਘਰਸ਼ ਦੇ ਤਿੱਖੇ ਤੇਵਰਾਂ ਨੂੰ ਭਾਂਪ ਕੇ, ਕੇਂਦਰ ਦੀ ਮੋਦੀ ਸਰਕਾਰ ਦੀਆਂ ਹਮਾਇਤੀ, NDA ਦੀਆਂ ਧਿਰਾਂ ਅੰਦਰ ਭਾਰੀ ਖਲਬਲੀ ਮੱਚੀ ਹੋਈ ਹੈ। ਉਨ੍ਹਾਂ ਨੂੰ OPS ਦਾ ਇਹ ਭਖਿਆ ਮੁੱਦਾ ਉਨ੍ਹਾਂ ਦੀ ਚੋਣ ਰਣਨੀਤੀ 'ਚ ਸੰਨ੍ਹ ਲਾਉਂਦਾ ਜਾਪਦਾ ਹੈ।

ਬੀ.ਜੇ.ਪੀ. ਦੀ ਭਾਈਵਾਲੀ ਵਾਲੀ ਮਹਾਂਰਾਸ਼ਟਰ ਸਰਕਾਰ ਅੰਦਰਲੀ ਸ਼ਿਵ ਸੈਨਾ ਦੇ ਮੁੱਖ ਮੰਤਰੀ ਸ਼ਿੰਦੇ ਵੱਲੋਂ OPS ਨੂੰ ਲਾਗੂ ਕਰਨ ਬਾਰੇ ਵਿਚਾਰ ਕਰਨ ਦੇ ਐਲਾਨ ਤੋਂ ਬਾਅਦ ਬੀ.ਜੇ.ਪੀ. ਦੇ ਡਿਪਟੀ ਮੁੱਖ ਮੰਤਰੀ ਫੜਨਵੀਸ ਨੂੰ ਵੀ ਇਹ ਬਿਆਨ ਜਾਰੀ ਕਰਨਾ ਪਿਆ ਕਿ ਉਹ ਵੀ ਇਸ ਤੋਂ 'ਨਾਂਹ ਨਹੀਂ ਕਰਦੇ' ਜਦਕਿ ਇਸ ਤੋਂ ਦੋ ਦਿਨ ਪਹਿਲਾਂ ਉਹ ਹੁੱਬ ਕੇ OPS ਨੂੰ ਕਿਸੇ ਵੀ ਹਾਲਤ 'ਚ ਬਹਾਲ ਨਾ ਕਰਨ ਦੇ ਹੋਕਰੇ ਮਾਰ ਰਹੇ ਸਨ ਅਤੇ OPS ਬਹਾਲੀ ਵਿਰੁੱਧ ਮੋਦੀ ਸਰਕਾਰ ਵੱਲੋਂ ਸ਼ਿਸ਼ਕਾਰੇ ਅਖੌਤੀ ਅਰਥ-ਸ਼ਾਸਤਰੀਆਂ, ਬੁੱਧੀਜੀਵੀਆਂ, ਬੀ.ਜੇ.ਪੀ. ਆਗੂਆਂ ਵੱਲੋਂ ਕੀਤੇ ਜਾ ਰਹੇ ਕੂੜ-ਪ੍ਰਚਾਰ ਵਾਲੀ ਬੋਲੀ ਹੀ ਬੋਲ ਰਹੇ ਸਨ। ਇਸੇ ਤਰ੍ਹਾਂ ਹੀ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੂੰ ਵੀ ਹਰਿਆਣਾ ਦੇ ਹਜ਼ਾਰਾਂ ਮੁਲਾਜ਼ਮਾਂ ਦੀ OPS ਬਹਾਲੀ ਲਈ ਕੀਤੀ ਗਈ ਪੰਚਕੂਲਾ ਰੈਲੀ ਤੋਂ ਬਾਅਦ, ਦੁਸ਼ਿਅੰਤ ਚੌਟਾਲਾ ਦੀ ਭਾਈਵਾਲ ਪਾਰਟੀ ਜੇ.ਜੇ.ਪੀ. ਦੀ ਸੁਰਬਦਲੀ ਨੂੰ ਦੇਖ ਕੇ OPS ਨੂੰ 'ਵਿਚਾਰਨ' ਲਈ ਇੱਕ ਕਮੇਟੀ ਬਣਾਉਣ ਦਾ ਅੱਕ ਚੱਬਣਾ ਪਿਆ ਜਦ ਕਿ ਉਹ ਵੀ ਦੋ ਦਿਨ ਪਹਿਲਾਂ OPS ਨੂੰ ਰਾਜ/ਕੇਂਦਰ ਸਰਕਾਰਾਂ ਦੇ ਅਰਥਚਾਰੇ ਨੂੰ ਤਬਾਹ ਕਰਨ ਵਾਲੀ ਪ੍ਰਣਾਲੀ ਗਰਦਾਨ ਕੇ NPS ਲਾਗੂ ਕਰਨ ਦੇ ਕਾਰਪੋਰੇਟ ਪੱਖੀ 'ਪੈਨਸ਼ਨ ਸੁਧਾਰਾਂ' ਤੋਂ ਕਿਸੇ ਵੀ ਹਾਲ ਪਿੱਛੇ ਨਾ ਹਟਣ ਦੀ ਰੱਟ ਲਾ ਰਹੇ ਸਨ। ਉੱਧਰ ਆਂਧਰਾ ਸਰਕਾਰ ਵੀ NPS ਦੀ ਸੋਧ ਦਾ ਇੱਕ ਨਵਾਂ ਵਿੱਚ-ਵਿਚਾਲੇ ਵਾਲਾ ਫਾਰਮੂਲਾ ਲੈਕੇ ਹਾਜ਼ਰ ਹੋਈ ਜਿਸ ਨੂੰ ਦੇਖ ਕੇ ਕੇਂਦਰ ਦੀ ਮੋਦੀ ਸਰਕਾਰ ਨੇ ਵੀ ਕੰਨ ਖੜ੍ਹੇ ਕਰ ਲਏ।

**ਮੋਦੀ ਸਰਕਾਰ 'ਬੈਕ-ਫੁੱਟ 'ਤੇ ਨਵੇਂ ਦਾਅ ਦੀ ਤਿਆਰੀ 'ਚ**

ਜਿਸ OPS ਵਿਰੁੱਧ ਖੁਦ ਪ੍ਰਧਾਨ ਮੰਤਰੀ ਮੋਦੀ ਤੋਂ ਲੈਕੇ ਵਿਤ ਮੰਤਰੀ ਸੀਤਾਰਮਨ, ਰਾਜ ਸਭਾ ਦੇ ਡਿਪਟੀ ਸਪੀਕਰ ਹਰੀਵੰਸ਼, ਬੀ.ਜੇ.ਪੀ. ਦੇ ਰਾਜ ਸਭਾ ਮੈਂਬਰ ਸੁਸ਼ੀਲ ਮੋਦੀ, ਨੀਤੀ ਆਯੋਗ ਦੇ ਮੈਂਬਰ ਅਰਵਿੰਦ ਪਨਗੜ੍ਹੀਆ, ਪ੍ਰਧਾਨ ਮੰਤਰੀ ਆਰਥਿਕ ਸਲਾਹਕਾਰ ਪਰੀਸ਼ਦ ਦੇ ਮੈਂਬਰ ਸੰਜੀਵ ਸਨਿਆਲ ਤੇ ਸ਼ਾਮਕਾ ਰਵੀ, ਦਾ ਟ੍ਰਿਬਿਊਨ ਦੇ ਸੰਪਾਦਕ ਰਾਜੇਸ਼ ਰਾਮਾਚੰਦਰਨ, ਮੋਂਨਟੇਕ ਆਹਲੂਵਾਲੀਆ, ਰਾਘਵ ਰਾਜਨ, ਰਿਜਰਵ ਬੈਂਕ, ਸਟੇਟ ਬੈਂਕ ਤੱਕ, ਵੱਲੋਂ ਕੀਤੇ ਜਾ ਰਹੇ ਕੂੜ-ਪ੍ਰਚਾਰ ਦਾ ਹਿੱਸਾ ਬਣ ਕੇ ਕਹਿ ਰਹੇ ਸਨ ਕਿ OPS ਦੀ ਬਹਾਲੀ ਦਾ ਮਤਲਬ 'ਕੇਂਦਰ/ਰਾਜ ਦੇ ਅਰਥਚਾਰੇ ਦਾ ਭੱਠਾ ਬਿਠਾਉਣਾ ਹੋਵੇਗਾ, ਗਰੀਬਾਂ ਤੋਂ ਖੋਹ ਕੇ 'ਅਮੀਰਾਂ' ਨੂੰ ਦੇਣਾ ਹੋਵੇਗਾ, 'ਕੰਮਚੋਰਾਂ' ਨੂੰ ਇਨਾਮ ਦੇਣਾ ਹੋਵੇਗਾ, ਨਵੀਂ ਪੀੜ੍ਹੀ ਦੇ ਟੈਕਸਾਂ ਨਾਲ ਪੁਰਾਣੀ ਪੀੜ੍ਹੀ ਨੂੰ 'ਸੁਵਿਧਾ' ਦੇਣੀ ਹੋਵੇਗੀ, ਭਵਿੱਖੀ ਪੀੜ੍ਹੀ ਯਾਨੀ 'ਅੰਮ੍ਰਿਤ-ਕਾਲ' ਪੀੜ੍ਹੀ ਨਾਲ ਧ੍ਰੋਹ ਕਮਾਉਣਾ ਹੋਵੇਗਾ, 'ਰੇਵੜੀ ਕਲਚਰ' ਨੂੰ ਬੜ੍ਹਾਵਾ ਦੇਣਾ ਹੋਵੇਗਾ, ਇਹ ਆਤਮਘਾਤੀ 'ਅਨੈਤਿਕ' ਕਦਮ ਹੋਵੇਗਾ, ਘਟੀਆ ਰਾਜਨੀਤੀ ਹੋਵੇਗੀ, 'ਪੈਨਸ਼ਨ ਸੁਧਾਰਾਂ' ਨੂੰ ਪੁੱਠਾ ਗੇੜਾ ਦੇਣਾ ਹੋਵੇਗਾ ਅਤੇ ਅੰਤ 12 ਦਸੰਬਰ, 2022 ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ ਨਾਗਪੁਰ ਵਿਖੇ ਦਿੱਤੇ ਭਾਸ਼ਣ ਮੁਤਾਬਕ OPS ਬਹਾਲੀ ਵਰਗੀ, ਮੁਲਕ ਦੇ ਅਰਥਚਾਰੇ ਨੂੰ ਤਬਾਹ ਕਰਨ ਵਾਲੀ Shortcuts politics 'ਚ ਗਲਤਾਨ ਪਾਰਟੀਆਂ, ਟੈਕਸ-ਦਾਤਿਆਂ ਦੀਆਂ ਸਭ ਤੋਂ ਵੱਡੀਆਂ ਦੁਸ਼ਮਣ ਹਨ।' ਉਸੇ OPS ਨੂੰ ਮੁੜ ਵਿਚਾਰਨ ਲਈ ਮੋਦੀ ਸਰਕਾਰ ਨੂੰ ਵੀ ਕੇਂਦਰੀ ਵਿੱਤ ਸਕੱਤਰ ਦੀ ਅਗਵਾਈ ਹੇਠਲੀ ਇੱਕ ਕਮੇਟੀ ਗਠਨ ਕਰਨ ਦਾ ਕੌੜਾ ਅੱਕ ਚੱਬਣਾ ਪਿਆ ਹੈ।

ਕੇਂਦਰ ਦੀ ਮੋਦੀ ਸਰਕਾਰ ਵੱਲੋਂ OPS/NPS ਦੇ ਮੁਲਕ ਭਰ ਅੰਦਰ ਭਖੇ ਹੋਏ ਮੁੱਦੇ ਨੂੰ 'ਮੁੜ ਘੋਖਣ' ਲਈ ਗਠਿਤ ਕੀਤੀ ਗਈ ਕਮੇਟੀ ਦੀ ਅਸਲ ਹਕੀਕਤ ਕੀ ਹੈ ? ਕੀ ਮੋਦੀ ਸਰਕਾਰ OPS ਬਹਾਲੀ ਦੀ ਮੰਗ ਕਰ ਰਹੇ NPS ਵਾਲੇ ਮੁਲਾਜ਼ਮਾਂ ਪ੍ਰਤੀ ਰਹਿਮ-ਦਿਲ ਹੋ ਗਈ ਹੈ ਜਾਂ ਨੀਤ/ਨੀਤੀ ਬਦਲੀ ਬਾਰੇ 'ਮੁੜ ਵਿਚਾਰ' ਕਰਨ ਜਾ ਰਹੀ ਹੈ ? ਉਂਝ ਤਾਂ ਇਸ ਕਮੇਟੀ ਦੇ ਐਲਾਨ ਤੋਂ ਪਹਿਲਾਂ ਵੀ 'ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ' (PFRDA) ਵੱਲੋਂ ਮੁਲਾਜ਼ਮਾਂ ਦੇ ਚੱਲ ਰਹੇ ਤਿੱਖੇ ਤੇਵਰਾਂ 'ਤੇ ਠੰਡਾ ਛਿੜਕਣ ਲਈ ਦਸੰਬਰ, 2022 'ਚ NPS 'ਚ ਕੋਈ ਸੋਧ ਕਰਕੇ 'ਮਿਨੀਮਮ ਅਸ਼ਿਉਰਡ ਰਿਟਰਨ ਸਕੀਮ' (MARS) ਲਿਆਉਣ ਦਾ ਇੱਕ ਬਿਆਨ ਜਾਰੀ ਕੀਤਾ ਗਿਆ ਸੀ, ਰਿਜ਼ਰਵ ਬੈਂਕ ਦਾ ਸਾਬਕਾ ਗਵਰਨਰ ਰਘੂਰਾਮ ਰਾਜਨ ਵੀ 'ਪੁਰਾਣੀ ਪੈਨਸ਼ਨ ਪ੍ਰਣਾਲੀ ਦੀ ਥਾਂ ਕੋਈ ਹੋਰ ਕਫਾਇਤੀ ਹੱਲ ਲੱਭਣ' ਦਾ ਸੁਝਾਅ ਦੇ ਰਿਹਾ ਸੀ, NPS ਦੀ ਕੌੜੀ ਖੁਰਾਕ ਨੂੰ ਮੁਲਾਜ਼ਮਾਂ ਦੇ ਗਲੇ ਤੋਂ ਹੇਠਾਂ ਲੰਘਾਉਣ ਲਈ ਉਸ ਨੂੰ ਜਰਾ ਕੁ 'ਮਿੱਠੀ' ਕਰਨ ਦੀਆਂ ਖਬਰਾਂ ਵੀ ਲੱਗ ਰਹੀਆਂ ਸਨ, ਆਂਧਰਾ ਦੇ ਮੁੱਖ ਮੰਤਰੀ ਜਗਨ ਮੋਹਨ ਰੈਡੀ ਵੱਲੋਂ ਪੇਸ਼ ਕੀਤਾ ਗਿਆ NPS ਤੇ OPS ਦਾ ਇੱਕ 'ਮਿਲਗੋਬਾ' ਫਾਰਮੂਲਾ ਵੀ ਮੋਦੀ ਸਰਕਾਰ ਦਾ ਧਿਆਨ ਖਿੱਚ ਰਿਹਾ ਸੀ ਅਤੇ ਦੂਜੇ ਪਾਸੇ ਸਿਰ 'ਤੇ ਆਈਆਂ ਖੜ੍ਹੀਆਂ 2024 ਦੀਆਂ ਪਾਰਲੀਮੈਂਟ ਚੋਣਾਂ ਤੇ ਉਸ ਤੋਂ ਪਹਿਲਾਂ 6 ਰਾਜਾਂ ਦੀਆਂ ਚੋਣਾਂ ਕਾਰਨ, ਮੋਦੀ ਸਰਕਾਰ ਨੂੰ ਵੀ OPS ਦਾ 'ਭੂਤ' ਸਤਾਉਣ ਲੱਗ ਪਿਆ ਸੀ। ਪੈਦਾ ਹੋਈ ਇਸ ਸਥਿਤੀ ਅੰਦਰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਗਠਿਤ ਕੀਤੀ ਗਈ ਕਮੇਟੀ ਅੱਗੇ ਵੀ ਇੱਕ 'ਲਾਲ ਲਕੀਰ' ਖਿੱਚ ਦਿੱਤੀ ਗਈ ਹੈ ਜਿਸ ਨੂੰ ਟੱਪਣ ਤੋਂ ਵਰਜਿਤ ਕਰ ਦਿੱਤਾ ਗਿਆ ਹੈ। ਇਹ 'ਲਾਲ ਲਕੀਰ' ਕੀ ਹੈ: 'ਸੰਸਾਰ ਬੈਂਕ-ਮੁੱਦਰਾ ਕੋਸ਼-ਵਿਸ਼ਵ ਵਪਾਰ ਸੰਗਠਨ' ਦੀ ਤਿੱਕੜੀ ਵੱਲੋਂ ਲਾਗੂ ਕਰਵਾਏ ਜਾ ਰਹੇ ਇਨ੍ਹਾਂ 'ਪੈਨਸ਼ਨ ਸੁਧਾਰਾਂ' ਨੂੰ 'ਪੁੱਠਾ ਗੇੜਾ' ਦੇਣ ਤੋਂ ਵਰਜਿਆ ਗਿਆ ਹੈ। ਛਣ ਕੇ ਆ ਰਹੀਆਂ ਖ਼ਬਰਾਂ ਮੁਤਾਬਕ, ਕਮੇਟੀ ਨੂੰ ਆਪਣੀ ਸਿਫ਼ਾਰਸ਼/ਸੁਝਾਅ ਦੇਣ ਸਮੇਂ ਚੋਣ ਵਰ੍ਹੇ ਦੀਆਂ ਸਿਆਸੀ ਮਜ਼ਬੂਰੀਆਂ ਤੇ NPS ਲਾਗੂ ਕਰਨ ਦੇ ਉਸ 'ਸੁਧਾਰ' ਵਿਚਕਾਰ 'ਸੰਤੁਲਨ' ਬਣਾਕੇ ਰੱਖਣ ਲਈ ਕਿਹਾ ਗਿਆ ਹੈ ਜਿਹੜਾ ਸੁਧਾਰ 'ਕਾਰਪੋਰੇਟ ਵਿਕਾਸ ਮਾਡਲ' ਦੇ ਏਜੰਡੇ ਨੂੰ, ਵਖਰੇਵਿਆਂ ਤੇ ਦਬਾਅ ਦੇ ਬਾਵਜੂਦ ਲੰਮੇ ਸਮੇਂ ਤੋਂ ਰਾਸ ਬੈਠ ਰਿਹਾ ਹੈ। ਮਤਲਬ ਸਾਫ ਹੈ ਕਿ ਨਾ OPS ਬਹਾਲ ਕਰਨੀ ਹੈ, ਨਾ NPS ਰੱਦ ਕਰਨੀ ਹੈ, ਸਿਰਫ ਚੋਣ ਰਣਨੀਤੀ ਤਹਿਤ ਭਖੇ ਮਾਹੌਲ 'ਤੇ ਠੰਡਾ ਛਿੜਕ ਕੇ ਸਮਾਂ ਲੰਘਾਉਣਾ ਹੈ ਤੇ ਉਸ 'ਲਾਲ ਲਕੀਰ' ਦੇ ਅੰਦਰੇ-ਅੰਦਰ ਹੀ ਕੋਈ 'ਮਿਲਗੋਭਾ' ਪੇਸ਼ ਕਰਨ ਦੀ ਸ਼ਾਤਰ ਚਾਲ ਚੱਲਣ ਦੀ ਤਿਆਰੀ ਹੈ। ਇਸੇ 'ਕਾਰਪੋਰੇਟ ਵਿਕਾਸ ਮਾਡਲ' ਦੇ ਏਜੰਡੇ ਤਹਿਤ ਹੀ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ ਮਹਾਨ ਕਿਸਾਨ ਅੰਦੋਲਨ ਦੌਰਾਨ ਵੀ ਅਜਿਹੇ ਕਈ ਕਿਸਮ ਦੇ ਦਾਅ-ਪੇਚ ਖੇਡੇ ਗਏ ਸਨ ਜੋ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਵੀ ਖੇਡੇ ਜਾ ਰਹੇ ਹਨ। ਉਸ ਸਮੇਂ ਵੀ ਅੰਦੋਲਨ ਨੂੰ ਫੇਲ੍ਹ ਕਰਨ ਲਈ ਫਿਰਕੂ ਪਾਲਾਬੰਦੀ ਕਰਨ ਦੇ ਯਤਨ ਕੀਤੇ ਗਏ ਸਨ ਤੇ ਇਸ ਪੈਨਸ਼ਨ ਵਾਲੇ ਮੁੱਦੇ 'ਤੇ ਵੀ 'ਪੁਰਾਣੀ ਪੀੜ੍ਹੀ-ਨਵੀਂ ਪੀੜ੍ਹੀ' ਵਿਚਕਾਰ ਪਾਲਾਬੰਦੀ ਖੜ੍ਹੀ ਕਰਕੇ OPS ਬਹਾਲੀ ਵਿਰੁੱਧ ਮੁਲਾਜ਼ਮਾਂ ਦੇ ਇੱਕ ਹਿੱਸੇ ਨੂੰ ਗੁਮਰਾਹ ਕਰਕੇ ਭੜਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

**ਕਰਨ ਲੱਗੀ ਮੋਦੀ ਸਰਕਾਰ - ਇੱਕ ਤੀਰ ਨਾਲ ਦੋ ਸ਼ਿਕਾਰ**

ਮੋਦੀ ਸਰਕਾਰ ਸਾਹਮਣੇ ਇੱਕ ਹੋਰ ਸਮੱਸਿਆ ਹੈ ਜਿਸ ਤੋਂ ਉਹ ਨਿਜ਼ਾਤ ਪਾਉਣਾ ਚਾਹੁੰਦੀ ਹੈ। ਉਸ ਨੂੰ ਇਹ ਭਲੀ-ਭਾਂਤ ਪਤਾ ਹੈ ਕਿ NPS ਕੇਂਦਰ/ਰਾਜਾਂ ਦੇ ਕਰਮਚਾਰੀਆਂ ਦੇ ਕਿਸੇ ਪੱਖੋਂ ਵੀ ਹਿਤ 'ਚ ਨਹੀਂ ਹੈ। ਇਹ OPS ਰਾਹੀਂ ਕਰਮਚਾਰੀਆਂ ਨੂੰ ਮਿਲੀ/ਮਿਲਦੀ ਸਮਾਜਿਕ ਸੁਰੱਖਿਆ ਤੋਂ ਵਾਂਝਾ ਕਰਦੀ ਹੈ ਜਿਸ ਉੱਪਰ ਸੁਪਰੀਮ ਕੋਰਟ ਨੇ ਵੀ 17 ਦਸੰਬਰ, 1982 ਦੇ ਆਪਣੇ ਇੱਕ ਸੰਵਿਧਾਨਕ ਫੈਸਲੇ ਰਾਹੀਂ ਮੁਹਰ ਲਾਈ ਹੈ। ਇਸ ਦੇ ਬਾਵਜੂਦ ਮੁਲਕ ਦੀਆਂ ਦੋਵੇਂ ਮੁੱਖ ਹਕੂਮਤੀ ਪਾਰਟੀਆਂ, ਬੀ.ਜੇ.ਪੀ. ਤੇ ਕਾਂਗਰਸ ਨੇ ਮਿਲਕੇ, ਆਪਣੇ ਸਾਂਝੇ ਕਾਰਪੋਰੇਟ ਏਜੰਡੇ ਤਹਿਤ, ਕੇਂਦਰੀ ਕਾਨੂੰਨ ਬਣਾ ਕੇ ਪਹਿਲਾਂ ਕੇਂਦਰੀ ਕਰਮਚਾਰੀਆਂ 'ਤੇ, ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਜ਼ਬਰੀ NPS ਠੋਸੀ ਗਈ ਅਤੇ ਫਿਰ ਰਾਜਾਂ ਨੂੰ ਲਾਗੂ ਕਰਨ ਲਈ ਸਹਿਮਤ ਕਰ ਲਿਆ ਜਦਕਿ ਰਾਜਾਂ ਲਈ ਕੋਈ ਬੰਦਿਸ਼ ਨਹੀਂ ਸੀ। ਤੇ ਪਿਛਲੇ ਕੁੱਝ ਸਮੇਂ ਤੋਂ OPS ਬਹਾਲੀ ਦੇ ਮੁੱਦੇ ਨੂੰ ਲੈਕੇ NPS ਅਧੀਨ ਕੰਮ ਕਰ ਰਹੇ ਕੇਂਦਰ ਤੇ ਰਾਜਾਂ ਦੇ ਮਿਲਾ ਕੇ ਕੁੱਲ ਇੱਕ ਕਰੋੜ ਦੇ ਲਗਭਗ ਕਰਮਚਾਰੀਆਂ ਵੱਲੋਂ ਵਿੱਢੇ ਸੰਘਰਸ਼ ਦੇ ਦਬਾਅ ਹੇਠ, ਵਿਰੋਧੀ ਪਾਰਟੀਆਂ ਨੇ ਆਪਣੀ ਚੋਣ-ਰਣਨੀਤੀ ਤਹਿਤ OPS ਬਹਾਲੀ ਨੂੰ ਆਪਣੇ ਚੋਣ ਪ੍ਰਚਾਰ ਦਾ ਮੁੱਦਾ ਬਣਾਉਣਾ ਸ਼ੁਰੂ ਕੀਤਾ ਹੈ। ਕੁੱਝ ਰਾਜ ਸਰਕਾਰਾਂ ਨੇ OPS ਬਹਾਲ ਕਰਨ ਦੇ ਫੈਸਲੇ ਦਾ ਐਲਾਨ ਵੀ ਕੀਤਾ ਹੈ। ਕੇਂਦਰ ਸਰਕਾਰ 'ਤੇ ਕਾਬਜ਼ ਬੀ.ਜੇ.ਪੀ. ਕੋਲ NPS ਦੇ ਹੱਕ 'ਚ ਕਹਿਣ ਨੂੰ ਤਾਂ ਕੁੱਝ ਵੀ ਨਹੀਂ ਹੈ ਜੋ ਕਰਮਚਾਰੀਆਂ ਦੇ ਹਿਤ 'ਚ ਹੋਵੇ ਪਰ OPS ਵਿਰੁੱਧ ਕੂੜ ਪ੍ਰਚਾਰ ਦੀ ਮੁਹਿੰਮ ਜ਼ਰੂਰ ਸ਼ੁਰੂ ਕਰ ਦਿੱਤੀ ਹੈ ਜਿਸ ਦਾ ਉੱਪਰ ਜਿਕਰ ਕੀਤਾ ਗਿਆ ਹੈ। ਇਸ ਤੋਂ ਬਿਨਾਂ OPS ਬਹਾਲ ਕਰਨ ਦਾ ਐਲਾਨ ਕਰਨ ਵਾਲੀਆਂ ਰਾਜ ਸਰਕਾਰਾਂ ਵੱਲੋਂ NPS ਦੇ ਖਾਤੇ 'ਚ ਜਮਾਂ ਹੋਏ, ਕਾਰਪੋਰੇਟਾਂ ਨੂੰ ਸੌਂਪੇ, ਕਰਮਚਾਰੀਆਂ ਤੇ ਸਰਕਾਰਾਂ ਦੇ ਅਰਬਾਂ ਰੁਪਏ ਵਾਪਸ ਕਰਨ ਤੋਂ, NPS ਕਾਨੂੰਨ ਦੇ ਬਹਾਨੇ, ਮੋਦੀ ਸਰਕਾਰ ਜਵਾਬ ਦੇ ਰਹੀ ਹੈ ਜਦਕਿ ਕਾਨੂੰਨੀ ਤੌਰ 'ਤੇ ਉਹ ਇਉਂ ਕਰ ਨਹੀਂ ਸਕਦੀ।

ਪਹਿਲੀ ਗੱਲ, NPS ਨੂੰ ਲਾਗੂ ਕਰਨ ਵਾਲਾ ਜੋ PFRDA ਕਾਨੂੰਨ ਬਣਿਆ ਹੈ ਉਸੇ ਸੰਸਥਾ ਨੂੰ ਕਿਸੇ ਵੀ ਕਾਨੂੰਨ ਦੀ ਸੋਧ ਕਰਨ ਦਾ ਅਧਿਕਾਰ ਵੀ ਉਸੇ ਕਾਨੂੰਨ 'ਚ ਹੀ ਦਰਜ ਹੈ। ਸੋਧਾਂ ਹੋਈਆਂ ਵੀ ਹਨ, ਜਿਵੇਂ ਕਿ NPS ਵਾਲੇ ਕਰਮਚਾਰੀਆਂ ਨੂੰ ਸੇਵਾ ਮੁਕਤੀ ਸਮੇਂ 'ਗ੍ਰੈਚੁਟੀ', ਸੇਵਾ ਦੌਰਾਨ ਮੌਤ ਹੋਣ 'ਤੇ 'ਐਕਸ-ਗ੍ਰੇਸ਼ੀਆ', 'ਫੈਮਿਲੀ ਪੈਨਸ਼ਨ' ਦੇਣ ਦੀਆਂ ਸੋਧਾਂ, ਜਿਨ੍ਹਾਂ ਦੀ ਕਾਨੂੰਨ ਅੰਦਰ ਪਹਿਲਾਂ ਵਿਵਸਥਾ ਨਹੀਂ ਸੀ। ਇਸ ਲਈ ਕਰਮਚਾਰੀਆਂ/ਸਰਕਾਰ ਦੇ NPS ਖਾਤੇ 'ਚ ਜਮ੍ਹਾਂ ਹੋਈ ਰਕਮ ਮੋੜਨ ਦੀ ਸੋਧ ਕਿਉਂ ਨਹੀਂ ਕੀਤੀ ਜਾ ਸਕਦੀ ? ਅਸਲ 'ਚ ਸ਼ੇਅਰ ਬਾਜ਼ਾਰ ਰਾਹੀਂ ਕਾਰਪੋਰੇਟਾਂ ਦੇ ਹਵਾਲੇ ਕੀਤੀ ਅਰਬਾਂ-ਖਰਬਾਂ ਰੁਪਏ ਦੀ ਇਸ ਰਕਮ ਨੂੰ, ਮੋਦੀ ਸਰਕਾਰ ਦੀ ਮੁਲਕ ਦੇ ਮੁਕੰਮਲ ਅਰਥਚਾਰੇ ਦੇ ਕਾਰਪੋਰੇਟੀਕਰਨ ਦੀ ਨੀਤੀ ਨਹੀਂ ਮੁੜਵਾਉਣ ਦਿੰਦੀ।

ਦੂਜੀ ਅਹਿਮ ਗੱਲ, ਜੋ ਪਿਛਲੇ ਦਿਨੀਂ ਸਾਹਮਣੇ ਆਈ ਹੈ ਜਿਸ ਨਾਲ ਮੋਦੀ ਸਰਕਾਰ ਵੱਲੋਂ NPS ਖਾਤੇ 'ਚ ਜਮ੍ਹਾਂ ਹੋਈ ਰਕਮ ਨਾ ਮੋੜਨ ਦੀ ਕਾਨੂੰਨੀ ਢੁੱਚਰ ਦਾ ਦੰਭ ਨੰਗਾ ਕਰਦੀ ਹੈ, ਉਹ ਹੈ ਕੇਂਦਰ ਸਰਕਾਰ ਦੇ 'ਪਰਸੋਨਲ' ਵਿਭਾਗ ਵੱਲੋਂ 03 ਮਾਰਚ, 2023 ਦਾ ਜਾਰੀ ਕੀਤਾ ਉਹ ਪੱਤਰ ਜਿਸ ਰਾਹੀਂ 19 ਸਾਲ ਪਹਿਲਾਂ NPS ਤਹਿਤ ਭਰਤੀ ਕੀਤੇ ਉਨ੍ਹਾਂ ਕੇਂਦਰੀ ਕਰਮਚਾਰੀਆਂ ਨੂੰ ਮੁੜ OPS ਅੰਦਰ ਆਉਣ ਦੀ 'ਆਪਸ਼ਨ' ਦਿੱਤੀ ਗਈ ਹੈ ਜਿਹੜੇ ਨੌਕਰੀ 'ਤੇ ਹਾਜ਼ਰ ਤਾਂ 01 ਜਨਵਰੀ, 2004 ਤੋਂ ਬਾਅਦ 'ਚ ਹੋਏ ਸਨ ਪਰ ਪੋਸਟਾਂ 23-12-2003 (ਵਾਜਪਾਈ ਸਰਕਾਰ ਵੱਲੋਂ NPS ਦੇ ਨੋਟੀਫਿਕੇਸ਼ਨ ਜਾਰੀ ਕਰਨ ਦੀ ਮਿਤੀ) ਤੋਂ ਪਹਿਲਾਂ ਕੱਢੀਆਂ ਗਈਆਂ ਸਨ। ਇਹ ਪੱਤਰ 'ਕੋਰਟਾਂ/ਟ੍ਰਿਬਿਊਨਲਾਂ' ਦੇ ਹੋਏ ਫੈਸਲਿਆਂ ਕਾਰਨ ਜਾਰੀ ਕਰਨਾ ਪਿਆ ਹੈ। ਪਰ ਇਸ ਵਿੱਚ ਜੋ ਅਹਿਮ ਗੱਲ ਹੈ ਉਹ ਇਹ ਹੈ ਕਿ ਉਨ੍ਹਾਂ ਕਰਮਚਾਰੀਆਂ ਵੱਲੋਂ NPS ਖਾਤੇ 'ਚ ਜਮ੍ਹਾਂ ਕਰਾਈ ਗਈ 19 ਸਾਲਾਂ ਦੀ ਕੁੱਲ ਬਣਦੀ ਰਾਸ਼ੀ ਉਨ੍ਹਾਂ ਦੇ ਜੀ.ਪੀ.ਐੱਫ. ਖਾਤੇ ਖੋਲ੍ਹ ਕੇ ਜਮ੍ਹਾਂ ਕਰਵਾਉਣ ਲਈ ਅਤੇ ਕੇਂਦਰ ਸਰਕਾਰ ਦੇ ਹਿੱਸੇ ਦੀ ਜਮ੍ਹਾਂ ਹੋਈ ਰਾਸ਼ੀ ਨੂੰ ਵੀ ਮੁੜਵਾ ਕੇ ਪਾਉਣ ਲਈ ਕੇਂਦਰ ਸਰਕਾਰ ਦੇ ਖਾਤਿਆਂ ਦੇ 'ਹੈੱਡ' ਦੱਸੇ ਗਏ ਹਨ। ਇਸ ਸਾਰੀ ਕਾਰਵਾਈ ਦੀ ਮਨਜ਼ੂਰੀ ਕੇਂਦਰ ਦੇ ਵਿੱਤ ਵਿਭਾਗ ਨੇ ਅਤੇ PFRDA ਨੇ ਦਿੱਤੀ ਹੋਈ ਹੈ।

ਇਸ ਲਈ ਜੇ ਇਹ ਰਾਸ਼ੀ ਕੇਂਦਰ ਸਰਕਾਰ ਦੇ ਖਾਤੇ 'ਚ ਮੁੜ ਜਮ੍ਹਾਂ ਹੋ ਸਕਦੀ ਹੈ ਤਾਂ ਜੇ ਕੋਈ ਰਾਜ ਸਰਕਾਰ ਫੈਸਲਾ ਕਰਕੇ ਆਪਣੇ ਕਰਮਚਾਰੀਆਂ ਨੂੰ NPS 'ਚੋਂ ਕੱਢ ਕੇ OPS 'ਚ ਲਿਆਉਂਦੀ ਹੈ ਤਾਂ PFRDA ਦਾ ਕਾਨੂੰਨ ਕਿਵੇਂ ਰਾਹ ਰੋਕਦਾ ਹੈ, ਕਰਮਚਾਰੀਆਂ ਤੇ ਰਾਜ ਸਰਕਾਰ ਦੀ NPS ਵਿੱਚ ਜਮ੍ਹਾਂ ਹੋਈ ਰਾਸ਼ੀ ਨੂੰ। ਅਸਲ 'ਚ ਅੜਿੱਕਾ ਉਹੀ ਹੈ, ਮੋਦੀ ਸਰਕਾਰ ਦਾ ਕਾਰਪੋਰੇਟ ਹਿਤਾਂ ਦੀ ਰਾਖੀ ਦਾ ਰਣਨੀਤਕ ਏਜੰਡਾ।

NPS ਤੋਂ OPS 'ਚ ਜਾਣ ਵਾਲੇ ਰਾਜਾਂ ਨੂੰ ਇਹ ਕਦਮ ਚੱਕਣ ਤੋਂ ਵਰਜਣ ਲਈ ਮੋਦੀ ਸਰਕਾਰ ਨੇ ਇੱਕ ਹੋਰ ਧਮਕੀ ਵੀ ਦਿੱਤੀ ਹੈ ਕਿ ਉਨ੍ਹਾਂ ਦੀ ਕੇਂਦਰੀ ਕਰਜੇ ਦੀ 'ਲਿਮਿਟ' ਘਟਾ ਦਿੱਤੀ ਜਾਵੇਗੀ। ਨਾਲ ਲਾਲਚ ਵੀ ਦਿੱਤਾ ਹੈ ਕਿ ਜੇ ਉਹ NPS 'ਚ ਹੀ ਰਹਿੰਦੇ ਹਨ ਤਾਂ ਜਿੰਨੀ ਰਾਸ਼ੀ NPS ਖਾਤੇ 'ਚ ਜਮ੍ਹਾਂ ਹੋਵੇਗੀ ਉਸ ਅਨੁਪਾਤ 'ਚ ਇਹ 'ਲਿਮਿਟ' ਵਧਾ ਦਿੱਤੀ ਜਾਵੇਗੀ। ਕਈ ਸਰਕਾਰਾਂ ਇਸ ਦਬਾਅ ਹੇਠ ਆ ਵੀ ਸਕਦੀਆਂ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ OPS ਬਹਾਲ ਕਰਨ ਅਤੇ ਇੱਕ ਅਧੂਰੇ ਜਿਹੇ ਨੋਟੀਫਿਕੇਸ਼ਨ ਜਾਰੀ ਕਰਨ ਬਾਅਦ, ਅੱਗੇ ਪੈਰ ਨਾ ਪੁੱਟਣ ਨੂੰ ਇਸ ਸੰਦਰਭ 'ਚ ਵੀ ਦੇਖਣਾ ਬਣਦਾ ਹੈ ਜਦਕਿ ਹਿਮਾਚਲ ਸਰਕਾਰ ਵੱਲੋਂ ਅਗਲਾ ਕਦਮ ਚੁੱਕਦਿਆਂ, ਇੱਕ ਅਪ੍ਰੈਲ, 2023 ਤੋਂ NPS ਕਟੌਤੀ ਬੰਦ ਕਰਕੇ ਜੀ.ਪੀ.ਐਫ. ਖਾਤੇ 'ਚ ਜਮ੍ਹਾਂ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ।

ਉਕਤ ਸਾਰੀ ਚਰਚਾ ਤੋਂ ਬਾਅਦ ਆਪਾਂ ਮੁੜ ਉਸ ਕਮੇਟੀ ਵੱਲ ਪਰਤਦੇ ਹਾਂ ਜਿਸ ਦਾ ਐਲਾਨ ਕੇਂਦਰੀ ਵਿੱਤ ਮੰਤਰੀ ਸ਼੍ਰੀਮਤੀ ਸੀਤਾਰਮਨ ਵੱਲੋਂ ਲੋਕ ਸਭਾ 'ਚ ਮਾਲੀ ਬਿਲ 2023 ਪੇਸ਼ ਕਰਨ ਸਮੇਂ ਕੀਤਾ ਗਿਆ ਸੀ। ਐਲਾਨ ਕਰਦੇ ਸਮੇਂ ਉਸ ਵੱਲੋਂ ਇਹ ਵੀ ਕਿਹਾ ਸੀ ਕਿ ਇਹ ਕਮੇਟੀ NPS 'ਚ ਕੁੱਝ 'ਸੁਧਾਰ' ਕਰਨ ਲਈ ਗਠਿਤ ਕੀਤੀ ਗਈ ਹੈ ਤੇ 'ਸੁਧਾਰਾਂ' ਦੇ ਜੋ ਫਾਰਮੂਲੇ ਸੁਝਾਏ ਜਾ ਰਹੇ ਹਨ, ਸਰਕਾਰੀ 'ਮਾਹਰਾਂ' ਵੱਲੋਂ, ਉਹ ਕੌੜੀ NPS ਨੂੰ ਥੋੜ੍ਹੀ 'ਮਿੱਠੀ' ਬਣਾਕੇ ਕਰਮਚਾਰੀਆਂ ਦੇ ਗਲੋਂ ਹੇਠਾਂ ਲੰਘਾਉਣ ਦੇ ਨੁਸਖੇ ਹਨ। ਮਤਲਬ, 1972 ਦੇ ਨਿਯਮਾਂ ਵਾਲੀ ਚੱਲ ਰਹੀ OPS (ਡੀ.ਏ/ ਮੈਡੀਕਲ ਭੱਤਾ/ ਬੁਢਾਪਾ ਭੱਤਾ/ ਐਲ.ਟੀ.ਸੀ./ ਪੇਅ-ਕਮਿਸ਼ਨ ਸੋਧ ਸਮੇਤ) ਬਹਾਲੀ ਕਦਾਚਿੱਤ ਨਹੀਂ।

ਅਸਲ ਹਕੀਕਤ ਇਹ ਹੈ ਕਿ ਮੋਦੀ ਸਰਕਾਰ ਨੇ ਆਪਣੇ ਕਾਰਪੋਰੇਟ ਹਿਤ ਤੇ ਚੋਣ-ਮਜ਼ਬੂਰੀ ਦੇ ਦਵੰਦ ਦੀ ਸਮੱਸਿਆ/ਸੰਕਟ ਨੂੰ ਹੱਲ ਕਰਨ ਲਈ ਹੀ ਇਹ ਕਮੇਟੀ ਗਠਿਤ ਕੀਤੀ ਹੈ ਕਿ 'ਸੱਪ ਵੀ ਮਰਜੇ ਤੇ ਲਾਠੀ ਵੀ ਨਾ ਟੁੱਟੇ'।

ਦੂਜਾ, ਇਸ ਕਮੇਟੀ ਦਾ ਇੱਕ ਹੋਰ ਖ਼ਤਰਨਾਕ ਪਹਿਲੂ/ਮਕਸਦ ਜਿਸ ਵੱਲ ਇਸ਼ਾਰਾ ਕੇਂਦਰੀ ਵਿਤ ਮੰਤਰੀ ਨੇ ਆਪਣੇ ਉਸੇ ਐਲਾਨ 'ਚ ਹੀ ਕੀਤਾ ਹੈ ਕਿ ਇਹ ਕਮੇਟੀ ਜੋ ਫਾਰਮੂਲਾ ਸੁਝਾਏਗੀ 'ਉਸ ਨੂੰ ਰਾਜਾਂ 'ਤੇ ਵੀ ਲਾਗੂ ਕੀਤਾ ਜਾਵੇਗਾ', ਮਤਲਬ 'ਇੱਕ ਤੀਰ ਨਾਲ ਦੋ ਸ਼ਿਕਾਰ' ਕੀਤੇ ਜਾਣਗੇ। ਨਾ ਕੇਂਦਰ ਦੀ ਮੋਦੀ ਸਰਕਾਰ ਖੁਦ OPS ਬਹਾਲ ਕਰੇ, ਨਾ ਰਾਜ ਸਰਕਾਰਾਂ ਕਰ ਸਕਣ, ਨਾ ਵਿਰੋਧੀ ਪਾਰਟੀਆਂ ਇਸ ਨੂੰ ਚੋਣ ਪ੍ਰਚਾਰ ਦਾ ਮੁੱਦਾ ਬਣਾ ਸਕਣ ਅਤੇ ਕਰਮਚਾਰੀਆਂ ਨੂੰ ਵੀ ਭਰਮ-ਜਾਲ 'ਚ ਰੱਖਿਆ ਜਾ ਸਕੇ। ਕਿਉਂਕਿ ਮੋਦੀ ਸਰਕਾਰ ਵੱਲੋਂ OPS ਵਿਰੁੱਧ ਕੂੜ-ਪ੍ਰਚਾਰ ਦੇ ਸਿਰਜੇ ਗਏ ਝੂਠੇ ਬਿਰਤਾਂਤ ਨੇ ਸਗੋਂ ਕਰਮਚਾਰੀਆਂ ਦੇ ਰੋਹ ਨੂੰ ਹੋਰ ਭੜਕਾਇਆ ਹੈ।

ਪੁਰਾਣੀ ਪੈਨਸ਼ਨ ਪ੍ਰਣਾਲੀ (OPS) ਦੀ ਬਹਾਲੀ ਨੂੰ ਲੈਕੇ ਸੰਘਰਸ਼ ਕਰ ਰਹੀਆਂ ਜਥੇਬੰਦੀਆਂ/ਪਲੇਟਫਾਰਮਾਂ ਲਈ ਕੇਂਦਰ ਦੀ ਮੋਦੀ ਸਰਕਾਰ ਦੇ ਇਸ ਦੰਭ ਨੂੰ ਨੰਗਾ ਕਰਨ ਤੇ ਭਰਮ-ਜਾਲ ਨੂੰ ਤੋੜਨ ਦਾ ਅਹਿਮ ਕਾਰਜ ਵੀ ਹੱਥ ਲੈਣਾ ਹੋਵੇਗਾ।

# ਲੋਕਤੰਤਰ ਦਾ ਮਹੱਤਵ ਅਤੇ ਖਤਰੇ



- ਕੇਹਰ ਸਰੀਫ
+491733546050



ਲੋਕਰਾਜ ਉਸਨੂੰ ਕਿਹਾ ਜਾਂਦਾ ਹੈ ਜਿਸ ਨੂੰ ਲੋਕ ਆਪਣਾ ਰਾਜ ਸਮਝਦੇ ਹੋਣ। ਲੋਕ ਸਮਝਦੇ ਹੀ ਨਾ ਹੋਣ ਸਗੋਂ, ਲੋਕਾਂ ਨਾਲ ਨਿੱਤ ਦਾ ਵਿਹਾਰ ਵੀ ਇਸ ਦੀ ਗਵਾਹੀ ਭਰਦਾ ਹੋਵੇ। ਇਹ ਇਕ-ਦੂਜੇ ਨਾਲ ਮਿਲਜੁਲ ਕੇ ਰਹਿਣ ਦੇ ਮੌਕੇ ਵੀ ਦਿੰਦਾ ਹੋਵੇ, ਨਹੀਂ ਤਾਂ ਅਬਰਾਹਿਮ ਲਿੰਕਨ ਦੀ ਲੋਕਤੰਤਰੀ ਸਰਕਾਰ ਬਾਰੇ ਦਿੱਤੀ ਪ੍ਰੀਭਾਸ਼ਾ ਕਿ 'ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਬਣਾਈ ਗਈ ਸਰਕਾਰ ਹੈ' ਵੀ ਟਿੱਚਰ ਜਹੀ ਜਾਪਣ ਲੱਗ ਪੈਂਦੀ ਹੈ। ਲੋਕਤੰਤਰ ਅੰਦਰ ਅਸਹਿਮਤੀ ਦਾ ਬਹੁਤ ਵੱਡਾ ਮਹੱਤਵ ਹੁੰਦਾ ਹੈ ਜਾਂ ਕਹਿ ਲਉ ਕਿ ਅਸਹਿਮਤੀ (ਭਾਵ, ਇਕ ਦੂਜੇ ਤੋਂ ਵੱਖਰੇ ਜਾਂ ਵਿਰੋਧੀ ਵਿਚਾਰ) ਲੋਕਤੰਤਰ ਦਾ ਦੂਜਾ ਨਾਮ ਹੈ। ਜਦੋਂ ਲੋਕਤੰਤਰੀ ਪ੍ਰਬੰਧ ਅੰਦਰ ਅਸਹਿਮਤੀ ਦਾ ਸਨਮਾਨ (ਦੂਜਿਆਂ ਪ੍ਰਤੀ ਸਹਿਣਸ਼ੀਲਤਾ, ਵਿਚਾਰ ਵਟਾਂਦਰਾ, ਦੂਜੇ ਦੀ ਗੱਲ/ਵਿਚਾਰ ਨੂੰ ਸਹਿਣ ਕਰਨ ਦਾ ਮਾਦਾ) ਖਤਮ ਹੋ ਰਿਹਾ ਹੋਵੇ ਤਾਂ ਸਮਝੋ ਕਿ ਲੋਕਤੰਤਰ ਦੀ ਸਮਾਪਤੀ ਦਾ ਖਤਰਾ ਵਧ ਰਿਹਾ ਹੈ। ਅਜਿਹੇ ਸਮੇਂ ਅਸਹਿਮਤੀ ਦੀ ਆਵਾਜ਼ ਹੋਰ ਉੱਚੀ ਹੋ ਜਾਣੀ ਚਾਹੀਦੀ ਹੈ। ਅਸਹਿਮਤੀ ਜਾਂ ਵਿਰੋਧ ਦੀ ਅ-ਹਿੰਸਕ ਆਵਾਜ਼ ਨੂੰ ਲੋਕਤੰਤਰ ਦੀ ਖੂਬਸੂਰਤੀ ਕਿਹਾ ਜਾਣਾ ਚਾਹੀਦਾ ਹੈ। ਇਸਦੇ ਆਪਣੇ ਬਹੁਤ ਸਾਰੇ ਖਤਰੇ ਹੋ ਸਕਦੇ ਹਨ, ਪਰ ਲੋਕਤੰਤਰ ਇਹ ਖਤਰੇ ਸਹੇੜ ਕੇ ਹੀ ਬਚ ਸਕਦਾ ਹੈ। ਇਨ੍ਹਾਂ ਨੂੰ ਖਤਰੇ ਕਹਿਣ ਨਾਲੋਂ ਫ਼ਰਜ਼ਾਂ ਦੀ ਸੰਗਿਆ ਦਿੱਤੀ ਜਾਣੀ ਚਾਹੀਦੀ ਹੈ। ਲੋਕਤੰਤਰੀ ਰਾਜ ਵਲੋਂ ਆਮ ਨਾਗਰਿਕਾਂ ਦੇ ਅਧਿਕਾਰਾਂ ਦੀ ਪੂਰਤੀ, ਰਾਖੀ ਅਤੇ ਦੋਹਾਂ ਪਾਸਿਆਂ ਤੋਂ ਫ਼ਰਜ਼ਾਂ ਦੀ ਪਾਲਣਾ ਦਾ ਨਾਂ ਹੈ। ਇਸ ਵਿਚ ਆਈ ਮਾੜੀ ਜਹੀ ਕਾਣ ਵੀ ਲੋਕਤੰਤਰ ਨੂੰ ਕਮਜ਼ੋਰ ਜਾਂ ਤਬਾਹ ਕਰਨ ਦਾ ਸਬੱਬ ਬਣ ਸਕਦੀ ਹੈ। ਲੋਕਤੰਤਰ ਵਾਸਤੇ ਇਹ ਸ਼ੁਭ ਸ਼ਗਨ ਨਹੀਂ ਹੋ ਸਕਦਾ। ਕਿਸੇ ਵੀ ਅਜਿਹੇ ਖਤਰੇ ਨੂੰ ਫ਼ਰਜ਼ ਸਮਝ ਕੇ ਉਸ ਦੀ ਪਹਿਰੇਦਾਰੀ ਲਈ ਖੜ੍ਹੇ ਹੋਣ ਵਾਲੇ ਲੋਕ ਹੀ ਲੋਕਤੰਤਰੀ ਰਵਾਇਤਾਂ ਦੇ ਰਾਖੇ ਜਾਂ ਵਾਰਿਸ ਅਖਵਾ ਸਕਣ ਦੇ ਯੋਗ ਕਹੇ ਜਾ ਸਕਦੇ ਹਨ।

ਅੱਜ ਦੇ ਸਮੇਂ ਜਦੋਂ ਵਿਸ਼ਵੀਕਰਨ ਉਰਫ ਲੁੱਟਤੰਤਰ ਦੇ ਢੋਲ ਵਾਲੇ ਰੌਲੇ ਹੇਠ ਕਿਸੇ ਵੀ ਥਾਂ ਲੋਕਤੰਤਰ ਅਤੇ ਇਸਦੇ ਪਾਲਕ/ਹੱਕਦਾਰ ਮਿਹਨਤਕਸ਼ ਲੋਕ ਦੇਸੀ-ਬਦੇਸੀ ਬਾਜ਼ਾਰਵਾਦ ਦੇ ਖੂਨੀ ਪੰਜਿਆਂ ਵਿਚ ਲਹੂ-ਲੁਹਾਣ ਹੋ ਰਹੇ ਹੋਣ ਤਾਂ ਲੋਕਤੰਤਰ ਅੰਦਰ ਯਕੀਨ ਰੱਖਣ ਵਾਲਿਆਂ (ਖਾਸ ਕਰਕੇ ਵਿਰੋਧ ਦੀਆਂ ਸਿਆਸੀ ਪਾਰਟੀਆਂ, ਜਾਂ ਵੱਖਰੇ ਵਿਚਾਰ ਰੱਖਣ ਵਾਲੇ ਲੋਕਾਂ) ਲਈ ਫਿਕਰਮੰਦ ਹੋ ਜਾਣਾ ਕੁਦਰਤੀ ਹੀ ਹੈ ਜਿਸਦੇ ਸਿੱਟੇ ਵਜੋਂ ਉਨ੍ਹਾਂ ਦਾ ਬੋਲਣਾ ਜ਼ਰੂਰੀ ਹੋ ਜਾਂਦਾ ਹੈ। ਨਾਲ ਹੀ ਇਤਿਹਾਸ ਵੱਲ ਝਾਤ ਮਾਰਨੀ ਵੀ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਤਿਹਾਸ ਇਨ੍ਹਾਂ ਖਤਰਿਆਂ ਤੋਂ ਸਾਵਧਾਨ/ਸੁਚੇਤ ਕਰਦਾ ਰਿਹਾ ਹੈ ਤੇ ਅਜੇ ਵੀ ਸੁਚੇਤ ਕਰਦਾ ਹੈ। ਅੱਜ ਦੇ ਖਤਰੇ ਅਣਡਿੱਠ ਕਰਕੇ ਜਾਂ ਅੱਖਾਂ ਮੀਟ ਕੇ ਕੱਲ੍ਹ ਵਾਸਤੇ ਟਾਲੇ ਨਹੀਂ ਜਾ ਸਕਦੇ। ਇਹ ਸਿਆਸੀ ਖੁਦਕੁਸ਼ੀ ਵਰਗਾ ਗੈਰ-ਜ਼ਰੂਰੀ ਵਿਹਾਰ ਸਾਬਤ ਹੋ ਸਕਦਾ ਹੈ।

ਲੋਕਤੰਤਰ ਅੰਦਰ ਹਰ ਨਾਗਰਿਕ ਨੂੰ ਵੋਟ ਦੇਣ ਦਾ ਅਧਿਕਾਰ ਹੁੰਦਾ ਹੈ, ਪਰ ਸਿਰਫ ਵੋਟ ਦੇਣਾ ਹੀ ਲੋਕਤੰਤਰ ਨਹੀਂ। ਸਿਆਸੀ ਪਾਰਟੀਆਂ ਜੋ ਵਾਅਦੇ ਕਰਦੀਆਂ ਹਨ ਉਨ੍ਹਾਂ ਦੀ ਪੁਣਛਾਣ ਕਰਨਾ ਤੇ ਫੇਰ ਜਿਹੜੀ ਪਾਰਟੀ ਦੇਸ਼ ਦੇ ਭਲੇ ਵਾਸਤੇ ਭਾਵ ਗਰੀਬ, ਮਜ਼ਦੂਰ, ਕਿਸਾਨ ਆਦਿ ਕਿ ਹਰ ਮਿਹਨਤਕਸ਼ ਵਾਸਤੇ ਸੋਹਣੇ ਭਵਿੱਖ ਦਾ ਭਰੋਸਾ ਦਿੰਦੀ ਹੋਵੇ ਉਸਨੂੰ ਵੋਟ ਦਿੱਤਾ ਜਾਂਦਾ ਹੈ। ਇੱਥੋਂ ਹੀ ਨਾਗਰਿਕ ਦਾ ਲੋਕਤੰਤਰੀ ਕੰਮ ਸ਼ੁਰੂ ਹੁੰਦਾ ਹੈ, ਕਿ ਜੋ ਵਾਅਦੇ ਕਰਕੇ ਕੋਈ ਪਾਰਟੀ ਹਕੂਮਤ ਬਣਾ ਲੈਂਦੀ ਹੈ ਉਹ ਆਪਣੇ ਕਹੇ ਮੁਤਾਬਿਕ ਕੰਮ ਵੀ ਕਰ ਰਹੀ ਹੈ ਜਾਂ ਨਹੀਂ, ਹਰ ਗੱਲ/ਵਰਤਾਰੇ 'ਤੇ ਨਿਗਾਹ ਰੱਖਣੀ ਵੋਟ ਦੇਣ ਵਾਲੇ ਨਾਗਰਿਕਾਂ ਦਾ ਹੀ ਕੰਮ/ਫ਼ਰਜ਼/ਅਧਿਕਾਰ ਹੁੰਦਾ ਹੈ। ਜੇ ਅਜਿਹਾ ਨਹੀਂ ਵਾਪਰਦਾ ਤਾਂ ਲੋਕਤੰਤਰੀ ਢਾਂਚੇ ਅੰਦਰ ਵਿਗਾੜ ਪੈਦਾ ਹੋਣਗੇ ਤੇ ਬੇਰੋਕ-ਟੋਕ ਵਧਦੇ ਹੀ ਜਾਣਗੇ। ਇਸ ਨਾਲ ਲੋਕਤੰਤਰ ਕਮਜ਼ੋਰ ਹੋਵੇਗਾ ਤੇ ਉਸਦੇ ਕੁਰਾਹੇ ਪੈ ਜਾਣ ਦਾ ਖਤਰਾ ਵਧ ਜਾਵੇਗਾ। ਇਸ ਕੁਰਾਹੇ ਪੈ ਜਾਣ ਵੇਲੇ ਡੱਕਣ ਦੀ ਜ਼ੁੰਮੇਵਾਰੀ ਨਾ ਨਿਭਾ ਸਕਣ ਤੋਂ ਸਿਆਸੀ ਧਿਰਾਂ ਅਤੇ ਆਮ ਨਾਗਰਿਕ ਕਿਵੇਂ ਬਚ ਸਕਣਗੇ?

ਲੋਕਤੰਤਰੀ ਪ੍ਰਬੰਧ ਅੰਦਰ ਰਹਿੰਦਿਆਂ ਇਸ ਵਿਚ ਆਉਂਦੇ ਵਿਗਾੜਾਂ ਦੇ ਖਿਲਾਫ ਹੋਣਾ ਹੀ ਲੋਕਤੰਤਰੀ ਹੋਣਾ ਹੁੰਦਾ ਹੈ, ਤਾਂ ਕਿ ਲੋਕਤੰਤਰ ਦੀ ਰਾਖੀ ਕੀਤੀ ਜਾ ਸਕੇ। ਸਾਧਾਰਨ ਲਫ਼ਜ਼ਾਂ ਵਿਚ ਇਸ ਨੂੰ ਦੇਸ਼ਭਗਤੀ ਆਖਿਆ ਜਾ ਸਕਦਾ ਹੈ। ਅਜਿਹੇ ਸਮੇਂ ਚੁੱਪ ਰਹਿਣਾ ਲੋਕਤੰਤਰੀ ਸਮਾਜ ਵਿਚੋਂ ਆਪਣੇ ਆਪ ਨੂੰ ਖਾਰਿਜ ਕਰਨ ਦੇ ਬਰਾਬਰ ਹੁੰਦਾ ਹੈ। ਸਰਬੱਤ ਦੇ ਭਲੇ ਵਾਸਤੇ ਸਮਾਜ ਅੰਦਰ ਸੱਤਾਧਾਰੀਆਂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਕਿਸੇ ਇਕ ਵੀ ਪ੍ਰਾਣੀ ਤੱਕ ਦੇ ਬੁਨਿਆਦੀ ਅਤੇ ਮਨੁੱਖੀ ਹੱਕਾਂ ਨੂੰ ਆਂਚ ਨਾ ਆਉਣ ਦੇਣ। ਲੁੱਟ ਦੇ ਆਸਰੇ ਬਣੀ ਧਨਾਢ ਜਮਾਤ (ਜੁੰਡਲੀ) ਦੇ ਮੁਕਾਬਲੇ ਮਿਹਨਤਕਸ਼ਾਂ ਨੂੰ ਦੁਜੈਲੇ ਕਿਸਮ ਦੇ ਸ਼ਹਿਰੀ ਸਮਝ ਕੇ ਵਿਤਕਰੇ ਦੇ ਸ਼ਿਕਾਰ ਨਾ ਬਨਾਉਣ, ਜੇ ਅਜਿਹਾ ਹੁੰਦਾ ਹੈ ਤਾਂ ਸਮਾਜ ਵਿਚ ਵੰਡੀਆਂ ਪੈਣ ਅਤੇ ਭਾਈਚਾਰਕ ਸਾਂਝ ਅੰਦਰ ਪਾੜ ਪੈਣ ਦੇ ਖਤਰੇ ਵਧ ਜਾਂਦੇ ਹਨ ਜੋ ਸਿਹਤਮੰਦ ਲੋਕਤੰਤਰ ਵਾਸਤੇ ਚੰਗਾ ਰੁਝਾਨ ਨਹੀਂ ਹੋ ਸਕਦਾ। ਅਜਿਹੇ ਵਰਤਾਰਿਆਂ ਨੂੰ ਅਣਡਿਠ ਕਰਨ ਵਾਲਾ ਹਕੂਮਤੀ ਢਾਂਚਾ ਲੋਕਤੰਤਰੀ ਲੀਹਾਂ ਨੂੰ ਛੱਡਣ ਵੇਲੇ ਗੈਰ-ਲੋਕਤੰਤਰੀ ਹੋ ਜਾਂਦਾ ਹੈ ਜੋ ਆਪਣੇ ਵਿਰੋਧੀਆਂ ਲਈ ਸਮਾਜ ਅੰਦਰ ਲੋਕਾਂ ਵਲੋਂ ਉਨ੍ਹਾਂ ਵਾਸਤੇ ਹਮਦਰਦੀ ਵਾਲਾ ਸਬੱਬ ਪੈਦਾ ਕਰਨ ਦਾ ਕਾਰਨ ਵੀ ਹੋ ਨਿੱਬੜਦਾ ਹੈ। ਹੋ ਰਹੇ ਜ਼ੁਲਮ ਦੀਆਂ ਵਿਰੋਧੀ ਸੁਰਾਂ ਵੀ ਅਜਿਹੇ ਸਮੇਂ ਹੀ ਉਠਦੀਆਂ ਤੇ ਸਮਾਜ ਬਦਲਣ ਵਾਸਤੇ ਸਰਗਰਮ ਹੋ ਜਾਂਦੀਆਂ ਹਨ।

ਉਸ ਪ੍ਰਬੰਧ ਨੂੰ ਲੋਕਤੰਤਰ ਕਿਵੇਂ ਕਿਹਾ ਜਾ ਸਕਦਾ ਹੈ ਜਿਸ ਅੰਦਰ ਹਕੂਮਤੀ ਧਿਰਾਂ ਵਲੋਂ ਆਪਣੇ ਲੋਕਾਂ ਪ੍ਰਤੀ ਸੰਵੇਦਨਾ ਦਾ ਭੋਰਾ ਬਚਿਆ ਹੀ ਨਾ ਹੋਵੇ। ਜਿਸ ਅੰਦਰ ਲੋਕਾਂ ਦੇ ਦੁੱਖ-ਸੁੱਖ ਅਤੇ ਦਰਦ ਸ਼ਾਮਲ ਹੀ ਨਾ ਹੋਣ। ਕਿਸੇ ਪ੍ਰਬੰਧ ਦੀ ਚੂਲ ਹੀ ਉਖਾੜ ਦੇਣੀ ਉਸ ਪ੍ਰਬੰਧ ਦਾ ਸਰੂਪ ਬਦਲ ਦਿੰਦੀ ਹੈ। ਕਿਸੇ ਵੀ ਥਾਵੇਂ ਲੋਕਤੰਤਰ ਉਸੇ ਨੂੰ ਆਖਿਆ ਜਾ ਸਕੇਗਾ ਜਿੱਥੇ ਪ੍ਰਬੰਧ ਅੰਦਰ ਲੋਕਾਂ ਦੀ ਹਰ ਘੜੀ ਭਰਵੀਂ ਸ਼ਮੂਲੀਅਤ ਹੋਵੇ। ਲੋਕਾਂ ਨੂੰ ਇਸ ਬਾਰੇ ਸੁਚੇਤ ਅਤੇ ਸਿੱਖਿਅਤ ਕਰਨਾ ਰਾਜ ਦੀਆਂ ਲੋਕਤੰਤਰੀ ਸੰਸਥਾਵਾਂ ਦਾ ਪਹਿਲਾ ਫ਼ਰਜ਼ ਹੋਣਾ ਚਾਹੀਦਾ ਹੈ। ਲੋਕ ਭਾਵਨਾਵਾਂ ਅਤੇ ਮਾਨਤਾਵਾਂ ਦੀਆਂ ਰੇਖਾਵਾਂ ਨੂੰ ਉਲੰਘਣਾ ਲੋਕ ਰਾਜ ਦਾ ਅਪਮਾਨ ਹੁੰਦਾ ਹੈ। ਲੋਕਾਂ ਵਲੋਂ ਆਪਣੇ ਨੁਮਾਂਇਦੇ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੁਮਾਂਇੰਦਿਆਂ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਉਹ ਸਮੁੱਚੇ ਲੋਕਾਂ ਦੀਆਂ ਭਾਵਨਾਵਾਂ ਦੀ ਪਾਲਣਾ ਅਤੇ ਉਨ੍ਹਾਂ ਦੀ ਕਦਰ/ ਸਤਿਕਾਰ ਕਰਨ ਵਾਸਤੇ ਪਾਬੰਦ ਰਹਿਣ। ਜਦੋਂ ਕੋਈ ਚੁਣਿਆਂ ਨੁਮਾਂਇਦਾ ਅਜਿਹਾ ਨਹੀਂ ਕਰਦਾ ਤਾਂ ਉਹ ਲੋਕਰਾਜੀ ਕਦਰਾਂ-ਕੀਮਤਾਂ ਨਾਲ ਇਨਸਾਫ ਨਾ ਕਰਕੇ ਉਨ੍ਹਾਂ ਨਾਲ ਵੈਰ ਕਮਾ ਰਿਹਾ ਹੁੰਦਾ ਹੈ। ਅਜਿਹੇ ਸਮੇਂ ਅਜਿਹੇ ਨੁਮਾਇਦੇ ਲੋਕਾਂ ਨਾਲ ਕੀਤੇ ਵਚਨਾਂ ਨੂੰ ਤੋੜਨ ਵਾਲੇ ਮੁਜ਼ਰਿਮ ਬਣ ਜਾਂਦੇ ਹਨ, ਲੋਕਤੰਤਰੀ ਪ੍ਰੰਪਰਾਵਾਂ ਅਨੁਸਾਰ ਇਹ ਕਿਸੇ ਬਣਦੀ ਸਜ਼ਾ ਦੇ ਭਾਗੀ ਹੋਣੇ ਚਾਹੀਦੇ ਹਨ, ਪਰ ਅਫ਼ਸੋਸ ਕੀ ਆਮ ਕਰਕੇ ਅਜਿਹਾ ਹੁੰਦਾ ਨਹੀਂ।

ਲੋਕਤੰਤਰੀ ਬੁਨਿਆਦ ਵਾਲੇ ਰਾਜ ਦੇ ਚੁਣੇ ਗਏ ਮੈਂਬਰ ਝੂਠ ਬੋਲਣ ਵਾਲੇ ਜਾਂ ਆਪਣੇ ਲੋਕਾਂ ਤੋਂ ਲੁਕੋ ਕੇ ਪਰਦੇ ਅੰਦਰ ਕਾਰਜ (ਨੀਤੀਆਂ ਬਨਾਉਣਾ ਆਦਿ) ਕਰਨ ਵਾਲੇ ਵੀ ਨਹੀਂ ਹੋਣੇ ਚਾਹੀਦੇ, ਸਗੋਂ ਲੋਕਾਂ ਨੂੰ ਉਨ੍ਹਾਂ 'ਤੇ ਭਰੋਸਾ ਹੋਵੇ ਕਿ ਉਹ ਜੋ ਕਹਿਣ ਉਸ 'ਤੇ ਪੂਰੇ ਵੀ ਉਤਰਨ। ਜਦੋਂ ਅਜਿਹਾ ਨਹੀਂ ਹੁੰਦਾ ਤਾਂ ਲੋਕਾਂ ਦਾ ਅਜਿਹੇ ਨੇਤਾਵਾਂ ਤੋਂ ਵਿਸ਼ਵਾਸ ਉੱਠ ਜਾਂਦਾ ਹੈ, ਇਸ ਨਾਲ ਕਿਸੇ ਨੇਤਾ ਨੂੰ ਫਰਕ ਪਵੇ ਨਾ ਪਵੇ ਪਰ ਲੋਕਤੰਤਰੀ ਪ੍ਰੰਪਰਾਵਾਂ ਨੂੰ ਫਰਕ ਪੈਂਦਾ ਹੈ, ਉਹ ਪ੍ਰੰਪਰਾਵਾਂ ਤਬਾਹ ਹੋ ਜਾਂਦੀਆਂ ਹਨ, ਜਿਨ੍ਹਾਂ 'ਤੇ ਲੋਕਾਂ ਦਾ ਭਰੋਸਾ ਬਣਿਆਂ ਹੁੰਦਾ ਹੈ। ਅਜਿਹੇ ਸਮੇਂ ਫੈਲੀ ਅਫਰਾ-ਤਫਰੀ ਗ੍ਰਹਿ ਯੁੱਧ ਵਿਚ ਬਦਲਦੀ ਵੀ ਇਤਿਹਾਸ ਨੇ ਬਹੁਤ ਥਾਵੀਂ ਦੇਖੀ ਹੈ। 'ਸੋਸ਼ਲ ਡੈਮੋਕ੍ਰੇਸੀ' ਵਰਗੇ ਝੂਠੇ ਲਾਰਿਆਂ ਹੇਠ ਜਿੱਤ ਪ੍ਰਪਤ ਕਰ ਲੈਣ ਤੋਂ ਬਾਅਦ ਅਜਿਹੇ ਸਿਸਟਮ ਨੂੰ ਲੋਕਾਂ ਨੇ ਨਾਜ਼ੀਵਾਦ/ਫਾਸ਼ੀਵਾਦ ਵਿਚ ਬਦਲਦਿਆਂ ਵੀ ਇਤਿਹਾਸ ਅੰਦਰ ਦਰਜ ਹੋਇਆ ਦੇਖਿਆ ਹੈ। ਲੋਕਾਂ ਦੀ ਭਾਗੀਦਾਰੀ ਨਾਲ ਉਸਰੇ ਉਸੇ ਝੂਠ ਭਰੇ ਦੁਰ-ਪ੍ਰਬੰਧ ਨੇ ਪਿਛਲੀ ਸਦੀ 'ਚ ਕਰੋੜਾਂ ਲੋਕਾਂ ਦੀ ਜਾਨ ਵੀ ਲਈ ਹੈ, ਇਹ ਕੌਣ ਨਹੀਂ ਜਾਣਦਾ?

ਲੋਕਤੰਤਰ ਦਾ ਮੁੱਖ ਕਾਰਜ ਲੋਕਾਂ ਅੰਦਰ ਸਹਿਹੋਂਦ ਦੀ ਭਾਵਨਾ ਪੈਦਾ ਕਰਨੀ ਅਤੇ ਇਕ ਦੂਜੇ ਪ੍ਰਤੀ ਸਤਿਕਾਰ ਅਤੇ ਮਨੁੱਖੀ ਹਮਦਰਦੀਆਂ ਵਾਲਾ ਭਾਈਚਾਰਾ ਕਾਇਮ ਕਰਨਾ ਵੀ ਹੁੰਦਾ ਹੈ। ਜਿਸ ਭਾਈਚਾਰੇ ਅੰਦਰ ਧਾਰਮਿਕ, ਸਮਾਜਿਕ, ਆਰਥਕ ਅਤੇ ਰਾਜਨੀਤਕ ਪੱਖੋਂ ਕਿਸੇ ਦੇ ਪ੍ਰਤੀ ਵੀ ਪੱਖਪਾਤ ਜਾਂ ਨਫਰਤ ਦੀ ਕੋਈ ਜਗ ?ਹਾ ਨਹੀਂ ਹੋ ਸਕਦੀ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਗੈਰ-ਲੋਕਤੰਤਰੀ ਹੀ ਹੋ ਸਕਦਾ ਹੈ, ਸਮਾਜ ਅੰਦਰ ਅਜਿਹੇ ਲੋਕਾਂ ਨੂੰ ਕਦੇ ਵੀ ਕਬੂਲ ਨਹੀਂ ਕੀਤਾ ਜਾ ਸਕਦਾ।

ਜਿੱਥੇ ਡਰ-ਭੈਅ, ਧੱਕਾ ਤੇ ਧੌਂਸ ਦਾ ਬੋਲਬਾਲਾ ਹੋਵੇ ਉਸ ਨੂੰ ਲੋਕਰਾਜ ਕਹਿਣ 'ਤੇ ਸਵਾਲੀਆ ਨਿਸ਼ਾਨ ਤਾਂ ਲਗਦਾ ਹੀ ਹੈ ਸਗੋਂ ਨਾਲ ਹੀ ਲੋਕਾਂ ਅੰਦਰ ਅਜਿਹੇ ਪ੍ਰਬੰਧ ਅਤੇ ਪ੍ਰਬੰਧ ਨੂੰ ਚਲਾ ਰਹੀ ਸਰਕਾਰ ਪ੍ਰਤੀ ਨਿਰਾਸ਼ਤਾ ਤੇ ਗੁੱਸਾ ਦੋਵੇਂ ਪੈਦਾ ਹੁੰਦੇ ਹਨ। ਕਿਸੇ ਵੀ ਸਿਆਸੀ ਧਿਰ ਵਲੋਂ ਝੂਠੇ ਵਾਅਦਿਆਂ ਨਾਲ ਸਿਰਜੇ ਰਾਜਤੰਤਰ ਵਲੋਂ ਲੋਕਾਂ ਨੂੰ ਦਿੱਤੇ ਬਚਨਾਂ 'ਤੇ ਪੂਰੇ ਨਾ ਉਤਰਨਾ ਲੋਕਾਂ ਨਾਲ ਧੋਖਾ ਕਰਨ ਦੇ ਬਰਾਬਰ ਹੀ ਗਿਣਿਆਂ ਜਾਂਦਾ ਹੈ। ਇਸ ਨਾਲ ਕਿਸੇ ਰਾਜ ਦੀ ਸੰਸਾਰ ਅੰਦਰਲੇ ਦੂਜੇ ਰਾਜਾਂ ਅੰਦਰ ਵੀ ਗੈਰ-ਭਰੋਸੇਯੋਗਤਾ ਵਾਲੀ ਹਾਲਤ ਬਣ ਜਾਂਦੀ ਹੈ।

ਜਦੋਂ ਲੋਕਾਂ ਦੀ ਚੁਣੀ ਹੋਈ ਸਰਕਾਰ ਲੋਕਾਂ ਦੀਆਂ ਹੱਕੀ ਮੰਗਾਂ ਦੀ ਅਣਦੇਖੀ ਕਰੇ ਤੇ ਲੋਕਾਂ ਦੇ ਮਸਲਿਆਂ ਨੂੰ ਕਿਸੇ ਹੋਰ ਦੇ ਮੁਫਾਦ ਜਾਂ ਮੁਨਾਫੇ ਖਾਤਰ ਟਾਲੇ ਜਾਂ ਬਦਨਾਮ ਕਰੇ ਉਦੋਂ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਲੋਕਤੰਤਰ ਨੂੰ ਅਣਗੌਲਿਆਂ ਕਰਨ ਜਾਂ ਲੋਕਤੰਤਰ ਦੀ ਬੇਅਦਬੀ ਕਰਨ ਦੀ ਦੋਸ਼ੀ ਬਣ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਜਾਂ ਸਰਕਾਰੀਤੰਤਰ ਜਾਣੇ-ਅਣਜਾਣੇ ਆਪਣੇ ਹੀ ਲੋਕਾਂ ਨੂੰ ਉਕਸਾਉਣ ਜਾਂ ਭੜਕਾਉਣ ਦਾ ਕਾਰਜ ਕਰਦੇ ਹਨ, ਜਿਸ ਨੂੰ ਅਨੈਤਿਕ ਵੀ ਕਿਹਾ ਜਾ ਸਕਦਾ ਹੈ ਤੇ ਗੈਰ-ਜ਼ਰੂਰੀ ਵੀ। ਕਿਉਂਕਿ ਲੋਕਤੰਤਰੀ ਪਰੰਪਰਾਵਾਂ ਵਿਵਾਦ ਦੀ ਨਹੀ ਸੰਵਾਦ ਦੀ ਹਾਮੀ ਭਰਦੀਆਂ ਹਨ, ਹਰ ਮਸਲਾ ਸੰਵਾਦ ਨਾਲ ਸੁਲਝਾਇਆ ਜਾ ਸਕਦਾ। ਵਿਵਾਦ ਨੂੰ ਹਵਾ ਦੇਣ ਵਾਲੇ ਏਕਾਅਧਿਕਾਰਵਾਦੀ ਪ੍ਰਬੰਧ/ਵਿਵਸਥਾ ਨੂੰ ਉਤਸ਼ਾਹਿਤ ਕਰਨ ਦੇ ਕੁਕਰਮ ਦਾ ਕਾਰਨ ਬਣ ਸਕਦੇ ਹਨ। ਅਜਿਹਾ ਕਦੇ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਲੋਕਾਂ ਦਾ ਲੋਕਤੰਤਰ ਵਿਚ ਬਣਿਆ ਵਿਸ਼ਵਾਸ ਤਿੜਕਣ ਲੱਗ ਜਾਂਦਾ ਹੈ। ਇਤਿਹਾਸ ਦੱਸਦਾ ਹੈ ਕਿ ਇਸ ਦੇ ਸਿੱਟੇ ਬਹੁਤ ਖਤਰਨਾਕ ਹੋ ਸਕਦੇ ਹਨ, ਜਿਨ੍ਹਾਂ ਤੋਂ ਬਚਣਾ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ।

ਬੌਣੀ ਸੋਚ ਵਾਲੇ ਸਿਆਸੀ ਆਗੂਆਂ ਦਾ ਵੀ ਇਹੀ ਦੁਖਾਂਤ ਹੁੰਦਾ ਹੈ ਕਿ ਉਹ ਬਰਾਬਰੀ ਦੇ ਅਰਥ ਸਮਝਦੇ ਹੋਏ ਵੀ ਨਹੀਂ ਸਮਝਦੇ। ਜਾਂ ਫਿਰ ਉਹ ਇਹ ਅਰਥ ਸਮਝਣ ਤੋਂ ਅਸਮਰਥ ਹੁੰਦੇ ਹਨ। ਕਿਸੇ ਵੱਲੋਂ ਵੀ ਗਰੀਬੀ ਹੰਢਾਉਣਾ ਕਦੇ ਵੀ ਕਿਸਮਤ ਜਾਂ ਮੁਕੱਦਰ ਨਹੀਂ ਹੁੰਦੇ, ਇਹ ਤਾਂ ਵੱਧੋ-ਵਧ ਮੁਨਾਫਾ ਕਮਾਉਣ ਅਧਾਰਤ ਲੋਕਦੋਖੀ ਰਾਜ ਪ੍ਰਬੰਧ ਦੇ ਲੋਕ ਵਿਰੋਧੀ ਅਤੇ ਧਨਾਢ ਪੱਖੀ ਚਰਿਤ੍ਰ ਦਾ ਨਤੀਜਾ ਹੁੰਦਾ ਹੈ। ਗਰੀਬੀ ਹੰਢਾਅ ਚੁੱਕਿਆ ਮਨੁੱਖ ਕਦੇ ਵੀ ਆਪਣੇ ਪਿਛੋਕੜ ਅਤੇ ਹੰਢਾਈ ਹੋਈ ਪੀੜ ਨੂੰ ਭੁੱਲਦਾ ਨਹੀਂ ਹੁੰਦਾ ਜੋ ਭੁੱਲ ਜਾਵੇ ਉਹਦੇ ਚੋਂ ਇਨਸਾਨ ਹੋਣ ਦਾ ਬਹੁਤ ਕੁਝ ਕਿਰ ਗਿਆ ਹੁੰਦਾ ਹੈ। ਉਸ ਨਾਲ ਮਨੁੱਖਤਾ ਦੀ ਹਾਨੀ ਵੀ ਹੁੰਦੀ ਹੈ ਤੇ ਉਹ ਮਨੁੱਖ ਖੁਦ ਇਸ ਧਰਤੀ 'ਤੇ ਭਾਰ ਜਿਹਾ ਬਣ ਜਾਂਦਾ ਹੈ। ਸਮੇਂ ਦੀ ਸਲੇਟ ਤੇ ਇਹੋ ਪਲ ਦੁਖਦਾਈ ਕਹਾਉਂਦੇ ਹਨ। ਲੋਕ ਦੋਖੀ ਹਾਕਮਾਂ/ਹਕੂਮਤਾਂ ਵਲੋਂ ਦਿੱਤੇ ਦਰਦ ਨੂੰ ਆਮ ਲੋਕ ਕਦੇ ਵੀ ਭੁੱਲਦੇ ਨਹੀਂ ਸਗੋਂ ਸਦੀਆਂ ਤੱਕ ਚੇਤੇ ਰੱਖਦਿਆਂ ਲਾਹਨਤਾਂ ਪਾਉਂਦੇ ਹਨ। ਖਰੀਆਂ, ਲੋਕ ਪੱਖੀ ਸਿਆਸੀ ਧਿਰਾਂ ਲੋਕ ਚੇਤਨਾਂ ਨੂੰ ਸੁਚੇਤ ਕਰਨ ਦੇ ਜਤਨ ਕਰਦੀਆਂ ਹਨ ਕਿ ਮੁੜ ਅਜਿਹਾ ਕਦੇ ਵੀ ਨਾ ਵਾਪਰੇ।

ਜਦੋਂ ਮਨੁੱਖ ਕੋਲੋਂ ਆਪਣਾ ਪਿਛੋਕੜ ਤੇ ਆਪਣੇ ਵਿਰਸੇ ਅੰਦਰਲਾ ਦੂਜਿਆਂ ਬਾਰੇ ਨੇਕ ਸੋਚਣ, ਨੇਕੀ ਕਰਨ ਦਾ ਵਿਚਾਰ ਖੁੱਸ ਜਾਵੇ ਤਾਂ ਉਸ ਦੇ ਕੋਲ ਬਚਦਾ ਹੀ ਕੀ ਹੈ? ਆਦਿ ਕਾਲ ਤੋਂ ਹੀ ਮਨੁੱਖ ਆਪਣੇ ਜੀਣ-ਥੀਣ ਲਈ ਸੰਘਰਸ਼ਸ਼ੀਲ ਰਿਹਾ ਹੈ। ਕਿਸੇ ਮਨੁੱਖ ਦਾ ਲੋਕਤੰਤਰੀ ਹੋਣਾ ਵੀ ਉਸਦੇ ਪਾਲਣ ਪੋਸ਼ਣ ਅਤੇ ਉਸ ਦੀ ਸਿੱਖਿਆ ਨਾਲ ਸੰਬੰਧ ਰਖਦਾ ਹੈ। ਗਲਤ ਸਿੱਖਿਆ ਅਤੇ ਦਲਿੱਦਰੀ ਤੇ ਨਫਰਤੀ ਸੋਚ ਕਦੇ ਵੀ ਉੱਜਲਾ ਭਵਿੱਖ ਨਹੀਂ ਸਿਰਜ ਸਕਦੀ।

ਲੋਕ ਤੰਤਰੀ ਪ੍ਰਬੰਧ ਚਲਾਉਣ ਵਾਸਤੇ ਆਗੂ ਆਮ ਲੋਕਾਂ ਵਿਚੋਂ ਚੁਣੇ ਜਾਂਦੇ ਹਨ ਚੁਣੇ ਜਾਣ ਤੱਕ ਭਾਵੇਂ ਉਹ ਕਿਸੇ ਇਕ ਸਿਆਸੀ ਪਾਰਟੀ ਦੇ ਨੁਮਾਂਇਦੇ ਹੁੰਦੇ ਹਨ ਪਰ ਚੁਣੇ ਜਾਣ ਤੋਂ ਬਾਅਦ ਉਹ ਸਾਰੇ ਲੋਕਾਂ ਦੇ ਆਗੂ ਹੁੰਦੇ ਹਨ। ਜੇ ਅਜਿਹਾ ਨਹੀਂ ਵਾਪਰਦਾ ਹਾਕਮਾਂ ਦੀ ਬਦਨਾਮੀ ਤਾਂ ਹੁੰਦੀ ਹੀ ਹੈ ਪਰ ਨੁਕਸਾਨ ਲੋਕਤੰਤਰ ਨੂੰ ਹੁੰਦਾ ਹੈ। ਲੋਕਾਂ ਦੇ ਕਹੇ ਜਾਂਦੇ ਰਾਜ ਅੰਦਰ ਆਗੂ ਸੱਚੇ- ਸੁੱਚੇ ਹੋਣੇ ਚਾਹੀਦੇ ਹਨ। ਝੂਠ ਬੋਲਣ ਵਾਲਾ ਆਗੂ ਲੋਕਤੰਤਰੀ ਹੋ ਹੀ ਨਹੀਂ ਸਕਦਾ, ਕਿਉਂਕਿ ਲੋਕਾਂ ਨਾਲ ਉਨ੍ਹਾਂ ਨੇ ਸੱਚ ਬੋਲਣ ਦਾ ਵਾਅਦਾ ਕੀਤਾ ਹੁੰਦਾ ਹੈ। ਕਿਸੇ ਵੀ ਲੋਕਤੰਤਰੀ ਆਗੂ ਦਾ ਆਪਣੇ ਸਿਆਸੀ ਵਿਰੋਧੀਆਂ ਪ੍ਰਤੀ ਇਮਾਨਦਾਰ ਤੇ ਸਹਿਣਸ਼ੀਲ ਹੋਣਾ ਬਹੁਤ ਜਰੂਰੀ ਹੁੰਦਾ ਹੈ। ਕਹੇ ਕੁੱਝ ਹੋਰ ਤੇ ਕਰੇ ਕੁੱਝ ਹੋਰ ਵਾਲਾ ਤਾਂ ਪੰਜਾਬੀ ਦੀ ਕਹਾਵਤ 'ਬੁੱਕਲ ਵਿਚ ਰੋੜੀ ਭੰਨਣ ਵਾਲੇ' ਵਾਂਗ ਬੇ-ਈਮਾਨ/ਸ਼ੈਤਾਨ ਹੀ ਗਿਣਿਆਂ ਜਾਂਦਾ ਹੈ। ਬੇ-ਈਮਾਨ ਬੰਦੇ 'ਤੇ ਦੁਨੀਆਂ ਵਿਚ ਕੌਣ ਭਰੋਸਾ ਕਰਦਾ ਹੈ? ਜੇ ਲੋਕਤੰਤਰ ਦੀ ਦੁਹਾਈ ਦੇਣ ਵਾਲੇ ਵੀ ਅਜਿਹਾ ਕਰਨ ਤਾਂ ਦੁਨੀਆਂ ਦੇ ਪੱਧਰ 'ਤੇ ਉਹ ਆਗੂ ਆਪਣੇ ਹੀ ਦੇਸ਼/ਆਪਣੇ ਲੋਕਾਂ ਦੀ ਹੇਠੀ ਦਾ ਕਾਰਨ ਬਣ ਜਾਂਦੇ ਹਨ। ਦੁਨੀਆਂ ਦੇ ਪੱਧਰ ਤੇ ਸਮਝੀ ਜਾਂਦੀ ਬਣੀ ਹੋਈ ਭੱਲ ਜਾਂ ਬੱਲੇ ਬੱਲੇ ਉਨ੍ਹਾਂ ਦਾ ਵਹਿਮ ਹੀ ਰਹਿ ਜਾਂਦਾ ਹੈ। ਇਤਿਹਾਸ ਦੀਆਂ ਘਟਨਾਵਾਂ ਬਾਰੇ ਪੜ੍ਹਦਿਆਂ ਅਜਿਹਾ ਬਹੁਤ ਕੁੱਝ ਦੇਖਣ ਨੂੰ ਮਿਲਦਾ ਹੈ।

ਲੋਕਤੰਤਰ ਅੰਦਰ ਬਹੁਗਿਣਤੀ ਤੇ ਘੱਟਗਿਣਤੀ ਦਾ ਬਰਾਬਰ ਦਾ ਰੁਤਬਾ ਤੇ ਸਨਮਾਨ ਹੁੰਦਾ ਹੈ। ਕਿਸੇ ਵੀ ਧਰਮ ਨਿਰਪੱਖ ਰਾਜ ਅੰਦਰ ਧਾਰਮਕ, ਰਾਜਸੀ, ਸਮਾਜਕ ਜਾਂ ਸੱਭਿਆਚਾਰਕ ਵਖਰੇਵਿਆਂ ਕਰਕੇ ਕਿਸੇ ਨਾਲ ਵਿਤਕਰਾ ਹੋਵੇ ਤਾਂ ਰਾਜ ਦਾ ਫਰਜ਼ ਬਣ ਜਾਂਦਾ ਹੈ ਪੀੜਤ ਦੇ ਨਾਲ ਖੜ੍ਹੇ ਹੋਣਾ ਅਤੇ ਉਸਨੂੰ ਇਨਸਾਫ ਦੇਣਾ/ਦੁਆਉਣਾ। ਦੁਨੀਆਂ ਅੰਦਰ ਲੋਕਤੰਤਰ ਨੂੰ ਖੋਰਾ ਉਦੋਂ ਹੀ ਲੱਗਿਆ ਜਦੋ ਹਕੂਮਤਾਂ ਵਲੋਂ ਕਿਸੇ ਤਰ੍ਹਾਂ ਦੀਆਂ ਕੋਝਹੀਆਂ ਗਰਜਾਂ ਦੀ ਪੂਰਤੀ ਹਿਤ ਲੋਕਤੰਤਰੀ ਪਰੰਪਰਾਵਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਇਹ ਹੋਣਾ ਹੀ ਨਹੀਂ ਚਾਹੀਦਾ ਪਰ ਦੁਨੀਆਂ ਦੇ ਇਤਿਹਾਸ ਅੰਦਰ ਇਸ ਤਰ੍ਹਾਂ ਦੇ ਕਿੱਸੇ ਵੀ ਮਿਲਦੇ ਹਨ। ਵਰਤਮਾਨ ਸਮੇਂ ਅੰਦਰ ਵੀ ਜੇ ਉਹ ਮੁੜ ਦੁਹਰਾਏ ਜਾਂਦੇ ਹਨ ਤਾਂ ਮਨੁੱਖ ਨੇ ਇਤਿਹਾਸ ਤੋਂ ਕੀ ਸਿੱਖਿਆ?

ਕਿਸੇ ਵੀ ਰਾਜ ਦੀ ਸਿਆਸੀ ਜਾਂ ਸਮਾਜੀ ਬਣਤਰ ਨੂੰ ਦੁਨੀਆਂ ਦੇਖਦੀ ਹੈ। ਸਮਾਜਿਕ, ਆਰਥਿਕ ਤਰੱਕੀ ਤਾਂ ਤਾਨਾਸ਼ਾਹੀ ਵਾਲੇ ਰਾਜਾਂ ਵਿਚ ਵੀ ਨਹੀਂ ਰੁਕਦੀ, ਇਹ ਤਾਂ ਮਿਹਨਤਕਸ਼ ਲੋਕਾਂ ਦੇ ਖੂਨ-ਪਸੀਨੇ ਦਾ ਜਲੌਅ ਹੁੰਦਾ ਹੈ, ਉਹ ਖੁਸ਼ੀ ਨਾਲ ਕਰਨ ਜਾਂ ਧੱਕੇ ਨਾਲ ਕਰਵਾਇਆ ਜਾਵੇ। ਸਵਾਲ ਸਿਰਫ ਇਹ ਹੁੰਦਾ ਹੈ ਕਿ ਹੋਈ ਤਰੱਕੀ ਦਾ ਲਾਭ ਕਿਸ ਨੂੰ ਮਿਲਿਆ, ਹੋਏ ਵਿਕਾਸ ਨੇ ਕਿਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਹਾਸਾ ਜਾਂ ਰੌਣਕ ਲਿਆਂਦੀ। ਹੁਣ ਤੱਕ ਲੋਕਤੰਤਰ ਭਾਈਚਾਰਕ ਸਾਂਝ ਵਧਾਉਣ ਵਾਲਾ ਅਜਿਹਾ ਪ੍ਰਬੰਧ ਗਿਣਿਆਂ ਗਿਆ ਹੈ ਜਿੱਥੇ ਮਨੁੱਖੀ ਆਜ਼ਾਦੀਆਂ ਨੂੰ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਇਸ ਪ੍ਰਬੰਧ ਦਾ ਮਕਸਦ ਲੋਕਾਂ ਨੂੰ ਇਨਸਾਨ ਬਣਨ ਅਤੇ ਇਨਸਾਨਾਂ ਨਾਲ ਆਪਣੇ ਵਰਗਾ ਵਿਹਾਰ ਕਰਨ ਦਾ ਸਬਕ ਪੜ੍ਹਾਇਆ ਜਾਂਦਾ ਹੈ। ਇਹ ਤਾਂ ਅਸੀਂ ਬਚਪਨ ਤੋਂ ਹੀ ਸੁਣਦੇ ਆਏ ਹਾਂ ਕਿ ਕੋਈ ਵੀ ਚੰਗਾ ਰਾਜਪ੍ਰਬੰਧ ਚਲਾਉਣ ਵਾਸਤੇ ਪਹਿਲੀ ਸ਼ਰਤ ਇਨਸਾਨਸਾਜ਼ੀ ਹੁੰਦੀ ਹੈ, ਇਸ ਤੋਂ ਬਿਨਾਂ ਰਾਜ ਨੂੰ ਚਲਾਉਣ ਵਾਲੇ ਡੋਲ ਜਾਂਦੇ ਹਨ ਤੇ ਅਸਲੋਂ ਹੀ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ੀ ਸਾਬਤ ਹੁੰਦੇ ਹਨ। ਅਜਿਹਾ ਬਹੁਤ ਵਾਰ ਹੋਇਆ ਹੈ ਕਿ ਗਲਤ ਪ੍ਰਚਾਰ ਨਾਲ ਗੁਮਰਾਹ ਹੋ ਕੇ ਲੋਕ ਕਾਲੇ ਮਨਾਂ ਵਾਲੇ ਆਗੂਆਂ ਨੂੰ ਚੁਣ ਲੈਂਦੇ ਰਹੇ ਹਨ ਤੇ ਫੇਰ ਉਨ੍ਹਾਂ ਨੇ ਅਣਜਾਣੇ 'ਚ ਹੋਈ ਗਲਤੀ ਦਾ ਆਪਣੀਆਂ ਜਾਨਾਂ ਦੇ ਕੇ ਮੁੱਲ ਵੀ ਤਾਰਿਆ ਹੈ।

ਲੋਕਾਂ ਦੇ ਭਾਈਚਾਰੇ ਨੂੰ ਵੰਡਣ ਵਾਲੇ ਕਿਸੇ ਵੀ ਖੇਤਰ ਦੇ ਆਗੂਆਂ ਨੂੰ ਲੋਕਾਂ ਨੇ ਕਦੇ ਦਿਲੋਂ ਪ੍ਰਵਾਨ ਨਹੀਂ ਕੀਤਾ। ਇਤਿਹਾਸ ਨੇ ਸਦਾ ਹੀ ਉਨ੍ਹਾਂ ਨੂੰ ਖਲਨਾਇਕਾਂ ਅਤੇ ਨਫਰਤੀ ਸੌਦਾਗਰਾਂ ਦੇ ਰੂਪ ਵਿਚ ਚੇਤੇ ਰੱਖਿਆ ਹੈ। ਜਮਹੂਰੀ ਨਿਜ਼ਾਮ ਉਸੇ ਨੂੰ ਹੀ ਕਿਹਾ ਜਾ ਸਕਦਾ ਹੈ ਜੋ ਹਰ ਕਿਸੇ ਨੂੰ ਬੋਲਣ ਦੀ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੀ ਨਾ ਹੋਵੇ ਉਸ ਦੀ ਰਾਖੀ ਵੀ ਕਰਦਾ ਹੋਵੇ। ਵਿਰੋਧੀ ਧਿਰ ਜਾਂ ਵਿਰੋਧੀ ਵਿਚਾਰਾਂ ਨੂੰ ਧੱਕੇ ਤੇ ਧੌਂਸ ਨਾ ਦਬਾਉਣਾ ਗੈਰ-ਲੋਕਤੰਤਰੀ ਹੁੰਦਾ ਹੈ। ਅਜਿਹੇ ਸਮੇਂ ਹਰ ਕਿਸੇ ਨੂੰ ਖਾਸ ਤੌਰ 'ਤੇ ਬੁੱਧੀਜੀਵੀਆਂ ਤੇ ਦੂਰਦਰਸ਼ੀ ਸੋਚ ਵਾਲੇ ਲੋਕਾਂ (ਥਿੰਕ ਟੈਂਕ) ਨੂੰ ਲੋਕਤੰਤਰ ਲਈ ਖਤਰਾ ਪੈਦਾ ਹੋ ਜਾਣ ਸਮੇਂ ਲੋਕਾਂ ਦੇ ਸੰਗ-ਸਾਥਨਾਲ ਮੈਦਾਨੇ ਨਿੱਤਰਨਾ ਪੈਂਦਾ ਹੈ। ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਲੋਕ ਰਾਜ ਦੀ ਰਾਖੀ ਵਾਸਤੇ ਮੱਥਿਆਂ ਵਿਚ ਗਿਆਨ ਦੇ ਜਗਦੇ ਦੀਵਿਆਂ ਵਾਲੇ ਲੋਕਾਂ ਨੇ ਚਾਨਣੀ ਸੋਚ ਲੈ ਕੇ ਹਮੇਸ਼ਾ ਹੀ ਆਪਣੀ ਆਵਾਜ਼ ਬੁਲੰਦ ਕੀਤੀ। ਇਤਿਹਾਸ ਅਜਿਹੇ ਲੋਕਾਂ ਨੂੰ ਸਦਾ ਹੀ ਸਮੇਂ ਦੇ ਸੂਰਮਿਆਂ ਵਜੋਂ ਚੇਤੇ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ।

## Charter rights for elderly patients are violated by Ford government's law coercing

# Elderly patients into long-term care homes against their will: Patient advocates file court challenge




Toronto – The Ontario Health Coalition and the Advocacy Centre for the Elderly have made a major step forward in their Charter Challenge to Bill 7, passed by the Ford government last summer. On Wednesday, April 12, 2023, the patient advocates filed a Notice of Application with the Ontario Superior Court of Justice challenging the legislation as contravening the Canadian Charter. The Application is supported by evidence from four expert physicians and a national expert in health services. The Coalition and ACE have been gathering evidence from patients and their substitute decision-makers in support of the Application. The Notice of Application, expert affidavits, and summaries are available online here.

Bill 7 overrides elderly patients' fundamental rights to privacy and informed consent, enabling hospitals and placement co-ordinators from the Home and Community Care Support Services (HCCSS) to share the patient's personal health information with an array of long-term care home operators and others without the patient's consent. The law applies to hospital patients who are deemed "Alternate Level of Care" (ALC). The law also enables hospitals and placement co-ordinators to coerce patients to move to long-term care homes that they do not want to live in because the home is unsafe, inappropriate or far away from family and friends.

If the patient refuses to move into such a home, the regulations enacted by the Ford government requires hospitals to charge them $400 per day. The regulations allow patients to be moved up to 70 km away in Southern Ontario or up to 150 km away in Northern Ontario (with an additional proviso that patients in the North can be moved even further away if there are no beds available within 150 km).

For most of these patients, this move will be the last of their lives and they will pass away in the long-term care facility that has been forced upon them.

The Ontario Health Coalition and the Advocacy Centre for the Elderly issued a statement summarizing their application to the court as follows:

Through absolutely no fault of their own, these patients find themselves the casualties of a health care system that is unable to provide the health care services they require because of the failures of Ontario governments to provide services at home, in long-term care and in hospitals that can properly provide for the treatment, care, safety and well-being of them.

Bill 7 singles out a particular cohort of older, ill and very vulnerable patients to be deprived of their right to informed consent about where they will live and the health care they receive. It authorizes the discharge from hospital of ALC patients, some of whom still require treatment in hospital, for admission to LTC homes that have not been willingly chosen or consented to by them, and that may not be capable of providing for their treatment, care, safety or well-being. It therefore results in needless physical and psychological suffering by and will hasten the deaths of some ALC patients.

In doing so, Bill 7 deprives these ALC patients of their right to life, liberty and security of the person under Section 7 of the Charter of Rights and Freedoms. Moreover, by denying them their right to consent in respect of the medical care they will receive, or to appeal or seek review of the actions of hospital and provincial officials, these deprivations do not accord with the principles of fundamental justice required by Section 7.

Furthermore, by singling out a cohort of very elderly patients to be deprived of rights that all other residents of Ontario enjoy, Bill 7 also deprives these patients of the right to equality under Section 15 of the Charter which makes clear that every individual in Canada – regardless of race, religion, national or ethnic origin, colour, sex, age or physical or mental disability – is to be treated with the same respect, dignity, and consideration.

There are many things that the provincial government can do to reduce competing demands for acute care hospital beds while improving the quality of care for patients, but Bill 7 is not one of them. Instead, the government should:

provide sufficient and reliable home and community care services, including palliative care, that would allow individuals to remain in their homes and obviate their need to seek hospital admission, or admission to a LTC home;

increase funding for, and the capacity, suitability and effective organization of hospital services to better meet the needs of ALC patients that cannot be properly provided for either at home, in the community, or in a LTC home. These are services hospitals have historically provided, but that have suffered from successive funding constraints even while the need has increased; and

increase funding for and oversight of LTC beds to ensure that Ontario LTC homes provide quality of care for all Ontario residents that require such care.

The Ontario Health Coalition is raising funds to support this legal challenge under the Charter of Rights and Freedoms and is asking Ontarians who are able to donate here.

# Letter to federal political leaders regarding Exclusion order Student

Open Communication to all elected Member of Parliament to bring to the attention of Immigration Minister for review of Canadian immigration system.

Exclusion Order was issued recently to many international students whereas same set of students were provided with study visa permit by Visa officers from the Canadian embassy when they applied for student visa. Now after spending their hard-earned money in the Canadian educational institutions, having worked on work permit for many years, provided great support to community during COVID-19 time by keeping the businesses open and running.

Now during processing of their PR applications, the PR application is rejected, and EXCLUSION Order issued on account of providing fake documents at the beginning of application submission in 2018 or earlier it doesn't look right because Canadian Visa office in Delhi/Chandigarh was the one to accept their documents and provided study visa on behalf of that.

The Officers at visa post failed to perform their Due-Diligence for verification of documents and now they are blaming the international students for this.

We request all elected Members of Parliament to lobby with Minister of Immigration to reconsider its decision for Exclusion order given to these students, now on work permits a chance for mercy plea.

If anyone have any question or need more information, please do not hesitate to ask, how we can support in your lobbying to the immigration minister.


Kind regards,

Mandeep Singh – Social Concerns, Charanjit Singh - Brar Radio Host Nagara, Baldev Rahepa - Tarksheel Society Canada, Harinder Hundal - Indo-Canadian Workers Association, Harparminderjit Gadri - Alliance of Progressive Canadian (APC), Kulwinder Khaira - Kalma Da Kafala, Master Bhajan Singh - Progressive Cultural Association of Calgary, Kamalpreet Phander – Progressive Kala much Calgary, Harcharan Parhar - Sikh Virsha International, Harnek Dhaliwal - Punjabi Literary and Cultural Association, Winnipeg, Chief Editor Harbans Singh-Sarokaran di Awaz (Pro-People Arts Project Media Group, Canada), Parvasi Punjabi Pensioners' Welfare Association, Ontario, Canada. Er Baldev Singh Brar, President, Prof Jagir Singh Kahlon, General Secretary. Avtar Gill - Tarksheel (Rational) Society Canada, Surrey BC, Harbhajan Cheema – East Indian Defense committee Surrey BC, Iqbal Purewal - Shaheed Bhagat Singh Memorial Run Society Surrey BC, Santokh Dhesi - Shaheed Mewa Singh Sports and Cultural Association Surrey BC, Parminder Swaich - Progressive Art Club Surrey, Ramanjit Kaur - International Youth Student Organization, Harinder Singh - Montreal Youth Student Organization, Bikram Kulewal - Naujwan Support Network, Ana - Unkabian - Sirome Fightback, Migrant Student United, Canadian of Federation Student, Young Communist League of Canada, United Migrants Front

# Recession in Canadian Economy, profits for big corporates



-David



High inflation, a looming recession, supply-chain uncertainty—the Canadian economy is on a bit of a roller coaster right now and federal government finances are no exception. This time, there's good news: the federal government released its annual Fall Economic Statement on November 3, revealing a revenue windfall of $30 billion—enough to cut the deficit in half this year.

Inflation may be bad for consumers, but it's great for corporate profits, which just hit 20 per cent of GDP—a new record. The federal government charges income tax on that and half of the new revenue in this fiscal update came in the form of new corporate income taxes. Another $10 billion in revenue came from additional personal income taxes.

During the inflationary period following the onset of the pandemic, corporate profits have captured record high proportion of our economy. Inflation has been great for corporations but also for government coffers from rising corporate income taxes.

That means the deficit would have fallen from $53 billion to $23 billion without any spending changes in this fiscal update. But some new spending was announced, so the bottom line is that the federal deficit will drop to $36 billion—still much lower than the $53 billion deficit projected in the spring of 2022.

That rush of unexpected revenue leaves the federal government in good shape to make courageous political decisions to fix glaring problems on files such as health care and long-term care, but there is little new to cheer in this update. Finance Minister Chrystia Freeland re-announced a few new investments: $500 for low-income renters, a doubling of the GST credit for two payments, and dental insurance for children.

**New fiscal update announcements-** Going forward, low-income workers can get half of the Canada Workers Benefit in advance instead of waiting until the end of the year when they file taxes.

The federal government is also permanently eliminating interest on student and apprenticeship loans, which was temporarily suspended during the pandemic and is literally the very least the government could do for students.

Canada has been dragged kicking and screaming by the U.S. into providing a new tax credit for clean tech—a direct reaction to the Inflation Reduction Act, which is a signature piece of legislation by the Biden administration. This new tax credit, called the Investment Tax Credit for Clean Technologies, will support things like solar power generation, grid scale batteries, low-carbon heating at industrial scale and electric fleet vehicles. Importantly, applicants only get the full clean tech credit if they provide good jobs (definition is to be determined).

The federal government also announced an interesting new tax on corporate share buybacks, which is one way that companies pay their profits back to shareholders. However, companies are still able to transfer those profits back to shareholders, rather than reinvesting via other means, like dividend payments. Baby steps, though the tax is double what the U.S. is implementing.

This new tax measure won't raise much money but it's an important symbol—a recognition that corporate Canada isn't reinvesting profits in the productivity of their companies or the economy; instead giant corporations are lining shareholders' pockets. This, along with the increase in corporate rates for the banks, signals a less accommodating environment for the corporate sector—if only slightly.

The rest of the fiscal update simply signalled caution.

**Recession clock ticks away-**The federal government, like the Bank of Canada, sees recession clouds on the horizon—mostly because the Bank is engineering a looming recession through interest rate hikes.

The federal government anticipates that the unemployment rate will climb from 5.4 per cent, on average, this year and rise to 6.1 per cent next year. It anticipates that the unemployment rate will remain static at that level for a few years. That would represent an increase of about 150,000 more jobless Canadians. But a 6.1 per cent unemployment rate is still very low historically and premised on the expectation of a very mild recession. Time will tell if that's an optimistic projection.

With these recession clouds on the horizon, the federal government appears resistant to learning the lessons of the pandemic. One of those lessons is that strong support for the jobless sets our economy up for a rapid recovery. But the pandemic supports for unemployed workers—such as improvements to Employment Insurance—have expired.

The federal government has been overseeing an EI review all year, examining how they might change the system. But even with predictions of an economic downturn, the federal government has yet to move forward with rapid and meaningful change on this file.

And the recession clock is ticking.

**The courage deficit-** There are plenty of other major social and economic issues that didn't make the cut in this statement. Canadians across the country are facing huge difficulties accessing health care. There still are no national standards for long-term care—never mind the funding to go with them.

Despite everything announced since the 2022 budget and in Thursday's fiscal update, the deficit this year is still $17 billion lower than announced in the spring projections and it will be $10 billion lower next year. This is real money.

If the federal government was fine with those deficits six months ago, then there is plenty of fiscal room that could have been put to use addressing any number of pressing issues in Canada. Instead, the federal government has decided to stay the course, even in the face of a cash windfall and looming recession. We aren't short on money—we're short on political courage.

(David Macdonald is a senior economist with the Canadian Centre for Policy Alternatives' National Office)

# 20 ਸਾਲਾਂ ਦੀ ਸੇਵਾ ਤੋਂ ਬਾਅਦ ਉੱਕਾ ਪੁੱਕਾ ਛੇ ਹਜ਼ਾਰ ਤੇ ਹੋਈ ਰਿਟਾਇਰਮੈਂਟ

## • ਇਕ ਲੱਖ ਤੋਂ ਉਪਰ ਰਾਸ਼ੀ ਸੇਵਾ ਮੁਕਤ ਅਧਿਆਪਕਾਂ ਨੂੰ ਕੀਤੀ ਪਿਆਰ ਸਹਿਤ ਭੇਂਟ • ਹਰਾ ਪੈੱਨ ਚਲਾਉਣ ਵਾਲੀ ਸਰਕਾਰ ਚੁੱਪ

ਜਗਰਾਉਂ, (ਜੋਗਿੰਦਰ ਅਜ਼ਾਦ) ਪਿਛਲੇ ਲੰਬੇ ਸਮੇਂ ਤੋਂ ਸਿਰ਼ਫ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਲੈ ਕੇ ਸਿੱਖਿਆ ਵਿਭਾਗ ਚ ਕੰਮ ਕਰ ਰਹੇ ਕਈ ਸਿੱਖਿਆ ਵਲੰਟੀਅਰ ਹੁਣ ਰਿਟਾਇਰਮੈਂਟ ਵਾਲੀ ਉਮਰ ਤੱਕ ਵੀ ਆ ਪੁੱਜ ਰਹੇ ਹਨ। ਸਿਰ਼ਫ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਨਿਭਾਈ ਸੇਵਾ ਬਦਲੇ ਨਾ ਕੋਈ ਪੈਨਸ਼ਨ ਨਾ ਹੀ ਕਿਸੇ ਤਰ੍ਹਾਂ ਦਾ ਹੋਰ ਫੰਡ ਇਨ੍ਹਾਂ ਨੂੰ ਮਿਲੇਗਾ। ਬੱਸ ਖਾਲੀ ਹੱਥ ਘਰ ਜਾਣ ਲਈ ਮਜਬੂਰ ਹੋ ਰਹੇ ਹਨ। ਅਜਿਹੇ ਸਮੇਂ ਅਧਿਆਪਕ ਜੱਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਜਗਰਾਉਂ ਨੇ ਅਹਿਮ ਫੈਸਲਾ ਲੈਂਦਿਆਂ ਇਨ੍ਹਾਂ ਰਿਟਾਇਰ ਹੋ ਰਹੇ ਅਧਿਆਪਕਾਂ ਨੂੰ ਸਨਮਾਨਯੋਗ ਵਿਦਾਇਗੀ ਦੇਣ ਦਾ ਫੈਸਲਾ ਕੀਤਾ। ਇਸੇ ਤਹਿਤ ਬਲਾਕ ਜਗਰਾਉਂ ਦੇ ਦੋ ਵਲੰਟੀਅਰ ਅਧਿਆਪਕਾਂ ਸ੍ਰੀਮਤੀ ਬਬਲੀ ਦੇਵੀ ਅਤੇ ਸ੍ਰੀਮਤੀ ਜਸਵੀਰ ਕੌਰ ਨੂੰ ਯਾਦਗਾਰੀ ਵਿਦਾਇਗੀ ਪਾਰਟੀ ਦਿੱਤੀ ਗਈ।

ਇਸ ਸਮਾਰੋਹ ਨੂੰ ਬਲਾਕ ਦੇ ਸਮੂਹ ਅਧਿਆਪਕਾਂ ਦੀ ਸਹਾਇਤਾ ਰਾਸ਼ੀ ਨਾਲ ਸੰਪੰਨ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ ਤੇ ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਹਰਜੀਤ ਸਿੰਘ ਸੁਧਾਰ ਅਤੇ ਸਿੱਧਵਾਂ ਬੇਟ ਦੇ ਪ੍ਰਧਾਨ ਸੁਖਦੇਵ ਸਿੰਘ ਹਠੂਰ ਤੋਂ ਇਲਾਵਾ ਕਿਸਾਨ ਆਗੂ ਰਾਮਸ਼ਰਨ ਅਤੇ ਮਜ਼ਦੂਰ ਆਗੂ ਬਲਦੇਵ ਸਿੰਘ ਅਤੇ ਸੀਨੀਅਰ ਟੀਚਰਜ਼ ਫੋਰਮ ਵੱਲੋਂ ਜੋਗਿੰਦਰ ਆਜ਼ਾਦ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਵਲੰਟੀਅਰ ਅਧਿਆਪਕਾਂ ਵੱਲੋਂ ਸਕੂਲਾਂ 'ਚ ਨਿਭਾਏ ਸ਼ਾਨਦਾਰ ਰੋਲ ਲਈ ਧੰਨਵਾਦ ਕੀਤਾ ਉਥੇ ਹੀ ਸਰਕਾਰ ਤੇ ਵੀ ਰੋਸ ਪ੍ਰਗਟ ਕੀਤਾ ਕਿ ਲੰਬਾ ਸਮਾਂ ਲੰਘ ਜਾਣ ਦੇ ਬਾਵਜੂਦ ਇਨ੍ਹਾਂ ਅਧਿਆਪਕਾਂ ਨੂੰ ਪੱਕੇ ਨਹੀਂ ਕੀਤਾ ਗਿਆ। ਕਿਸਾਨ ਆਗੂ ਰਾਮਸ਼ਰਨ ਨੇ ਵੀ ਅਧਿਆਪਕਾਂ ਨੂੰ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਸੰਘਰਸ਼ ਦਾ ਰਾਹ ਫੜਨ ਦਾ ਸੱਦਾ ਦਿੱਤਾ। ਸੀਨੀਅਰ ਟੀਚਰਜ਼ ਫੋਰਮ ਵੱਲੋਂ ਬੋਲਦਿਆਂ ਜੋਗਿੰਦਰ ਆਜ਼ਾਦ ਨੇ ਕਿਹਾ ਕਿ ਇਹ ਸਨਮਾਨ ਸਮਾਰੋਹ ਸਰਕਾਰ ਅਤੇ ਅਫਸਰਸ਼ਾਹੀ ਦੇ ਮੂੰਹ ਤੇ ਚਪੇੜ ਵੀ ਹੈ। ਬੀਤੇ ਸਮੇਂ 'ਚ ਕੀਤੇ ਘੋਲਾਂ ਤੋਂ ਸਿੱਖਿਆ ਲੈਣ ਦਾ ਸੁਨੇਹਾ ਦਿੱਤਾ ਅਤੇ ਕਿਹਾ ਕਿ ਵਲੰਟੀਅਰ ਅਧਿਆਪਕਾਂ ਦੀਆਂ ਜੱਥੇਬੰਦੀਆਂ ਨੂੰ ਇੱਕਜੁਟ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ।

ਜਨਰਲ ਸਕੱਤਰ ਹਰਜੀਤ ਸਿੰਘ ਸੁਧਾਰ ਨੇ ਇਸ ਮੌਕੇ ਅਧਿਆਪਕਾਂ ਨੂੰ ਇਕੱਠੇ ਹੋ ਕੇ ਸਰਕਾਰ ਦੇ ਹਮਲਿਆਂ ਦਾ ਸਾਹਮਣਾ ਕਰਨ ਦੀ ਗੱਲ ਕਹੀ ਨਾਲ ਹੀ ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਚੁੱਕਾ ਹੈ ਕਿ ਔਰਤ ਅਧਿਆਪਕਾਂ ਨੂੰ ਵੀ ਸੰਘਰਸ਼ ਦੇ ਮੈਦਾਨ ਚ ਅੱਗੇ ਆਉਣਾ ਚਾਹੀਦਾ ਹੈ। ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਨੇ ਇਸ ਮੌਕੇ ਬੜੇ ਭਾਵਪੂਰਤ ਭਾਸ਼ਣ ਚ ਅਧਿਆਪਕਾਂ ਨੂੰ ਸਰਕਾਰ ਦੀਆਂ ਨੀਤੀਆਂ ਵਿਰੁੱਧ ਡਟਣ ਦਾ ਸੱਦਾ ਦਿੱਤਾ। ਉਹਨਾਂ ਇਕ ਉਦਾਹਰਨਾਂ ਦਿੰਦੇ ਦਸਿਆ ਕਿ ਕਈ ਅਧਿਆਪਕ ਸਕੂਲ ਸਮੇਂ ਤੋਂ ਪਹਿਲਾਂ ਅਤੇ ਬਾਅਦ 'ਚ ਮਜਦੂਰੀ ਕਰਦੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਜੋ ਸਕੂਲ ਆਫ ਐਮੀਨੈਂਸ ਅਤੇ ਪੀ ਐੱਮ ਸ੍ਰੀ ਰਾਹੀਂ ਸਕੂਲਾਂ ਚ ਨਵੀਆਂ ਨੀਤੀਆਂ ਲਾਗੂ ਕਰ ਰਹੀ ਹੈ ਉਹ ਕਿਸੇ ਤਰ੍ਹਾਂ ਵੀ ਵਿਦਿਆਰਥੀਆਂ ਅਤੇ ਸਮਾਜ ਦੇ ਹੱਕ ਵਿੱਚ ਨਹੀਂ। ਸਿੱਖਿਆ ਨੀਤੀ 2020 ਨਾਲ ਵੀ ਭਗਵਾਂਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਵਲੰਟੀਅਰ ਅਧਿਆਪਕਾਂ ਨੂੰ ਛੇਤੀ ਪੱਕੇ ਕੀਤਾ ਜਾਵੇ ਨਹੀਂ ਤਾਂ ਪੰਜਾਬ ਪੱਧਰ ਤੇ ਇਸ ਸਬੰਧੀ ਰਾਜਪੱਧਰੀ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਬਲਾਕ ਪ੍ਰਧਾਨ ਅਤੇ ਸੀਨੀਅਰ ਜਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਸਿੱਧੂ ਨੇ ਲਗਪਗ ਵੀਹ ਸਾਲਾਂ ਤੋਂ ਸਕੂਲਾਂ ਚ ਕੰਮ ਕਰ ਰਹੇ ਇਨ੍ਹਾਂ ਵਲੰਟੀਅਰ ਅਧਿਆਪਕਾਂ ਦੇ ਦੁੱਖ ਤਕਲੀਫ਼ਾਂ ਦਾ ਜ਼ਿਕਰ ਕੀਤਾ। ਤਾਂ ਹਾਜਰੀਨ ਦੀਆਂ ਅੱਖਾਂ ਭਰ ਗਈਆ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਵੀ ਇਨ੍ਹਾਂ ਅਧਿਆਪਕਾਂ ਨਾਲ ਭੱਦਾ ਮਜ਼ਾਕ ਹੀ ਕੀਤਾ ਹੈ, ਕਿਉਂਕਿ ਮੌਜੂਦਾ ਮੁੱਖ ਮੰਤਰੀ ਵੱਲੋਂ ਕਿਹਾ ਗਿਆ ਸੀ ਕਿ ਸਰਕਾਰ ਬਣਦਿਆਂ ਸਭ ਤੋਂ ਪਹਿਲਾ ਕੰਮ ਇਨ੍ਹਾਂ ਅਧਿਆਪਕਾਂ ਅਤੇ ਹੋਰ ਠੇਕੇ ਤੇ ਲੱਗੇ ਕਰਮਚਾਰੀਆਂ ਨੂੰ ਪੱਕਿਆਂ ਕਰਨਾ ਹੋਵੇਗਾ। ਪਰ ਸਰਕਾਰ ਬਣਿਆ ਨੂੰ ਇੱਕ ਸਾਲ ਲੰਘ ਚੁੱਕਾ ਹੈ ਪਰ ਅਜੇ ਤੱਕ ਇਹ ਵਾਅਦਾ ਪੂਰਾ ਨਹੀਂ ਕੀਤਾ। ਹੁਣ ਤਾਂ ਇਹ ਅਧਿਆਪਕ ਰਿਟਾਇਰ ਹੋਣ ਵਾਲੀ ਉਮਰ ਵੱਲ ਵੀ ਚੱਲ ਪਏ ਹਨ। ਇਨ੍ਹਾਂ ਅਧਿਆਪਕਾਂ ਨੂੰ ਆਪਣੀ ਜ਼ਿੰਦਗੀ ਚਲਾਉਣ ਲਈ ਹੁਣ ਸਕੂਲ ਚ ਕੀਤੇ ਕੰਮ ਤੋਂ ਬਿਨ੍ਹਾਂ ਖਾਲੀ ਸਮੇਂ 'ਚ ਮਜ਼ਦੂਰੀ ਵੀ ਕਰਨੀ ਪੈ ਰਹੀ ਹੈ ਤਾਂ ਜੋ ਘਰ ਦਾ ਗੁਜ਼ਾਰਾ ਚੱਲ ਸਕੇ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਵੀ ਅਧਿਆਪਕਾਂ ਨੂੰ ਇੱਕਮੁੱਠ ਹੋ ਕੇ ਸਰਕਾਰ ਵਿਰੁੱਧ ਲੜਨ ਦਾ ਸੱਦਾ ਦਿੱਤਾ। ਅੱਜ ਦੇ ਇਸ ਸਮਾਗਮ ਵਿੱਚ ਕਈ ਵਾਰੀ ਮਹੌਲ ਬਹੁਤ ਗਮਗੀਨ ਹੋਇਆ ਜਦੋਂ ਵਲੰਟੀਅਰ ਅਧਿਆਪਕਾਂ ਮੈਡਮ ਰਜਨੀ, ਮੈਡਮ ਸੁਖਵਿੰਦਰ ਕੌਰ, ਮੈਡਮ ਕਰਮਜੀਤ ਕੌਰ ਨੇ ਸਿਰ਼ਫ ਛੇ ਹਜ਼ਾਰ ਰੁਪਏ ਤਨਖਾਹ ਹੋਣ ਕਰਕੇ ਸਹਿ ਰਹੇ ਦੁੱਖਾਂ ਦਾ ਵਰਨਣ ਕੀਤਾ। ਇੱਕ ਮਜ਼ਦੂਰ ਵੀ ਹੁਣ ਦਿਹਾੜੀ ਦਾ ਮੁੱਲ ਘੱਟੋ-ਘੱਟ ਪੰਜ ਸੌ ਰੁਪਏ ਲੈਂਦਾ ਹੈ ਅਤੇ ਇਹ ਅਧਿਆਪਕ ਸਿਰ਼ਫ ਦੋ ਸੌ ਰੁਪਏ ਦਿਹਾੜੀ ਤੇ ਕੰਮ ਕਰ ਰਹੇ ਹਨ। ਹਾਲਾਂਕਿ ਇਨ੍ਹਾਂ ਕੋਲ ਹਰ ਤਰ੍ਹਾਂ ਦੀ ਡਿਗਰੀ ਮੌਜੂਦ ਹੈ। ਅੱਜ ਦੇ ਇਸ ਸਮਾਰੋਹ ਵਿੱਚ ਇੱਕ ਵਲੰਟੀਅਰ ਅਧਿਆਪਕ ਇਸ ਕਰਕੇ ਹਾਜ਼ਰ ਨਹੀਂ ਹੋ ਸਕਿਆ ਕਿਉਂਕਿ ਉਸਨੇ ਇੱਕ ਜਗ ?ਹਾ ਮਜ਼ਦੂਰੀ ਕਰਨ ਜਾਣਾ ਸੀ। ਜੇਕਰ ਸਮਾਜ ਨੂੰ ਸੇਧ ਦੇਣ ਵਾਲੇ ਕੌਮ ਦੇ ਨਿਰਮਾਤਾ ਦਾ ਇਹ ਹਾਲ ਹੈ ਤਾਂ ਇਸ ਦੇਸ ਦਾ ਕੀ ਭਵਿੱਖ ਹੋਵੇਗਾ ਇਹ ਸੋਚਿਆ ਜਾ ਸਕਦਾ ਹੈ। ਇੰਨੇ ਦੁੱਖ ਤਕਲੀਫ਼ਾਂ ਸਹਿਣ ਦੇ ਬਾਵਜੂਦ ਵੀ ਇਹ ਅਧਿਆਪਕ ਹਿੰਮਤ ਨਹੀਂ ਹਾਰ ਰਹੇ ਸਗੋਂ ਹੋਰ ਵੀ ਮਿਹਨਤ ਕਰਕੇ ਜੋ ਬੱਚੇ ਉਨ੍ਹਾਂ ਕੋਲ ਆਉਂਦੇ ਹਨ ਉਨ੍ਹਾਂ ਦਾ ਭਵਿੱਖ ਸੰਵਾਰਨ ਦੀ ਕੋਸ਼ਿਸ਼ ਕਰਦੇ ਹਨ। ਰਿਟਾਇਰ ਹੋ ਰਹੇ ਦੋਨੋਂ ਅਧਿਆਪਕਾਂ ਦੇ ਆਪਣੇ ਬੱਚੇ ਵੀ ਬਹੁਤ ਲਾਇਕ ਹਨ। ਇਨ੍ਹਾਂ ਨੇ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪ੍ਰੋਫੈਸਰ, ਵਕੀਲ ਬਣਾਇਆ ਹੈ। ਰਿਟਾਇਰ ਹੋਏ ਦੋਨਾਂ ਅਧਿਆਪਕਾਂ ਨੇ ਡੀ.ਟੀ.ਐੱਫ. ਜੱਥੇਬੰਦੀ ਅਤੇ ਸਮੂਹ ਅਧਿਆਪਕਾਂ ਦਾ ਧੰਨਵਾਦ ਕੀਤਾ ਕਿ ਸਰਕਾਰ ਨੇ ਤਾਂ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਪਰ ਜੱਥੇਬੰਦੀ ਨੇ ਆਪਣੇ ਅਧਿਆਪਕਾਂ ਦਾ ਬਹੁਤ ਸੋਹਣਾ ਸਾਥ ਦਿੱਤਾ ਹੈ ਅਤੇ ਇਸ ਸਨਮਾਨਯੋਗ ਵਿਦਾਇਗੀ ਕਰਨ ਲਈ ਜੱਥੇਬੰਦੀ ਦਾ ਧੰਨਵਾਦ ਕੀਤਾ। ਇਸ ਮੌਕੇ ਇਨ੍ਹਾਂ ਅਧਿਆਪਕਾਂ ਨੂੰ ਸਨਮਾਨ ਚਿੰਨ੍ਹ, ਤੋਹਫੇ ਅਤੇ ਇਕਵੰਜਾ ਹਜ਼ਾਰ ਗ2 (ਭਾਵ ਇਕ ਲੱਖ ਤੋ ਉਪਰ ਰੁਪਏ )ਦੋਨਾਂ ਅਧਿਆਪਕਾਂ ਨੂੰ ਭੇਂਟ ਕੀਤੇ ਗਏ। ਸਟੇਜ ਸਕੱਤਰ ਵਜੋਂ ਸੁਧੀਰ ਝਾਂਜੀ ਨੇ ਭੂਮਿਕਾ ਨਿਭਾਈ। ਇਸ ਮੌਕੇ ਹੋਰਨਾਂ ਤੋਂ ਬਿਨ੍ਹਾਂ ਰਾਣਾ ਆਲਮਦੀਪ, ਤੁਲਸੀ ਦਾਸ, ਸਤਨਾਮ ਸਿੰਘ , ਹਰਦੀਪ ਸਿੰਘ ਕਾਉਂਕੇ, ਸਰਬਜੀਤ ਸਿੰਘ ਤੂਰ, ਹਰਦੀਪ ਸਿੰਘ ਸਿੱਧਵਾਂ ਬੇਟ, ਮੈਡਮ ਸ਼ੈਲੀ, ਸੋਨੀਆ, ਰੇਖਾ, ਅਨੀਤਾ, ਭਜਨ ਸਿੰਘ , ਗੋਲਡੀ ਗਾਲਿਬ, ਸੰਦੀਪ ਸਿੰਘ, ਅਸ਼ੋਕ ਭੰਡਾਰੀ, ਗੁਰਮੀਤ ਸਿੰਘ, ਰਮਨਦੀਪ ਕੌਰ, ਸੁਮਨ ਬਾਲਾ, ਨੇਹਾ ਅਰੋੜਾ, ਕੁਸਮ ਸ਼ਰਮਾ ਸਮੇਤ ਵੱਡੀ ਗਿਣਤੀ ਚ ਅਧਿਆਪਕਾਂ ਨੇ ਹਾਜ਼ਰੀ ਲਗਾਈ। ਦਵਿੰਦਰ ਸਿੰਘ ਸਿੱਧੂ ਨੇ ਉਕਤ ਜਾਣਕਾਰੀ ਦਿੰਦੇ ਦਸਿਆ ਕਿ 30 ਅਪ੍ਰੈਲ ਨੂੰ ਲੁਧਿਆਣਾ ਵਿਖੇ ਜ਼ਿਲ੍ਹਾ ਪੱਧਰ ਦੀ ਚੇਤਨਾ ਕਨਵੈਨਸ਼ਨ ਕੀਤੀ ਜਾਵੇਗੀ।





ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91=98725-44738
001-403-285-4208

*ਮਈ ਦਿਵਸ*

# ਮਜਦੂਰਾਂ ਦੀ ਯਾਦ, ਸੰਘਰਸ਼ ਅਤੇ ਲੜਾਈ ਦਾ ਦਿਨ

*ਦੁਨੀਆ ਜਿਸ ਕਿਸਮ ਨਾਲ ਇਸ ਸਮੇਂ ਸੰਕਟਗ੍ਰਸਤ ਹੈ। ਦੁਨੀਆ ਭਰ ਦਾ ਕੋਈ ਵੀ ਕੋਨਾ ਅਜਿਹਾ ਨਹੀਂ ਬਚਿਆ ਜਿਥੇ ਦੇਸ਼, ਇਲਾਕੇ, ਕਾਰਖਾਨੇ, ਖੇਤ ਅਤੇ ਦਫ਼ਤਰ ਸੰਘਰਸ਼ਾਂ ਦੇ ਅਖਾੜੇ ਨਾ ਬਣੇ ਹੋਏ ਹੋਣ। ਇਤਿਹਾਸਕਾਰ ਇਹ ਲਿਖਦੇ ਹਨ ਕਿ ਸਮੁੱਚੀ ਦੁਨੀਆ ਦਾ ਕਿਰਤੀ ਆਰਥਿਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਅਤੇ ਹੁਕਮਰਾਨ ਅਜੋਕੇ ਸੰਕਟ 'ਚੋਂ ਨਿਕਲਣ ਲਈ ਜੰਗਾਂ ਅਤੇ ਸੱਜੇ ਪੱਖੀ ਰਾਜਨੀਤੀ ਨੂੰ ਅਪਣਾ ਰਹੇ ਹਨ। ਜਿਸ ਵਿਚ ਕਾਰਪੋਰੇਟ ਘਰਾਣੇ ਉਨ੍ਹਾਂ ਦਾ ਸਾਥ ਦੇ ਰਹੇ ਹਨ। ਇਸ ਕਰਕੇ ਦੁਨੀਆ ਦੇ ਕਿਰਤੀਆਂ ਕੋਲ ਆਪਣੇ ਸੰਘਰਸ਼ਾਂ ਨੂੰ ਜਥੇਬੰਦ ਕਰਨ ਅਤੇ ਇਕਜੁਟ ਹੋ ਕੇ ਲੜਾਈ ਲੜਨ ਤੋਂ ਬਿਨਾਂ ਕੁਝ ਵੀ ਨਹੀਂ ਬਚਿਆ। ਮਈ ਦਿਵਸ ਇਸ ਕਾਰਜ ਲਈ ਇਕ ਕਿਸਮ ਨਾਲ ਮਜਦੂਰਾਂ ਦਾ ਸੰਘਰਸ਼ਾਂ ਨੂੰ ਇਕਜੁਟ ਕਰਕੇ ਅਗਾਂਹ ਵਧਾਉਣ ਦਾ ਦਿਵਸ ਹੈ। – ਸੰਪਾਦਕ*




ਅੱਜ ਤੋਂ 137-ਸਾਲ ਪਹਿਲਾਂ ਅਮਰੀਕਾ ਦੇ ਸਨਅੱਤੀ ਸ਼ਹਿਰ "ਸ਼ਿਕਾਗੋ" ਵਿਖੇ ਮਈ-1886 ਨੂੰ 8-ਘੰਟੇ ਦੀ ਡਿਊਟੀ ਨਿਸ਼ਚਿਤ ਕਰਵਾਉਣ ਲਈ ਕਿਰਤੀਆਂ ਵਲੋਂ ਮਿੱਲ ਮਾਲਕਾਂ ਵਿਰੁੱਧ ਲੜੇ ਸੰਘਰਸ਼ਾਂ ਦੌਰਾਨ ਜਾਬਰ ਹਾਕਮਾਂ ਹੱਥੋਂ ਸ਼ਹੀਦ ਹੋਏ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਗੂਆਂ ਦੀ ਯਾਦ ਵਿੱਚ ਹਰ ਵਰ੍ਹੇ, ਪਹਿਲੀ ਮਈ 'ਤੇ ਸੰਸਾਰ ਭਰ ਦੇ ਕਿਰਤੀਆਂ ਵਲੋਂ ਇਨਕਲਾਬੀ ਸ਼ਰਧਾਂਜਲੀਆਂ ਅਰਪੱਣ ਕਰਕੇ ਇਸ ਦਿਨ 'ਤੇ ਇਤਿਹਾਸਿਕ ਬਰਾਬਰਤਾ ਦੇ ਨਿਆ ਅਧੀਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਹੱਕਾਂ ਦੀ ਬਰਾਬਰਤਾ ਦੇ ਮਿਲਨ ਨੂੰ ਅਗੇ ਖੜਨ ਲਈ ਪਿਛਲੇ ਸੰਘਰਸ਼ਾਂ ਦਾ ਲੇਖਾ-ਜੋਖਾ, ਕਰਦੇ ਹੋਏ ਆਉਣ ਵਾਲੇ ਸਮੇਂ ਲਈ ਨਵੇਂ ਟਿੱਚੇ ਨਿਰਧਾਰਿਤ ਕਰਦੀ ਹੈ ਅਤੇ ਪੇਸ਼ ਚੁਣੌਤੀਆਂ ਦੇ ਮੁਕਾਬਲੇ ਲਈ ਤਿਆਰ ਕਰਦੀ ਹੈ। ਮਨੁੱਖ ਆਪਣੀ ਹੋਂਦ ਤੋਂ ਹੀ ਸਿਰਜੇ ਮਨੁੱਖੀ ਸਮਾਜ ਦੇ ਇਤਿਹਾਸ ਵਿੱਚ ਸੰਘਰਸ਼ਾਂ ਰਾਹੀਂ ਹੀ ਅੱਜ ਇੱਥੇ ਪੁੱਜਿਆ ਹੈ। ਸੰਘਰਸ਼ ਹੀ ਕਿਰਤੀ ਦੀ ਆਸਥਾ ਦਾ ਫਲ ਹੈ।

ਕਿਰਤੀ ਸ਼੍ਰੇਣੀ ਦੀ ਜੱਦੋ-ਜਹਿਦ ਦਾ ਇਕ ਬਹੁਤ ਹੀ ਲੰਬਾ ਅਤੇ ਪੁਰਾਣਾ ਇਤਿਹਾਸ ਹੈ। 1886 ਨੂੰ ਸ਼ਿਕਾਗੋ ਸ਼ਹਿਰ ਅੰਦਰ ਕਿਰਤੀਆਂ ਨੇ ਮਾਲਕਾਂ ਵਲੋਂ ਕੀਤੀ ਜਾਂਦੀ ਧੱਕੇਸ਼ਾਹੀ ਵਿਰੁੱਧ 8-ਘੰਟੇ ਡਿਊਟੀ, ਕੰਮ ਦੌਰਾਨ ਬਿਹਤਰ ਹਲਾਤਾਂ, ਹਫ਼ਤਾਵਾਰੀ ਛੁੱਟੀ, ਇਸਤਰੀ ਕਾਮਿਆ ਨੂੰ ਬਰਾਬਰ ਕੰਮ ਬਦਲੇ ਬਰਾਬਰ ਉਜਰਤਾ ਅਤੇ ਬਾਲ ਮਜ਼ਦੂਰੀ ਨੂੰ ਖਤਮ ਕਰਨ ਆਦਿ ਮੰਗਾਂ ਨੂੰ ਲੈਕੇ 'ਕੇਂਦਰੀ ਲੇਬਰ ਯੂਨੀਅਨ' ਦੀ ਅਗਵਾਈ ਵਿੱਚ ਸੰਘਰਸ਼ ਆਰੰਭਿਆ ਸੀ। ਕਿਰਤੀਆਂ ਵਲੋਂ ਇਹ ਅੰਦੋਲਨ ਆਪਣੀਆਂ ਮੰਗਾਂ ਲਈ ਹੀ ਸੀ, ਪਰ ਹਾਕਮ ਇਸ ਨੂੰ ਇਕ ਬਹੁਤ ਹੀ ਵੱਡੀ ਚੁਣੌਤੀ ਸਮਝਦੇ ਸਨ। ਪਹਿਲੀ ਮਈ 1886 ਨੂੰ ਪਹਿਲੀ ਆਮ ਹੜਤਾਲ ਹੋਈ ਕਿਉਂਕਿ ਉਸ ਸਮੇਂ ਸਨਅਤੀ ਕੇਂਦਰਾਂ ਵਿਚ ਮਜ਼ਦੂਰਾਂ ਪਾਸੋਂ 14 ਤੋਂ 16 ਘੰਟੇ ਕੰਮ ਲਿਆ ਜਾਂਦਾ ਸੀ ਇਸ ਲਈ ਮਜ਼ਦੂਰਾਂ ਨੇ ਕੰਮ ਦੇ ਘੰਟਿਆਂ ਨੂੰ ਘੱਟ ਕਰਵਾਉਣ ਲਈ 19ਵੀਂ ਸਦੀ ਦੇ ਸ਼ੁਰੂ ਵਿੱਚ ਸੂਰਜ ਚੜ੍ਹਨ ਤੋਂ ਪਹਿਲਾਂ ਤੋਂ ਲੈ ਕੇ ਸੂਰਜ ਛਿਪਣ ਤੱਕ ਕੰਮ ਕਰਨ ਦੇ ਵਿਰੋਧ ਵਿੱਚ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। 1806 ਵਿੱਚ ਅਮਰੀਕਾ ਦੀ ਸਰਕਾਰ ਨੇ "ਫਿਲਾਡੈਲਫੀਆ" ਦੇ ਹੜਤਾਲੀ ਮੋਚੀਆਂ ਦੇ ਲੀਡਰਾਂ ਵਲੋ ਇਹੋ ਜਿਹੀ ਕੀਤੀ ਸ਼ਿਕਾਇਤ ਦੇ ਵਿਰੋਧ ਵਿਚ ਸਾਜਿਸ਼ ਅਧੀਨ ਮੁਕੱਦਮਾ ਦਰਜ ਕਰ ਲਿਆ ਗਿਆ ਸੀ ਅਤੇ ਇਨ੍ਹਾਂ ਮੁਕੱਦਮਿਆਂ ਦੌਰਾਨ ਪਈਆਂ ਪੇਸ਼ੀਆਂ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਸੱਚ ਮੁੱਚ ਹੀ ਮਜ਼ਦੂਰਾਂ ਪਾਸੋਂ 16 ਤੋਂ 18 ਘੰਟੇ ਕੰਮ ਲਿਆ ਜਾ ਰਿਹਾ ਹੈ। ਇਤਿਹਾਸ ਇਸ ਗੱਲ ਦੀ ਵੀ ਗਵਾਹੀ ਭਰਦਾ ਹੈ ਕਿ "ਮੈਕੇਨਿਕਸ ਯੂਨੀਅਨ ਆਫ ਫਿਲਾਡੈਲਫਿਆ" ਜੋ ਕਿ ਸਾਰੀ ਦੁਨੀਆਂ ਦੀ ਪਹਿਲੀ ਟਰੇਡ ਯੂਨੀਅਨ ਸੀ, ਨੇ 1827 ਵਿਚ ਇਕ ਫੈਕਟਰੀ ਵਿਚ ਲੱਗੇ ਮਜ਼ਦੂਰਾਂ ਲਈ 10 ਘੰਟੇ ਕੰਮ ਨੂੰ ਲੈ ਕੇ ਹੜਤਾਲ ਕਰਵਾਈ ਤੇ ਇਹੋ ਜਿਹੀ ਹੀ ਇਕ ਹੜਤਾਲ ਨਿਊਯਾਰਕ ਵਿੱਚ 1834 ਨੂੰ "ਨਾਨਬਾਈਓ" ਵਲੋਂ ਕੀਤੀ ਗਈ। ਇਸ ਹੜਤਾਲ ਦੇ ਦੌਰਾਨ "ਨਾਨਬਾਈਓ" ਦੇ ਕੰਮ ਦੇ ਘੰਟਿਆਂ ਤੇ ਟਿੱਪਣੀ ਕਰਦਿਆਂ "ਵਰਕਿੰਗ ਸੈਨਸ ਐਡਵੋਕੇਟ ਅਖਬਾਰ" ਨੇ ਲਿਖਿਆ ਸੀ ਕਿ, "ਪਾਵਰੋਟੀ ਉਦਯੋਗ ਵਿਚ ਲਗੇ ਕਾਰੀਗਰ ਕਾਫੀ ਸਾਲਾਂ ਤੋਂ ਮਿਸਰ ਦੇ ਗੁਲਾਮਾਂ ਤੋਂ ਵੀ ਜ਼ਿਆਦਾ ਤਕਲੀਫਾਂ ਝੱਲ ਰਹੇ ਹਨ। ਉਨ੍ਹਾਂ ਨੂੰ 24 ਘੰਟਿਆਂ ਵਿਚੋਂ 18 ਤੋਂ 20 ਘੰਟਿਆਂ ਤੱਕ ਕੰਮ ਕਰਨਾ ਪੈਂਦਾ ਹੈ।" ਇਨ੍ਹਾਂ ਇਲਾਕਿਆਂ ਵਿੱਚ 10 ਘੰਟੇ ਦੀ ਮੰਗ ਨੂੰ ਲੈ ਕੇ ਜਲਦੀ ਹੀ ਇਕ ਅੰਦੋਲਨ ਸ਼ੁਰੂ ਹੋ ਗਿਆ। 1827 ਤੋਂ ਬਾਅਦ ਇਹ ਅੰਦੋਲਨ ਸਾਰੇ ਪਾਸੇ ਸ਼ੁਰੂ ਹੋ ਗਏ ਅਤੇ ਸਰਕਾਰ ਨੂੰ ਸਰਕਾਰੀ ਕਰਮਚਾਰੀਆਂ ਦੀ 10 ਘੰਟੇ ਕੰਮ ਦੀ ਡਿਊਟੀ ਕਰਨ ਦਾ ਐਲਾਨ ਕਰਨਾ ਪਿਆ। ਇਸ ਫੈਸਲੇ ਦਾ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਵੀ ਅਸਰ ਪਿਆ ਤੇ ਬਾਕੀ ਦੇ ਦੇਸ਼ਾਂ ਵਿੱਚ ਵੀ ਕੰਮ ਦੇ 10 ਘੰਟੇ ਕਰਨ ਦੇ ਅੰਦੋਲਨ ਸ਼ੁਰੂ ਹੋ ਗਏ। ਹੌਲੀ-ਹੌਲੀ ਇਸ ਅੰਦੋਲਨ ਨੇ ਉਥੇ ਵੀ ਪੈਰ ਪਸਾਰ ਲਏ ਜਿੱਥੇ ਪੂੰਜੀਵਾਦੀ ਵਿਵਸਥਾ ਵਿਚ ਕੰਮ ਕਰਦਿਆਂ ਮਜ਼ਦੂਰਾਂ ਦਾ ਸ਼ੋਸ਼ਣ ਹੋ ਰਿਹਾ ਸੀ।

21 ਅਪ੍ਰੈਲ 1856 ਨੂੰ ਆਸਟਰੀਆ ਦੇ ਇਕ ਕਾਰਖਾਨੇ ਵਿੱਚ ਮਜ਼ਦੂਰਾਂ ਨੇ ਇਹ ਨਾਅਰਾ ਦਿੱਤਾ "ਅੱਠ ਘੰਟੇ ਕੰਮ! ਅੱਠ ਘੰਟੇ ਮਨੋਰੰਜਨ!! ਅਤੇ ਅੱਠ ਘੰਟੇ ਅਰਾਮ!!!" ਅਤੇ ਉਨਾਂ ਦੀ ਇਹ ਮੰਗ 1856 ਵਿੱਚ ਹੀ ਮੰਨ ਲਈ ਗਈ ਤੇ ਇਸ ਮੰਗ ਨੂੰ ਲੈ ਕੇ ਦੂਸਰੀ ਹੜਤਾਲ ਹਿੰਦੁਸਤਾਨ ਵਿੱਚ "ਹਾਵੜਾ ਸਟੇਸ਼ਨ" 'ਤੇ ਪਹਿਲੀ ਮਈ 1862 ਨੂੰ ਰੇਲ ਮਜ਼ਦੂਰਾਂ ਨੇ ਕੀਤੀ।

"ਪਹਿਲੀ ਇੰਟਰਨੈਸ਼ਨਲ ਦੀ ਜਨੇਵਾ ਕਾਨਫਰੰਸ" ਨੇ 1866 ਵਿੱਚ ਇਕ ਮਤਾ ਪਾਸ ਕਰਕੇ ਮੰਗ ਕੀਤੀ ਕਿ "ਕੰਮ ਕਰਨ ਦੇ ਦਿਨ ਦੀ ਕਾਨੂੰਨੀ ਹੱਦ ਮਿਥਣਾ ਇਕ ਮੁੱਢਲੀ ਸ਼ਰਤ ਹੈ। ਜਿਸ ਤੋਂ ਬਿਨਾਂ ਮਜ਼ਦੂਰ ਜਮਾਤ ਦੀ ਹਾਲਤ ਵਿੱਚ ਸੁਧਾਰ ਅਤੇ ਉਸ ਦੀ ਮੁਕਤੀ ਲਈ ਦੂਸਰੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਹਨ।" ਪੂਰੇ 20 ਸਾਲਾਂ ਬਾਅਦ ਸ਼ਿਕਾਗੋ ਸ਼ਹਿਰ ਵਿੱਚ ਮਿੱਲਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੇ ਜਦੋਂ 8 ਘੰਟੇ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਹੜਤਾਲ ਕੀਤੀ ਤਾਂ ਪੂੰਜੀਵਾਦੀ ਮਾਲਕ ਪੱਖੀ ਸਰਕਾਰ ਨੇ 3 ਮਈ 1886 ਨੂੰ ਮਜ਼ਦੂਰਾਂ ਤੇ ਗੋਲੀ ਚਲਾ ਕੇ ਸੱਤ ਮਜ਼ਦੂਰਾਂ ਨੂੰ ਸ਼ਹੀਦ ਕਰ ਦਿੱਤਾ ਤੇ ਕਈਆਂ ਨੂੰ ਜ਼ਖਮੀ ਕਰ ਦਿੱਤਾ। ਇਸ ਖੂੰਨੀ ਕਾਂਡ ਵਿੱਚ ਮਜ਼ਦੂਰਾਂ ਦੇ 8 ਹਰਮਨ ਪਿਆਰੇ ਨੇਤਾ "ਅਲਬਰਟ ਪਾਰਸਨ, ਆਗਸਤ ਸਪਾਈਸ, ਸੈਮੂਏਲ ਫੀਲਡਨ, ਮਾਈਕਲ ਸ਼ਾਅਬ, ਅਡਾਲਫ ਫਿਸ਼ਰ, ਜਾਰਜ ਐਂਗਲ, ਲੂਈ ਲਿੰਗ ਤੇ ਆਸਕਰ ਨੀਬ" ਤੇ ਮੁਕੱਦਮਾ ਦਰਜ ਕਰਕੇ ਫੜ ਲਿਆ ਗਿਆ। ਪਰ ਪੁਲਿਸ ਪਾਰਸਨ ਨੂੰ ਨਾ ਫੜ ਸਕੀ। ਪ੍ਰੰਤੂ ਜਦੋਂ ਪਾਰਸਨ ਨੂੰ ਪਤਾ ਚੱਲਿਆ ਕਿ ਪੁਲੀਸ ਨੇ ਉਸ ਦੇ ਸਾਥੀਆਂ ਨੂੰ ਦੋਸ਼ੀ ਕਰਾਰ ਦੇ ਕੇ ਫੜ ਲਿਆ ਹੈ ਤਾਂ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗ੍ਰਿਫਤਾਰੀ ਦਿੱਤੀ। ਇਨ੍ਹਾਂ ਵਿਚੋਂ ਪਹਿਲੇ ਸੱਤਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਤੇ ਆਸਕਰ ਨੀਬ ਨੂੰ 15 ਸਾਲ ਕੈਦ ਦੀ ਸਜ਼ਾ ਹੋਈ, ਜਦੋਂਕਿ ਮੌਤ ਦੀ ਸਜ਼ਾ ਵਾਲੇ ਨੇਤਾਵਾਂ ਵਿੱਚ ਕੇਵਲ ਦੋ ਹੀ ਸ਼ਿਕਾਗੋ ਦੀ ਰੈਲੀ ਵਿੱਚ ਸ਼ਾਮਲ ਸਨ। ਕਾਨੂੰਨੀ ਲੜਾਈ ਵਿੱਚ ਕੇਵਲ ਫੀਲਡਨ ਤੇ ਮਾਈਕਲ ਸ਼ਾਅਬ ਨੂੰ ਹੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲੀ। ਲੂਈ ਲਿੰਗ ਜੇਲ ਵਿੱਚ ਮਰ ਗਿਆ ਬਾਕੀ ਪੰਜਾਂ ਨੂੰ 11 ਨਵੰਬਰ 1887 ਨੂੰ ਫਾਂਸੀ ਦੇ ਦਿੱਤੀ ਗਈ। ਇਨਾਂ ਨੂੰ ਸ਼ਿਕਾਗੋ ਸ਼ਹਿਰ ਦੇ "ਵਾਲ ਧਾਈਮ ਕਬਰਸਿਤਾਨ" ਵਿੱਚ ਦਫਨਾਇਆ ਗਿਆ। ਇਨ੍ਹਾਂ ਨੇਤਾਵਾਂ ਦੀ ਅੰਤਿਮ ਯਾਤਰਾ ਵਿੱਚ 25 ਹਜ਼ਾਰ ਤੋਂ ਵੱਧ ਮਜ਼ਦੂਰਾਂ ਨੇ ਹਿੱਸਾ ਲਿਆ। 1886 ਦੇ ਸ਼ਿਕਾਗੋ ਕਾਂਡ ਦੌਰਾਨ ਮਜ਼ਦੂਰਾਂ ਦੇ ਆਗੂਆਂ ਨੂੰ ਜਦੋਂ ਫਾਹੇ ਲਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਹਿੰਮਤੀ ਤੇ ਗੌਰਵ ਮਈ ਇਸ ਸ਼ਹਾਦਤ ਦਾ ਸਬੂਤ ਦਿੰਦੇ ਹੋਏ ਇਨਾਂ ਸ਼ਹੀਦਾਂ ਵਿਚੋਂ ਇਕ ਸ਼ਹੀਦ ਸਪਾਈਸ ਦੇ ਅੰਤਮ ਸ਼ਬਦ ਸਨ, "ਕਿ ਇਕ ਸਮਾਂ ਆਵੇਗਾ, ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਜ਼ਿਆਦਾ ਬੋਲੇਗੀ!" ਉਨ੍ਹਾਂ ਅਮਰ ਸ਼ਹੀਦਾਂ ਦੀਆਂ ਵੱਡਮੁੱਲੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ 8 ਘੰਟੇ ਕੰਮ ਕਰਨ ਦਾ ਹੱਕ, ਹਫਤੇ ਬਾਅਦ ਛੁੱਟੀ ਤੇ ਹੋਰ ਸਹੂਲਤਾਂ ਮਾਣ ਰਹੇ ਹਾਂ। ਪਰ 5 ਬੇਕਸੂਰ ਆਗੂ ਫਾਂਸੀ 'ਤੇ ਚਾੜ ਦਿੱਤੇ ਗਏ ਕਿਉਂਕਿ "ਉਹ ਮੰਗ ਕਰਦੇ ਸਨ ਕਿ ਇਨਸਾਨਾਂ ਨਾਲ ਇਨਸਾਨਾਂ ਵਾਲਾ ਵਰਤਾਅ ਕੀਤਾ ਜਾਵੇ, ਭੁੱਖਿਆਂ ਲਈ ਰੋਟੀ ਬੇਕਾਰਾਂ ਲਈ ਰੁਜ਼ਗਾਰ, ਇਸਤਰੀਆਂ ਤੇ ਜ਼ੁਲਮ ਬੰਦ ਕਰਾਉਣ, ਬਰਾਬਰ ਕੰਮ ਲਈ ਬਰਾਬਰ ਦੀ ਦਿਹਾੜੀ ਅਤੇ ਬਾਲ ਮਜ਼ਦੂਰੀ ਖਤਮ ਕੀਤੀ ਜਾਵੇ।" ਇਹ ਮਨੁੱਖੀ ਸਮਾਜ ਲੁਟੇਰਿਆਂ ਅਤੇ ਲੁੱਟੇ ਜਾਣ ਵਾਲੇ ਵਰਗਾਂ ਦੇ ਵਿਚਕਾਰ ਵਰਗ-ਸੰਘਰਸ਼ ਦੀ ਗਾਥਾ ਹੈ। ਇਸ ਵਿੱਚ ਸਮਾਜਿਕ ਤਬਦੀਲੀ ਵੀ ਲਾਜ਼ਮੀ ਹੈ। 1917 ਦੇ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ ਦੇ ਬਾਅਦ ਦੁਨੀਆਂ ਅੰਦਰ ਕਿਰਤੀ ਜਮਾਤ ਨੇ ਲੁੱਟ-ਖਸੁੱਟ ਖਤੱਮ ਕਰਨ, ਕੰਮ ਦੀਆਂ ਬੇਹਤਰ ਸੇਵਾ ਸ਼ਰਤਾਂ ਲਈ ਆਰਥਿਕ ਅਜ਼ਾਦੀ ਅਤੇ ਗੁਲਾਮ ਦੇਸ਼ਾਂ ਅੰਦਰ ਚਲੇ ਮੁਕਤੀ ਅੰਦੋਲਨਾਂ ਨੂੰ ਬਹੁਤ ਬੱਲ ਮਿਲਿਆ ਅਤੇ ਇਤਿਹਾਸਕ ਪ੍ਰਾਪਤੀਆਂ ਵੀ ਹੋਈਆਂ। ਅੱਜ ਦੁਨੀਆਂ ਭਰ ਵਿਚ ਜੋ ਮਾੜੀਆਂ ਮੋਟੀਆਂ ਆਰਥਿਕ ਪ੍ਰਾਪਤੀਆਂ ਹੋਈਆਂ ਹਨ, ਕਿਰਤੀ ਸ਼੍ਰੇਣੀ ਨੂੰ ਜੇਕਰ ਕੋਈ ਸਹੂਲਤ ਪ੍ਰਾਪਤ ਹੋਈ ਹੈ ਇਹ ਸਮਾਜਿਕ ਪ੍ਰੀਵਰਤਨ ਦੇ ਦਬਾਓ ਦਾ ਹੀ ਸਿੱਟਾ ਹੈ।

'ਪਹਿਲੀ ਮਈ ਦਿਵਸ' ਕੋਈ ਰਵਾਇਤੀ ਦਿਹਾੜਾ ਨਹੀ ਹੈ। ਇਹ ਸੰਘਰਸ਼ਾਂ ਦੀ ਗਾਥਾ ਹੈ, ਜੋ ਲੁੱਟੇ ਜਾਣ ਵਾਲਿਆਂ ਨੂੰ ਜਾਗਰੂਕ ਕਰਕੇ ਸੁਚੇਤ ਕਰਦਾ ਹੈ, ਸਹਾਰਾ ਦਿੰਦਾ ਹੈ ਅਤੇ ਹੱਕਾਂ ਲਈ ਜੂਝਣ ਵਾਸਤੇ ਅਥਾਹ ਬੱਲ ਬਖਸ਼ਦਾ ਹੈ। ਮਈ ਦਿਵਸ ਦੀ ਸਾਰਥਿਕਤਾ ਅੱਜ ਵੀ ਪੂੰਜੀਵਾਦੀਆ ਲਈ ਇਕ ਹਊਆ ਹੈ। ਮਈ ਦਿਵਸ ਦੀ ਧਾਰਨਾ ਹੈ ਕਿ ਜਿੱਤ ਕਦੀ ਆਪਣੇ ਆਪ ਨਹੀਂ ਪ੍ਰਾਪਤ ਹੁੰਦੀ, ਇਸ ਲਈ ਜਥੇਬੰਦ ਹੋ ਕੇ ਸੰਘਰਸ਼ ਸ਼ੀਲ ਹੋਣਾ ਪੈਂਦਾ ਹੈ ਤੇ ਕੁਰਬਾਨੀ ਕਰਨੀ ਪੈਂਦੀ ਹੈ। ਪਹਿਲੀ ਮਈ ਸਾਡੇ ਲਈ ਇਕ ਚਾਨਣ ਮੁਨਾਰਾ ਹੈ ਅਤੇ ਦੁਨੀਆਂ ਭਰ ਦੇ ਕਿਰਤੀਆਂ ਨੂੰ ਇਕ ਮੁੱਠ ਹੋਣ ਦਾ ਸੱਦਾ ਦਿੰਦਾ ਹੈ।

ਮਈ ਦਿਵਸ ਤੋਂ ਪ੍ਰੇਰਿਤ ਹੋ ਕੇ ਭਾਰਤ ਅੰਦਰ ਕਿਰਤੀਆਂ ਨੇ 1917 ਦੇ ਰੂਸੀ ਇਨਕਲਾਬ ਤੋਂ ਉਤਸ਼ਾਹਤ ਹੋ ਕੇ ਦੇਸ਼ ਅੰਦਰ ਚੱਲ ਰਹੀਆਂ ਮੁਕਤੀ ਲਹਿਰਾਂ ਵਿਚ ਆਪਣੀਆਂ ਆਰਥਿਕ ਮੰਗਾਂ ਦੇ ਨਾਲ ਕੌਮੀ ਅਜ਼ਾਦੀ ਲਈ ਵੀ ਪੂਰੀ ਸ਼ਿਦਤ ਨਾਲ ਬਣਦਾ ਯੋਗਦਾਨ ਪਾਇਆ ਸੀ। ਜਿਸ ਦਾ ਸਦਕਾ ਹੀ ਦੇਸ਼ ਬਰਤਾਨਵੀ ਸਾਮਰਾਜ ਤੋਂ ਅਜ਼ਾਦ ਹੋਇਆ ਸੀ। 1757 ਦੀ "ਪਲਾਸੀ ਦੀ ਲੜਾਈ" ਦੀ ਜਿੱਤ ਦੇ ਬਾਅਦ ਈਸਟ-ਇੰਡੀਆਂ ਕੰਪਨੀ ਦਾ ਭਾਰਤ 'ਤੇ ਗਲਬੇ ਦੇ ਅਰੰਭ ਹੋਣ ਦੇ ਨਾਲ ਹੀ ਈਸਟ ਇੰਡੀਆਂ ਕੰਪਨੀ ਨੇ ਬੰਗਾਲ ਅਤੇ ਦੱਖਣੀ ਭਾਰਤ ਵਿਚ ਆਪਣੀ ਪੂੰਜੀ ਦਾ ਨਿਵੇਸ਼ ਸ਼ੁਰੂ ਕੀਤਾ। ਕੱਚਾ ਮਾਲ ਖਰੀਦ ਕੇ ਭਾਰਤੀ ਉਪਜ ਅਤੇ ਅਜ਼ਾਰੇਦਾਰੀ ਦੇ ਸ਼ੁਰੂ ਹੋ ਜਾਣ ਨੇ ਉਦਯੋਗਿਕ ਪੂੰਜੀਵਾਦ ਨੂੰ ਜਨਮ ਦਿੱਤਾ। ਜਿਸ ਨਾਲ ਭਾਰਤੀ ਰਵਾਇਤੀ ਦਸਤਕਾਰੀ ਦੇ ਟੁਟ-ਭੱਜ ਹੋਣ ਕਾਰਨ ਦਸਤਕਾਰ ਤੇ ਕਿਰਤੀ ਵਿਹਲੇ ਹੋ ਗਏ ਅਤੇ ਦੇਸ਼ ਅੰਦਰ ਕਿਰਤੀ ਜਮਾਤ ਹੋਂਦ ਵਿਚ ਆਈ। 1850 ਤੱਕ ਭਾਰਤੀ ਰੇਲਾਂ, ਚਾਹ ਦੇ ਬਾਗ, ਕੋਇਲਾ ਖਾਨਾਂ, ਪੱਟਸਨ, ਸਮੁੰਦਰੀ ਜਹਾਜ਼-ਰਾਨੀ ਆਦਿ ਖੇਤਰਾਂ ਵਿਚ ਕਿਰਤੀ ਵਰਗ ਦਾ ਵੀ ਅਰੰਭ ਹੋ ਗਿਆ। 1857 ਦੀ ਪਹਿਲੀ ਜੰਗੇ ਅਜ਼ਾਦੀ ਦੇ ਫੇਲ ਹੋ ਜਾਣ ਬਾਦ ਜਿਥੇ ਦੇਸ਼ ਅੰਦਰ ਇਕ ਪਾਸੇ ਸਿਵਲ ਬਗਾਵਤਾਂ, ਕਬੀਲਾ, ਜਾਗਰਿਤੀ, ਕਿਸਾਨ ਅੰਦੋਲਨ ਸ਼ੁਰੂ ਹੋ ਗਏ ਤਾਂ ਉਸ ਵੇਲੇ ਕਿਰਤੀ ਜਮਾਤ ਅਜੇ ਅੱਖਾਂ ਹੀ ਪੁੱਟ ਰਹੀ ਸੀ। ਇਸ ਦੇ ਨਾਲ ਹੀ ਭਾਰਤ ਸਿੱਧਾ ਬਰਤਾਨਵੀ ਰਾਜ ਅਧੀਨ ਲਿਆਂਦਾ ਗਿਆ। ਦਲਾਲ ਬਰਤਾਨਵੀ ਸਰਮਾਏਦਾਰੀ ਦੇ ਮੰਡੀ ਵਿਚ ਆਉਣ ਦੇ ਨਾਲ ਭਾਰਤੀ ਸਾਮੰਤਵਾਦੀ ਢਾਚੇਂ ਵਿਚ ਵਣਜ-ਮੰਡੀ, ਸਨਅਤ ਅਤੇ ਪੂੰਜੀ ਦਾ ਵਿਕਾਸ ਵੀ ਸ਼ੁਰੂ ਹੋਇਆ। ਭਾਰਤੀ ਕਿਰਤੀਆਂ ਨੂੰ ਕੰਮ ਮਿਲਿਆ ਅਤੇ ਉਨ੍ਹਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ। ਨਾਲ ਹੀ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਨਵੀਆਂ-ਨਵੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।

ਜਿੱਥੋਂ ਤੱਕ ਸੰਘਰਸ਼ਾਂ ਦਾ ਸਵਾਲ ਹੈ 1827 ਵਿਚ ਪਹਿਲੀ ਵਾਰ "ਕਲੱਕਤਾ" ਵਿਚ "ਕੁਹਾਰਾਂ" ਨੇ ਆਪਣੀ ਉਜਰਤ ਦੇ ਵਾਧੇ ਲਈ ਹੜਤਾਲ ਕੀਤੀ। ਇਸੇ ਤਰ੍ਹਾਂ 1862 ਨੂੰ "ਹਾਵੜਾ ਵਿਖੇ ਰੇਲ ਕਾਮਿਆਂ" ਨੇ ਆਪਣੀਆਂ ਉਜਰਤਾਂ ਦੇ ਵਾਧੇ ਲਈ ਇਕ ਲੰਬੀ ਹੜਤਾਲ ਕੀਤੀ। 1853-70 ਤਕ ਦੇਸ਼ ਅੰਦਰ 25 ਤੋਂ ਵੱਧ ਹੜਤਾਲਾਂ ਨੋਟ ਕੀਤੀਆਂ ਗਈਆਂ। ਭਾਰਤ ਵਿਚ 1886 ਤੋਂ ਪਹਿਲਾਂ ਕਈ ਥਾਵਾਂ ਤੇ ਕਿਰਤੀਆਂ ਨੇ ਆਪਣੀਆਂ ਉਜਰਤਾਂ ਅਤੇ ਹੋਰ ਸਹੂਲਤਾਂ ਲਈ ਕਈ ਸੰਘਰਸ਼ ਲੜੇ? ਇਨ੍ਹਾਂ ਹੜਤਾਲਾਂ ਅਤੇ ਸੰਘਰਸ਼ਾਂ ਨੇ ਹੀ ਟਰੇਡ ਯੂਨੀਅਨਾਂ ਨੂੰ ਜਨਮ ਦਿਤਾ। 1860 ਵਿਚ ਬੰਬਈ ਵਿਖੇ ਮਾਲਕ ਅਤੇ ਮਜ਼ਦੂਰ ਝਗੜਾ ਐਕਟ ਬਣਿਆ ਅਤੇ 1870 ਵਿੱਚ "ਸਾਸੀਪਾਦਾ ਬੈਨਰਜੀ" ਦੀ ਅਗਵਾਈ ਵਿਚ ਕਲੱਕਤਾ ਵਿਖੇ "ਵਰਕਿੰਗ ਮੈਨ ਕਲਬ" ਹੋਂਦ ਵਿੱਚ ਆਈ। ਅਜ਼ਾਦੀ ਤੋਂ ਪਹਿਲਾਂ ਦੇਸ਼ ਅੰਦਰ ਇਕ ਸ਼ਕਤੀਸ਼ਾਲੀ ਟਰੇਡ ਯੂਨੀਅਨ ਲਹਿਰ ਵੀ ਸਾਹਮਣੇ ਆਈ ਅਤੇ ਅਹਿਮ ਪ੍ਰਾਪਤੀਆਂ ਵੀ ਹੋਈਆਂ। ਪੈਨਸ਼ਨਾਂ, ਪੈਨਸ਼ਨਰੀ ਲਾਭ, ਛੁੱਟੀਆਂ, ਬਿਹਤਰ ਸੇਵਾ ਨਿਯਮ ਅਤੇ ਕਈ ਕਿਰਤ ਕਾਨੂੰਨਾਂ ਦਾ ਹੋਂਦ ਵਿੱਚ ਆਉਣਾ ਕਿਰਤੀ ਸ਼੍ਰੇਣੀ ਵਲੋਂ ਲੜੇ ਲੰਬੇ ਸੰਘਰਸ਼ਾਂ ਦਾ ਹੀ ਸਿੱਟਾ ਸੀ। ਅਜ਼ਾਦੀ ਬਾਅਦ ਦੇਸ਼ ਅੰਦਰ ਵਿਕਾਸ ਪਖੋਂ ਬਹੁਤ ਸਾਰੇ ਅਦਾਰੇ ਜਨਤਕ ਖੇਤਰ ਵਿਚ ਹੋਂਦ ਵਿਚ ਆਏ। ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਵੱਖ-ਵੱਖ ਵਿਭਾਗਾਂ ਦੀ ਸਿਰਜਨਾ ਹੋਣ ਕਰਕੇ ਲਖਾਂ ਪੜ੍ਹੇ ਲਿਖੇ ਦੇਸ਼ ਵਾਸੀਆਂ ਨੂੰ ਰੁਜ਼ਗਾਰ ਮਿਲਿਆ ਅਤੇ ਸਰਕਾਰੀ ਅਦਾਰਿਆਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਇਕ ਤਕੜੀ ਅਤੇ ਸ਼ਕਤੀਸ਼ਾਲੀ ਜਥੇਬੰਦੀ ਵੀ ਹੋਂਦ ਵਿਚ ਆਈ।

ਮੁਲਾਜਮ ਵਰਗ ਨੇ ਮਹਿੰਗਾਈ ਕਾਰਨ ਡੀ.ਏ. ਦੇਣ, ਤਨਖਾਹਾ ਸੋਧਣ, ਤਰੱਕੀਆਂ, ਟਰੇਡ ਯੂਨੀਅਨ ਅਤੇ ਜਮਹੂਰੀ ਹੱਕਾਂ ਦੀ ਬਹਾਲੀ ਲਈ, ਸੈਂਕੜੇ ਦੇਸ਼ ਵਿਆਪੀ ਹੜਤਾਲਾਂ ਕੀਤੀਆਂ ਅਤੇ ਜਿਤਾਂ ਵੀ ਪ੍ਰਾਪਤ ਕੀਤੀਆਂ। 1990 ਵਿਚ ਸੋਵੀਅਤ ਯੂਨੀਅਨ ਦੇ ਢੈਹ-ਢੇਰੀ ਹੋਣ ਦੇ ਨਾਲ ਸਮਾਜਵਾਦੀ ਉਚਮਤਾ ਨੂੰ ਠੇਸ ਪੁੱਜੀ ਅਤੇ ਸਮਾਜਵਾਦੀ ਅਰਥ-ਚਾਰੇ ਦੀ ਚੜ੍ਹਤ ਕਾਰਨ ਜੋ ਸਹੂਲਤਾਂ ਪੂੰਜੀਵਾਦੀ ਤਰਜ ਦੀਆਂ ਸਰਕਾਰਾਂ ਨੂੰ ਮਜਬੂਰੀ ਵਸ ਦੇਣੀਆਂ ਪੈਂਦੀਆਂ ਸਨ, ਉਨ੍ਹਾਂ ਤੋਂ ਪਾਸਾ ਵੱਟ ਲਿਆ ਗਿਆ। ਸਾਮਰਾਜੀ ਅਮਰੀਕਾ ਨੇ ਹੁਣ ਆਪਣੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਅਤੇ ਆਪਣਾ ਆਰਥਿਕ ਸੰਕਟ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਪੂੰਜੀਵਾਦੀ ਰਾਹ 'ਤੇ ਚਲ ਰਹੀਆਂ



ਪੂੰਜੀਵਾਦੀ ਕਾਰਪੋਰੇਟੀ ਹਾਕਮ ਜਮਾਤਾਂ ਦੀਆ ਸਰਕਾਰਾਂ 'ਤੇ ਲੱਦਣ ਲਈ ਆਰਥਿਕ ਸਹਾਇਤਾ ਦੇ ਨਾਂ ਹੇਠਾਂ ਅਜਿਹੇ ਸਮਝੌਤੇ ਲਾਗੂ ਕਰਾਉਂਦਾ ਹੈ, ਜਿਸ ਨਾਲ ਉਥੋਂ ਦੀ ਜਨਤਾ ਨੂੰ ਢੇਰ ਸਾਰੀਆਂ ਮਜਬੂਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਜੋ ਪੂੰਜੀਵਾਦੀ ਕਾਰਪੋਰੇਟੀ ਨੀਤਆਂ ਵਾਲੇ ਵਿਕਾਸ ਦੇ ਰਾਹ 'ਤੇ ਚੱਲ ਰਿਹਾ ਹੈ ਅਤੇ ਅਤਿ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੈ। ਹਾਕਮ ਜਮਾਤਾਂ ਦੀਆਂ ਰਾਜ ਕਰ ਰਹੀਆਂ ਪਾਰਟੀਆਂ ਵਲੋਂ ਲਿਆਂਦੀਆਂ ਜਾ ਰਹੀਆਂ ਨਵਉਦਾਰੀਕਰਨ ਵਾਲੀਆਂ ਨੀਤੀਆਂ ਜਿਨਾਂ ਨੂੰ ਪਹਿਲਾਂ ਯੂ.ਪੀ.ਏ. ਕਾਂਗਰਸ ਸਰਕਾਰ ਨੇ ਲਾਗੂ ਕੀਤਾ ਸੀ, ਨੂੰ ਹੁਣ ਬੀ.ਜੇ.ਪੀ. ਜੋ ਆਰ.ਐਸ.ਐਸ. ਦੀ ਅਗਵਾਈ ਵਿੱਚ ਮੋਦੀ ਦੀ ਸਰਕਾਰ ਜਾਰੀ ਰਖ ਰਹੀ ਹੈ, ਬੇਰੁਜ਼ਗਾਰੀ ਕਾਰਨ ਕਰੋੜਾਂ ਨੌਜਵਾਨ ਸੜਕਾਂ 'ਤੇ ਰੁੱਲ ਰਹੇ ਹਨ। ਨੰਗ-ਭੁੱਖ, ਮਹਿਗਾਈ ਅਤੇ ਬੇਵਸੀ ਕਾਰਨ ਲੋਕਾਂ ਦੀਆਂ ਦੁਸ਼ਵਾਰੀਆਂ 'ਚ ਬੇਵਹਾ ਵਾਧਾ ਹੋਇਆ ਹੈ। ਗਰੀਬੀ ਅਤੇ ਅਮੀਰੀ ਵਿਚ ਪਾੜਾ ਵਧਦਾ ਜਾ ਰਿਹਾ ਹੈ। ਖੇਤੀ ਅਤੇ ਸਨਅਤੀ ਸੰਕਟ ਕਾਰਨ ਅੱਜ ਦੇਸ਼ ਤਬਾਹੀ ਦੇ ਕਿਨਾਰੇ ਖੜ੍ਹਾ ਹੈ। ਹਾਕਮ ਸੰਕਟ ਨੂੰ ਆਰਜੀ ਦੱਸ ਕੇ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰ ਰਹੇ ਹਨ। ਇਸ ਸੰਕਟ ਦਾ ਹੱਲ ਵਿਦੇਸ਼ੀ ਨਿਵੇਸ਼ ਅਤੇ ਨਿੱਜੀਕਰਨ ਰਾਹੀਂ ਲੱਭਿਆ ਜਾ ਰਿਹਾ ਹੈ, ਜਿਸ ਕਾਰਨ ਸਰਕਾਰੀ ਅਦਾਰੇ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਲੋਕਾਂ ਵਲੋਂ ਕੀਤੇ ਅਥਾਹ ਸੰਘਰਸ਼ਾਂ ਅਤੇ ਕੁਰਬਾਨੀਆਂ ਰਾਹੀਂ ਪ੍ਰਾਪਤ ਕੀਤੀਆਂ ਸਹੂਲਤਾਂ, ਸਿੱਖਿਆ, ਸਿਹਤ ਸੇਵਾਵਾਂ, ਪੀਣ ਵਾਲਾ ਪਾਣੀ ਅਤੇ ਹੋਰ ਸਮਾਜ ਭਲਾਈ ਅਦਾਰਿਆਂ ਦਾ ਨਿੱਜੀਕਰਨ ਕਰਕੇ ਹਾਕਮਾਂ ਨੇ ਵਿਧਾਨਕ ਅਤੇ ਨੈਤਿਕ ਜਿੰਮੇਵਾਰੀ ਤੋਂ ਪੱਲਾ ਝਾੜ ਲਿਆ ਹੈ।

ਕਿਰਤ ਕਾਨੂੰਨਾਂ ਅਤੇ ਸੇਵਾ ਨਿਯਮਾਂ ਨੂੰ ਮਾਲਕਾਂ ਪੱਖੀ ਬਣਾਇਆ ਜਾ ਰਿਹਾ ਹੈ। ਵਿਭਾਗਾਂ ਦੀ ਅਕਾਰ ਘਟਾਈ, ਕਿਰਤੀਆਂ ਦੀ ਖੂਨ ਪਸੀਨੇ ਦੀ ਮਿਹਨਤ ਦੇ ਬਚਤ 'ਤੇ ਵਿਆਜ ਦਰ ਘਟਾਈ ਜਾ ਰਹੀ ਹੈ। ਨਵੀਂ ਭਰਤੀ ਬੰਦ ਕਰਨੀ, ਪੈਨਸ਼ਨਰੀ ਲਾਭ ਬੰਦ ਕਰਨੇ ਅਤੇ ਪੈਨਸ਼ਨ ਨੂੰ ਕੰਟਰੀਬਿਊਟਰੀ ਕਰਨਾ ਤੇ ਇਸ ਦਾ ਵੀ ਨਿੱਜੀਕਰਨ ਕਰਨਾ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਠੇਕੇਦਾਰੀ ਪ੍ਰਥਾ ਰਾਹੀ ਲੁੱਟ-ਖਸੁੱਟ ਲਈ ਰਾਹ ਖੋਲ੍ਹ ਦਿੱਤੇ ਗਏ ਹਨ। ਗੈਰ ਸੰਗਠਨ ਖੇਤਰ ਦੇ ਕਰੋੜਾਂ ਕਿਰਤੀਆਂ ਦੀ ਹਕੀਕੀ ਸਮਾਜਿਕ ਸੁਰੱਖਿਆ ਕਾਨੂੰਨ ਨਾ ਬਣਾਉਣੇ ਆਦਿ ਅਜਿਹੀਆਂ ਨੀਤੀਆਂ ਜਾਰੀ ਰੱਖ ਕੇ ਕਿਰਤੀ ਸ਼ ?ਰੇਣੀ ਅਤੇ ਮੁਲਾਜ਼ਮ ਵਰਗ ਵਿਰੋਧੀ ਨੀਤੀਆਂ ਚਿੱਟੇ ਰੰਗ-ਰੂਪ ਵਿੱਚ ਅੱਜ ਵੀ ਜਾਰੀ ਹਨ।

ਦੇਸ਼ ਅੰਦਰ ਕਿਰਤੀਆਂ ਦੀ ਏਕਤਾ ਨੂੰ ਤਾਰ-ਤਾਰ ਕਰਨ ਵਾਲੀਆ ਫਿਰਕਾ ਪ੍ਰਸਤ ਸ਼ਕਤੀਆਂ ਥਾਂ-ਥਾਂ ਸਿਰ ਚੁੱਕ ਰਹੀਆਂ ਹਨ। ਅਜਿਹੀ ਸਥਿਤੀ ਵਿਚ ਸੰਸਾਰੀਕਰਨ ਦੀ ਦਖਲ-ਅੰਦਾਜੀ ਜਦੋਂ ਦੇਸ਼ ਅੰਦਰ ਧੁਰ ਤਕ ਘਰ ਕਰ ਗਈ ਹੋਵੇ ਤਾਂ ਇਸ ਦੇ ਟਾਕਰੇ ਲਈ ਸਮੁੱਚੀ ਕਿਰਤੀ ਜਮਾਤ ਅਤੇ ਮੁਲਾਜ਼ਮ ਵਰਗ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ। ਕਿਰਤੀਆਂ ਨੂੰ ਇਕਮੁੱਠ ਕਰਨਾ ਅਤੇ ਜਮਹੂਰੀ ਲਹਿਰਾਂ ਦੇ ਅਧੀਨ ਅਜ਼ਾਦਰਾਨਾਂ ਸੰਘਰਸ਼ ਕਰਨੇ ਪੈਣਗੇ। ਦੇਸ਼ ਦੇ ਹਾਕਮਾਂ ਵਲੋਂ ਜੋ ਫਿਰਕੂ ਤੇ ਫੁੱਟਪਾਊ ਨੀਤੀਆਂ ਅਪਣਾਈਆ ਜਾ ਰਹੀਆਂ ਹਨ ਉਨਾਂ ਨੂੰ ਮੋੜਾ ਦੇਣ ਲਈ ਅਤੇ ਆਪਣੇ ਉਜਲੇ ਭਵਿੱਖ ਲਈ ਸਾਨੂੰ ਪਹਿਲੀ ਮਈ ਦੀ ਪ੍ਰਸੰਗਕਤਾ ਵਿੱਚ ਇਸ ਦੀ ਸਾਰਥਿਕਤਾ ਨੂੰ ਸਮਝਦੇ ਹੋਏ ਹੋਰ ਸੰਘਰਸ਼ ਸ਼ੀਲ ਹੋਣਾ ਪੈਣਾ ਹੈ। ਦੇਸ਼ ਅੰਦਰ ਰਾਜ ਕਰ ਰਹੀ ਬੀ.ਜੇ.ਪੀ.-ਆਰ.ਐਸ.ਐਸ. ਗਠਜੋੜ ਦੀਆਂ ਫਿਰਕੂ ਕਾਰਪੋਰੇਟ ਪੱਖੀ ਅਤੇ ਪੂੰਜੀਵਾਦੀ ਨੀਤੀਆਂ ਨੇ ਦੇਸ਼ ਨੂੰ ਅਤਿ ਫਿਰਕੂ ਤੇ ਆਰਥਿਕ ਸੰਕਟ 'ਚ ਸੁੱਟ ਦਿੱਤਾ ਹੈ। ਦੇਸ਼ ਨੂੰ ਬਚਾਉਣ ਲਈ ਅੱਜ ਦੇਸ਼ ਦੀ ਸਮੁੱਚੀ ਕਿਰਤੀ ਜਮਾਤ ਨੂੰ ਦੇਸ਼ ਬਚਾਉ! ਆਵਾਮ ਬਚਾਉ!! ਅਤੇ ਕਿਰਤੀ-ਜਮਾਤ ਬਚਾਉ!!! ਲਈ ਦੇ ਨਾਹਰੇ ਹੇਠ ਇਕ ਮੁੱਠ ਹੋਣਾ ਪਏਗਾ। ਅੱਜ ਕਿਰਤੀ ਏਕਤਾ ਹੀ ਸਾਡੀ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਹੋਵੇਗੀ।

"ਪਹਿਲੀ ਮਈ ਦੇ ਸ਼ਹੀਦ ਅਮਰ ਰਹਿਣ!"

# ਅਕਾਲ ਨਾਲ਼ ਜੂਝਦੇ ਅਫ਼ਰੀਕਾ ਦੇ ਲੋਕ

**ਰਵਿੰਦਰ ਕੌਰ**



*ਲੰਬਾ ਸਮਾਂ ਸੋਕਾ ਰਹਿਣ ਕਾਰਨ ਸਾਲ 2011 ਵਿੱਚ ਅਫ਼ਰੀਕਾ ਦੇ ਇਹਨਾਂ ਦੇਸ਼ਾਂ ਵਿੱਚ ਅਕਾਲ ਐਲਾਨ ਦਿੱਤਾ ਗਿਆ ਸੀ, ਜਿਸ ਕਾਰਨ 2,60,000 ਲੋਕ ਕੁਪੋਸ਼ਣ ਦਾ ਸ਼ਿਕਾਰ ਹੋ ਕੇ ਮਾਰੇ ਗਏ ਸਨ। ਸਾਲ 2023 ਤੱਕ ਆਉਂਦੇ-ਆਉਂਦੇ ਇਹ ਦੇਸ਼ ਫ਼ਿਰ ਤੋਂ ਅਕਾਲ ਵਰਗੀ ਭਿਆਨਕ ਹਾਲਤ ਵਿੱਚ ਫਸ ਗਏ ਹਨ।*

ਅੱਜ ਅਸੀਂ ਵਿਗਿਆਨ ਦੇ ਅਜਿਹੇ ਯੁੱਗ ਵਿੱਚ ਰਹਿ ਰਹੇ ਆ ਜਿਸ ਵਿੱਚ ਭੋਜਨ ਦੀ ਪੈਦਾਵਾਰ ਵਧਾਉਣ ਦੇ ਰਿਕਾਰਡ ਸਾਹਮਣੇ ਆਉਂਦੇ ਨੇ, ਊਰਜਾ ਦੇ ਨਵੇਂ ਤੋਂ ਨਵੇਂ ਕੁਦਰਤੀ ਸਰੋਤ ਲੱਭੇ ਜਾ ਰਹੇ ਹਨ। ਅਜਿਹੇ ਵਿਗਿਆਨ ਦੇ ਯੁੱਗ ਵਿੱਚ ਮਨੁੱਖਤਾ ਦੀ ਭਲਾਈ, ਬਿਹਤਰੀ ਲਈ ਬਹੁਤ ਕੀਤਾ ਜਾ ਸਕਦਾ ਹੈ, ਪਰ ਅਫਸੋਸ ਇਹ ਯੁੱਗ ਵਿਗਿਆਨ ਦਾ ਹੋਣ ਦੇ ਨਾਲ਼-ਨਾਲ਼ ਸਰਮਾਏਦਾਰਾ ਸਮਾਜ 'ਮੁਨਾਫ਼ੇ 'ਤੇ ਟਿਕਿਆ ਸਮਾਜ' ਹੈ। ਅੱਜ ਵੀ ਮਨੁੱਖ ਭੋਜਨ ਦੀ ਭਾਲ਼, ਪਾਣੀ ਦੀ ਭਾਲ਼ ਵਿੱਚ ਘਰ ਬਾਰ ਛੱਡਣ ਨੂੰ ਮਜਬੂਰ ਹੈ, ਦੋ ਡੰਗ ਦੀ ਰੋਟੀ ਦੇ ਲਾਲ਼ੇ ਪਏ ਹੋਏ ਹਨ। ਅਸੀਂ ਅੰਗਰੇਜ਼ਾਂ ਦੀ ਗੁਲਾਮੀ ਸਮੇਂ ਭਾਰਤ ਵਿੱਚ ਅਕਾਲ ਕਾਰਨ ਮਰੇ ਹੋਏ ਲੋਕਾਂ ਦਾ ਇਤਿਹਾਸ ਪੜ੍ਹ ?ਹਆ। ਪਰ ਅਕਾਲ ਅੱਜ ਵੀ ਇਤਿਹਾਸ ਦੀ ਗੱਲ ਨਹੀਂ ਹੈ! ਅਫ਼ਰੀਕਾ ਦੇ ਲੋਕ ਵਾਰ-ਵਾਰ ਅਕਾਲ ਵਰਗੀ ਭਿਆਨਕ ਸਥਿਤੀ ਵਿੱਚੋਂ ਲੰਘਦੇ ਹਨ ਅਤੇ ਲੰਘ ਰਹੇ ਹਨ।

ਅਫਰੀਕਾ ਦੇ ਤਿੰਨ ਦੇਸ਼ ਇਥੋਪੀਆ, ਕੀਨੀਆ ਅਤੇ ਸੋਮਾਲੀਆ ਦੀ ਗੱਲ ਕਰਾਂਗੇ, ਕਿ ਕਿਵੇਂ ਇੱਥੇ ਦੇ ਲੋਕ ਭੋਜਨ ਦੀ ਥੁੜ, ਕੁਪੋਸ਼ਣ, ਭੁੱਖਮਰੀ ਦੀ ਭਿਆਨਕ ਹਾਲਤ ਵਿੱਚੋਂ ਲੰਘ ਰਹੇ ਹਨ ਅਤੇ ਇਹਨਾਂ ਦੀ ਇਸ ਹਾਲਤ ਦਾ ਦੋਸ਼ੀ ਕੁਦਰਤ ਹੈ ਜਾਂ ਕੋਈ ਹੋਰ?

ਅੱਜ ਦੱਖਣੀ ਇਥੋਪੀਆ ਤੋਂ ਲੈ ਕੇ ਉੱਤਰੀ ਕੀਨੀਆ ਤੱਕ ਸਮੇਤ ਸੋਮਾਲੀਆ ਦੇ 2 ਕਰੋੜ 20 ਲੱਖ ਲੋਕੀ ਭੁੱਖ ਕਾਰਨ ਮਰਨ ਕੰਢੇ ਖੜ੍ਹੇ ਹਨ। ਇਸ ਵਿੱਚੋਂ 1 ਕਰੋੜ 20 ਲੱਖ ਇਥੋਪੀਆ ਅਤੇ 40 ਲੱਖ 40 ਹਜਾਰ ਕੀਨੀਆ ਦੇ ਅਤੇ 50 ਲੱਖ 60 ਹਜਾਰ ਲੋਕ ਸੋਮਾਲੀਆ ਦੇ ਹਨ, ਜਿਹਨਾਂ ਨੂੰ ਰੱਜਵਾਂ ਟੁੱਕਰ ਨਸੀਬ ਨਹੀਂ ਹੋ ਰਿਹਾ। ਅਫ਼ਰੀਕਾ ਦੇ ਇਹ ਦੇਸ਼ ਸੋਕਾ ਪ੍ਰਭਾਵਿਤ ਇਲਾਕੇ ਹਨ। ਜਿੱਥੇ ਪਾਣੀ ਲਈ ਜਮੀਨੀ ਪਾਣੀ 'ਤੇ ਹੀ ਨਿਰਭਰਤਾ ਰਹਿੰਦੀ ਹੈ। ਲੰਬਾ ਸਮਾਂ ਸੋਕਾ ਰਹਿਣ ਕਾਰਨ ਸਾਲ 2011 ਵਿੱਚ ਅਫ਼ਰੀਕਾ ਦੇ ਇਹਨਾਂ ਦੇਸ਼ਾਂ ਵਿੱਚ ਅਕਾਲ ਐਲਾਨ ਦਿੱਤਾ ਗਿਆ ਸੀ, ਜਿਸ ਕਾਰਨ 2,60,000 ਲੋਕ ਕੁਪੋਸ਼ਣ ਦਾ ਸ਼ਿਕਾਰ ਹੋ ਕੇ ਮਾਰੇ ਗਏ ਸਨ। ਸਾਲ 2023 ਤੱਕ ਆਉਂਦੇ-ਆਉਂਦੇ ਇਹ ਦੇਸ਼ ਫ਼ਿਰ ਤੋਂ ਅਕਾਲ ਵਰਗੀ ਭਿਆਨਕ ਹਾਲਤ ਵਿੱਚ ਫਸ ਗਏ ਹਨ। 2020 ਦੇ ਅੰਤ ਤੋਂ ਹੁਣ ਤੱਕ ਲਗਭਗ 5 ਬਰਸਾਤੀ ਮੌਸਮਾਂ ਵਿੱਚ ਮੀਂਹ ਔਸਤ ਨਾਲ਼ੋਂ ਵੀ ਘੱਟ ਪਏ, ਜਿਸ ਕਾਰਨ ਖੇਤੀਬਾੜੀ ਤਬਾਹ ਹੋ ਗਈ, ਪਾਣੀ ਦੇ ਸਰੋਤ ਸੁੱਕ ਗਏ, ਲੋਕਾਂ ਨੂੰ ਪੀਣ ਲਈ ਪਾਣੀ ਨਸੀਬ ਨਹੀਂ ਹੋ ਰਿਹਾ, ਇੱਥੋਂ ਤੱਕ ਕਿ ਪਾਣੀ ਅਤੇ ਚਾਰੇ ਦੀ ਕਮੀ ਕਾਰਨ ਦੁਧਾਰੂ ਪਸ਼ੂ ਮਰ ਰਹੇ ਹਨ। ਅਲਜ਼ਜੀਰਾਂ ਦੀ ਰਿਪੋਰਟ ਅਨੁਸਾਰ 2023 ਦਾ ਅਕਾਲ, 2011 ਦੇ ਅਕਾਲ ਤੋਂ ਵੀ ਭਿਆਨਕ ਹੋਵੇਗਾ।

ਅਫ਼ਰੀਕਾ ਦਾ ਦੇਸ਼ ਸੋਮਾਲੀਆ ਲਗਭਗ ਪਿਛਲੇ ਤਿੰਨ ਸਾਲਾਂ ਤੋਂ ਸੋਕੇ ਦੀ ਮਾਰ ਹੇਠ ਹੈ। ਇਹ ਦੇਸ਼ 40 ਸਾਲਾਂ ਦੇ ਸਭ ਤੋਂ ਭਿਆਨਕ ਸੋਕੇ ਵਿੱਚੋਂ ਲੰਘ ਰਿਹਾ ਹੈ। ਸੋਕੇ ਕਾਰਨ ਇੱਥੇ ਲਗਾਤਾਰ ਭੋਜਨ ਦੀ ਥੁੜ ਬਣੀ ਰਹਿੰਦੀ ਹੈ। ਸੋਕੇ ਦੇ ਬੁਰੇ ਪ੍ਰਭਾਵ ਮਨੁੱਖੀ ਜਿੰਦਗੀ, ਜਾਨਵਰ, ਕੁਦਰਤ ਸਭ 'ਤੇ ਦਿਖ ਰਹੇ ਹਨ। ਔਰਤਾਂ, ਬੱਚੇ ਮਰ ਰਹੇ ਹਨ! ਔਰਤਾਂ ਦੀ ਦਿਮਾਗੀ, ਜਨਣ ਪ੍ਰਕਿਰਿਆ 'ਤੇ ਸੋਕੇ ਦੇ ਬਹੁਤ ਬੁਰੇ ਅਸਰ ਦਿਖ ਰਹੇ ਹਨ। ਕੁਪੋਸ਼ਿਤ ਗਰਭਵਤੀ ਔਰਤਾਂ ਦੇ ਲਗਾਤਾਰ ਕਈ-ਕਈ ਦਿਨ ਭੁੱਖੇ ਰਹਿਣ ਕਾਰਨ ਨਵੇਂ ਜਨਮ ਲੈਂਦੇ ਬੱਚੇ ਵੀ ਕੁਪੋਸ਼ਿਤ ਹੁੰਦੇ ਨੇ, ਪਹਿਲੀ ਗੱਲ ਉਹ ਜੰਮਦਿਆਂ ਹੀ ਮਰ ਜਾਂਦੇ ਹਨ! ਦੂਜਾ ਜੇ ਜਿਉਂਦੇ ਵੀ ਰਹਿੰਦੇ ਹਨ ਤਾਂ ਕੁਪੋਸ਼ਿਤ ਮਾਵਾਂ ਬੱਚਿਆਂ ਨੂੰ ਆਪਣਾ ਦੁੱਧ ਵੀ ਨਹੀਂ ਪਲਾ ਪਾਉਂਦੀਆਂ, ਸੋਕੇ ਕਾਰਨ ਮਾਂ ਦੀਆਂ ਮਮਤਾ ਭਰੀਆਂ ਛਾਤੀਆਂ ਦੁੱਧ ਨਾਲ਼ ਭਰਦੀਆਂ ਹੀ ਨਹੀਂ! ਅਜਿਹੇ ਬੱਚੇ ਵੀ ਥੋੜ੍ਹੀ ਦੇਰ ਬਾਅਦ ਮਰ ਜਾਂਦੇ ਹਨ। ਖੁਦ ਮਾਵਾਂ ਦੀ ਜਾਨ ਵੀ ਜਣੇਪੇ ਦੌਰਾਨ ਮਸਾਂ ਹੀ ਬਚਦੀ ਹੈ। ਲੋਕੀਂ ਸਿਹਤ ਸਹੂਲਤਾਂ ਦੀ ਘਾਟ, ਡਾਕਟਰੀ ਸਹਾਇਤਾ, ਦਵਾਈਆਂ, ਆਵਾਜਾਈ ਦੇ ਸਾਧਨਾ ਦੀ ਘਾਟ ਹਰ ਪੱਖੋਂ ਨਰਕ ਭਰੀ ਜਿੰਦਗੀ ਜਿਉਂ ਰਹੇ ਹਨ।


ਅਫਰੀਕਾ ਦੇ ਇਹਨਾਂ ਦੇਸ਼ਾਂ ਵਿੱਚ 'ਅੰਦਰੂਨੀ ਵਿਸਥਾਪਨ ਕੈਂਪ' ਬਣੇ ਹੋਏ ਹਨ। ਅਜਿਹੇ ਕੈਂਪਾ ਦਾ ਮਤਲਬ ਹੈ ਕਿ ਇੱਕ ਦੇਸ਼ ਦੇ ਅੰਦਰ ਹੀ, ਜਿਹੜੇ ਲੋਕਾਂ ਦਾ ਭੋਜਨ ਜਾਂ ਹੋਰ ਕਾਰਨਾਂ ਕਰਕੇ ਉਜਾੜਾ ਹੋਇਆ ਹੈ ਉਹਨਾਂ ਨੂੰ ਠਾਹਰ ਦੇਣ ਵਾਲ਼ੇ ਕੈਂਪ ਹਨ। ਜਿੱਥੇ ਲੋਕ ਬਿਨਾ ਘਰ ਤੋਂ, ਝੁੰਡ ਵਿੱਚ ਵੱਡੀ ਗਿਣਤੀ ਵਿੱਚ ਰਹਿੰਦੇ ਹਨ।

'ਅੰਦਰੂਨੀ ਵਿਸਥਾਪਿਤ ਲੋਕ' ਅਜਿਹੇ ਲੋਕ ਜਿਹੜੇ ਆਪਣੇ ਘਰਾਂ ਤੋਂ ਉੱਜੜ ਚੁੱਕੇ ਹਨ, ਆਪਣਾ ਇਲਾਕਾ ਛੱਡ ਕੇ ਦੇਸ਼ ਦੇ ਅੰਦਰ ਹੀ ਦੂਜੇ ਇਲਾਕੇ ਵਿੱਚ ਬਿਨਾ ਘਰ ਬਾਰ ਤੋਂ ਰਹਿੰਦੇ ਹਨ। ਕੀਨੀਆ ਵਿੱਚ ਅੰਦਰੂਨੀ ਵਿਸਥਾਪਿਤ ਲੋਕਾਂ ਦੀ ਗਿਣਤੀ ਲਗਭਗ 3 ਲੱਖ 80 ਹਜਾਰ ਹੈ। ਸੋਮਾਲੀਆ ਵਿੱਚ ਇਹ ਗਿਣਤੀ ਲਗਭਗ 30 ਲੱਖ ਹੈ। ਸਭ ਤੋਂ ਜਿਆਦਾ ਹੈ, ਇਥੋਪੀਆ ਵਿੱਚ, ਰਿਪੋਰਟ ਅਨੁਸਾਰ ਇੱਥੇ ਲਗਭਗ 42 ਲੱਖ ਅੰਦਰੂਨੀ ਵਿਸਥਾਪਿਤ ਲੋਕ ਹਨ। ਅਫ਼ਰੀਕਾ ਦੇ ਦੇਸ਼ ਇਥੋਪੀਆ ਵਿੱਚ ਲੋਕਾਂ ਨੇ ਸਿਰਫ਼ ਸੋਕੇ ਦੀ ਮਾਰ ਕਾਰਨ ਹੀ ਘਰ ਬਾਰ ਨਹੀਂ ਛੱਡਿਆ ਸਗੋਂ ਇਥੋਪੀਆ ਦੇ ਲੋਕੀ ਘਰੇਲੂ ਜੰਗ ਦੇ ਵੀ ਸੰਤਾਪੇ ਹੋਏ ਹਨ। ਇਥੋਪੀਆ ਦੀ ਸਰਕਾਰ ਵੱਲੋਂ ਅਮਹਾਰਾ, ਟਾਈਗਰੇ ਦੇ ਖਿੱਤੇ ਦੇ ਲੋਕਾਂ 'ਤੇ ਭਿਆਨਕ ਜਬਰ ਢਾਹੇ ਗਏ ਹਨ, ਸਕੂਲ, ਹਸਪਤਾਲ, ਘਰ ਇਸ ਖਾਨਾ ਜੰਗੀ ਕਾਰਨ ਤਬਾਹ ਹੋ ਗਏ, ਨਿਰਦੋਸ਼ ਲੋਕਾਂ ਦੇ ਸਮੂਹਿਕ ਕਤਲ ਕੀਤੇ ਗਏ, ਲੋਕਾਂ ਦਾ ਵੱਡੀ ਪੱਧਰ 'ਤੇ ਭਿਆਨਕ ਉਜਾੜਾ ਹੋਇਆ! ਇਥੋਪੀਆ ਦੇ ਉੱਤਰੀ ਟਾਈਗਰੇ ਇਲਾਕੇ ਵਿੱਚ ਘਰੇਲੂ ਯੁੱਧ ਨਵੰਬਰ 2020 ਵਿੱਚ ਸ਼ੁਰੂ ਹੋਇਆ ਸੀ। ਇਹ ਸਰਕਾਰ ਅਤੇ ਇਸਦੇ ਸਹਿਯੋਗੀ ਅਤੇ ਪੀਪਲਜ ਲਿਬਰੇਸ਼ਨ ਫਰੰਟ ਵਿਚਕਾਰ ਹੈ। ਇਸ ਦੇ ਕਾਰਨਾਂ ਵਿੱਚ ਜਾਣਾ ਇਸ ਲੇਖ ਦਾ ਵਿਸ਼ਾ ਨਹੀਂ, ਨਾ ਹੀ ਸੰਭਵ ਹੈ ਪਰ ਲੁਟੇਰੇ ਹਾਕਮਾਂ ਦੁਆਰਾ ਜੰਗਾਂ ਹਮੇਸ਼ਾ ਲੋਕਾਂ 'ਤੇ ਥੋਪੀਆ ਜਾਂਦੀਆਂ ਹਨ, ਜਿਸ ਵਿੱਚ ਘਾਣ ਮਨੁੱਖਾਂ ਦਾ ਹੁੰਦਾ ਹੈ। ਹੁਕਮਰਾਨ ਦੇਸ਼ ਦੇ ਅੰਦਰੂਨੀ ਮਸਲੇ ਜਮ੍ਹੂਰੀ ਢੰਗ ਨਾਲ਼ ਹੱਲ ਕਰਨ ਦੀ ਬਜਾਏ, ਤਾਨਾਸ਼ਹ ਢੰਗ ਨਾਲ਼ ਕਰਦੇ ਹਨ! ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਫੌਜ ਦੇ ਹਵਾਲੇ ਕਰ ਦਿੱਤਾ ਗਿਆ, ਜਿਸ ਵਿੱਚ ਸਮੂਹਿਕ ਕਤਲ ਅਤੇ ਔਰਤਾਂ ਨਾਲ਼ ਯੁੱਧ ਦੇ ਹਥਿਆਰ ਵਜੋਂ ਵੱਡੀ ਪੱਧਰ 'ਤੇ ਬਲਾਤਕਾਰ ਕੀਤੇ ਗਏ। ਇਥੋਪੀਆ ਸਰਕਾਰ ਵੱਲੋਂ ਜੰਗ ਪ੍ਰਭਾਵਿਤ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਮਨੁੱਖੀ ਮਦਦ, ਭੋਜਨ, ਦਵਾਈਆਂ ਆਦਿ ਲੈ ਕੇ ਜਾਣ 'ਤੇ ਵੀ ਨਾਕਾਬੰਦੀ ਲਾਈ ਗਈ। ਕੋਈ ਵੀ ਹੋਰ ਦੇਸ਼ ਜਾਂ ਉਸੇ ਦੇਸ਼ ਦੀ ਕੋਈ ਸੰਸਥਾ ਆਦਿ ਸਭ 'ਤੇ ਇਹ ਨਾਕਾਬੰਦੀ ਸੀ। ਲੋਕਾਂ ਨੂੰ ਜਾਣ-ਬੁੱਝ ਕੇ ਭੁੱਖ ਨਾਲ਼ ਮਰਨ ਲਈ ਛੱਡ ਦਿੱਤਾ ਗਿਆ। ਹੁਣ ਟਾਇਗਰੇ ਵਿੱਚ 52 ਲੱਖ ਲੋਕਾਂ ਨੂੰ ਭੋਜਨ ਸਹਾਇਤਾ ਦੀ ਲੋੜ ਹੈ। ਲਗਭਗ 4 ਲੱਖ ਲੋਕ ਅਕਾਲ ਦੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਅਜਿਹੇ ਮਹੌਲ ਵਿੱਚ ਔਰਤਾਂ ਨੂੰ, ਬੱਚਿਆਂ ਨੂੰ ਬਹੁਤ ਜਿਆਦਾ ਖਤਰਾ ਹੈ। ਅੰਦਾਜੇ ਅਨੁਸਾਰ ਅੰਦਰੂਨੀ ਉਜਾੜੇ ਕਾਰਨ ਲਗਭਗ 17 ਲੱਖ ਬੱਚਿਆਂ ਨੇ ਸਿੱਖਿਆ ਤੱਕ ਪਹੁੰਚ ਗੁਆ ਦਿੱਤੀ ਹੈ। ਵੱਖ-ਵੱਖ ਔਰਤਾਂ, ਬੱਚਿਆਂ ਅਤੇ ਵੱਖ-ਵੱਖ ਨਸਲੀ ਸਮੂਹਾਂ ਦੇ ਮੈਂਬਰਾਂ ਵਿਰੁੱਧ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾ ਦੀਆਂ ਬਹੁਤ ਰਿਪੋਰਟਾਂ ਛਪੀਆਂ ਹਨ।

ਅਫ਼ਰੀਕਾ ਦੇ ਇਹਨਾਂ ਦੇਸ਼ਾਂ ਦੇ ਲੋਕ ਜਿਸ ਆਰਥਿਕ-ਸਮਾਜਿਕ ਸੰਕਟ ਵਿੱਚੋਂ ਜੂਝ ਰਹੇ ਹਨ, ਇਹ ਸਿਰਫ਼ ਕੁਦਰਤੀ ਸੰਕਟ ਨਹੀਂ, ਕਿ ਵਾਤਾਵਰਨ ਦੇ ਬਦਲਾਅ ਕਾਰਨ ਮੀਂਹ ਨਾ ਪੈਣ ਕਾਰਨ ਅਫ਼ਰੀਕਾ ਦੇ ਲੋਕ ਭਿਆਨਕ ਹਾਲਤਾਂ ਨਾਲ਼ ਜੂਝ ਰਹੇ ਹਨ। ਇਥੋਪੀਆ ਵਿੱਚ ਸੋਨੇ ਦੀ ਖੁਦਾਈ ਦੀਆਂ ਖਾਣਾ ਹਨ, ਜਿੱਥੇ ਬੱਚੇ ਵੀ ਕੰਮ ਕਰਦੇ ਹਨ। ਕੌਫੀ ਦੀ ਫਸਲ ਦਾ ਵਪਾਰ ਇਹਨਾਂ ਦੇਸ਼ਾਂ ਦੁਆਰਾ ਹੀ ਕੀਤਾ ਜਾਂਦਾ ਹੈ, ਸੋਮਾਲੀਆ ਵਿੱਚ ਮੱਛੀ ਫੜ੍ਹਨ ਵਾਲ਼ੇ ਪਾਣੀ ਦੇ ਕੁਦਰਤੀ ਸਰੋਤ ਹਨ, ਪਰ ਸੱਚ ਇਹ ਹੈ ਕਿ ਕੁਦਰਤੀ ਸਰੋਤਾਂ ਦੀ ਵਰਤੋਂ ਉੱਥੋਂ ਦੇ ਲੋਕਾਂ ਦੀ ਜਿੰਦਗੀ ਬਚਾਉਣ, ਬੇਹਤਰ ਬਣਾਉਣ ਲਈ ਨਹੀਂ ਕੀਤੀ ਜਾਂਦੀ। ਕੌਮਾਂਤਰੀ ਪੱਧਰ 'ਤੇ ਕੁਦਰਤੀ ਸਰੋਤਾਂ ਦੀ ਕੋਈ ਘਾਟ ਨਹੀਂ। ਭੋਜਨ, ਪਾਣੀ ਸਭ ਦਾ ਬਹੁਤ ਚੰਗੇ ਤਰੀਕੇ ਨਾਲ਼ ਇੰਤਜ਼ਾਮ ਹੋ ਸਕਦਾ ਪਰ ਕੀਤਾ ਨਹੀਂ ਜਾ ਰਿਹਾ। ਵਿਦੇਸ਼ੀ ਕੰਪਨੀਆਂ ਖੁਦਾਈ ਕਰਨ ਲਈ ਤਾਂ ਆਉਂਦੀਆਂ ਹਨ, ਯੂਰੋਪੀਅਨ, ਏਸ਼ੀਆਈ ਕੰਪਨੀਆਂ ਗੈਰ ਕਨੂੰਨੀ ਮੱਛੀਆਂ ਫੜ੍ਹਨ ਸੋਮਾਲੀਆ ਦੀ ਸਰਹੱਦ 'ਤੇ ਜਾਂਦੀਆਂ ਹਨ ਪਰ ਉੱਥੋਂ ਦੇ ਲੋਕਾਂ ਦੀ ਕੋਈ ਖਬਰ ਸਾਰ ਨਹੀਂ ਲਈ ਜਾਂਦੀ। ਭਲਾਈ ਦੇ ਨਾਮ 'ਤੇ ਸਾਮਰਾਜੀ ਮੁਲਕਾਂ ਦੇ ਧਨਾਢ ਉੱਥੋਂ ਦੇ ਕੁਦਰਤੀ ਸਰੋਤਾਂ ਨੂੰ ਲੁੱਟਣ ਦਾ ਰਾਹ ਪੱਧਰਾਂ ਕਰਦੇ ਹਨ। ਜੰਗਾਂ 'ਤੇ ਕਰੋੜਾਂ ਰੁਪਏ ਵਹਾਏ ਜਾ ਰਹੇ ਹਨ, ਰੂਸ ਯੂਕਰੇਨ ਜੰਗ ਵਿੱਚ ਕਰੋੜਾਂ ਰੁਪਏ ਝੋਕੇ ਜਾ ਰਹੇ ਹਨ, ਪਰ ਅਕਾਲ ਦੂਰ ਕਰਨ ਲਈ ਪੈਸੇ ਦੀ ਥੁੜ ਹੈ। ਸੰਯੁਕਤ ਰਾਸ਼ਟਰ ਰਿਪੋਰਟਾਂ ਛਾਪਦਾ ਹੈ, ਅਕਾਲ ਦੂਰ ਕਰਨ ਲਈ ਫ਼ੰਡ ਇਕੱਠੇ ਕੀਤੇ ਜਾਂਦੇ ਹਨ ਪਰ, ਟੀਚੇ ਮਿੱਥੇ ਜਾਂਦੇ ਹਨ ਪਰ ਮੌਤ ਟੀਚੇ ਨਹੀਂ ਦੇਖਦੀ! ਸੰਯੁਕਤ ਰਾਸ਼ਟਰ ਭੋਜਨ ਸੁਰੱਖਿਆ ਪ੍ਰੋਗਰਾਮ ਕਹਿਣ ਨੂੰ ਤਾਂ ਦੁਨੀਆਂ ਦੀ ਸਭ ਤੋਂ ਵੱਡੀ "ਮਨੁੱਖਤਾਵਾਦੀ"ਜਥੇਬੰਦੀ ਬਣਦੀ ਹੈ ਜਿਸ ਨੇ ਇਹ ਟੀਚਾ ਵੀ ਮਿੱਥਿਆ ਕਿ 2030 ਤੱਕ ਸੰਸਾਰ ਪੱਧਰ 'ਤੇ 'ਜੀਰੋ ਭੁੱਖਮਰੀ' ਹੋਵੇਗੀ। ਪਰ ਸੱਚ ਤਾਂ ਇਹ ਹੈ ਕਿ ਜਦੋਂ ਤੱਕ ਇਹ ਮੁਨਾਫ਼ੇ 'ਤੇ ਟਿਕਿਆ ਢਾਂਚਾ ਹੈ ਇਹ ਸੰਭਵ ਹੀ ਨਹੀਂ ਹੈ। ਅਜਿਹੀਆਂ ਸੰਸਥਾਵਾਂ ਅਲੱਗ-ਅਲੱਗ ਦੇਸ਼ਾਂ ਦੇ ਸਰਮਾਏਦਾਰਾਂ ਦੀਆਂ ਹੀ ਬਣਾਈਆਂ ਹੋਈਆਂ ਹਨ। ਹਰ ਦੇਸ਼ ਦੇ ਸਰਮਾਏਦਾਰ ਨੂੰ ਆਪਣੇ ਨਿੱਜੀ ਹਿੱਤ ਪਹਿਲਾਂ ਹਨ। ਉਹਨਾਂ ਅਨੁਸਾਰ ਹੀ ਫ਼ੰਡ ਦਿੱਤੇ ਜਾਂਦੇ ਹਨ। ਅਫ਼ਰੀਕਾ ਵਿੱਚੋਂ ਜਿੰਨਾ ਮੁਨਾਫ਼ੇ ਲਈ ਮਿਲ਼ੇਗਾ ਉਸ ਹਿਸਾਬ ਨਾਲ਼ ਹੀ ਲਾਇਆ ਜਾਵੇਗਾ! ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਜਦੋਂ ਯੂ.ਐੱਨ. ਦੀ ਸੰਸਥਾ ਕਹਿੰਦੀ ਹੈ ਕਿ ਅਫ਼ਰੀਕਾ ਲਈ ਮਿੱਥੇ ਟੀਚੇ 370 ਕਰੋੜ ਦਾ ਅੱਧ ਹੀ ਇਕੱਠਾ ਕਰ ਪਾਏ ਹਾਂ, ਸਰੋਤਾਂ ਦੀ ਘਾਟ ਹੈ! ਜਦੋਂ ਦੇਸ਼ ਦੇ ਧਨਾਢਾਂ ਨੂੰ ਜੰਗਾਂ ਤੋਂ ਫਾਇਦਾ ਹੁੰਦਾ ਹੈ ਓਦੋਂ ਉਹ ਹਥਿਆਰ ਬਣਾਉਣ, ਵੇਚਣ 'ਤੇ ਪੈਸੇ ਲਾਉਂਦੇ ਹਨ। ਅੱਜ ਧਰਤੀ 'ਤੇ ਸਾਡੇ ਕੋਲ਼ ਅਜਿਹਾ ਟੁਕੜਾ ਹੈ ਜੋ ਦੁਨੀਆ ਤੋਂ ਪੂਰੀ ਤਰ੍ਹਾਂ ਕੱਟਿਆ ਹੋਇਆ ਹੈ - ਕੋਈ ਬੁਨਿਆਦੀ ਸੇਵਾਵਾਂ, ਵਿੱਤੀ, ਦੂਰਸੰਚਾਰ, ਸਿੱਖਿਆ ਨਹੀਂ, ਲੋਕੀ ਤੜਫ-ਤੜਫ ਕੇ ਮਰ ਰਹੇ ਹਨ। ਅੱਜ ਮਨੁੱਖਾਂ ਦੀ ਮੁਕਤੀ ਦਾ, ਸਮਾਜ ਦਾ ਸੰਕਟ ਦੂਰ ਕਰਨ ਦਾ ਸੁਪਨਾ ਅੱਖਾਂ ਵਿੱਚ ਪਾਲੀਏ, ਅਜਿਹੇ ਸਮਾਜ ਦੀ ਸਿਰਜਣਾ ਵਿੱਚ ਜੁੱਟ ਜਾਈਏ ਜਿੱਥੇ ਮਨੁੱਖਤਾਂ ਦੀ ਸੇਵਾ ਕਰਨ ਲਈ ਨਿੱਜੀ ਹਿੱਤ, ਇੱਕ ਦੇਸ਼ ਦੇ ਹਿੱਤ ਆੜੇ ਨਾ ਆਉਣ, ਇਹ ਧਰਤੀ, ਕੁਦਰਤ, ਕੁਦਰਤੀ ਸਰੋਤ ਕੁੱਲ ਲੋਕਾਈ ਦੇ ਹੋਣ।

ਲਲਕਾਰ 'ਚ ਧੰਨਵਾਦ ਸਹਿਤ

## ਜ਼ਿੰਦਗੀ !



- ਜ਼ਿੰਦਗੀ
ਵੋਟਾਂ ਦੇ ਪਰਦੇ ਪਿਛੇ
ਜਾਣ ਤੋਂ ਪਹਿਲਾਂ
ਉਂਗਲ 'ਤੇ ਲਾਈ
ਸਿਆਹੀ ਨਹੀਂ ,
ਜਿਹੜੀ-
ਚੋਣਾਂ ਦਾ ਤਾਪ ਲਹਿੰਦਿਆਂ
ਲਹਿ ਜਾਵੇਗੀ!
ਜਿੰਦਗੀ ਤਾਂ
ਹੱਕ ਮੰਗਦਿਆਂ
ਪੁਲਿਸ ਦੇ ਮਾਰੇ
ਬੂਟਾਂ ਦੇ ਠੁੱਢਿਆਂ
ਦਾ ਦਰਦ ਹੁੰਦਾ ਹੈ,
ਜਿਹੜਾ-
ਸੇਕ ਦਿੱਤਿਆਂ ਵੀ
ਸਾਰੀ ਉਮਰ ਨਹੀਂ ਜਾਂਦਾ!
ਜਿੰਦਗੀ ਦੇ ਅਰਥ
ਲੱਭਣ ਲਈ
ਲਾਇਬ੍ਰੇਰੀਆਂ ਦੀਆਂ
ਕਿਤਾਬਾਂ ਨਾਲ
ਮਰ-ਖੱਪਣ ਦੀ
ਲੋੜ ਨਹੀਂ,
ਭੱਠੀ 'ਤੇ ਦਾਣੇ ਭੁੰਨਦੀ
ਬੁੱਢੀ ਮਾਈ
ਕੋਲ ਜਾਣਾ ਪਵੇਗਾ,
ਜਿਹਦੀ ਜ਼ਿੰਦਗੀ
ਭੁੰਨੀ ਗਈ ਆ,
ਦਾਣੇ ਭੰਨਦਿਆਂ, ਭੁੰਨਦਿਆਂ!
ਆਓ!
ਤੋਤਲੀ ਅਵਾਜ਼ ਨੂੰ ਮਿਲੀਏ,
ਜੀਹਦੀ
ਜ਼ਿੰਦਗੀ ਦੇ ਅਰਥ
ਨਹੀਂ,
ਜ਼ਿੰਦਗੀ ਗੁਆਚ ਗਈ ਆ,
ਗੰਦਗੀ ਦੇ ਢੇਰ 'ਚੋਂ
ਜ਼ਿੰਦਗੀ ਦੇ ਅਰਥ
ਲੱਭਦਿਆਂ, ਲੱਭਦਿਆਂ!

-ਸੁਖਦੇਵ ਸਲੇਮਪੁਰੀ
09780620233

## ਤਾਪ !




-ਕੁਦਰਤ ਦੇ ਤਾਪ ਦਾ
ਪਾਰਾ ਚੜ੍ਹਦਾ,
ਚੜ੍ਹਨ ਦਿਓ
ਝੱਲਾਂਗੇ!
ਜਦੋਂ ਸਿਆਸਤ ਦਾ ਪਾਰਾ
ਚੜ੍ਹਦਾ
ਤਾਂ ਫਿਰ
ਠੰਢੀ ਰੁੱਤੇ
ਮੁੜ੍ਹਕਾ
ਨਹੀਂਓ ਹੱਟਦਾ!
ਪਾਰਾ ਚੜ੍ਹਕੇ ਬੁਅਲਰ
ਫੱਟਦਾ!
ਫਿਰ ਆਪਣਾ
ਬਿਗਾਨੇ ਨਾਲ
ਖੜ੍ਹਦਾ!
ਤਿੱਖਾ ਤਾਪ
ਜਿਗਰੇ ਵਾਲਾ
ਝੱਲਦਾ!
ਕਿਸੇ ਨੂੰ ਮਾਰਦਾ,
ਕਿਸੇ ਨੂੰ ਫਲਦਾ!
ਇਹ ਤਾਪ ਤਾਂ
ਹੋਰ ਚੜ੍ਹਗੇ!
ਹੋਰ ਚੜ੍ਹੇਗਾ!
ਜਦੋਂ ਚੜ੍ਹਗੇ
ਕੌਣ ਜਿੱਤੇਗਾ,
ਕੌਣ ਹਰੇਗਾ?
ਜਦ ਸਿਖਰਾਂ 'ਤੇ
ਤਾਪ ਚੜ੍ਹੇਗਾ
ਪਤਾ ਨਹੀਂ
ਫਿਰ ਕੀ ਹੋਏਗਾ
ਕੌਣ ਹੱਸੇਗਾ?
ਕੌਣ ਰੋਏਗਾ?
ਕੌਣ ਬਚੇਗਾ?
ਕੌਣ ਮਰੇਗਾ?
ਸਿਆਸਤ ਦਾ ਤਾਪ
ਜੇਠ-ਹਾੜ ਦੇ ਤਾਪ ਨਾਲੋਂ
ਅਲਹਿਦਾ ਹੁੰਦੈ,
ਜਿਸ ਨੂੰ ਮਾਪਣ ਲਈ
ਮੈਪਾਨਾ ਨਹੀਂ,
ਦਿਮਾਗ ਵਿਚ
ਕੁਰਸੀ ਦਾ ਮੈਖ਼ਾਨਾ ਹੁੰਦੈ!

## ਨਿਮਰਤਾ/ ਕਾਇਰਤਾ



ਗਦਰੀ ਬਾਬਾ ਬੂਝਾ ਸਿੰਘ ਜੁਲਾਈ 1970 ਨੂੰ ਬਾਦਲ ਹਕੂਮਤ ਵੱਲੋਂ ਝੂਠੇ ਪੁਲਸ ਮੁਕਾਬਲੇ ਵਿੱਚ ਸ਼ਹੀਦ

ਵਿਦਿਆਰਥੀ ਆਗੂ ਪਿਰਥੀ ਪਾਲ ਰੰਧਾਵਾ 1979 ਵਿੱਚ ਅਕਾਲੀ ਗੁੰਡਿਆਂ ਵੱਲੋਂ ਸ਼ਹੀਦ

ਕਿਸਾਨ ਆਗੂ ਸਾਧੂ ਸਿੰਘ ਤਖਤੂਪੁਰਾ 2010ਅਕਾਲੀ ਗੁੰਡਿਆਂ ਵੱਲੋਂ ਸ਼ਹੀਦ

ਹਰ ਕੋਈ ਉਸ ਦੀ ਨਿਮਰਤਾ
ਦੀਆਂ ਬਾਤਾਂ ਪਾਉਂਦਾ
200 ਮੁੰਡਾ ਮਾਰ ਕੇ ਉਹ ਖੱਪਾ ਦਿੰਦਾ
ਮੱਥੇ ਤੇ ਪਸੀਨਾ ਵੀ ਨਹੀਂ ਸੀ ਆਉਂਦਾ
ਹੱਕ ਮੰਗਣ ਗਏ ਬੇਰੁਜ਼ਗਾਰ
ਮੁੰਡੇ ਕੁੜੀਆਂ ਤੇ
ਉਹ ਡਾਂਗਾਂ ਵਰਾਉਂਦਾ
ਮੱਥੇ ਤੇ ਪਸੀਨਾ ਵੀ ਨਹੀਂ ਸੀ ਆਉਂਦਾ
ਸ਼੍ਰੋਮਣੀ ਕਮੇਟੀ ਤੇ ਕਾਬਜ਼ ਰਹਿਣ ਲਈ
ਭੱਜ ਨੱਠ ਕਰਦਾ ਜੁਗਾੜ ਲਗਾਉਂਦਾ
ਮੱਥੇ ਤੇ ਪਸੀਨਾ ਵੀ ਨਹੀਂ ਸੀ ਆਉਂਦਾ
ਪੁੱਤ ਦੀਆਂ ਨਾਕਾਮੀਆਂ ਛਪਾਉਣ ਦਾ
ਪੰਜ ਤਾਰੇ ਹੋਟਲ ਬਣਾਉਣ ਦਾ
ਐਨੀ ਮਿਹਨਤ ਤੋਂ ਬਾਅਦ ਵੀ
ਮੱਥੇ ਤੇ ਪਸੀਨਾ ਵੀ ਨਹੀਂ ਸੀ ਆਉਂਦਾ
ਪੰਜ ਸਾਲ ਮੁੱਖ-ਮੰਤਰੀ ਰਹਿੰਦਾ
ਗਰੀਬ ਦਾ ਮੁੰਡਾ ਸੰਤਰੀ ਹੀ ਰਹਿੰਦਾ
ਪਤਨੀ ਦਾ ਇਲਾਜ ਵਿਦੇਸ਼ੋਂ ਕਰਵਾਉਂਦਾ
ਆਪਣੇ ਪੁੱਤ ਨੂੰ ਅਮਰੀਕਾ ਪੜ੍ਹਾਉਂਦਾ
ਮੱਥੇ ਤੇ ਕਦੇ ਵੀ ਪਸੀਨਾ ਨਹੀਂ ਸੀ ਆਉਂਦਾ
ਸਿਆਸਤ ਦਾ ਬਾਬਾ ਬੋਹੜ ਕਹਾਉਂਦਾ ਸੀ
ਪੰਜਾਬ ਦੀ ਛਾਂ ਖਾ ਗਿਆ
ਪੰਜਾਬ ਦੀ ਬੋਲੀ ਮਾਂ ਖਾ ਗਿਆ
ਪੰਜਾਬ ਸੂਬੇ ਨੂੰ ਸੂਬੀ ਬਣਾ ਗਿਆ
ਬੜਾ ਸ਼ਾਤਿਰ ਸਿਆਸਤਦਾਨ ਸੀ
ਲਮਕਦਾ ਸੀ ਨਾਲਾ ਨਹੀਂ ਸੀ ਸ਼ਰਮਾਉਂਦਾ
ਮੱਥੇ ਤੇ ਕਦੇ ਵੀ ਪਸੀਨਾ ਨਹੀਂ ਸੀ ਆਉਂਦਾ

ਪਰਮਿੰਦਰ ਰਮਨ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਘੋੜੀ ਚੜ੍ਹਿਆ !



-ਸੁਖਦੇਵ ਸਲੇਮਪੁਰੀ
09780620233

-ਅੱਜ ਭਾਰਤ ਦੀ ਅਬਾਦੀ 142 ਕਰੋੜ ਨੂੰ ਪਹੁੰਚ ਗਈ ਹੈ। ਇਹ ਅੰਕੜਾ ਹਾਸਲ ਕਰਦਿਆਂ ਭਾਰਤ ਨੇ ਆਪਣੇ ਆਪ ਨੂੰ ਵੱਡੀ ਆਬਾਦੀ ਵਾਲਾ ਸੰਸਾਰ ਦਾ ਮਹਾਨ ਦੇਸ਼ ਕਹਾਉਣ ਦਾ ਮਾਣ ਹਾਸਲ ਕਰ ਲਿਆ ਹੈ ਅਤੇ ਇਸ ਮਹਾਨ ਪ੍ਰਾਪਤੀ ਪਿਛੇ ਚੀਨ ਜੋ ਆਪਣੇ ਆਪ ਨੂੰ ਸੰਸਾਰ ਦੀ ਇਕ ਮਹਾਨ ਸ਼ਕਤੀ ਅਤੇ ਹਸਤੀ ਮੰਨਦਾ ਹੈ, ਨੂੰ ਅਬਾਦੀ ਦੇ ਮਾਮਲੇ ਵਿਚ ਭਾਰਤ ਨੇ ਅੰਗੂਠਾ ਦਿਖਾ ਕੇ ਮੂਧੇ-ਮੂੰਹ ਸੁੱਟ ਦਿੱਤਾ ਹੈ।

ਦੇਸ਼ ਵਿਚ ਜਦੋਂ ਭਾਰਤ ਸਰਕਾਰ ਨੇ ਦੇਸ਼ ਵਾਸੀਆਂ ਨੂੰ 'ਹਮ ਦੋ ਹਮਾਰੇ ਦੋ' ਦਾ ਨਾਅਰਾ ਦਿੱਤਾ ਸੀ ਤਾਂ ਉਸ ਵੇਲੇ ਪੰਜਾਬ ਦੇ ਲੋਕਾਂ ਨੇ ਦੇਸ਼ ਵਿਚ ਅਬਾਦੀ ਉਪਰ ਕਾਬੂ ਪਾਉਣ ਲਈ ਪੂਰੀ ਸੰਜੀਦਗੀ ਵਿਖਾਈ, ਜੋ ਹਾਲੇ ਵੀ ਬਰਕਰਾਰ ਹੈ। ਵੱਡੀ ਗਿਣਤੀ ਵਿਚ ਪੰਜਾਬ ਵਿਚ ਪੰਜਾਬੀ ਪਰਿਵਾਰਾਂ ਦੇ ਇਕ ਜਾਂ ਦੋ ਬੱਚੇ ਹਨ ਅਤੇ ਕਿਸੇ ਕਿਸੇ ਪਰਿਵਾਰ ਵਿਚ ਦੋ ਤੋਂ ਵੱਧ ਬੱਚੇ ਹਨ, ਪਰ ਪੰਜਾਬ ਵਿਚ ਦੂਜੇ ਰਾਜਾਂ ਖਾਸ ਕਰਕੇ ਜਿਹੜੇ ਲੋਕ ਉੱਤਰ-ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਜਾਂ ਹੋਰ ਸੂਬਿਆਂ ਵਿੱਚੋਂ ਆ ਕੇ ਰਹਿ ਰਹੇ ਹਨ, ਵਿਸ਼ੇਸ਼ ਕਰਕੇ ਜਿਹੜੇ ਗਰੀਬ ਪਰਿਵਾਰ ਹਨ, ਉਨ੍ਹਾਂ ਵਿਚ ਬੱਚਿਆਂ ਦੀ ਗਿਣਤੀ ਜਿਆਦਾ ਹੈ। ਪੰਜਾਬ ਭਾਰਤ ਦੀ ਆਨ ਤੇ ਸ਼ਾਨ ਲਈ ਹਮੇਸ਼ਾ ਤੱਤਪਰ ਰਿਹਾ ਹੈ। ਪੰਜਾਬ ਦੀ ਧਰਤੀ ਗੁਰੂਆਂ ਅਤੇ ਪੀਰਾਂ ਦੀ ਧਰਤੀ ਹੈ, ਜਿਥੇ ਹਮੇਸ਼ਾ ਮਾਨਵਤਾ ਦੇ ਭਲਾ ਲਈ ਸੋਚਿਆ ਜਾਂਦਾ ਹੈ ਅਤੇ ਹਮੇਸ਼ਾ ਦੂਜਿਆਂ ਦਾ ਭਲਾ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨਾਂ ਵਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਪੰਜਾਬ ਵਿਚ ਭਾਈਚਾਰਕ ਸਾਂਝ ਅਤੇ ਪਿਆਰ ਦੀ ਭਾਵਨਾ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਦਕਿ ਦੇਸ਼ ਦੇ ਬਹੁਤ ਸਾਰੇ ਅਜਿਹੇ ਹਿੱਸੇ ਹਨ, ਜਿਥੇ ਅਜਾਦੀ ਦੇ 75 ਸਾਲ ਬੀਤ ਜਾਣ ਦੇ ਬਾਵਜੂਦ ਵੀ ਜਾਤੀ ਸਿਸਟਮ ਦਾ ਵਰਤਾਰਾ ਜਿਉਂ ਦੀ ਤਿਉਂ ਹੈ, ਉਥੇ ਅਜੇ ਵੀ ਦੇਸ਼ ਦੇ ਮੂਲ-ਨਿਵਾਸੀਆਂ ਜਿਨ੍ਹਾਂ ਨੂੰ 'ਦਲਿਤ' ਕਹਿ ਕੇ ਪੁਕਾਰਿਆ ਜਾਂਦਾ ਹੈ, ਨਾਲ ਜਾਤਪਾਤ ਦੇ ਨਾਂ ਹੇਠ ਵਿਤਕਰਾ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਵਿਆਹ ਵੇਲੇ ਘੋੜੀ ਚੜ੍ਹਨ ਤੋਂ ਰੋਕਿਆ ਜਾਂਦਾ ਹੈ, ਕੱਢਮੀ ਜੁੱਤੀ, ਸੋਹਣੇ ਕੱਪੜੇ ਪਾਉਣ ਤੋਂ ਵਰਜਿਆ ਜਾਂਦਾ ਹੈ।

ਪਿਛਲੇ ਦਿਨੀਂ ਅਜਿਹੀ ਹੀ ਇਕ ਮੰਦਭਾਗੀ ਘਟਨਾ ਕਿਸੇ ਹੋਰ ਨਾਲ ਨਹੀਂ ਬਲਕਿ ਬੀ. ਐਸ. ਐਫ. ਦੇ ਉਸ ਜਵਾਨ ਨਾਲ ਵਾਪਰੀ, ਜਿਹੜਾ ਦਿਨ-ਰਾਤ ਦੇਸ਼ ਦੀ ਸਰਹੱਦ ਉਪਰ ਦੇਸ਼ ਦੀ ਰੱਖਿਆ ਕਰਨ ਲਈ ਹਿੱਕ ਤਾਣ ਕੇ ਡੱਟਿਆ ਰਹਿੰਦਾ ਹੈ। ਉਹ ਦੇਸ਼ ਲਈ ਨਾ ਤਾਂ ਆਪਣੀ ਜਾਨ ਦੀ ਅਤੇ ਨਾ ਹੀ ਆਪਣੇ ਪਰਿਵਾਰ ਦੀ ਪ੍ਰਵਾਹ ਕਰਦਾ ਹੈ, ਉਸ ਦੇ ਦਿਮਾਗ ਵਿਚ ਤਾਂ ਸਿਰਫ਼ ਤੇ ਸਿਰਫ ਦੇਸ਼ ਦੀ ਰੱਖਿਆ ਕਰਨਾ ਹੀ, ਉਸ ਦਾ ਧਰਮ ਤੇ ਕਰਮ ਹੈ। ਦੇਸ਼ ਦੇ ਬੀ. ਐੱਸ. ਐਫ. ਦੇ ਜਿਸ ਜਵਾਨ ਨਾਲ ਜਿਥੇ ਮੰਦਭਾਗੀ ਘਟਨਾ ਵਾਪਰੀ ਹੈ, ਉਸ ਦਾ ਅਸਥਾਨ ਮੱਧ-ਪ੍ਰਦੇਸ਼ ਦੀ ਧਰਤੀ ਹੈ।

ਮੱਧ-ਪ੍ਰਦੇਸ਼ ਦੇ ਮੰਦਸੌਰ ਜ਼ਿਲ੍ਹੇ ਦੇ ਗਰੋਠ ਥਾਣਾ ਖੇਤਰ ਅਧੀਨ ਪੈਂਦੇ ਇੱਕ ਪਿੰਡ ਪਿੱਪਲੀਆ ਦਾ ਰਹਿਣ ਵਾਲਾ ਬੀ. ਐਸ. ਐਫ. ਦਾ ਇਕ ਜਵਾਨ ਵਿਆਹ ਕਰਵਾਉਣ ਲਈ ਪਿੰਡ ਆਇਆ ਤਾਂ ਉਹ ਚਾਈਂ-ਚਾਈਂ ਲਾੜੀ ਨੂੰ ਵਿਆਹੁਣ ਲਈ ਜਦੋਂ ਘੋੜੀ ਚੜ੍ਹਿਆ ਤਾਂ ਅਖੌਤੀ ਉੱਚ-ਜਾਤੀ ਦੇ ਮਨੂੰਵਾਦੀ ਲੋਕਾਂ ਵਲੋਂ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਪਰ ਉਹ ਘੋੜੀ 'ਤੇ ਬਰਾਤ ਲੈ ਕੇ ਤੁਰ ਪਿਆ ਅਤੇ ਉਸ ਨੂੰ ਜ਼ਬਰਦਸਤੀ ਰੋਕਿਆ ਗਿਆ। ਇੰਨਾ ਹੀ ਨਹੀਂ ਬਰਾਤ 'ਤੇ ਪਥਰਾਅ ਵੀ ਕੀਤਾ ਗਿਆ, ਜਿਸ ਕਰਕੇ 6 ਲੋਕ ਜ਼ਖਮੀ ਹੋ ਗਏ। ਬਰਾਤ ਉਪਰ ਜਦੋਂ ਹਮਲਾ ਕੀਤਾ ਗਿਆ ਤਾਂ ਇਸ ਮਾਮਲੇ ਸਬੰਧੀ ਸਬੰਧਤ ਗਰੋਠ ਥਾਣੇ ਵਿਚ ਇਤਲਾਹ ਦਿੱਤੀ ਗਈ, ਜਿਸ ਪਿੱਛੋਂ ਪੁਲਿਸ ਵੱਲੋਂ 29 ਦੋਸ਼ੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ। ਇਸ ਮੰਦਭਾਗੀ ਘਟਨਾ ਤੋਂ ਬਾਅਦ ਬੀ. ਐਸ. ਐਫ. ਦੇ ਜਵਾਨ ਦੀ ਬਰਾਤ ਹਥਿਆਰਬੰਦ ਪੁਲਿਸ ਮੁਲਾਜ਼ਮਾਂ ਦੀ ਸੁਰੱਖਿਆ ਹੇਠ ਲਾੜੀ ਦੇ ਪਿੰਡ ਵਲ ਤੁਰੀ।

ਗਰੋਠ ਥਾਣਾ ਦੇ ਇੰਚਾਰਜ ਕਮਲੇਸ਼ ਸਿੰਗਰ ਨੇ ਦੱਸਿਆ ਕਿ ਪਿੱਪਲੀਆ ਰਾਜਾ ਦੇ ਰਹਿਣ ਵਾਲੇ ਅਰਜੁਨ ਮੇਘਵਾਲ ਦੀ ਬਰਾਤ ਨਿਕਲ ਰਹੀ ਸੀ ਅਤੇ ਇਸੇ ਦੌਰਾਨ ਹੀ ਪਿੱਪਲੀਆ ਰਾਜਾ ਦੇ ਭਗਵਾਨ ਲਾਲ ਮੀਨਾ ਦੇ ਜੀਵਨ ਪੁੱਤਰ ਦੀ ਬਰਾਤ ਵੀ ਨਿਕਲ ਰਹੀ ਸੀ । ਇਸ ਦੌਰਾਨ ਅਰਜੁਨ ਮੇਘਵਾਲ ਦੀ ਬਰਾਤ ਦਾ ਰਸਤਾ ਰੋਕ ਦਿੱਤਾ ਗਿਆ , ਜਿਸ ਤੋਂ ਬਾਅਦ ਪੱਥਰਬਾਜ਼ੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਜਿਲ੍ਹਾ ਮੰਦਸੌਰ ਦੇ ਏ. ਸੀ. ਪੀ. ਅਨੁਸਾਰ ਭਾਵੇਂ ਦੋਸ਼ੀਆਂ ਵਿਰੁੱਧ ਐਸ. ਸੀ. /ਐਸ. ਟੀ. ਸੁਰੱਖਿਆ ਕਾਨੂੰਨ ਮੁਤਾਬਿਕ ਮਾਮਲਾ ਦਰਜ ਕਰ ਲਿਆ ਗਿਆ ਹੈ, ਪਰ ਬੀ.ਐਸ.ਐਫ.ਦੇ ਜਵਾਨ ਨੂੰ ਘੋੜੀ ਚੜ੍ਹਨੋਂ ਰੋਕਣਾ ਦੇਸ਼ ਦੇ ਮੱਥੇ 'ਤੇ ਚਮਕਦਾ ਦਾਗ ਬਣਕੇ ਰਹਿ ਗਿਆ ਹੈ। ਸਿਤਮ ਦੀ ਗੱਲ ਇਹ ਹੈ ਕਿ ਜਦੋਂ ਜਵਾਨ ਦੀ ਬਰਾਤ ਰੋਕੀ ਗਈ ਤਾਂ ਉਸ ਵੇਲੇ ਜਵਾਨ ਦੀ ਬਰਾਤ ਵਿਚ ਸ਼ਾਮਲ ਉਸ ਦੇ ਸਾਥੀ ਜਵਾਨ ਵੀ ਸ਼ਾਮਲ ਸਨ,ਜੋ ਛੁੱਟੀ ਲੈ ਕੇ ਆਏ ਸਨ, ਉਨ੍ਹਾਂ ਸਾਹਮਣੇ ਪਿੰਡ ਦੇ ਮਨੂੰਵਾਦੀ ਲੋਕਾਂ ਨੇ ਉਸ ਨੂੰ ਜਾਤ-ਪਾਤ ਦੇ ਨਾਂ ਹੇਠ ਜੋ ਬੇਇੱਜ਼ਤ ਕੀਤਾ, ਉਸ ਦੀ ਭਰਪਾਈ ਜਿੰਦਗੀ ਵਿੱਚ ਕਦੇ ਵੀ ਨਹੀਂ ਹੋਵੇਗੀ। ਜਿਸ ਦੇਸ਼ ਵਿੱਚ ਅਜਾਦੀ ਦੀ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਵੀ ਜਾਤ-ਪਾਤ ਦਾ ਬੀਜ ਖਤਮ ਨਹੀਂ ਹੋਇਆ, ਸਗੋਂ ਜਿਉਂ ਦੀ ਤਿਉਂ ਹੈ, ਉਹ ਦੇਸ਼ ਤੇਜੀ ਨਾਲ ਵੱਧ ਰਹੀ ਅਬਾਦੀ ਉਪਰ ਕਾਬੂ ਕਿਵੇਂ ਪਾਵੇਗਾ।

ਦੇਸ਼ ਦੇ ਮਨੂੰਵਾਦੀ ਲੋਕ ਤਾਂ ਜਾਤ-ਪਾਤ ਦੇ ਬੀਜ ਨੂੰ ਆਪਣੇ ਸਿਰ ਉਪਰ ਰੱਖ ਕੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿਚ ਵੀ ਲੈ ਗਏ ਹਨ!

# ਬਿੱਕਰ ਐਸ਼ੀ ਕੰਮੇਆਣਾ ਦੀ ਵਾਰਤਕ ਪੁਸਤਕ 'ਮੇਰੀ ਕਲਮ ਮੇਰੀ ਸੋਚ' 'ਤੇ ਗੋਸ਼ਟੀ ਸੰਪਨ






ਜਲੰਧਰ, (ਬਲਜਿੰਦਰ ਸਿਘ ਪਟਿਆਲਾ) : ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਅਮਰੀਕਾ ਵਾਸੀ ਪ੍ਰਸਿੱਧ ਪੰਜਾਬੀ ਲੇਖਕ ਬਿੱਕਰ ਐਸ਼ੀ ਕੰਮੇਆਣਾ ਦੀ ਵਾਰਤਕ ਪੁਸਤਕ ਤੇ ਪੰਜਾਬੀ ਸਾਹਿਤ ਸਭਾ ਜਲੰਧਰ ਛਾਉਣੀ ਵੱਲੋਂ ਇਕ ਭਰਵੀਂ ਗੋਸ਼ਟੀ ਕਰਵਾਈ ਗਈ ਜਿਸ ਵਿਚ ਪੰਜਾਬੀ ਦੇ ਨਾਮਵਰ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ।

ਪੰਜਾਬੀ ਸਾਹਿਤ ਜਗਤ ਦੀਆਂ ਕੁੱਝ ਨਾਮਵਰ ਹਸਤੀਆਂ ਨੇ ਇਸ ਪੁਸਤਕ ਤੇ ਬੜੇ ਭਾਵਪੂਰਤ ਪੜਚੋਲੀ ਪਰਚੇ ਪੜੇ। ਗਲਪਕਾਰ ਰਜਿੰਦਰ ਸਿੰਘ ਢੱਡਾ ਨੇ ਬਿੱਕਰ ਐਸ਼ੀ ਕੰਮੇਆਣਾ ਦੀ ਬਹੁਪਸਾਰੀ ਸੂਝ ਦੀ ਸਰਾਹਨਾ ਬੜੇ ਅਸਰਅੰਦਾਜ ਸ਼ਬਦਾ 'ਚ ਕੀਤੀ ਤੇ ਕਿਹਾ ਕਿ ਲਿਖਾਰੀ ਨੇ ਇਕ ਤਰਾਂ ਨਾਲ ਗਾਗਰ ਵਿਚ ਸਾਗਰ ਭਰ ਦਿੱਤਾ ਹੈ।

ਡਾ. ਬਲਵਿੰਦਰ ਸਿੰਘ ਥਿੰਦ ਨੇ ਆਪਣੇ ਵਿਲੱਖਣ ਅੰਦਾਜ ਵਿਚ 'ਮੇਰੀ ਕਲਮ ਮੇਰੀ ਸੋਚ' ਪੁਸਤਕ ਤੇ ਆਪਣੇ ਵਿਚਾਰ ਸਰੋਤਿਆ ਨਾਲ ਸਾਂਝੇ ਕਰਦਿਆ ਕਿਹਾ ਕਿ ਬਿੱਕਰ ਇਕ ਵਧੀਆ ਨਾਵਲਕਾਰ ਹੀ ਨਹੀਂ ਬਲਕਿ ਇਕ ਉੱਚ ਪਾਏ ਦਾ ਵਾਰਤਾਕਾਰ ਵੀ ਹੈ। ਉਨ੍ਹਾਂ ਕਿਹਾ ਕਿ ਲੇਖਕ ਚਾਹੁੰਦਾ ਤਾਂ ਪੁਸਤਕ ਨੂੰ ਹੋਰ ਵੀ ਢੁਕਵਾਂ ਵਿਸਤਾਰ ਦੇ ਸਕਦਾ ਸੀ। ਡਾ. ਰਾਮ ਮੂਰਤੀ ਨੇ ਬਿੱਕਰ ਦੀ ਕਲਮ ਦਾ ਕਮਾਲ ਪਾਠਕਾਂ ਸਨਮੁੱਖ ਰੱਖਦਿਆਂ ਆਖਿਆ ਕੇ ਇਹ ਪੁਸਤਕ ਆਪਣੇ ਆਪ ਵਿੱਚ ਬਹੁਤ ਕੁਝ ਸਮਾਈ ਬੈਠੀ ਹੈ। ਪਾਰਖੂਆਂ ਨੂੰ ਇਸ ਵਿੱਚੋਂ ਪੰਜਾਬੀ, ਪੰਜਾਬੀ, ਪੰਜਾਬੀਅਤ, ਦੇਸ਼ ਤੇ ਸੱਭਿਆਚਾਰ ਬਾਰੇ ਅਨੇਕ ਪੁਖਤਾ ਵਿਚਾਰ ਪੜਨ ਨੂੰ ਮਿਲਦੇ ਹਨ।

ਪ੍ਰਸਿੱਧ ਕਹਾਣੀਕਾਰ ਮੋਹਨ ਲਾਲ ਫਿਲੌਰੀਆ ਨੇ ਕਿਹਾ ਕਿ ਇਹ ਪੁਸਤਕ ਤਾਂ ਸਿਨਾਪਸਿਸ ਦਾ ਕੰਮ ਕਰਦੀ ਹੈ ਤੇ ਇਸ ਉੱਪਰ ਪੂਰਾ ਖੋਜ ਪੱਤਰ ਲਿਖਣਾ ਅਜੇ ਬਾਕੀ ਹੈ। ਜੋ ਕਿ ਲੇਖਕ ਵਲੋਂ ਭਵਿੱਖ ਵਿੱਚ ਲਿਖੇ ਜਾਣ ਦੀ ਆਸ ਰੱਖੀ ਜਾ ਸਕਦੀ ਹੈ।

ਰੂਪ ਲਾਲ ਰੂਪ ਨੇ ਲੇਖਕ ਦੀ ਕਿਰਤ ਨੂੰ ਵਡਮੁੱਲੀ ਆਖਦਿਆਂ ਉਸ ਦੀ ਖੋਜਾਤਮਕ ਰੁਚੀ ਨੂੰ ਸਲਾਹਿਆ। ਡਾ. ਮਨਿੰਦਰਜੀਤ ਕੌਰ ਨੇ ਬਿੱਕਰ ਐਸ਼ੀ ਕੰਮੇਆਣਾ ਦੀ ਪੁਸਤਕ ਇਕਾਗਰਚਿਤ ਹੋ ਕੇ ਪੜਨ ਦੀ ਗੱਲ ਕਹੀ।

ਪੰਜਾਬੀ ਸਾਹਿਤ ਸਭਾ ਜਲੰਧਰ ਛਾਉਣੀ ਦੇ ਪ੍ਰਧਾਨ ਹਰਮੀਤ ਸਿੰਘ ਅਟਵਾਲ ਤੇ ਸਭਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਸੰਸੋਆ ਨੇ ਬਿੱਕਰ ਦੀ ਕਲਮ ਦੇ ਨਿਵੇਕਲੇਪਨ ਤੇ ਢੁੱਕਵਾਂ ਪ੍ਰਕਾਸ਼ ਪਾਇਆ। ਆਈਆਂ ਅਹਿਮ ਅਦਬੀ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਮੰਚ ਸੰਚਾਲਨ ਹਰਮੀਤ ਸਿੰਘ ਅਟਵਾਲ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਸ਼ੀ ਈਸਪੁਰੀ, ਹਰਪਾਲ ਸਿੰਘ ਸੈਣੀ, ਸਰਵਣ ਸਿੰਘ ਸੈਣੀ, ਸੰਦੀਪ ਕੁਮਾਰ, ਮਨਜੀਤ ਸਿੰਘ, ਗੁਰਵਿੰਦਰ ਸਿੰਘ, ਨਵਨੀਤ ਕੌਰ, ਫੁਲਵਿੰਦਰ ਪਾਲ ਸਿੰਘ, ਜਤਿੰਦਰ ਪੰਮੀ, ਸੂਰਜ ਕਸ਼ਅਪ ਵੀ ਹਾਜਰ ਸਨ।

# ਤਰਕਸ਼ੀਲ਼ ਸੁਸਾਇਟੀ ਵਲੋਂ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ









ਸਰੀ, (ਪਰਮਿੰਦਰ ਸਵੈਚ) : ਤਰਕਸ਼ੀਲ਼ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਵਲੋਂ ਪਿਛਲੇ ਐਤਵਾਰ 2 ਅਪਰੈਲ, 2023 ਨੂੰ ਪੰਜਾਬ ਬੈਂਕੁਇਟ ਹਾਲ ਸਰ੍ਹੀ ਵਿੱਚ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਅਤੇ ਔਰਤ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਨਿਰਮਲ ਕਿੰਗਰਾ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਤੇ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਪਿਆਰਾ ਸਿੰਘ ਚਾਹਲ ਨੇ ਗਾ ਕੇ ਇੱਕ ਗਜ਼ਲ ਕਹੀ ਤੇ ਪ੍ਰੋਗਰਾਮ ਦਾ ਮੁੱਢ ਬੰਨ੍ਹਿਆ। ਉਹਨਾਂ ਦੀ ਗਜ਼ਲ ਦੀ ਪੁਸਤਕ ਵੀ ਲੋਕ ਅਰਪਣ ਕੀਤੀ ਗਈ। ਉਸਤੋਂ ਬਾਅਦ ਤਰਕਸ਼ੀਲ ਸੁਸਾਇਟੀ ਦੀ ਪ੍ਰਧਾਨ ਪਰਮਿੰਦਰ ਸਵੈਚ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਅੱਜ ਦੇ ਹਲਾਤਾਂ ਤੇ ਗੱਲ ਬਾਤ ਕੀਤੀ ਤੇ ਆਉਣ ਵਾਲੀਆਂ ਸਮੱਸਿਆਵਾਂ ਤੇ ਸੰਵਾਦ ਰਚਾ ਕੇ ਵਿਚਾਰ ਵਟਾਂਦਰਾਂ ਕਰਕੇ ਉਹਨਾਂ ਦੇ ਹੱਲ ਵੱਲ ਵਧਣ ਲਈ ਕਿਹਾ। ਉਸ ਤੋਂ ਬਾਅਦ ਸਰਬਜੀਤ ਓਖਲਾ ਨੇ ਜਾਦੂ ਦੇ ਟਰਿੱਕਾਂ ਦੇ ਨਾਲ ਨਾਲ ਪੁਰਾਣੀਆਂ ਸਭਿਆਚਾਰਕ ਗੱਲਾਂ ਕਿਵੇਂ ਹੌਲੀ ਹੌਲ਼ੀ ਅੰਧ ਵਿਸ਼ਵਾਸ ਬਣਦੀਆਂ ਚਲੀਆਂ ਗਈਆਂ, ਇਸ ਬਾਰੇ ਵਿਸਥਾਰ ਨਾਲ ਦੱਸਿਆ। ਪ੍ਰੋਗਰਾਮ ਦੇ ਮੁੱਖ ਬੁਲਾਰੇ 55 ਕਿਤਾਬਾਂ ਦੇ ਰਚੈਤਾ ਲੇਖਕ, ਖੋਜਕਾਰ, ਵਿਦਵਾਨ ਪ੍ਰੋ. ਚਮਨ ਲਾਲ ਜੀ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਬਾਰੇ ਬਹੁਤ ਹੀ ਵਡਮੁੱਲੇ ਵਿਚਾਰ ਸਾਰਿਆਂ ਨਾਲ ਸਾਂਝੇ ਕੀਤੇ। ਅੰਤ ਵਿੱਚ ਬਹੁਤ ਹੀ ਜ਼ਹੀਨ ਨਾਟਕਾਂ ਤੇ ਫਿਲਮਾਂ ਦੀ ਅਦਾਕਾਰਾ ਅਨੀਤਾ ਸ਼ਬਦੀਸ਼ ਨੇ ਸ਼ਬਦੀਸ਼ ਜੀ ਦੇ ਲਿਖੇ ਨਾਟਕ ਦਾ ਮੰਚਨ ਕੀਤਾ। ਸਵਾ ਘੰਟਾ ਦਰਸ਼ਕ ਸਾਹ ਰੋਕ ਕੇ ਨਾਟਕ "ਗੁੰਮਸ਼ੁਦਾ ਔਰਤ' ਦਾ ਆਨੰਦ ਮਾਣਦੇ ਰਹੇ। ਉਹਨਾਂ ਦੇ ਚਿਹਰਿਆਂ ਤੇ ਸਪੱਸ਼ਟ ਹੁੰਦਾ ਸੀ ਕਿ ਸਟੇਜ ਤੇ ਕਿੰਨੇ ਕਿਰਦਾਰਾਂ ਨੂੰ ਨਿਭਾ ਰਹੀ ਅਨੀਤਾ ਦੀ ਕਹਾਣੀ ਦੇ ਨਾਲ ਨਾਲ ਉਹ ਗੁਆਚੇ ਪਏ ਸਨ, ਕਦੇ ਤਾੜੀਆਂ , ਕਦੇ ਹੰਝੂ, ਕਦੇ ਹਾਸਾ, ਕਦੇ ਗੁੱਸਾ ਤੇ ਕਦੇ ਗੰਮਗੀਨਤਾ ਉਹਨਾਂ ਦੇ ਨਾਲ ਨਾਲ ਤੁਰ ਰਹੀ ਸੀ। ਇਸ ਤਰ੍ਹਾਂ ਔਰਤ ਦਿਵਸ ਤੇ ਵਧੀਆ ਪੇਸ਼ਕਾਰੀ ਤੇ ਵਧੀਆ ਵਿਸ਼ੇ ਨੂੰ ਲੈ ਕੇ ਕੀਤੇ ਗਏ ਨਾਟਕ ਤੇ ਲੋਕਾਂ ਨੇ ਖੜ੍ਹੇ ਹੋ ਕੇ ਅਨੀਤਾ ਦਾ ਧੰਨਵਾਦ ਕੀਤਾ। ਇਸ ਵਿੱਚ ਮਿਊਜਿਕ ਦੀ ਜ਼ਿੰਮੇਵਾਰੀ ਰੁਪਿੰਦਰ ਸ਼ਰਮਾ ਨੇ ਨਿਭਾਈ। ਇਸ ਸਟੇਜ ਦੀ ਸਾਰੀ ਕਾਰਵਾਈ ਨਿਰਮਲ ਕਿੰਗਰਾ ਨੇ ਬਾਖੂਬੀ ਨਿਭਾਈ ਅਤੇ ਮਹਿਮਾਨਾਂ, ਮੀਡੀਆ, ਸੰਪੌਂਸਰਜ਼, ਆਏ ਦਰਸ਼ਕਾਂ, ਪੰਜਾਬ ਬੈਂਕੁਇਟ ਹਾਲ ਦਾ, ਉਹਨਾਂ ਵਲੋਂ ਪਰੋਸੇ ਚਾਹ ਪਕੌੜਿਆਂ ਲਈ ਸਭਦਾ ਧੰਨਵਾਦ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਦੇ ਮੀਤ ਪ੍ਰਧਾਨ ਸਾਧੂ ਸਿੰਘ ਗਿੱਲ, ਜਗਰੂਪ ਧਾਲੀਵਾਲ, ਸੁਖਦੇਵ ਮਾਨ, ਸੁਖਜਿੰਦਰ ਗਿੱਲ, ਹਰਪਾਲ ਗਰੇਵਾਲ, ਮੱਲ ਸਿੰਘ, ਸੁੱਖੀ ਗਰਚਾ, ਕੁਲਵੀਰ ਮੰਗੂਵਾਲ ਆਦਿ ਨੇ ਕਿਤਾਬਾਂ ਦਾ ਸਟਾਲ ਵੀ ਲਾਇਆ ਤੇ ਦਰਸ਼ਕਾਂ ਨੇ ਬਹੁਤ ਸਾਰੀਆਂ ਕਿਤਾਬਾਂ ਵੀ ਖ੍ਰੀਦੀਆਂ। ਇਸ ਪ੍ਰੋਗਰਾਮ ਵਿੱਚ ਦਰਸ਼ਕਾਂ ਦੀ ਭਰਵੀਂ ਸ਼ਮੂਲੀਅਤ ਹੋਣ ਕਰਕੇ ਪ੍ਰੋਗਰਾਮ ਸਫਲ ਹੋ ਨਿਬੜਿਆ।


SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com


Gill
Truck & Trailer Repair & Mobile Service Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555

# ਡਾ. ਸੁਰਜੀਤ ਲੀ ਦਾ ਸ਼ਰਧਾਂਜਲੀ ਸਮਾਗਮ








**ਬਲਜਿੰਦਰ ਸਿੰਘ ਪਟਿਆਲਾ**

ਪਿਛਲੇ ਦਿਨੀਂ ਵਿਛੋੜਾ ਦੇ ਗਏ ਪੰਜਾਬੀ ਸਾਹਿਤ, ਸਭਿਆਚਾਰ ਤੇ ਭਾਸ਼ਾ ਵਿਗਿਆਨ ਦੇ ਮਾਹਿਰ ਡਾ. ਸੁਰਜੀਤ ਲੀ ਨੂੰ ਪਟਿਆਲਾ ਵਿਖੇ ਵੱਡੀ ਗਿਣਤੀ ’ਚ ਜੁੜੇ ਲੋਕਾਂ ਨੇ ਸ਼ਰਧਾਂਜਲੀ ਅਰਪਿਤ ਕੀਤੀਆਂ। ਉਹਨਾਂ ਨੇ ਪਰਿਵਾਰ ਵੱਲੋਂ ਪਾਮ ਕੋਰਟਸ, ਪਟਿਆਲਾ ’ਚ ਕੀਤੇ ਗਏ ਸ਼ਰਧਾਂਜਲੀ ਸਮਾਗਮ ’ਚ ਪੰਜਾਬ ਦੇ ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਉਨ੍ਹਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਪੰਜਾਬ ਦੀਆਂ ਸ਼ੰਘਰਸ਼ਸ਼ੀਲ ਲੋਕ ਜਥੇਬੰਦੀਆਂ ਦੇ ਆਗੂ ਤੇ ਕਾਰਕੁੰਨ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ ਸਮੁੱਚੇ ਇਕੱਠ ਵੱਲੋਂ ਉਹਨਾਂ ਦੀ ਯਾਦ ਨੂੰ ਸਿਜਦਾ ਕਰਨ ਲਈ 2 ਮਿੰਟ ਦਾ ਮੋਨ ਰੱਖਣ ਰਾਹੀਂ ਹੋਈ। ਸਭ ਤੋਂ ਪਹਿਲਾਂ ਉਹਨਾਂ ਦੇ ਸਾਥੀ ਡਾ. ਪਰਮਿੰਦਰ ਨੇ ਉਹਨਾਂ ਵੱਲੋਂ ਲੋਕ ਸਭਿਆਚਾਰ ਦੇ ਖੇਤਰ ਵਿੱਚ ਕੀਤੇ ਖੋਜ ਕਾਰਕਾਂ ਨੇ ਬੁਨਿਆਦੀ ਸਰੋਕਾਰਾਂ ਦੀ ਚਰਚਾ ਕੀਤੀ ਅਤੇ ਉਹਨਾਂ ਨੂੰ ਸਾਹਿਤਕ ਖੇਤਰ ਦੇ ਬੁੱਧੀਜੀਵੀ ਕਰਾਰ ਦਿੰਦਿਆਂ ਉਹਨਾਂ ਦੇ ਵਿਚਾਰਾਂ ਦੇ ਮਹੱਤਵ ਨੂੰ ਬੁੱਝਣ ਦਾ ਸੱਦਾ ਦਿੱਤਾ। ਉੱਘੇ ਕਵੀ ਸੁਰਜੀਤ ਪਾਤਰ, ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫਲਾ ਦੇ ਕੰਨਵੀਨਰ ਜਸਪਾਲ ਜੱਸੀ, ਇਨਕਲਾਬੀ ਕਵੀ ਦਰਸ਼ਨ ਖਟਕੜ, ਪ੍ਰਗਤੀਸ਼ੀਲ ਲੇਖਕ ਸੰਘ ਦੇ ਆਗੂ ਡਾ ਸੁਖਦੇਵ ਸਿਰਸਾ ਨੇ ਸੁਰਜੀਤ ਲੀ ਦੇ ਸਮਾਜਿਕ ਸਰੋਕਾਰਾਂ ’ਚ ਕਿਰਤੀ-ਕਿਸਾਨਾਂ ਦੇ ਕੇਂਦਰੀ ਸਥਾਨ ਬਾਰੇ ਚਰਚਾ ਕੀਤੀ। ਭਾਸ਼ਾ, ਸਾਹਿਤਕ-ਸਭਿਆਚਾਰਕ ਖੇਤਰਾਂ ਤੇ ਲੋਕਾਂ ਦੇ ਸੰਘਰਸ਼ਾਂ ਦੇ ਆਪਸੀ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ’ਤੇ ਜੋਰ ਦਿੱਤਾ ਅਤੇ ਸਮਾਜਿਕ ਤਬਦੀਲੀ ਲਈ ਲੋਕ ਮਨਾਂ ਦੀ ਹੋਰ ਡੂੰਘੀ ਥਾਂ ਪਾਉਣ ਖਾਤਰ ਲੋਕ ਧਾਰਾ ਦੇ ਅਧਿਐਨ ਦੇ ਮਹੱਤਵ ਨੂੰ ਸਮਝਣ ਦਾ ਮਹੱਤਵ ਉਤਾਰਿਆ। ਫਿਰਕੂ ਪਾਟਕਾਂ ਦੇ ਦੌਰ ’ਚ ਲੋਕ ਸਭਿਆਚਾਰ ਦੀਆਂ ਹਕੀਕੀ ਬੁਨਿਆਦਾਂ ਦੀ ਪਛਾਣ ਕਰਨ ਅਤੇ ਇਹਨਾਂ ਦਾ ਸੰਚਾਰ ਕਰਨ ਦੇ ਸਰੋਕਾਰਾਂ ਦੀ ਚਰਚਾ ਕੀਤੀ ਗਈ। ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਦੀ ਇਕ ਜੱਥੇਬੰਦੀ ਡੈਮੋਕਰੈਟਿਕ ਟੀਚਰਜ਼ ਫਰੰਟ ਵੱਲੋਂ ਡਾ ਰਣਜੀਤ ਸਿੰਘ ਘੁੰਮਣ ਨੇ ਜਥੇਬੰਦੀ ’ਚ ਉਹਨਾਂ ਦੇ ਰੋਲ ਦੇ ਮਹੱਤਵ ਬਾਰੇ ਗੱਲਾਂ ਕੀਤੀਆਂ। ਡਾ ਜੋਗਾ ਸਿੰਘ ਅਤੇ ਧਰਮਿੰਦਰ ਨੇ ਉਹਨਾਂ ਦੇ ਵਿਦਿਆਰਥੀ ਵਜੋਂ ਭਾਸ਼ਾ ਦੇ ਖੇਤਰ ਦੀਆਂ ਖੋਜਾਂ ਲਈ ਦਿਖਾਏ ਰਾਹ ਦੀ ਤੇ ਉਹਨਾਂ ਦੇ ਵਿਦਿਆਰਥੀਆਂ ਨਾਲ ਨਿੱਘੇ ਰਿਸ਼ਤੇ ਨੂੰ ਯਾਦ ਕੀਤਾ ਤੇ ਵਿਦਿਆਰਥੀਆਂ ਨਾਲ ਸਾਂਝ ਪਾਉਣ ਦੀ ਤਾਂਘ ਨੂੰ ਸਿਜਦਾ ਕੀਤਾ। ਸ਼ਰਧਾਂਜਲੀ ਸਮਾਗਮ ਦੇ ਅੰਤ ’ਤੇ ਸਲਾਮ ਕਾਫਲੇ ਵੱਲੋਂ ਅਮੋਲਕ ਸਿੰਘ ਨੇ ਐਲਾਨ ਕੀਤਾ ਕਿ ਸਲਾਮ ਕਾਫਲਾ ਵੱਲੋਂ 11 ਜੂਨ ਨੂੰ ਪਟਿਆਲੇ ’ਚ ਉਹਨਾਂ ਨੂੰ ਸਰਧਾਂਜਲੀ ਦੇਣ ਲਈ ਸਮਾਗਮ ਜਥੇਬੰਦ ਕੀਤਾ ਜਾਵੇਗਾ ਜਿੱਥੇ ਬੁੱਧੀਜੀਵੀ ਤੇ ਸਮਾਜਿਕ ਮਹੱਤਵ ਬਾਰੇ ਚਰਚਾ ਕੀਤੀ ਜਾਵੇਗੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਇਸ ਚਾਂਸਲਰ ਡਾ ਅਰਵਿੰਦ ਸਮੇਤ ਦੇਸ਼ ਵਿਦੇਸ਼ ਤੋਂ ਬੁੱਧੀਜੀਵੀਆਂ ਤੇ ਉੱਘੀਆਂ ਸਖਸੀਅਤਾਂ ਵੱਲੋਂ ਭੇਜੇ ਸ਼ੋਕ ਸੁਨੇਹੇ ਡਾ ਪਰਮਿੰਦਰ ਨੇ ਮੰਚ ਸੰਚਾਲਕ ਵੱਜੋਂ ਸਾਂਝੇ ਕੀਤੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਰਜਿੰਦਰ ਸਿੰਘ, ਰਮਿੰਦਰ ਸਿੰਘ ਪਟਿਆਲਾ, ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਵਿੱਤ ਸਕੱਤਰ ਹਰਮੇਲ ਮਾਲੜੀ, ਜਗਮੋਹਨ ਸਿੰਘ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਜਗਮੇਲ ਸਿੰਘ ਤੇ ਸ਼ੀਰੀ ਆਗੂ ਲੋਕ ਮੋਰਚਾ ਪੰਜਾਬ, ਵਿਦਿਆਰਥੀ ਆਗੂ ਹੁਸ਼ਿਆਰ ਸਿੰਘ, ਅਮਨਦੀਪ ਸਿੰਘ, ਨੌਜਵਾਨ ਭਾਰਤ ਸਭਾ ਤੋਂ ਅਸਵਨੀ ਘੁੱਦਾ, ਡਾ. ਬਰਜਿੰਦਰ ਸਿੰਘ ਸੋਹਲ, ਡੈਮੋਕਰੈਟਿਕ ਟੀਚਰਜ਼ ਫਰੰਟ, ਪੰਜਾਬ ਤੋਂ ਰੇਸ਼ਮ ਸਿੰਘ ਬਠਿੰਡਾ, ਤਲਵਿੰਦਰ ਸਿੰਘ ਖਰੌੜ, ਭਾਕਿਯੂ ਉਗਰਾਹਾਂ ਪਟਿਆਲਾ ਦੇ ਜਿਲ੍ਹਾ ਸਕੱਤਰ ਸੁੱਖਮਿੰਦਰ ਸਿੰਘ ਬਾਰਨ ਤੇ ਹੋਰ ਆਗੂ ਸ਼ਾਮਲ ਹੋਏ। ਪਰਿਵਾਰ ਵੱਲੋਂ ਸੁਰਜੀਤ ਲੀ ਦੀ ਬੇਟੀ ਸ਼ਾਹੀਨਾ ਸੋਹੀ ਨੇ ਬੋਲਦਿਆਂ ਆਪਣੇ ਬਚਪਨ, ਕਾਲਜ ਦੇ ਦਿਨਾਂ, ਜੀਵਨ ਸਾਥੀ ਦੀ ਚੋਣ, ਸਮਾਜਕ, ਸੂਝ ਬੂਝ , ਲੋਕ ਪੱਖੀ ਸਾਹਿਤ ਸਭਿਆਚਾਰ ਅਤੇ ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਸਬੰਧੀ ਡਾ ਸੁਰਜੀਤ ਲ ?ੀ ਦੀ ਦੇਣ ਦਾ ਬਹੁਤ ਹੀ ਭਾਵਪੂਰਤ ਜ਼ਿਕਰ ਕੀਤਾ। ਉਸਨੇ ਸਭਨਾਂ ਸ਼ਾਮਲ ਲੋਕਾਂ ਦਾ ਧੰਨਵਾਦ ਕੀਤਾ।














ਸਰਬਜੀਤ
ਲੁਧਿਆਣਵੀ
98144-12483

# ਡਾਲਰਾਂ ਤੇ ਪੌਂਡਾਂ ਦੀ ਚਮਕ ਨੇ ਤਾਰ-ਤਾਰ ਕੀਤਾ ਪਤੀ-ਪਤਨੀ ਦਾ ਪਵਿੱਤਰ ਰਿਸ਼ਤਾ

ਬੁਜ਼ਰਗਾਂ ਦੀ ਨਸੀਅਤ ਹੈ ਕਿ ਹਰ ਇਨਸਾਨ ਨੂੰ ਅੱਗੇ ਵੱਧਣ ਲਈ ਇਕ ਬਰਾਬਰ ਦੇ ਸਾਥੀ ਦੀ ਜਰੂਰਤ ਹੁੰਦੀ ਹੈ, ਜਿਸ ਤਰ੍ਹਾਂ ਸਾਡੇ ਕਦਮਾਂ ਦੀ ਚਾਲ ਸਾਨੂੰ ਆਪਣੀ ਮੰਜ਼ਿਲ ’ਤੇ ਲੈ ਜਾਂਦੀ ਹੈ, ਠੀਕ ਉਸੇ ਤਰ੍ਹਾਂ ਹੀ ਸਾਨੂੰ ਆਪਣੀ ਜੀਵਨ ਦੇ ਸਫ਼ਰ ਨੂੰ ਖੁਸਹਾਲ ਬਣਾਉਣ ਲਈ ਜੀਵਨ ਸਾਥੀ ਦੀ ਜਰੂਰਤ ਹੁੰਦੀ ਹੈ, ਉਹ ਜੀਵਨ ਸਾਥੀ ਕੋਈ ਹੋਰ ਨਹੀਂ, ਉਹ ਜੀਵਨ ਸਾਥੀ ਹੁੰਦੇ ਨੇ ਪਤੀ ਪਤਨੀ ਦਾ ਰਿਸ਼ਤਾ। ਇਹ ਰਿਸ਼ਤਾ ਗੂੜ੍ਹੀ ਮਿੱਤਰਤਾ ਵਾਲਾ ਹੁੰਦਾ ਹੈ। ਅਜੋਂਕੇ ਸਮੇਂ ਵਿੱਚ ਡਾਲਰਾਂ ਤੇ ਪੋਡਾਂ ਦੀ ਚਮਕ ਨੇ ਇਸ ਪਵਿੱਤਰ ਰਿਸ਼ਤੇ ਨੂੰ ਤਾਰ-ਤਾਰ ਕਰ ਦਿੱਤਾ ਹੈ। ਇਸ ਰਿਸ਼ਤੇ ਦੇ ਤਾਰ-ਤਾਰ ਹੋਣ ਨਾਲ ‘ਨਾ ਵਿਧਵਾ ਨਾ ਹੀ ਰੰਡਾ, ਨਾ ਤਲਾਕਸ਼ੁਦਾ ਅਤੇ ਨਾ ਪਤੀ ਨਾ ਹੀ ਪਤਨੀ ਦਾ ਦਰਜਾ’ ਹਾਸਲ ਹੁੰਦਾ ਹੈ।

ਪੰਜਾਬ ਵਿੱਚ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਪੜ੍ਹਾਈ ਦੇ ਨਾਮ ’ਤੇ ਵਿਦੇਸ਼ ਜਾ ਕੇ ਸੈਂਟ ਹੋਣ ਦੇ ਰੁਝਾਨ ਵਿੱਚ ਕਾਫੀ ਵਾਧਾ ਹੋਇਆ ਹੈ। ਜਿਸ ਲਈ ਸਿੱਧੇ ਤੌਰ ’ਤੇ ਸਮੇਂ ਸਮੇਂ ਦੀਆਂ ਸਰਕਾਰਾਂ ਜਿੰਮੇਵਾਰ ਹਨ। ਇਸ ਵੱਧਦੇ ਰੁਝਾਨ ਨੇ ਪੰਜਾਬ ਵਿੱਚ ਇੱਕ ਅਜਿਹੀ ਤਬਦੀਲੀ ਲਿਆਂਦੀ ਜਿਸ ਨੇ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ। ਇਸ ਤਬਦੀਲੀ ਨੇ ਪਤੀ ਪਤਨੀ ਦੀ ਪਵਿੱਤਰ ਰਿਸ਼ਤੇ ਨੂੰ ਵਪਾਰਿਕ ਰੂਪ ਦੇ ਦਿੱਤਾ ਹੈ।




ਵਿਆਹ ਤੋਂ ਬਾਅਦ ਵਿਦੇਸ਼ ਵਿੱਚ ਜਾ ਕੇ ਪਤੀ -ਪਤਨੀ ਦਾ ਸੁਪਨਾ ਲੈਣ ਵਾਲੇ ਪੰਜਾਬ ਦੇ ਲੜਕੇ ਲੜਕੀਆਂ ਦਾ ਸੁਪਨਾ ਹੀ ਬਣ ਕੇ ਰਹਿ ਜਾਂਦਾ ਹੈ। ਪਹਿਲੇ ਪਹਿਲ ਇਸ ਦੀ ਸ਼ੁਰੂਆਤ ਵਿਦੇਸ਼ਾਂ ਤੋਂ ਆਏ ਐਨ.ਆਰ.ਆਈ ਲੜਕਿਆਂ ਨੇ ਕੀਤੀ, ਪਰ ਹੁਣ ਸਮਾਂ ਬਦਲ ਗਿਆ ਹੈ। ਹੁਣ ਲੜਕੀਆਂ ਆਈ ਲੈਟਸ ਵਿੱਚ 6 ਬੈਂਡ ਲੈਣ ਤੋਂ ਬਾਅਦ ਲੜਕਿਆਂ ਨੂੰ ਵਿਦੇਸ਼ ਲੈਕੇ ਜਾਣ ਲਈ ਸੌਦੇ ਬਾਜ਼ੀ ਕਰਦੀਆਂ ਹਨ ਤੇ ਸਿਰਫ਼ ਪਰਿਵਾਰ ਦੀ ਸਹਿਮਤੀ ਨਾਲ ਪੇਪਰ ਮੈਰਿਜ ਕਰਵਾ ਕੇ ਵਿਦੇਸ਼ ਚਲੀਆਂ ਜਾਂਦੀਆਂ ਹਨ। ਲੜਕੀ ਦੇ ਵਿਦੇਸ਼ ਜਾਣ ਸਮੇਂ ਖਰਚ ਆਉਣ ਵਾਲਾ ਲੜਕੇ ਦੇ ਪਰਿਵਾਰ ਵੱਲੋਂ ਖਰਚਿਆ ਜਾਂਦਾ ਹੈ। ਲੜਕੀ ਵਿਆਹ ਕਰਵਾਉਣ ਤੋਂ ਬਾਅਦ ਲੜਕੇ ਨੂੰ ਜਲਦ ਤੋਂ ਜਲਦ ਬੁਲਾਉਣ ਦਾ ਵਾਅਦਾ ਕਰਕੇ ਵਿਦੇਸ਼ ਚਲੀ ਜਾਂਦੀ ਹੈ ਤੇ ਵਿਦੇਸ਼ ਜਾ ਕੇ ਕੁਝ ਦਿਨ ਤਾਂ ਪਤੀ ਨਾਲ ਫੋਨ ’ਤੇ ਗੱਲ ਕਰਦੀ ਹੈ ਤੇ ਕੁਝ ਸਮੇਂ ਬਾਅਦ ਫਿਰ ਫੋਨ ਚੁੱਕਣਾ ਵੀ ਬੰਦ ਕਰ ਦਿੰਦੀ ਹੈ, ਇਧਰ ਪਤੀ ਵੀਜੇ ਦਾ ਇੰਤਜਾਰ ਕਰ ਰਿਹਾ ਹੈ ਕਿ ਪਤਨੀ ਨਾਲ ਸੈਟਲ ਹੋ ਜਾਵੇ, ਪਰ ਵਿਦੇਸ਼ ਗਈ ਪਤਨੀ ਉਸਦੇ ਕਾਗਜਾਤ ਹੀ ਨਹੀਂ ਭੇਜਦੀ ਤੇ ਥੱਕ ਹਾਰ ਫਿਰ ਉਹ ਪੁਲਿਸ ਨੂੰ ਇਸ ਦੀ ਸ਼ਿਕਾਇਤ ਕਰਦਾ ਹੈ। ਇਹਨਾਂ ਸ਼ਿਕਾਇਤਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ।

ਭਾਰਤ ਦੇ ਵਿਦੇਸ਼ ਮੰਤਰੀ ਵੀ. ਮੁਰਲੀਧਨ ਨੇ ਰਾਜ ਸਭਾ ਵਿੱਚ ਇਕ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਐਨ.ਆਰ.ਆਈ ਲੜਕੀਆਂ ਦੀਆਂ 2372 ਸ਼ਿਕਾਇਤਾਂ ਹਨ। ਜਿਹਨਾਂ ਨੂੰ ਕਥਿਤ ਤੌਰ ’ਤੇ ਉਹਨਾਂ ਦੇ ਵਿਦੇਸ਼ੀ ਪਤੀਆਂ ਵੱਲੋਂ ਛੱਡ ਦਿੱਤਾ ਗਿਆ ਹੈ। ਜਦਕਿ ਇਕ ਰਿਪੋਰਟ ਅਨੁਸਾਰ 2015 ਅਤੇ 2019 ਵਿੱਚ ਕੇਂਦਰ ਸਰਕਾਰ ਨੂੰ ਪਤੀਆਂ ਦੇ ਸ਼ੋਸਣ ਦਾ ਸ਼ਿਕਾਰ ਔਰਤਾਂ ਦੀਆਂ 6 ਹਜ਼ਾਰ ਤੋਂ ਜਿਆਦਾ ਸ਼ਿਕਾਇਤਾਂ ਮਿਲੀਆਂ ਹਨ। ਇਸ ਤੋਂ ਇਲਾਵਾ ਵੀ ਪੰਜਾਬ ਵਿੱਚ ਅਨੇਕਾਂ ਹੀ ਲੜਕੀਆਂ ਅਤੇ ਲੜਕਿਆਂ ਵੱਲੋਂ ਬਿਨਾ ਸ਼ਿਕਾਇਤ ਕੀਤੇ ਹੀ ਘਰ ਬੈਠ ਜਾਂਦੇ ਹਨ ਜਾਂ ਫਿਰ ਪਰਿਵਾਰਿਕ ਤੌਰ ਤੇ ਇਹਨਾਂ ਝਗੜਿਆਂ ਦਾ ਹੱਲ ਕੱਢ ਕੇ ਸ਼ਾਂਤ ਹੋ ਜਾਂਦੇ ਹਨ। ਪਰ ਡਾਲਰਾਂ ਤੇ ਪੋਡਾਂ ਦੀ ਚਮਕ ਨੇ ਲੜਕੇ ਲੜਕੀ ਦੇ ਮਾਪਿਆਂ ਨੇ ਲਾਲਚ ਵੱਸ ਪਤੀ ਪਤਨੀ ਦੇ ਇਸ ਪਵਿੱਤਰ ਰਿਸ਼ਤੇ ਨੂੰ ਤਾਰ-ਤਾਰ ਕਰਕੇ ਰੱਖ ਦਿੱਤਾ ਹੈ।















## ਡਾ. ਹਰਦੀਪ ਸਿੰਘ ਨੂੰ ਸਦਮਾ

# ਮਾਤਾ ਬੀਬੀ ਸੁਰਿੰਦਰ ਦਾ ਸਦੀਵੀ ਵਿਛੋੜਾ, ਵੱਖ-ਵੱਖ ਸ਼ਖਸੀਅਤਾਂ ਵਲੋਂ ਭਾਵਭਿੰਨੀ ਸ਼ਰਧਾਂਜਲੀ



Late Mrs.Surinder Kaur
15-08-1939 to 19-03-2023



ਬੀਬੀ ਸੁਰਿੰਦਰ ਕੌਰ ਦੀ ਅੰਤਿਮ ਅਰਦਾਸ ਮੌਕੇ ਇਕੱਠੇ ਹੋਏ ਵੱਖ ਵੱਖ ਵਰਗਾਂ ਦੇ ਨੁਮਾਇੰਦੇ

ਲੁਧਿਆਣਾ, (ਸੁਖਦੇਵ ਸਲੇਮਪੁਰੀ) : ਉੱਘੀ ਸਮਾਜ ਸੇਵਿਕਾ ਬੀਬੀ ਸੁਰਿੰਦਰ ਕੌਰ ਜਿਨ੍ਹਾਂ ਦਾ ਪਿਛਲੇ ਦਿਨੀਂ ਅਚਾਨਕ ਦਿਹਾਂਤ ਹੋ ਗਿਆ ਸੀ, ਦੀ ਆਤਮਿਕ ਸ਼ਾਂਤੀ ਨਮਿਤ ਸਰਾਭਾ ਨਗਰ ਲੁਧਿਆਣਾ ਸਥਿਤ ਗੁਰਦੁਆਰਾ ਸਿੰਘ ਸਭਾ 28 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਅੰਤਿਮ ਅਰਦਾਸ ਕੀਤੀ ਗਈ। ਇਸ ਮੌਕੇ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਵਿੱਛੜੀ ਰੂਹ ਨੂੰ ਵੱਖ ਵੱਖ ਸਖਸ਼ੀਅਤਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।


ਇਸ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਵਲੋਂ ਪੀੜਤ ਪਰਿਵਾਰ ਜਿਨ੍ਹਾਂ ਵਿਚ ਉਨ੍ਹਾਂ ਦੇ ਬੇਟੇ ਡਾ. ਹਰਦੀਪ ਸਿੰਘ ਅਟਵਾਲ ਜੋ ਕਿ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਅਤੇ ਸਾਬਕਾ ਸਹਾਇਕ ਸਿਵਲ ਸਰਜਨ-ਡਿਪਟੀ ਮੈਡੀਕਲ ਕਮਿਸ਼ਨਰ ਹਨ ਅਤੇ ਸਾਬਕਾ ਵਧੀਕ ਜਿਲ੍ਹਾ ਸੈਸ਼ਨ ਜੱਜ ਜਸਵਿੰਦਰ ਸਿੰਘ, ਸਾਬਕਾ ਐਸ.ਐਮ.ਓ. ਡਾ. ਕੁਲਜੀਤ ਕੌਰ, ਅਨੂਪ ਕੌਰ, ਪ੍ਰਿੰਸੀਪਲ ਮਨਜੀਤ ਕੌਰ ਅਤੇ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਵਿਛੜੀ ਰੂਹ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਦੱਸਆ ਕਿ ਬੀਬੀ ਸੁਰਿੰਦਰ ਕੌਰ ਇੱਕ ਨੇਕ ਸਖਸ਼ੀਅਤ ਸਨ। ਉਨ੍ਹਾਂ ਵਿਚ ਉਹ ਸਾਰੇ ਗੁਣ ਸਨ, ਜੋ ਇਕ ਸੰਪੂਰਨ ਔਰਤ ਵਿਚ ਹੋਣੇ ਚਾਹੀਦੇ ਹਨ। 83 ਸਾਲਾ ਬੀਬੀ ਸੁਰਿੰਦਰ ਕੌਰ ਦਾ ਜਨਮ 15 ਅਗਸਤ 1939 ਨੂੰ ਪਿੰਡ ਕਿਲ੍ਹਾ ਹਾਂਸ ਲੁਧਿਆਣਾ ਵਿਖੇ ਮਾਤਾ ਪੰਜਾਬ ਕੌਰ ਦੇ ਕੁੱਖੋਂ, ਪਿਤਾ ਨਹਿਰੀ ਵਿਭਾਗ ਦੇ ਠੇਕੇਦਾਰ ਸ਼ਰਧਾ ਸਿੰਘ ਦੇ ਘਰ ਹੋਇਆ। ਬੀਬੀ ਸੁਰਿੰਦਰ ਕੌਰ ਛੇ ਭੈਣਾਂ-ਭਰਾਵਾਂ ਵਿੱਚੋਂ ਦੂਜੇ ਨੰਬਰ 'ਤੇ ਸਨ। ਸੰਨ 1955 ਵਿੱਚ ਇਨ੍ਹਾਂ ਦਾ ਵਿਆਹ ਜ਼ਿਲ੍ਹਾ ਲੁਧਿਆਣਾ ਦੇ ਸੂਬੇਦਾਰ ਚਰਨ ਸਿੰਘ ਦੇ ਸੱਪੁਤਰ ਸ੍ਰ. ਮਨਮੋਹਣ ਸਿੰਘ ਦੇ ਨਾਲ ਹੋਇਆ, ਜੋ ਉਸ ਵੇਲੇ ਪੰਜਾਬ ਸਰਕਾਰ ਦੇ ਰੋਜ਼ਗਾਰ ਵਿਭਾਗ ਵਿੱਚ ਨੌਕਰੀ ਕਰਦੇ ਸਨ ਅਤੇ ਰੋਜ਼ਗਾਰ ਅਫਸਰ ਰਿਟਾਇਰ ਹੋਏ। ਆਪਣੀ ਚੰਗੀ ਸੂਝ ਨਾਲ ਸਾਰੇ ਬੱਚਿਆਂ ਨੂੰ ਉੱਚ ਵਿਦਿਆ ਦਾ ਮੌਕਾ ਦਿੱਤਾ ਅਤੇ ਸਾਰੇ ਪਰਿਵਾਰ ਨੂੰ ਆਪਣੀ ਸੂਝਬੂਝ ਅਤੇ ਮਿਹਨਤ ਨਾਲ ਉੱਚ ਅਹੁਦਿਆਂ 'ਤੇ ਪਹੁੰਚਾਇਆ। ਬੇਟੀ ਮਨਜੀਤ ਕੌਰ ਸਿੱਖਿਆ ਵਿਭਾਗ ਵਿੱਚ ਬਤੌਰ ਪ੍ਰਿੰਸੀਪਲ ਦੇ ਅਹੁਦੇ ਤੱਕ ਪਹੁੰਚੇ ਜਦਕਿ ਦਮਾਦ ਜਸਵਿੰਦਰ ਸਿੰਘ ਸਾਬਕਾ ਐਡੀਸ਼ਨਲ ਸ਼ੈਸ਼ਨ ਜੱਜ ਹਨ। ਵੱਡੇ ਬੇਟੇ ਹਰਵਿੰਦਰ ਸਿੰਘ ਨੂੰ ਸਿੱਖਿਆ ਬਾਅਦ ਏਅਰ ਫੋਰਸ ਵਿੱਚ ਨੌਕਰੀ ਪ੍ਰਾਪਤ ਕੀਤੀ ਅਤੇ ਉਹਨਾਂ ਦੀ ਪਤਨੀ ਅਨੂਪ ਕੌਰ ਨੂੰ ਪਰਿਵਾਰ ਵਿੱਚ ਸ਼ਾਮਲ ਕੀਤਾ। ਛੋਟੇ ਬੇਟੇ ਹਰਦੀਪ ਸਿੰਘ ਨੂੰ ਡਾਕਟਰੀ ਦੀ ਸਿੱਖਿਆ ਕਰਵਾਈ ਜੋ ਪੀ.ਸੀ.ਐਮ.ਐਸ. ਸੇਵਾ ਦੌਰਾਨ ਜ਼ਿਲਾ ਏ.ਸੀ.ਐਸ. ਅਤੇ ਡਿਪਟੀ ਮੈਡੀਕਲ ਕਮਿਸ਼ਨਰ 'ਤੇ ਤਾਇਨਾਤ ਰਹੇ ਅਤੇ ਪ੍ਰੀ ਮਿਚਿਉਰ ਰਿਟਾਇਰਮੈਂਟ ਲੈਕੇ ਹੁਣ ਕੈਨੇਡਾ ਜਾ ਵਸੇ ਹਨ। ਡਾ. ਹਰਦੀਪ ਸਿੰਘ ਦੀ ਪਤਨੀ ਡਾ. ਕੁਲਜੀਤ ਕੌਰ ਵੀ ਪੀ. ਸੀ.ਐਮ. ਸਾਬਕਾ ਐਸ. ਐਸ.ਐਮ.ਓ. ਹਨ। ਮਾਤਾ ਸੁਰਿੰਦਰ ਕੌਰ ਨੇ 2010 ਵਿਚ ਪਤੀ ਦੀ ਮੌਤ ਦਾ ਦੁੱਖ ਝੱਲਿਆ ਅਤੇ ਵਡੇਰੀ ਔਰਤ ਹੋਣ ਦੇ ਬਾਵਜੂਦ ਵੀ ਆਪਣੀ ਆਜ਼ਾਦ ਹੈਸੀਅਤ, ਮਜਬੂਤ ਅਤੇ ਖੁਦਦਾਰੀ ਨਾਲ ਆਪਣੀ ਜ਼ਿੰਦਗੀ ਦਾ ਸਫਰ ਜਾਰੀ ਰੱਖਿਆ ਅਤੇ ਆਖਰੀ ਸਮੇਂ ਤੱਕ ਚਲਦੇ ਫਿਰਦੇ ਸਰੀਰ ਨਾਲ ਜ਼ਿੰਦਗੀ ਦਾ ਸਫਰ ਪੂਰਾ ਕੀਤਾ। ਆਪਣੀ ਜ਼ਿੰਦਗੀ ਵਿੱਚ ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਦੇ ਵਿਆਹ ਦੇ ਚਾਅ ਵੀ ਪੂਰੇ ਕੀਤੇ। ਪਿਛਲੇ ਮਹੀਨੇ ਫਰਵਰੀ ਵਿਚ ਹੀ ਆਪਣੀ ਪੋਤੀ ਡਾ. ਹਰਦੀਪ ਸਿੰਘ ਦੀ ਬੇਟੀ ਕੈਨੇਡਾ ਨਿਵਾਸੀ ਸਮਰੀਤ ਕੌਰ ਦਾ ਵਿਆਹ ਵੀ ਲੁਧਿਆਣਾ ਵਿਖੇ ਬੜੇ ਚਾਵਾਂ ਸੱਧਰਾਂ ਨਾਲ ਅਟੈਂਡ ਕੀਤਾ ਅਤੇ ਨਵੇਂ ਪਰਿਵਾਰ ਮੈਂਬਰ ਪੋਤ ਜਵਾਈ ਹਰਜੀਤ ਸਿੰਘ ਨੂੰ ਵੀ ਆਸ਼ੀਰਵਾਦ ਦਿੱਤਾ। ਸਮਰੀਤ ਦੇ ਵਿਆਹ ਤੋਂ ਸਿਰਫ 10 ਕੁ ਦਿਨ ਬਾਅਦ ਹੀ ਪੇਟ ਦੀ ਸਧਾਰਨ ਤਕਲੀਫ ਅੰਤੜੀਆਂ ਦੀ ਸੋਜਿਸ਼ ਨਾਲ ਹਸਪਤਾਲ ਦਾਖਲ ਹੋਏ । ਨੌਂ ਕੁ ਦਿਨਾਂ ਹਸਪਤਾਲਾਂ ਵਿਚ ਡਾਕਟਰਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਦੀ ਸਿਹਤ ਵਿਗੜਦੀ ਰਹੀ ਅਤੇ 19 ਮਾਰਚ 2023 ਵਾਲੇ ਦਿਨ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ।


ਇਸ ਮੌਕੇ ਵਿਛੜੀ ਰੂਹ ਨੂੰ ਵੱਖ-ਵੱਖ ਸ਼ਖ਼ਸ਼ੀਅਤਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਾਬਕਾ ਜ਼ਿਲਾ ਸੈਸ਼ਨ ਜੱਜ ਐੱਸ. ਕੇ. ਅਰੋੜਾ, ਸਿਵਲ ਸਰਜਨ-ਡਿਪਟੀ ਡਾਇਰੈਕਟਰ ਡਾ ਜਸਵੀਰ ਸਿੰਘ, ਸਿਵਲ ਸਰਜਨ-ਡਿਪਟੀ ਡਾਇਰੈਕਟਰ ਡਾ. ਹਰਿੰਦਰ ਸਿੰਘ, ਸਿਵਲ ਸਰਜਨ-ਡਿਪਟੀ ਡਾਇਰੈਕਟਰ ਡਾ. ਸੁਰਿੰਦਰ ਸਿੰਘ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਗੁਰਪ੍ਰੀਤ ਸਿੰਘ, ਸਾਬਕਾ ਜ਼ਿਲ੍ਹਾ ਸਿਹਤ ਅਫ਼ਸਰ ਡਾ. ਕੁਲਵਿੰਦਰ ਸਿੰਘ, ਕਿਸਾਨ ਆਗੂ ਗੁਰਮੇਲ ਸਿੰਘ ਭਰੋਵਾਲ, ਸੂਫੀ ਗਾਇਕ ਯੂਨਿਸ ਗਿੱਲ, ਸਾਬਕਾ ਐੱਸ.ਐਮ.ਓ. ਡਾ. ਬਲਵਿੰਦਰ ਕੁਮਾਰ, ਡਾ. ਮਨਜੀਤ ਸਿੰਘ ਡਾਇਰੈਕਟਰ ਬੀਬੀਐਮਬੀ ਰੋਪੜ, ਐੱਸ.ਐਮ.ਓ. ਡਾ. ਗੋਬਿੰਦ ਰਾਮ, ਐੱਸ. ਐਮ.ਓ. ਡਾ. ਜਗਦੀਪ ਭਟੋਆ, ਜਗਤਾਰ ਸਿੰਘ ਸਾਬਕਾ ਈ.ਟੀ.ਓ., ਇਨਕਲਾਬੀ ਜਮਹੂਰੀ ਲਹਿਰ ਦੇ ਆਗੂ ਹਰੀਸ਼ ਮੋਦਗਿਲ, ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੂੰਦੜੀ, ਵਿਨੋਦ ਕੁਮਾਰ ਲਾਲੀ, ਕਸਤੂਰੀ ਲਾਲ, ਜਨਰਲ ਸਕੱਤਰ ਪਲਸ ਮੰਚ, ਪ੍ਰੋ. ਮਲ੍ਹੇਰੀ, ਪ੍ਰਧਾਨ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਆਗੂ ਡਾ. ਹਰਬੰਸ ਗਰੇਵਾਲ, ਐਡਵੋਕੇਟ ਨਰਿੰਦਰ ਨਿੰਦੀ, ਵੈਟਰਨਰੀ ਅਫਸਰ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਆਗੂ ਦਰਸ਼ਨ ਸਿੰਘ ਖੇੜੀ, ਡਾ. ਬਲਵੀਰ ਸਿੰਘ ਅਤੇ ਮੁਕਤਸਰ ਸਾਹਿਬ ਦੇ ਕਿਸਾਨ ਆਗੂ ਜਗਦੀਸ਼ ਸਿੰਘ ਬਰਾੜ ਤੋਂ ਇਲਾਵਾ ਵੱਡੀ ਗਿਣਤੀ ਵਿਚ ਵੱਖ-ਵੱਖ ਸਿਆਸੀ, ਸਮਾਜਿਕ, ਧਾਰਮਿਕ, ਮੁਲਾਜ਼ਮ ਅਤੇ ਪੈਨਸ਼ਨਰਜ਼ ਜਥੇਬੰਦੀਆਂ ਦੇ ਆਗੂ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਸ਼ਾਮਲ ਸਨ। ਇਸ ਮੌਕੇ ਵੱਖ-ਵੱਖ ਵਰਗਾਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਬੀਬੀ ਸੁਰਿੰਦਰ ਕੌਰ ਇਕ ਨੇਕ ਦਿਲ ਔਰਤ ਸਨ ਜਿਹੜੇ ਸਫ਼ਰ ਜੀਵਨ ਯਾਤਰਾ ਨਾਲ ਲੰਬੀ ਉਮਰ ਭੋਗ ਕੇ ਗਏ ਹਨ। ਇਸ ਮੌਕੇ ਕੈਨੇਡਾ ਤੋਂ ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਹਰਬੰਸ ਸਿੰਘ ਮੁੱਖ ਸੰਪਾਦਕ ਨੇ ਵੀ ਸ਼ੋਕ ਸੰਦੇਸ਼ ਭੇਜਿਆ।







## ਲੈਥਬਰਿੱਜ ਕਾਲਜ ਦੇ ਵਿਦਿਆਰਥੀਆਂ ਦਾ ਸਪੈਸ਼ਲ ਈਵੈਂਟ



ਲੈਥਬਰਿੱਜ ਕਾਲਜ ਵਿੱਚ ਕਰਵਾਏ ਈਵੈਂਟ ਵਿੱਚ ਪ੍ਰੋਗਰਾਮ ਪੇਸ਼ ਕਰਦੇ ਪ੍ਰੋਜੈਕਟ ਮੈਨੇਜਰ ਹਰਮਨਜੋਤ ਕੌਰ ਤੇ ਹੋਰ ਵਿਦਿਆਰਥੀ।

ਲੈਥਬਰਿੱਜ, (ਦਿਲਜੋਤ ਸਿੰਘ ਭੁੱਲਰ) : ਲੈਥਬਰਿੱਜ ਕਾਲਜ ਵਿੱਚ ਪੜ੍ਹਦੇ ਤੀਸਰੇ ਸਮੈਸਟਰ ਦੇ ਵਿਦਿਆਰਥੀਆਂ ਵੱਲੋਂ ਪਰੋਜੈਕਟ ਮੈਨੇਜਰ ਹਰਮਨਜੋਤ ਕੌਰ ਭੁੱਲਰ ਦੀ ਅਗਵਾਈ ਹੇਠ ਪੜ੍ਹਾਈ ਨਾਲ ਸਬੰਧਿਤ ਸਪੈਸ਼ਲ ਈਵੈਂਟ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਇਸ ਈਵੈਂਟ ਵਿੱਚ ਵੱਖ-ਵੱਖ ਆਈਟਮਾਂ ਪੇਸ਼ ਕੀਤੀਆਂ ਗਈਆਂ। ਜਿਨ੍ਹਾਂ ਦਰਸ਼ਕਾਂ ਨੇ ਭਰਪੂਰ ਮਨੋਰੰਜਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੀਤਾ ਗਿਆ। ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ । ਇਸ ਮੌਕੇ ਸ਼ਾਮਿਲ ਸਖਸ਼ੀਅਤਾਂ ਨੇ ਕਿਹਾ ਕਿ ਲੈਥਬਰਿੱਜ ਕਾਲਜ ਵੱਲੋਂ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਜਿਨ੍ਹਾਂ ਨਾਲ ਉਨ੍ਹਾਂ ਅੰਦਰ ਛੁੱਪੀ ਪ੍ਰਤਿਭਾ ਬਾਹਰ ਨਿਕਲਦੀ ਹੈ ਅਤੇ ਉਹ ਕਾਮਯਾਬੀ ਦੀਆਂ ਮੰਜ਼ਲਾ ਨੂੰ ਛੂੰਹਦੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਈਵੇਂਟ ਸਮੇਂ-ਸਮੇਂ ਸਿਰ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਅੰਦਰ ਛੁਪੀਆਂ ਕਲਾਵਾਂ ਨੂੰ ਬਾਹਰ ਆ ਸਕਣ। ਇਸ ਮੌਕੇ ਆਈਆਂ ਸਖਸ਼ੀਅਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਕੈਲੀਥਾਮਸਨ,ਜੇਮਜ ਰਾਈਮਰ ਤੇ ਪਰਜੈਕਟ ਮੈਨੇਜਰ ਹਰਮਨਜੋਤ ਕੌਰ ਆਦਿ ਵੱਲੋਂ ਇਸ ਈਵੈਂਟ ਨੂੰ ਕਾਮਯਾਬ ਕਰਨ ਲਈ ਵਿਸ਼ੇਸ਼ ਤੌਰ ਤੇ ਦਿਲਚਸਪੀ ਦਿਖਾਈ ਗਈ। ਇਸ ਮੌਕੇ ਕੈਲੀਥਾਮਸਨ,ਜੇਮਜ ਰਾਈਮਰ, ਪਰੋਜੈਕਟ ਮੈਨੇਜਰ ਹਰਮਨਜੋਤ ਕੌਰ, ਰਮਨਦੀਪ ਕੌਰ, ਲਵਪਰੀਤ ਕੌਰ, ਮਨਜੋਤ ਕੌਰ, ਹਰਮਨਦੀਪ ਕੌਰ, ਆਰਤੀ, ਰਬੈਕਾ, ਕੇਟ ਵਿਦਿਆਰਥੀਆਂ ਤੋ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਲੋਕ ਹਾਜ਼ਰ ਸਨ।

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵਿਸਾਖੀ ਦੇ ਤਿਉਹਾਰ ਨੂੰ ਸਮਰਪਿਤ

ਕੈਲਗਰੀ : ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਵਾਰ ਮੀਟਿੰਗ 22 ਅਪ੍ਰੈਲ 2023, ਸ਼ਨਿਚਰਵਾਰ ਨੂੰ ਭੈਣਾਂ ਦੀ ਭਰਵੀਂ ਹਾਜ਼ਰੀ ਦੌਰਾਨ ਜੈਨੇਸਸ ਸੈਂਟਰ ਕੈਲਗਰੀ ਵਿਚ ਹੋਈ। ਮੀਟਿੰਗ ਵਿਸਾਖ ਮਹੀਨੇ ਦੀ ਸੰਗਰਾਂਦ ਨੂੰ ਮਨਾਏ ਜਾਣ ਵਾਲੇ ਤਿਉਹਾਰ ਵਿਸਾਖੀ ਨੂੰ ਸਮਰਪਿਤ ਰਹੀ। ਮੀਟਿੰਗ ਦੀ ਸ਼ੁਰੂਆਤ ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਵਲੋਂ ਹਾਜ਼ਰ ਭੈਣਾਂ ਨੂੰ ਜੀ ਆਇਆਂ ਆਖਦਿਆਂ ਕੀਤੀ ਗਈ। ਉਨ੍ਹਾਂ ਨੇ ਵਿਸਾਖੀ ਨਾਲ ਜੁੜੇ ਇਤਿਹਾਸ ਦੇ ਪੰਨਿਆਂ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਅਤੇ ਦਲੇਰ ਕੌਮ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ ਸਭ ਨੂੰ ਵਿਸਾਖੀ ਦੇ ਤਿਉਹਾਰ ਅਤੇ ਇਸ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਰਾਜਵੰਤ ਮਾਨ ਨੇ ਵਿਸਾਖੀ ਦੇ ਤਿਉਹਾਰ ਨੂੰ ਇਕ ਰੁੱਤ ਸੰਬੰਧੀ ਤਿਉਹਾਰ ਅਤੇ 'ਫ਼ਸਲਾਂ ਦਾ ਤਿਉਹਾਰ' ਦੱਸਦਿਆਂ ਇਸ ਦਿਨ ਵਾਪਰੀਆਂ ਇਤਿਹਾਸਕ ਘਟਨਾਵਾਂ ਦੀ ਗੱਲ ਕਰਦਿਆਂ ਜਲਿਆਂਵਾਲੇ ਬਾਗ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਇਸ ਦਿਵਸ ਨਾਲ ਜੁੜੇ ਹੋਣ ਦੀ ਜਾਣਕਾਰੀ ਸਾਂਝੀ ਕੀਤੀ। ਬਲਜਿੰਦਰ ਗਿੱਲ, ਗੁਰਜੀਤ ਬੈਦਵਾਨ ਅਤੇ ਗੁਰਦੀਸ਼ ਕੌਰ ਗਰੇਵਾਲ ਨ ਵੀ ਵਿਸਾਖੀ ਇਤਿਹਾਸ ਦੇ ਵੱਖ-ਵੱਖ ਪ੍ਰਸੰਗਾਂ ਬਾਰੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਕਵਿਤਾ 'ਖਾਲਸਾ ਸਾਜਨਾ' ਸੁਣਾਉਂਦਿਆਂ ਸਭ ਭੈਣਾਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਮੁਖਤਿਆਰ ਕੌਰ ਧਾਲੀਵਾਲ ਵਲੋਂ ਕਿਸਾਨੀ ਅੰਦੋਲਨ ਦੇ ਸੰਘਰਸ਼ ਨੂੰ ਯਾਦ ਕਰਦਿਆਂ ਗੀਤ 'ਸੁਖ ਵਸਦੀ ਸੀ' ਪੇਸ਼ ਕੀਤਾ ਗਿਆ। ਗੁਰਿੰਦਰ ਸਿੱਧੂ ਵਲੋਂ ਇਕ ਸ਼ਬਦ ਦੇ ਜ਼ਰੀਏ ਵਿਸਾਖੀ ਦੇ ਪਾਵਨ ਦਿਵਸ 'ਤੇ ਸਿਮਰਨ, ਸੇਵਾ ਤੇ ਸ਼ੁਕਰਾਨਾ ਕਰਨ ਦੇ ਪ੍ਰਣ ਬਾਰੇ ਗੱਲ ਕੀਤੀ ਗਈ। ਹਰਬੰਸ ਕੌਰ, ਜਤਿੰਦਰ ਕੌਰ, ਦਵਿੰਦਰ ਕੌਰ, ਸਤਵਿੰਦਰ ਪਰਵਾਹਾ ਅਤੇ ਹਰਜਿੰਦਰ ਗਿੱਲ ਵਲੋਂ ਵੀ ਧਾਰਮਿਕ ਸ਼ਬਦ ਗਾਇਨ ਕੀਤੇ ਗਏ। ਸਰਬਜੀਤ ਉੱਪਲ ਨੇ ਲੋਕ ਗੀਤ 'ਨਚ ਛੱਮ-ਛੱਮ' ਗਾ ਕੇ ਸਭ ਦੇ ਪੱਬ ਥਰਕਾ ਦਿੱਤੇ। ਹਰਦੇਵ ਬਰਾੜ ਨੇ ਮਨੁੱਖ ਨੂੰ ਵਾਤਾਵਰਣ ਦੇ ਦੂਸ਼ਿਤ ਹੋਣ ਦਾ ਦੋਸ਼ੀ ਦੱਸਦਿਆਂ ਇਕ ਗੀਤ ਪੇਸ਼ ਕੀਤਾ। ਉਨ੍ਹਾਂ ਗੀਤ ਰਾਹੀਂ ਦੱਸਿਆ ਕਿ ਹਵਾ, ਪਾਣੀ ਤੇ ਧਰਤੀ ਦੀ ਸੰਭਾਲ ਦੀ ਜ਼ਿੰਮੇਵਾਰੀ ਕੇਵਲ ਤੇ ਕੇਵਲ ਮਨੁੱਖ ਦੀ ਹੈ। ਸੁਖਵਿੰਦਰ ਕੌਰ ਬਾਠ, ਜੁਗਿੰਦਰ ਪੁਰਬਾ, ਅਮਰਜੀਤ ਗਰੇਵਾਲ, ਹਰਚਰਨ ਬਾਸੀ ਅਤੇ ਕੁਲਵੰਤ ਕੌਰ ਵਲੋਂ ਲੋਕ ਬੋਲੀਆਂ ਅਤੇ ਟੱਪੇ ਪੇਸ਼ ਕੀਤੇ ਗਏ। ਕਿਰਨ ਕਲਸੀ ਵਲੋਂ ਆਪਣੀ ਪੰਜਾਬ ਫੇਰੀ ਦੀ ਗੱਲਬਾਤ ਕਰਦਿਆਂ ਪੰਜਾਬ ਕਿਸਾਨ ਦੇ ਵਿਗੜ ਰਹੇ ਹਾਲਾਤ ਦੀ ਗੱਲ ਕੀਤੀ ਗਈ। ਸਭਾ ਵਿਚ ਨਵੇਂ ਆਏ ਮੈਂਬਰਾਂ ਮਹਿੰਦਰਪਾਲ ਬਰਾੜ, ਹਰਪਾਲ ਕੌਰ, ਹਰਜੀਤ ਕੌਰ ਧਾਲੀਵਾਲ ਅਤੇ ਬਿਮਲਾ ਗੋਇਲ ਦਾ ਸਵਾਗਤ ਕੀਤਾ ਗਿਆ, ਨਵੇਂ ਆਏ ਮੈਂਬਰਾਂ ਵਲੋਂ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ ਗਏ। ਸਭ ਦੇ ਅੰਤ ਵਿਚ ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਵਲੋਂ 3 ਜੂਨ 2023 ਨੂੰ Chain lake ਜਾ ਰਹੇ ਸਭਾ ਮੈਂਬਰਾਂ ਦੇ ਟੂਰ ਬਾਰੇ ਜਾਣਕਾਰੀ ਦਿੱਤੀ ਗਈ। ਚਾਹ ਪਾਣੀ ਦਾ ਪ੍ਰਬੰਧ ਬਲਜੀਤ ਜਠੌਲ, ਅਵਤਾਰ ਢਿੱਲੋਂ ਅਤੇ ਜੋਗਿੰਦਰ ਪੁਰਬਾ ਵਲੋਂ ਕੀਤਾ ਗਿਆ। ਮੀਟਿੰਗ ਦੀ ਸਮਾਪਤੀ ਬਹੁਤ ਹੀ ਖੁਸ਼ਨੁਮਾ ਮਾਹੌਲ ਵਿਚ ਚੁਟਕਲਿਆਂ ਅਤੇ ਗਿੱਧੇ ਨਾਲ ਕੀਤੀ ਗਈ। ਅੰਤ ਵਿਚ ਸਭਾ ਪ੍ਰਧਾਨ ਵਲੋਂ ਹਾਜ਼ਰੀਨ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।
















ਜਸਵਿੰਦਰ ਸ਼ਰਮਾ (ਡਾ.)

# ਕਾਮਰੇਡ ਤੇਜਾ ਸਿੰਘ ਸੁਤੰਤਰ

## ਜੀਵਨ ਵਿਆਕਤੀਤਵ, ਗੁਰਦੁਆਰਾ ਸੁਧਾਰ ਲਹਿਰ, ਆਜ਼ਾਦੀ ਸੰਘਰਸ਼ ਅਤੇ ਮੁਜ਼ਾਰਾ ਲਹਿਰ

ਬਰਤਾਨਵੀ ਸਮਾਰਾਜ ਤੋਂ ਮੁਕਤੀ ਲਈ ਜੰਗ-ਏ-ਆਜ਼ਾਦੀ ਵਿਚ ਭਾਰਤੀ ਲੋਕਾਂ ਨੇ ਬਹੁਤ ਲੰਬਾ ਸੰਘਰਸ਼ ਕੀਤਾ ਹੈ। ਇਸ ਸੰਘਰਸ਼ ਦੇ ਜੁਝਾਰੂ ਯੋਧੇ ਆਪਣੀਆਂ ਲਾਮਿਸਾਲ ਕੁਰਬਾਨੀਆਂ ਨਾਲ ਤਵਾਰੀਖ-ਏ-ਹਿੰਦ ਦੇ ਸੁਨਿਹਰੀ ਪੰਨੇ ਬਣ ਗਏ। ਇਹਨਾਂ ਸੁਨਿਹਰੀ ਪੰਨਿਆਂ ਵਿਚੋਂ ਇਕ ਪੰਨਾ ਕਾਮਰੇਡ ਤੇਜਾ ਸਿੰਘ ਸੁਤੰਤਰ ਜੀ ਦੇ ਨਾਮ ਹੋ ਗਿਆ। ਸ੍. ਤੇਜਾ ਸਿੰਘ ਸੁਤੰਤਰ ਦਾ ਜਨਮ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਅਲੂਣਾ ਵਿਖੇ 16 ਜੁਲਾਈ 1901 ਨੂੰ ਸ੍. ਦੇਸਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਜੀ ਦੇ ਕੁੱਖੋਂ ਹੋਇਆ। ਉਹਨਾਂ ਦਾ ਪਹਿਲਾ ਨਾਮ ਸਮੁੰਦ ਸਿੰਘ ਰੱਖਿਆ ਗਿਆ। ਆਪ ਜੀ ਤਿੰਨ ਭੈਣਾਂ ਤੇ ਤਿੰਨ ਭਰਾ ਸਨ। ਪ੍ਰਕਾਸ਼ ਸਿੰਘ ਅਤੇ ਮੇਦਨ ਸਿੰਘ ਮੇਦਨ ਇਹਨਾਂ ਤੋਂ ਛੋਟੇ ਸਨ। ਸਮੁੰਦ ਸਿੰਘ (ਸੁਤੰਤਰ ਸਾਹਿਬ) ਨੇ ਚਾਰ ਜਮਾਤਾਂ ਤੱਕ ਮੁੱਢਲੀ ਪੜ੍ਹਾਈ ਨੇੜੇ ਦੇ ਪਿੰਡ ਹਰਦੋਛਨੀ ਤੋਂ ਪ੍ਰਾਪਤ ਕੀਤੀ ਅਤੇ ਇਸ ਤੋਂ ਬਾਅਦ ਦਸਵੀਂ ਤੱਕ ਦੀ ਵਿੱਦਿਆ Milne memorial mission high school ਧਾਰੀਵਾਲ ਤੋਂ ਗ੍ਰਹਿਣ ਕੀਤੀ। ਇਹਨਾਂ ਦੇ ਪਿੰਡ ਤੋਂ ਤਕਰੀਬਨ 8 ਕਿਲੋ ਮੀਟਰ ਇਕ ਪਾਸੇ ਦਾ ਰਸਤਾ ਹੋਣ ਕਾਰਨ ਸਮੁੰਦ ਸਿੰਘ (ਸੁਤੰਤਰ ਸਾਹਿਬ) ਅਕਸਰ ਘੋੜੀ ਕੁਤੇ ਸਕੂਲ ਪੜ੍ਹਨ ਜਾਂਦੇ। ਸਕੂਲੀ ਪੜ੍ਹਾਈ ਪੂਰੀ ਕਰਕੇ ਉਚੇਰੀ ਸਿੱਖਿਆ ਲਈ ਸੁਤੰਤਰ ਜੀ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲਾ ਲੈ ਲਿਆ ਪਰ ਪਰਿਵਾਰ ਦੇ ਜੁਝਾਰੂ ਪਿਛੋਕੜ ਕਾਰਨ ਪੜ੍ਹਾਈ ਦੀ ਥਾਂ ਆਜ਼ਾਦੀ ਸੰਘਰਸ਼ ਵਿਚ ਕੁੱਦ ਪਏ ਕਿਉਂਕਿ ਉਹਨਾਂ ਦੇ ਦਾਦਾ ਜੀ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਵਿਚ ਲੜਨ ਵਾਲੇ ਸਿੰਘਾਂ ਵਿੱਚੋਂ ਸਨ। ਉਹਨਾਂ ਦੇ ਦਿਲ ਵਿਚ ਪੰਜਾਬ ਦੀ ਗੁਲਾਮੀ ਤੇ ਸਿੱਖ ਫੌਜਾਂ ਦੀ ਅੰਗਰੇਜ਼ਾਂ ਹੱਥੋਂ ਹੋਈ ਹਾਰ ਦਾ ਗਹਿਰਾ ਦਰਦ ਸੀ। ਇਸ ਦਰਦ ਦਾ ਅਸਰ ਇਹ ਹੋਇਆ ਕਿ ਸੁਤੰਤਰ ਸਾਹਿਬ ਅਤੇ ਉਹਨਾਂ ਦੇ ਪਿਤਾ ਦੇਸਾ ਸਿੰਘ ਦੇ ਮਨ ਵਿੱਚ ਅੰਗਰੇਜ਼ਾਂ ਦੀ ਬੇਇਨਸਾਫ਼ੀ ਪ੍ਰਤੀ ਨਫ਼ਰਤ ਵਧ ਗਈ। ਬਚਪਨ ਵਿਚ ਪਰਿਵਾਰਕ ਮਾਹੌਲ ਵਿੱਚ ਹੋਏ ਗੁਲਾਮੀ ਦੇ ਅਹਿਸਾਸ ਨੇ ਸੁਤੰਤਰ ਦੀ ਆਜ਼ਾਦੀ ਸੰਘਰਸ਼ ਵਿੱਚ ਨਿੱਗਰ ਭੂਮਿਕਾ ਨੂੰ ਨਿਸ਼ਚਤ ਕੀਤਾ। ਇਸ ਅਹਿਸਾਸ ਸਦਕਾ ਹੀ ਉਹ ਸਾਰੀ ਉਮਰ ਗੋਰੇ ਅਤੇ ਕਾਲੇ ਅੰਗਰੇਜ਼ਾਂ ਖਿਲਾਫ਼ ਲੋਕ ਮੁਕਤੀ ਲਈ ਜੂਝਦੇ ਰਹੇ। ਬੱਬਰ ਅਕਾਲੀ ਲਹਿਰ, ਗ਼ਦਰ ਲਹਿਰ, ਆਜ਼ਾਦੀ ਸੰਘਰਸ਼, ਕਿਰਤੀ ਕਿਸਾਨਾਂ ਦੀ ਮੁਕਤੀ ਲਈ ਲਾਲ ਪਾਰਟੀ ਦੀ ਸਥਾਪਨਾ ਕਰਕੇ ਲੜੀ ਮੁਜ਼ਾਰਾ ਲਹਿਰ ਸੁਤੰਤਰ ਜੀ ਦੀ ਲੋਕ ਪੱਖੀ ਸੰਘਰਸ਼ਾਂ ਲਈ ਪ੍ਰਤੀਬੱਧਤਾ ਤੇ ਸਿਦਕ ਦਿਲੀ ਦੀ ਗਵਾਹੀ ਹਨ।

ਸਮੁੰਦ ਸਿੰਘ ਤੋਂ ਤੇਜਾ ਸਿੰਘ ਸੁਤੰਤਰ ਬਣਨ ਦਾ ਇਤਿਹਾਸ ਵੀ ਬਹੁਤ ਰੌਚਕ ਹੈ। ਸਾਲ 1907 ਵਿੱਚ ਸੁਤੰਤਰ ਦੇ ਪਿਤਾ ਸ. ਦੇਸਾ ਸਿੰਘ, ਸ. ਅਜੀਤ ਸਿੰਘ ਵੱਲੋਂ ਚਲਾਈ ਕਿਰਸਾਨੀ ਲਹਿਰ ਪੱਗੜੀ ਸੰਭਾਲ ਜੱਟਾ ਵੱਲ ਖਿੱਚੇ ਗਏ, 1915 ਤੱਕ ਜਾਂਦੇ-ਜਾਂਦੇ ਉਹਨਾਂ ਦੇ ਸੰਬੰਧ ਗ਼ਦਰੀ ਬਾਬਿਆਂ ਨਾਲ ਗਹਿਰੇ ਰੂਪ ਵਿਚ ਬਣ ਗਏ। ਦੇਸਾ ਸਿੰਘ ਸੁਰ ਸਿੰਘ ਵਾਲਾ ਦੇ ਜਥੇ ਵਿਚ ਸ਼ਾਮਲ ਹੋ ਕੇ ਗ਼ਦਰੀ ਪਰਚੇ ਲੋਕਾਂ ਵਿੱਚ ਵੰਡਣ ਜਾਂਦੇ ਸਨ। ਜਦੋਂ ਇਹ ਪਰਚੇ ਉਹਨਾਂ ਦੇ ਸਪੁੱਤਰ ਸਮੁੰਦ ਸਿੰਘ ਨੇ ਪੜ੍ਹੇ ਤਾਂ ਉਹਨਾਂ ਦੇ ਖ਼ੂਨ ਵਿੱਚ ਪਿਆ ਇਨਕਲਾਬੀ ਅੰਸ਼ ਜਾਗ ਪਿਆ। ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਿਆਂ ਉਹਨਾਂ ਨੇ 13 ਅਪ੍ਰੈਲ, 1919 ਦੇ ਜੱਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਖਿਲਾਫ਼ ਵਿਦਿਆਰਥੀਆਂ ਦੀ ਹੜਤਾਲ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹੋਏ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਦੀਆਂ ਰੈਲੀਆਂ ਜਲਸਿਆਂ ਦੀ ਅਗਵਾਈ ਕੀਤੀ। ਅੰਗਰੇਜ਼ ਹਕੂਮਤ ਦੇ ਜ਼ਬਰ ਖਿਲਾਫ਼ ਕੀਤੀ ਇਸ ਅਗਵਾਈ ਨੇ ਸਮੁੰਦ ਸਿੰਘ ਨੂੰ ਮੋਹਰੀ ਪ੍ਰਚਾਰਕ ਅਤੇ ਚੰਗਾ ਬੁਲਾਰਾ ਬਣਾ ਦਿੱਤਾ। ਥੋੜ੍ਹੇ ਹੀ ਸਮੇਂ ਵਿਚ ਉਸ ਨੇ 3000 ਮੈਂਬਰਾਂ ਦਾ ਸ਼ਕਤੀਸ਼ਾਲੀ ਸੁਤੰਤਰ ਨਾਮ ਦਾ ਜਥਾ ਖੜ੍ਹਾ ਕਰ ਲਿਆ। ਇਸ ਜਥੇ ਦੀ ਸਥਾਪਤੀ ਅਤੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਕਾਰਜਸ਼ੀਲ ਹੋਣ ਕਾਰਨ ਉਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਮੈਂਬਰ ਚੁਣ ਲਿਆ ਅਤੇ ਨਾਲ ਹੀ 1920 ਵਿੱਚ ਬਣੇ ਸ਼੍ਰੋਮਣੀ ਅਕਾਲੀ ਦਲ ਦੀ ਐਗਜੈਕਟਿਵ ਕਮੇਟੀ ਦਾ ਮੈਂਬਰ ਬਣਾ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਕਮੇਟੀ, ਗੁਰਦੁਆਰਿਆਂ ਨੂੰ ਲੋਟੂ ਮਹੰਤਾਂ ਦੇ ਕਬਜ਼ੇ ਵਿਚੋਂ ਕਢਵਾਉਣ ਲਈ ਜ਼ੋਰਦਾਰ ਸੰਘਰਸ਼ ਕਰ ਰਹੀ ਸੀ।



ਸ਼੍ਰੋਮਣੀ ਕਮੇਟੀ ਨੇ ਸਮੁੰਦ ਦੇ 3000 ਹਥਿਆਰਬੰਦ ਮੈਂਬਰਾਂ ਦੇ ਸ਼ਕਤੀਸ਼ਾਲੀ ਜਥੇ ਦਾ ਮੋਹਰੀ ਹੋਣ ਕਾਰਨ ਇਹਨਾਂ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਚੁਣੌਤੀ ਭਰਿਆ ਕਾਰਜ ਦੇ ਦਿੱਤਾ। ਗੁਰਦਾਸਪੁਰ ਜ਼ਿਲ੍ਹੇ ਦੇ ਨਿਕੋ -ਸਰਾਅ ਤੋਂ ਕਾਲਾ ਅਫਗਾਨਾ ਸੜਕ ਉਪਰ ਸਥਿਤ ਪਿੰਡ ਤੇਜਾ ਵੀਲ੍ਹਾ ਦਾ ਗੁਰਦੁਆਰਾ ਮਹੰਤਾਂ ਦੇ ਕਬਜ਼ੇ 'ਚੋਂ ਛੁਡਵਾ ਲੈਣਾ ਵੱਡੀ ਚੁਣੌਤੀ ਬਣ ਗਿਆ ਸੀ ਕਿਉਂਕਿ ਮਹੰਤਾਂ ਨੇ ਭਾੜੇ ਦੇ ਬੰਦਿਆਂ ਸਮੇਤ ਗੁਰੂ ਘਰ ਵਿਚ ਬਹੁਤ ਸਾਰਾ ਅਸਲਾ ਬਰੂਦ ਜਮਾਂ ਕਰ ਰੱਖਿਆ ਸੀ। ਗੁਰਦੁਆਰੇ ਦੇ ਅੰਦਰੋਂ ਸਖ਼ਤ ਵਿਰੋਧ ਦਾ ਅੰਦਾਜ਼ਾ ਹੋਣ ਕਾਰਨ ਬਹੁਤ ਸਾਰੇ ਖ਼ੂਨ-ਖ਼ਰਾਬੇ ਦਾ ਡਰ ਸੀ। 5-6 ਸਤੰਬਰ 1921 ਨੂੰ ਸਮੁੰਦ ਸਿੰਘ ਨੇ ਸਹਿਜੇ ਹੀ ਇਸ ਵੱਡੀ ਸਮੱਸਿਆ ਨੂੰ ਸੁਲਝਾ ਦਿੱਤਾ। ਉਹਨਾਂ ਨੇ ਨੀਤੀ ਤਿਆਰ ਕੀਤੀ ਜਿਸ ਅਨੁਸਾਰ ਜਥੇ ਵੱਲੋਂ ਰਾਤ ਸਮੇਂ ਹੌਲੀ-ਹੌਲੀ ਨੇੜੇ ਆ ਕੇ ਘੇਰਾ ਪਾਉਣ ਤੋਂ ਬਾਅਦ ਵੱਡੇ ਤੜਕੇ ਕਵਾੜ ਖੁੱਲ੍ਹਨ ਤੋਂ ਪਹਿਲਾਂ ਹੱਲਾ ਬੋਲਣਾ ਸੀ। ਸਮੁੰਦ ਸਿੰਘ ਤੇ ਉਸ ਦੇ ਪਿਤਾ ਭਾਈ ਦੇਸਾ ਸਿੰਘ ਭੇਸ ਬਦਲ ਕੇ ਆਪਣੇ ਸਾਥੀਆਂ ਸਮੇਤ ਗੁਰਦੁਆਰੇ ਦੇ ਅੰਦਰ ਹੀ ਸੌਂ ਗਏ। ਸਵੇਰੇ ਸਮੁੰਦ ਸਿੰਘ ਨੇ ਦਰਵਾਜਾ ਖੋਹਲ ਦਿੱਤਾ ਅਤੇ ਸੁਤੰਤਰ ਜਥੇ ਨੇ ਮਹੰਤਾਂ ਤੇ ਗੁੰਡਿਆਂ ਨੂੰ ਉਠਣ ਤੋਂ ਪਹਿਲਾਂ ਹੀ ਦਬੋਚ ਲਿਆ। ਸਹਿਜੇ ਹੀ ਬਿਨਾਂ ਕਿਸੇ ਖ਼ੂਨ ਖ਼ਰਾਬੇ ਤੋਂ ਤੇਜਾ ਵੀਲ੍ਹਾ ਦੇ ਗੁਰਦਵਾਰੇ ਦਾ ਕਬਜਾ ਲੈ ਲਿਆ।

ਗੁਰਦੁਆਰਾ ਤੇਜਾ ਵੀਲ੍ਹਾ ਦੇ ਕਬਜ਼ੇ ਤੋਂ ਬਾਅਦ ਉਸੇ ਦਿਨ ਦੇਸਾ ਸਿੰਘ ਹੋਰਾਂ ਨੇ ਅੰਮ੍ਰਿਤ ਛਕ ਲਿਆ ਅਤੇ ਦੇਸਾ ਸਿੰਘ ਤੋਂ ਨਾਮ ਬਦਲ ਕੇ ਕਿਰਪਾਲ ਸਿੰਘ ਰੱਖ ਲਿਆ। ਸਮੁੰਦ ਸਿੰਘ ਦਾ ਨਾਮ ਵੀ ਤੇਜਾ ਵੀਲ੍ਹਾ ਤੇਜਾ ਪਿੰਡ ਵਿਚ ਪੈਂਦਾ ਹੋਣ ਕਰਕੇ ਤੇਜਾ ਸਿੰਘ ਰੱਖ ਦਿੱਤਾ ਅਤੇ ਸੁਤੰਤਰ ਜਥੇ ਦਾ ਬਾਨੀ ਹੋਣ ਕਾਰਨ ਸੁਤੰਤਰ ਤੁਖ਼ੱਲਸ ਰੱਖ ਦਿੱਤਾ। ਇਸ ਤਰ੍ਹਾਂ ਸਮੁੰਦ ਸਿੰਘ ਹੁਣ ਤੇਜਾ ਸਿੰਘ ਸੁਤੰਤਰ ਬਣ ਗਏ।

ਤੇਜਾ ਸਿੰਘ ਸੁਤੰਤਰ ਅਨੁਸ਼ਾਸ਼ਨ ਦੇ ਬਹੁਤ ਪੱਕੇ ਸਨ। ਉਹਨਾਂ ਦੀ ਅਨੁਸ਼ਾਸ਼ਨ ਬੱਧਤਾ ਦੀ ਝਲਕ ਸੁਤੰਤਰ ਜਥੇ (1920-21) ਅਤੇ ਲਾਲ ਪਾਰਟੀ (1948) ਦੇ ਅਨੁਸ਼ਾਸ਼ਨ ਸੰਬੰਧੀ ਕਠੋਰ ਸ਼ਰਤਾਂ ਵਿੱਚੋਂ ਸਪੱਸ਼ਟ ਦੇਖੀ ਜਾ ਸਕਦੀ ਹੈ। ਸੁਤੰਤਰ ਜਥੇ ਦੀਆਂ ਸ਼ਰਤਾਂ ਅਨੁਸਾਰ ਜਥੇ ਦੇ ਮੈਂਬਰ ਨੂੰ ਆਪਣੀ ਸਾਰੀ ਜਾਇਦਾਦ ਜਥੇ ਦੇ ਹਵਾਲੇ ਕਰਨੀ ਪੈਂਦੀ ਸੀ ਅਤੇ ਸਾਰੇ ਕੰਮ ਛੱਡਕੇ ਕੁੱਲ-ਵਕਤੀ ਮੈਂਬਰ ਵਜੋਂ ਕੰਮ ਕਰਨਾ ਪੈਂਦਾ ਸੀ। ਦੂਜੀ ਸ਼ਰਤ ਗ਼ਦਾਰੀ ਕਰਨ 'ਤੇ ਮੌਤ ਦੀ ਸਜ਼ਾ ਦੀ ਸੀ। ਇਸੇ ਤਰ੍ਹਾਂ ਲਾਲ ਪਾਰਟੀ ਵਿਚ ਨਸ਼ਾ, ਸ਼ਰਾਬ ਦੀ ਸ਼ਖ਼ਤ ਮਨਾਹੀ ਸੀ। ਐਕਸ਼ਨ ਕਰਨ ਤੋਂ ਬਾਅਦ ਮੁਜ਼ਾਰਾ-ਵਾਰ ਕੌਂਸਲ ਦੇ ਲੜਾਕੂ ਜਵਾਨਾਂ ਨੂੰ ਅਸਲਾ ਜਮਾਂ ਕਰਵਾਉਣਾ ਪੈਂਦਾ ਸੀ। ਇਹਨਾਂ ਕਠੋਰ ਸ਼ਰਤਾਂ ਦੇ ਬਾਵਜੂਦ ਵੀ ਸੁਤੰਤਰ ਜਥੇ ਦੇ 3000 ਮੈਂਬਰ ਅਤੇ ਮੁਜ਼ਾਰਾ ਲਹਿਰ ਦੌਰਾਨ 784 ਪਿੰਡਾਂ ਦੇ ਹਜ਼ਾਰਾਂ ਲੋਕ ਸੁਤੰਤਰ ਸਾਹਿਬ ਦੇ ਮਿਸ਼ਨ ਵਿਚ ਸ਼ਾਮਿਲ ਸਨ। ਆਪਣੀ ਸੂਝ-ਬੂਝ ਸਦਕਾ ਲੋਕਾਂ ਨੂੰ ਨਾਲ ਤੋਰਨ ਵਿੱਚ ਸਫ਼ਲ ਰਹਿਣ ਕਾਰਨ ਹੀ ਸੁਤੰਤਰ ਸਾਹਿਬ ਨੇ ਬਰਤਾਨਵੀ ਸਾਮਰਾਜ ਖਿਲਾਫ਼ ਲੱਗੇ ਮੋਰਚਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਮੁਜ਼ਾਰਾ ਲਹਿਰ ਦੌਰਾਨ ਆਜ਼ਾਦ ਭਾਰਤ ਵਿੱਚ ਵੀ ਲੰਮਾ ਸਮਾਂ ਪੁਲਿਸ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਕਰਕੇ ਰੂਪੋਸ਼ ਰਹਿਣਾ ਪਿਆ। ਲੋਕਾਂ ਦੀ ਜਥੇ ਵਿਚ ਭਰਵੀਂ ਸਮੂਲੀਅਤ ਕਾਰਨ ਤੇਜਾ ਸਿੰਘ ਸੁਤੰਤਰ ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਸ਼ਕਤੀਸ਼ਾਲੀ ਜਥਾ ਲੈ ਕੇ ਗਏ।

ਗੁਰਦੁਆਰਾ ਤੇਜਾ ਵੀਲ੍ਹਾ, ਗੁਰਦੁਆਰਾ ਪਿੰਡ ਹੋਠੀਆਂ (ਤਹਿਸੀਲ ਬਟਾਲਾ) ਅਤੇ ਗੁਰੂ ਕਾ ਬਾਗ ਆਦਿ ਗੁਰਦਵਾਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਸਮੇਂ ਅਗਵਾਈ ਕਰਦੇ ਸੁਤੰਤਰ ਦਾ ਮੇਲ ਭਾਰਤ ਦੀ ਆਜ਼ਾਦੀ ਸੰਘਰਸ਼ ਵਿੱਚ ਕੁੱਦੇ ਉੱਚ-ਸਤਰ ਦੇ ਨੇਤਾਵਾਂ ਨਾਲ ਹੋਇਆ। ਇਹਨਾਂ ਨੇਤਾਵਾਂ ਨਾਲ ਮੇਲ-ਜੋਲ ਅਤੇ ਵਧਦੀਆਂ ਗ਼ਦਰੀ ਗਤੀਵਿਧੀਆਂ ਕਾਰਨ ਸੁਤੰਤਰ ਖ਼ੁਦ ਇਕ ਇੰਨਕਲਾਬੀ ਨੇਤਾ ਵਜੋਂ ਉਭਰ ਕੇ ਸਾਹਮਣੇ ਆਇਆ। ਉਹ ਮਾਸਟਰ ਮੋਤਾ ਸਿੰਘ, ਪਿਆਰਾ ਸਿੰਘ ਲੰਗੇਰੀ, ਬਾਬਾ ਗੁਰਮੁਖ ਸਿੰਘ, ਤੇਜਾ ਸਿੰਘ ਚੂਹੜਕਾਣਾ ਆਦਿ ਸਾਥੀਆਂ ਨਾਲ ਭਾਰਤ ਤੋਂ ਬਾਹਰ ਬੈਠੇ ਗ਼ਦਰੀਆਂ ਨਾਲ ਸੰਪਰਕ ਸਥਾਪਿਤ ਕਰਕੇ ਭਾਰਤ ਦੇ ਆਜ਼ਾਦੀ ਸੰਘਰਸ਼ ਵਿਚ ਸਰਗਰਮ ਅਤੇ ਜੋਸ਼ੀਲੀ ਭੂਮਿਕਾ ਨਿਭਾਉਂਦਾ ਹੋਇਆ ਲੋਕ ਲਹਿਰ ਨੂੰ ਸੰਗਠਿਤ ਕਰਨ ਲੱਗਿਆ। ਇਸੇ ਤਹਿਤ ਕਾਬਲ ਵਿੱਚ ਰਹਿੰਦੇ ਸਿੱਖਾਂ ਦੀ ਮੰਗ ਸੀ ਕਿ ਕਾਬਲ ਵਿੱਚ ਇੱਕ ਸਿੱਖ ਪ੍ਰਚਾਰਕ ਜਥਾ ਜ਼ਰੂਰ ਭੇਜਿਆ ਜਾਵੇ ਤਾਂ ਕਿ ਸਿੱਖੀ ਦਾ ਪ੍ਰਚਾਰ ਹੋ ਸਕੇ।

ਸ਼੍ਰੋਮਣੀ ਕਮੇਟੀ ਨੇ ਤੇਜਾ ਸਿੰਘ ਸੁਤੰਤਰ ਅਤੇ ਹਜ਼ਾਰਾ ਸਿੰਘ ਨਾਲ ਇਕ ਰਾਗੀ ਜਥੇ ਨੂੰ ਪ੍ਰਚਾਰ ਕਰਨ ਲਈ ਭੇਜਿਆ। ਸੁਤੰਤਰ ਦੀ ਯੋਗਤਾ ਕਾਬਲ ਵਿੱਚ ਹੋਰ ਵੀ ਨਿੱਖਰ ਕੇ ਸਾਹਮਣੇ ਆਈ, ਉਹਨਾਂ ਨੇ ਕਾਬਲ ਵਿੱਚ ਰਹਿੰਦਿਆਂ ਅਫ਼ਗਾਨਿਸਤਾਨ ਦੇ ਕਮਾਂਡਰ-ਇਨ-ਚੀਫ਼ ਨਾਦਰ ਖਾਂ ਜਿਹੜੇ ਅੰਗਰੇਜ਼ਾਂ ਦੇ ਕੱਟੜ ਦੁਸ਼ਮਨ ਸਨ ਨਾਲ ਗਹਿਰਾ ਮੇਲ ਮਿਲਾਪ ਕਾਇਮ ਕਰ ਲਿਆ। ਇਹਨਾਂ ਸੰਬੰਧਾਂ ਵਿੱਚੋਂ ਹੀ ਸੁਤੰਤਰ ਨੇ ਤੁਰਕੀ ਦੇ ਜਰਨਲ ਫ਼ਖਰੀ ਪਾਸ਼ਾ ਅਤੇ ਰੂਸੀ ਪ੍ਰਤੀਨਿਧਾਂ ਨਾਲ ਸੰਬੰਧ ਜੋੜਦੇ ਹੋਏ ਆਪਣੇ ਮਿਸ਼ਨ ਨੂੰ ਅੱਗੇ ਲੈ ਜਾਣ ਲਈ ਸਹਾਇਤਾ ਦੀ ਮੰਗ ਕੀਤੀ। ਇਸੇ ਸਮੇਂ ਦੌਰਾਨ ਸਰਕਾਰੀ ਸੂਹੀਏ ਸੁਤੰਤਰ ਦੀਆਂ ਗਤੀਵਿਧੀਆਂ ਉਪਰ ਨਜ਼ਰ ਰੱਖ ਰਹੇ ਸਨ। ਸਰਕਾਰੀ ਗੁਪਤ ਰਿਪੋਰਟਾਂ ਦੇ ਆਧਾਰ ਉੱਤੇ ਸੁਤੰਤਰ ਦੇ ਵਰੰਟ ਜਾਰੀ ਹੋ ਗਏ ਅਤੇ ਇਹਨਾਂ ਨੂੰ ਲੰਡੀ ਕੋਤਲ ਦੇ ਸਥਾਨ ਤੋਂ ਗ੍ਰਿਫ਼ਤਾਰ ਕਰ ਲਿਆ ਜਦੋਂ ਇਹਨਾਂ ਨੂੰ ਕਾਰ ਰਾਹੀਂ ਪਿਸ਼ਾਵਰ ਲਿਆਂਦਾ ਜਾ ਰਿਹਾ ਸੀ ਤਾਂ ਆਪ ਮੌਕਾ ਤਾੜ ਕੇ ਪੁਲਿਸ ਦੀ ਹਿਰਾਸਤ ਵਿੱਚੋਂ ਭੱਜ ਗਏ ਅਤੇ ਬਾਗੀ ਕਾਰਵਾਈਆਂ ਜਾਰੀ ਰੱਖੀਆਂ। ਇਸਦੇ ਨਾਲ ਹੀ ਸੁਤੰਤਰ ਸਾਹਿਬ ਸੋਚਦੇ ਸਨ ਕਿ ਇਕ ਥਾਂ ਬੈਠ ਕੇ ਇੰਨਕਲਾਬੀ ਗਤੀਵਿਧੀਆਂ ਵੱਡੀ ਪ੍ਰਾਪਤੀ ਨਹੀਂ ਕਰ ਸਕਦੀਆਂ ਉਹ ਵੀ ਉਸ ਸਮੇਂ ਜਦੋਂ ਜਨਤਕ ਲਾਮਬੰਦੀ ਦੀ ਸਖ਼ਤ ਜ਼ਰੂਰਤ ਹੋਵੇ ਅਤੇ ਦੂਸਰਾ ਕਾਬਲ ਵਿਚ ਪੁਲਿਸ ਦਾ ਦਬਾਅ ਵੀ ਲਗਾਤਾਰ ਵਧ ਰਿਹਾ ਸੀ। ਇਹਨਾਂ ਹਾਲਾਤਾਂ ਵਿੱਚ ਸੁਤੰਤਰ ਨੇ ਅਫ਼ਗਾਨਿਸਤਾਨ ਤੋਂ ਵਾਪਿਸ ਆਉਣ ਵਾਰੇ ਸੋਚਿਆ, ਤਾਂ ਕਿ ਲੋਕ ਸ਼ਕਤੀ ਦੇ ਇੱਕਤਰੀਕਰਨ ਲਈ ਲੋਕਾਂ ਵਿਚ ਜਾਇਆ ਜਾ ਸਕੇ। ਕਾਬਲ ਵਿਚੋਂ ਵਾਪਿਸ ਆਉਣ ਲਈ ਇਹਨਾਂ ਦੇ ਪੁਲਿਸ ਵਾਰੰਟ ਜਾਰੀ ਹੋਣ ਕਾਰਨ ਭਾਰਤ ਆਉਣ ਦੇ ਸਾਰੇ ਰਸਤੇ ਬੰਦ ਸਨ ਪਰ ਸੁਤੰਤਰ ਜੀ ਭਾਰਤ ਵਾਪਿਸ ਆਉਣ ਲਈ ਨਿਰੰਤਰ ਯਤਨਸ਼ੀਲ ਸਨ। ਉਹਨਾਂ ਦਾ ਭਾਰਤ ਵਾਪਿਸ ਆਉਣਾ ਅਤਿਅੰਤ ਕਠਿਨ, ਰੌਚਕ ਅਤੇ ਦਲੇਰੀ ਭਰਿਆ ਕਿੱਸਾ ਹੈ।

ਕਾਬਲ ਤੋਂ ਵਾਪਸ ਆਉਂਦੇ ਸਮੇਂ ਉਹਨਾਂ ਨੇ ਆਪਣੇ ਸਾਥੀ ਹਰਨਾਮ ਸਿੰਘ ਨਾਲ ਮਿਲ ਕੇ ਪਾਣੀ ਵਾਲੀਆਂ ਮਸ਼ਕਾਂ ਖਰੀਦ ਲਈਆਂ। ਉਹ ਇਹਨਾਂ ਮਸ਼ਕਾਂ ਨੂੰ ਆਪਣੇ ਸਰੀਰ ਨਾਲ ਬੰਨ੍ਹ ਕੇ ਹਨ੍ਹੇਰੇ ਪੱਖ ਦੀ ਰਾਤ ਨੂੰ ਅਫ਼ਗਾਨਿਸਤਾਨ ਵਿੱਚ ਲਾਲਪੁਰੇ ਦੇ ਸਥਾਨ ਤੋਂ ਲੰਡੇ ਦਰਿਆ ਵਿੱਚ ਉਤਰ ਗਏ ਅਤੇ ਲੰਡੇ ਦਰਿਆਂ ਦੇ ਤੇਜ ਪਾਣੀ ਵਿਚ ਰੁੜ੍ਹਦੇ ਤੈਰਦੇ 70 ਮੀਲ ਦਾ ਪੈਂਡਾ ਤਹਿ ਕਰਕੇ ਪੱਛਮੀ ਪੰਜਾਬ ਪੁੱਜ ਗਏ। ਇਕ ਆਮ ਆਦਮੀ ਦਾ ਇਹ ਗੱਲ ਸੁਣ ਕੇ ਹੀ ਤਰਾਹ ਨਿਕਲ ਜਾਂਦੈ ਪਰ ਸੁਤੰਤਰ ਜੀ ਨੇ ਇਹ ਆਪਣੇ ਹੱਡੀਂ ਹੰਡਾਇਆ। ਪੰਜਾਬ ਵਾਪਸੀ ਤੋਂ ਬਾਅਦ ਉਹਨਾਂ ਨੇ ਇੱਥੇ ਜੰਗ-ਏ-ਆਜ਼ਾਦੀ ਦੀ ਲਹਿਰ ਨੂੰ ਜਥੇਬੰਦ ਕਰਨ ਲਈ ਸਿਰਤੋੜ ਯਤਨ ਕੀਤੇ। ਆਜ਼ਾਦੀ ਲਹਿਰ ਦੀਆਂ ਜ਼ਰੂਰਤਾਂ ਅਨੁਸਾਰ 16 ਜੁਲਾਈ 1923 ਨੂੰ ਆਪਣੇ ਸਾਥੀ ਭਾਈ ਸੰਤੋਖ ਸਿੰਘ ਨਾਲ ਦੁਬਾਰਾ ਫਿਰ ਕਾਬਲ ਪਹੁੰਚ ਗਏ। ਇਸ ਸਮੇਂ ਬਾਬਾ ਰਤਨ ਸਿੰਘ ਡੱਬਾ ਵੀ ਅਮਰੀਕਾ ਤੋਂ ਰੂਸ ਅਤੇ ਇਰਾਨ ਵਿਚਦੀ ਹੁੰਦੇ ਹੋਏ ਕਾਬਲ ਪੁੱਜ ਗਏ। ਆਪਸੀ ਮੇਲ ਜੋਲ ਤੇ ਸਲਾਹ ਮਸ਼ਵਰੇ ਤੋਂ ਬਾਅਦ ਇਹਨਾਂ ਗ਼ਦਰੀਆਂ ਨੇ ਸਾਮਰਾਜੀ ਸ਼ਾਸ਼ਨ ਖਿਲਾਫ਼ ਮੁਹਿੰਮ ਤੇਜ਼ ਕਰਨ ਲਈ ਜਥੇਬੰਦੀ ਦਾ ਬੁਲਾਰਾ ਕਿਰਤੀ ਪਰਚਾ ਕੱਢਣ ਵਾਸਤੇ ਸੰਤੋਖ ਸਿੰਘ ਦਾ ਹਿੰਦੋਸਤਾਨ ਜਾਣਾ, ਊਧਮ ਸਿੰਘ ਕਸੇਲ ਦਾ ਕਾਬਲ ਰਹਿੰਦੇ ਹੋਏ ਇੰਨਕਲਾਬੀਆਂ ਵਿਚ ਤਾਲਮੇਲ ਰੱਖਣਾ, ਬਾਬਾ ਰਤਨ ਸਿੰਘ ਡੱਬਾ ਦਾ ਅਮਰੀਕਾ ਜਾ ਕੇ ਪਾਰਟੀ ਨੂੰ ਨਵੀਂ ਦਿਸ਼ਾ ਦੇਣਾ ਅਤੇ ਤੇਜਾ ਸਿੰਘ ਸੁਤੰਤਰ ਦਾ ਕਾਬਲ ਤੋਂ ਤੁਰਕੀ ਜਾ ਕੇ ਜੰਗੀ ਸਿਖਲਾਈ ਲੈਣ ਤਹਿ ਹੋਇਆ। ਯੋਜਨਾ ਨੂੰ ਅਮਲੀ ਰੂਪ ਦੇਣ ਲਈ 20 ਅਗਸਤ 1923 ਨੂੰ ਕਾਬਲ ਤੋਂ ਤੇਜਾ ਸਿੰਘ ਸੁਤੰਤਰ ਤੁਰਕੀ ਲਈ ਚੱਲ ਪਿਆ। ਉਸ ਵੇਲੇ ਸੁਤੰਤਰ ਕੋਲ ਕਾਬਲ ਵਿਚਲੇ ਤੁਰਕੀ ਦੇ ਸਫ਼ੀਰ ਜਰਨਲ ਫ਼ਖਰੀਪਾਸ਼ਾ ਦੀ ਤੁਰਕੀ ਦੇ ਪ੍ਰਧਾਨ ਮੰਤਰੀ ਜਰਨਲ ਇਸਮਤ ਈਨੋਨੂਪਾਸ਼ਾ ਦੇ ਨਾਮ ਚਿੱਠੀ ਸੀ। ਇਹ ਸਿਰੜੀ ਯੋਧਾ ਸ਼ਾਹੀਕਾਰ ਬਾਸੀਆਨਾ, ਹੈਬਕ, ਤਾਸਕੁਰਸ਼ਾਨ, ਬੁਖਾਰਾ ਆਦਿ ਥਾਵਾਂ ਤੇ ਭਟਕਦਾ-ਭਟਕਦਾ ਰੂਸ ਦੀ ਹੱਦ ਵਿਚ ਕੁਸ਼ਕ ਜਾ ਪੁੱਜਾ ਤੇ ਉਥੋਂ ਜਹਾਜ ਚੜ੍ਹ ਕੇ ਕੈਸਪੀਅਨ ਸਾਗਰ ਪਾਰ ਕੀਤਾ ਤੇ ਬਾਕੂ ਤੋਂ ਬਾਤੂਮ ਚਲਾ ਗਿਆ ਉਥੋਂ ਫਰਾਂਸ਼ ਦੇ ਇਕ ਜਹਾਜ਼ ਰਾਹੀਂ ਤੁਰਕੀ ਦੇ ਮਸ਼ਹੂਰ ਸਹਿਰ ਕਾਸਟੈਂਟੀ ਨੋਪਲ ਪੁੱਜ ਗਿਆ।

ਤੁਰਕੀ ਦੇ ਪ੍ਰਧਾਨ ਮੰਤਰੀ ਜਰਨਲ ਇਸਮਤ ਈਨਨੂਪਾਸ਼ਾ ਨੂੰ ਚਿੱਠੀ ਦੇਣ ਲਈ ਉਹ ਅੰਗੋਰਾ ਪਹੁੰਚਿਆ ਤੇ ਤੁਰਕੀ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ। ਮੁਲਾਕਾਤ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਸੁਤੰਤਰ ਨੂੰ ਜੰਗੀ ਕਾਲਜ ਟਰੇਨਿੰਗ ਲਈ ਭੇਜ ਦਿੱਤਾ।

ਜੰਗੀ ਕਾਲਜ ਵਿੱਚ ਸੁਤੰਤਰ ਜੀ ਨੇ ਜਰਮਨ ਕੋਰਸਾਂ ਕੁਤੇ ਅਧਾਰਿਤ ਸਿਖਲਾਈ ਲਈ ਅਤੇ ਅਧਿਐਨ ਕਾਰਜਾਂ ਵਿੱਚ ਵੀ ਰੁੱਝੇ ਰਹੇ। ਸਖ਼ਤ ਸਿਖਲਾਈ ਅਤੇ ਗਹਿਰੇ ਅਧਿਐਨ ਤੋਂ ਬਾਅਦ ਜਦੋਂ ਸੁਤੰਤਰ ਨੇ ਪੇਪਰ ਦਿੱਤਾ ਤਾਂ ਉਹ ਏਨਾ ਕਾਬਿਲ-ਏ-ਤਾਰੀਫ਼ ਸੀ ਕਿ ਉਹਨਾਂ ਦੀ ਉੱਤਰ ਪੱਤਰੀ ਜਰਮਨ ਮੂਲ ਦੇ ਪ੍ਰੋਫ਼ੈਸਰ ਸਾਹਿਬ ਨੇ ਬਾਕੀ ਵਿਦਿਆਰਥੀਆਂ ਨੂੰ ਨਮੂਨੇ ਵਜੋਂ ਵਿਖਾਈ। ਕੋਰਸ ਤੋਂ ਬਾਅਦ ਸੁਤੰਤਰ ਨੇ ਫੌਜੀ ਕਮਿਸ਼ਨ ਹਾਸਿਲ ਕੀਤਾ ਅਤੇ ਤੁਰਕੀ ਦੀ ਫ਼ੌਜ ਵਿੱਚ ਲੈਫਟੀਨੈਂਟ ਆਫ਼ੀਸਰ ਬਣ ਗਏ। ਤੁਰਕੀ ਫੌਜ ਦੇ ਕਮਾਂਡਰ-ਇਨ-ਚੀਫ਼, ਚਾਕਮਕ ਪਾਸ਼ਾ ਨੇ ਉਹਨਾਂ ਨੂੰ ਤੁਰਕੀ ਦੀ ਫੌਜ ਵਿੱਚ ਸੇਵਾ ਕਰਨ ਬਹੁਤ ਜ਼ੋਰ ਲਾਇਆ ਪਰ ਤੇਜਾ ਸਿੰਘ ਸੁਤੰਤਰ ਟਰੇਨਿੰਗ ਹਾਸਿਲ ਕਰਨ ਤੋਂ ਬਾਅਦ ਬਾਬਾ ਗੁਰਮੁੱਖ ਸਿੰਘ ਦੇ ਸੰਦੇਸ਼ੇ ਕਾਰਨ ਤੁਰਕੀ ਦਾ ਪਾਸਪੋਰਟ ਲੈ ਕੇ ਬਰਲਿਨ ਚਲੇ ਗਏ। ਬਰਲਿਨ ਵਿਚ ਸੁਤੰਤਰ ਦੀ ਡਿਊਟੀ ਅਮਰੀਕਾ ਦੀ ਗ਼ਦਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਲਾ ਦਿੱਤੀ ਜਿਸ ਤਹਿਤ ਉਹ 1929 ਵਿੱਚ ਨਿਊਯਾਰਕ ਪੁੱਜ ਗਏ। 1929 ਵਿੱਚ ਉਹਨਾਂ ਨੂੰ ਕੈਲੇਫੋਰਨੀਆ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਪਰ ਸਵਾਲਾਂ ਜਵਾਬਾਂ ਤੋਂ ਬਾਅਦ ਛੱਡ ਦਿੱਤਾ ਗਿਆ। ਇਸ ਤੋਂ ਬਾਅਦ ਆਪ ਅਮਰੀਕਾ ਵਿੱਚੋਂ ਬਰਾਜ਼ੀਲ ਲਈ ਨਿਕਲ ਗਏ ਅਤੇ ਬਾਬਾ ਭਗਤ ਸਿੰਘ ਬਿਲਗਾ ਨਾਲ ਮਿਲਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦਾ ਡਟ ਕੇ ਵਿਰੋਧ ਕੀਤਾ। 1932 ਵਿਚ ਬਰਾਜ਼ੀਲ ਦੀ ਰਾਜਧਾਨੀ ਰੀਓਦੇ ਜਾਨਰੋ ਵਿੱਚ ਸ਼ਹੀਦ ਭਗਤ ਸਿੰਘ ਦੇ ਚਾਚਾ ਸ੍ਰ. ਅਜੀਤ ਸਿੰਘ ਨਾਲ ਮੇਲ ਹੋਇਆ। ਇਸ ਤੋਂ ਬਾਅਦ ਉਹ ਇਕ ਬਾਰ ਫਿਰ ਤੁਰਕੀ ਦਾ ਚੱਕਰ ਲਗਾ ਕੇ ਬਰਲਿਨ ਚਲੇ ਗਏ ਅਤੇ ਇੱਥੋਂ 1 ਨਵੰਬਰ 1932 ਨੂੰ ਮਾਸਕੋ ਦੀ ਯੂਨੀਵਰਸਿਟੀ ਵਿੱਚ ਦਾਖਲ ਹੋ ਕੇ ਅਰਥ ਸ਼ਾਸਤਰ (Economics) ਵਿਸ਼ੇ ਵਿਚ ਕੋਰਸ ਕੀਤਾ ਅਤੇ ਇਸ ਤੋਂ ਬਾਅਦ ਫਿਲਾਸਫ਼ੀ ਅਤੇ ਟੈਕਨੀਕਲ ਕੋਰਸਾਂ ਵਿਚ ਜੁਟੇ ਰਹੇ। ਕੋਰਸ ਖ਼ਤਮ ਹੋਣ ਤੋਂ ਬਾਅਦ ਕ੍ਰਾਂਤੀਕਾਰੀ ਸਰਗਰਮੀਆਂ ਕਰਦੇ ਕਰਦੇ ਸਾਲ 1934 ਵਿਚ ਬੰਬਈ ਆ ਗਏ। ਪੁਲਿਸ ਇਹਨਾਂ ਦਾ ਲਗਾਤਾਰ ਪਿੱਛਾ ਕਰ ਰਹੀ ਸੀ। ਸਾਲ 1936 ਦੇ ਜਨਵਰੀ ਮਹੀਨੇ ਸੋਮਨਾਥ ਲਹਿਰੀ, ਇਕਬਾਲ ਸਿੰਘ ਹੁੰਦਲ ਸਮੇਤ ਸੁਤੰਤਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਲਾਹੌਰ ਤੋਂ ਬਾਅਦ ਇਹਨਾਂ ਨੂੰ ਕੈਂਬਲਪੁਰ ਜ਼ੇਲ੍ਹ ਵਿਚ ਬੰਦ ਕਰ ਦਿੱਤਾ। ਕੈਂਬਲਪੁਰ ਜੇਲ ਵਿਚੋਂ ਇਹਨਾਂ ਦੇ ਸੱਤ ਹੋਰ ਸਾਥੀਆਂ ਸਮੇਤ 1942 ਵਿਚ ਰਿਹਾ ਕਰ ਦਿੱਤਾ

ਗਿਆ।

ਰਿਹਾਈ ਤੋਂ ਬਾਅਦ ਸੁਤੰਤਰ ਜੀ ਨੂੰ ਪੰਜਾਬ ਕਿਸਾਨ ਸਭਾ ਦਾ ਪ੍ਰਧਾਨ ਚੁਣ ਲਿਆ ਗਿਆ ਅਤੇ ਉਹ 1944 ਵਿੱਚ ਕਮਿਊਨਿਸਟ ਪਾਰਟੀ ਦੇ ਸਕੱਤਰ ਨਿਯੁਕਤ ਹੋਏ। ਆਪ 1946 ਤੱਕ ਸਾਂਝੇ ਪੰਜਾਬ ਦੀ ਅਸੈਂਬਲੀ ਦੇ ਮੈਂਬਰ ਰਹੇ। ਉਹ ਹਲਕਾ ਚੂਨੀਆਂ ਜ਼ਿਲ੍ਹਾ ਲਾਹੌਰ ਤੋਂ ਬਿਨਾ ਮੁਕਾਬਲਾ ਚੁਣੇ ਗਏ ਸਨ। 1947 ਵਿਚ ਦੇਸ਼ ਵੰਡ ਨੇ ਸੁਤੰਤਰ ਸਾਹਿਬ ਅਤੇ ਸਮੁੱਚੇ ਕ੍ਰਾਂਤੀਕਾਰੀਆਂ ਨੂੰ ਗਹਿਰੇ ਸੰਕਟ ਵਿੱਚ ਧੱਕ ਦਿੱਤਾ ਦੇਸ ਦੀ ਆਜ਼ਾਦੀ ਲਈ ਲੜਦੇ ਸਮੇਂ ਬੁਣੇ ਸੁਪਨੇ ਟੁੱਟ ਚੁੱਕੇ ਸਨ। 1947 ਦੇ ਫਸਾਦਾਂ ਸਮੇਂ ਸੁਤੰਤਰ ਜੀ ਪਰਿਵਾਰ ਸਮੇਤ ਲਾਹੌਰ ਵਿਚ ਸਨ ਜਿੱਥੋਂ ਸੁਰੈਣ ਸਿੰਘ ਖੇਲਾ ਉਹਨਾਂ ਨੂੰ ਬੜੀ ਮੁਸ਼ਕਿਲ ਨਾਲ ਲੈ ਕੇ ਆਏ। ਕਿਰਤੀ ਕਿਸਾਨਾਂ ਦੇ ਹੱਕਾਂ ਲਈ ਲੜ ਰਹੀ ਕਿਰਤੀ ਪਾਰਟੀ ਦੇ ਆਗੂਆਂ ਦੇ ਆਪਸੀ ਮੱਤਭੇਦਾਂ ਕਾਰਨ ਸੁਤੰਤਰ ਸਾਹਿਬ ਨੇ 8 ਜਨਵਰੀ 1948 ਨੂੰ ਨਕੋਦਰ (ਜਲੰਧਰ ਜ਼ਿਲ੍ਹਾ) ਵਿਚ ਲਾਲ ਪਾਰਟੀ ਦੀ ਸਥਾਪਨਾ ਕੀਤੀ। ਲਾਲ ਪਾਰਟੀ ਪੂਰੇ ਭਾਰਤ ਵਿੱਚ ਇਨਕਲਾਬੀ ਜੁਝਾਰੂਆਂ ਨੂੰ ਲਾਮਬੰਦ ਕਰਨ ਲਈ ਬਣਾਈ ਗਈ ਸੀ। ਇਸ ਦੀ ਕੇਂਦਰੀ ਕਮੇਟੀ ਵਿਚ ਕਾਮਰੇਡ ਤੇਜਾ ਸਿੰਘ ਸੁਤੰਤਰ, ਡਾ. ਭਾਗ ਸਿੰਘ, ਬਾਬਾ ਬੂਝਾ ਸਿੰਘ, ਰਾਮ ਸਿੰਘ ਦੱਤ, ਗੁਰਚਰਨ ਸਿੰਘ ਸਹਿੰਸਰਾ, ਛੱਜੂ ਮੱਲ ਵੈਦ ਅਤੇ ਵਧਾਵਾ ਰਾਮ ਆਦਿ ਸ਼ਾਮਿਲ ਕੀਤੇ ਗਏ, ਸੂਬਾ ਕਮੇਟੀ ਵਿੱਚ ਕਾਮਰੇਡ ਚੈਨ ਸਿੰਘ ਚੈਨ, ਵਿਸ਼ਨੂੰ ਦੱਤ, ਗਿਆਨੀ ਸੰਤਾ ਸਿੰਘ, ਹਰਬੰਸ ਸਿੰਘ ਕਰਨਾਣਾ, ਕਾਮਰੇਡ ਧਰਮ ਸਿੰਘ ਫੱਕਰ, ਪਰਸ ਰਾਮ ਕਾਂਗੜਾ, ਕਾਮਰੇਡ ਚਾਨਣ ਸਿੰਘ ਤੁਗਲਵਾਲਾ ਅਤੇ ਲਾਲ ਸਿੰਘ ਕੰਵਰ ਸ਼ਾਮਿਲ ਸਨ। ਲਾਲ ਪਾਰਟੀ ਦੀ ਕੇਂਦਰੀ ਕਮਾਂਡ ਕਾਮਰੇਡ ਸੁਤੰਤਰ ਜੀ ਕੋਲ ਸੀ ਜਦ ਕਿ ਸੂਬਾ ਦੇ ਸਕੱਤਰ ਕਾਮਰੇਡ ਚੈਨ ਸਿੰਘ ਚੈਨ ਸਨ। ਕਿਰਤੀ ਪਾਰਟੀ ਦੇ ਬਹੁਤ ਸਾਰੇ ਵਰਕਰ ਅਤੇ ਆਗੂ ਲਾਲ ਪਾਰਟੀ ਵਿਚ ਸ਼ਾਮਿਲ ਹੋ ਜਾਣ ਕਾਰਨ ਲਾਲ ਪਾਰਟੀ ਕਿਰਤੀ ਪਾਰਟੀ ਦਾ ਦੂਜਾ ਨਾਮ ਹੀ ਬਣ ਗਈ ।

ਇਸ ਸਮੇਂ (15 ਜੁਲਾਈ 1948) ਨੂੰ ਭਾਰਤ ਦੇ ਗ੍ਰਹਿ ਮੰਤਰੀ ਵੱਲਭ ਭਾਈ ਪਟੇਲ ਨੇ ਪੰਜਾਬ ਦੀਆਂ ਅੱਠ ਰਿਆਸਤਾਂ ਦਾ ਗਠਨ ਕਰਕੇ ਪੈਪਸੂ ਬਣਾ ਦਿੱਤਾ। ਪਟਿਆਲਾ ਰਿਆਸਤ ਦੇ 3620 ਪਿੰਡਾਂ ਵਿਚੋਂ 784 ਪਿੰਡ ਅਜਿਹੇ ਸਨ ਜਿਹਨਾਂ ਦੀ ਜ਼ਮੀਨ ਦੀ ਮਾਲਕੀ ਰਿਆਸਤ ਦੇ ਅਯਾਸ਼ੀ ਰਾਜਿਆਂ ਦੇ ਹਰਮ ਵਿਚ ਪੇਸ਼ ਕੀਤੀਆਂ 12 ਤੋਂ 24-25 ਸਾਲ ਦੀਆਂ ਲੜਕੀਆਂ ਦੇ ਮਾਪਿਆਂ ਸਾਕ ਸੰਬੰਧੀਆਂ ਜਾਂ ਦਲਾਲਾਂ ਕੋਲ ਸੀ। ਇਹਨਾਂ ਵਿਚੋਂ ਕੁੱਝ ਕੁ ਬਿਸਵੇਦਾਰ ਮਹਾਰਾਜੇ ਦੇ ਰਿਸ਼ਤੇਦਾਰ, ਸਰੀਕ ਜਾਂ ਫੌਜੀ ਅਫ਼ਸਰ ਵੀ ਸਨ। ਇਹਨਾਂ ਬਿਸਵੇਦਾਰਾਂ ਵਲੋਂ ਗੈਰ ਜ਼ਮੀਨੀ ਮਾਲਕੀ ਵਾਲੇ ਕਿਸਾਨ ਮੁਜ਼ਾਰਿਆਂ ਉਪਰ ਕੀਤੀਆਂ ਜਾਂਦੀਆਂ ਵਧੀਕੀਆਂ ਖਿਲਾਫ਼ ਮੁਜ਼ਾਰਿਆਂ ਨੇ ਇਕੱਠੇ ਹੋ ਕੇ ਪਰਜਾ ਮੰਡਲ ਦੀ ਲਹਿਰ ਚਲਾਈ 1926 ਤੋਂ ਲੈ ਕੇ 1937 ਤੱਕ ਮੁਜ਼ਾਰਿਆਂ ਦੀ ਅਗਵਾਈ ਸੇਵਾ ਸਿੰਘ ਠੀਕਰੀਵਾਲਾ, ਭਗਵਾਨ ਸਿੰਘ ਲੌਂਗੋਵਾਲ, ਧਰਮ ਸਿੰਘ ਫੱਕਰ ਆਦਿ ਆਗੂ ਕਰਦੇ ਰਹੇ ਪਰ 1935 ਵਿੱਚ ਠੀਕਰੀਵਾਲਾ ਦੀ ਮੌਤ ਤੋਂ ਬਾਅਦ ਪਰਜਾ ਮੰਡਲ ਲਹਿਰ ਦੇ ਆਗੂ ਦੋ ਧੜਿਆਂ ਵਿਚ ਵੰਡੇ ਗਏ। ਕੈਂਬਲਪੁਰ ਜੇਲ੍ਹ ਵਿੱਚੋਂ ਰਿਹਾਅ ਹੋਣ ਉਪਰੰਤ ਸੁਤੰਤਰ ਸਾਹਿਬ ਕਾਮਰੇਡ ਧਰਮ ਸਿੰਘ ਫੱਕਰ ਤੋਂ ਮੁਜ਼ਾਰਾ ਸੰਘਰਸ਼ ਦੀ ਜਾਣਕਾਰੀ ਲੈ ਚੁੱਕੇ ਸਨ। ਮਾਲਵੇ ਖਿੱਤੇ ਦੇ ਜੁਝਾਰੂ ਮੁਜ਼ਾਰਿਆਂ ਨੇ 1949 ਵਿੱਚ ਮਾਨਸਾ ਜ਼ਿਲ੍ਹੇ ਦੇ ਪਿੰਡ ਤਾਮਕੋਟ ਵਿਚ ਮੁਜ਼ਾਰਾ ਕਨਵੈਨਸ਼ਨ ਸੱਦੀ ਜਿਸ ਵਿਚ ਸੁਤੰਤਰ ਸਾਹਿਬ ਨੇ ਅਗਵਾਈ ਕੀਤੀ ਅਤੇ 400 ਜਵਾਨਾਂ ਨੂੰ ਹਥਿਆਰਬੰਦ ਗੁਰੀਲਾ ਦਸਤੇ ਵਜੋਂ ਤਿਆਰ ਕਰਕੇ ਹਥਿਆਰ ਚਲਾਉਣ ਤੇ ਯੁੱਧ ਲੜਨ ਦੀ ਸਿਖਲਾਈ ਖੁਦ ਸੁਤੰਤਰ ਸਾਹਿਬ ਨੇ ਟਿੱਬਿਆਂ ਅਤੇ ਸੁੰਨੀਆਂ ਨਹਿਰੀ ਥਾਵਾਂ ਤੇ ਲਿਜਾ ਕੇ ਦਿੱਤੀ। ਇਹਨਾਂ ਨੇ ਜ਼ਿਆਦਾਤਰ ਹਥਿਆਰ ਪੁਲਿਸ, ਜਗੀਰਦਾਰਾਂ ਅਤੇ ਉਹਨਾਂ ਦੇ ਭਾੜੇ ਦੇ ਬੰਦਿਆਂ ਤੋਂ ਖੋਹੇ ਸਨ। ਜਲਦੀ ਹੀ, ਨਿਆਲ, ਦੁਗਾਲ, ਨਿਹਾਲਗੜ੍ਹ, ਖਤਰੀਵਾਲਾ, ਬਖ਼ਸ਼ੀਵਾਲਾ, ਢੰਡੋਲੀ, ਨਰੈਣਗੜ੍ਹ, ਕਾਹਨਗੜ੍ਹ, ਚੂਲੜ, ਬਖੋਰਾ, ਫਤਹਿਗੜ੍ਹ ਆਦਿ ਪਿੰਡ ਮੁਜ਼ਾਰਾ ਗਤੀਵਿਧੀਆਂ ਦੇ ਗੜ੍ਹ ਬਣ ਗਏ ਦਲੇਲ ਸਿੰਘ ਵਾਲਾ ਤੇ ਕਿਸ਼ਨਗੜ੍ਹ ਪਿੰਡ ਮੁਜ਼ਾਰਾ ਮੋਰਚੇ ਦੀ ਰਾਜਧਾਨੀ ਬਣ ਗਏ।

17 ਅਪ੍ਰੈਲ 1949 ਨੂੰ ਰਾਮ ਸਿੰਘ ਬਾਗੀ ਵੱਲੋਂ ਥਾਣੇਦਾਰ ਦਮਨ ਸਿੰਘ ਦੇ ਗੋਲੀ ਮਾਰ ਕੇ ਕੀਤੇ ਕਤਲ ਕਾਰਨ ਕ੍ਰਿਸ਼ਨਗੜ੍ਹ ਪਿੰਡ ਅਖਬਾਰਾਂ ਦੀਆਂ ਸੁਰਖੀਆਂ ਕਾਰਨ ਦੁਨੀਆਂ ਦੇ ਨਕਸ਼ੇ ਤੇ ਆ ਗਿਆ ਅਤੇ ਫੌਜ ਵੱਲੋਂ ਧਰਮ ਸਿੰਘ ਫੱਕਰ ਦੀ ਗ੍ਰਿਫਤਾਰੀ ਕਾਰਨ ਮੁਜ਼ਾਰਾ ਲਹਿਰ ਚਰਮ ਸੀਮਾ ਤੇ ਪੁੱਜ ਗਈ। 1956 ਵਿੱਚ ਪੈਪਸੂ ਨੂੰ ਤੋੜ ਕੇ ਪੰਜਾਬ ਵਿਚ ਮਿਲਾ ਲਿਆ ਗਿਆ ਤੇ ਮੁਜ਼ਾਰਾ ਲਹਿਰ ਜ਼ਮੀਨ ਦੀ ਮਾਲਕੀ ਦੇ ਹੱਕ ਪ੍ਰਾਪਤ ਕਰਨ ਨਾਲ ਜ਼ਮੀਨ ਦੀ ਨਿੱਜੀ ਮਾਲਕੀ ਤੱਕ ਸਿਮਟ ਕੇ ਰਹਿ ਗਈ। ਇਸ ਲਹਿਰ ਪੁਲਿਸ ਅਤੇ ਬਿਸਵੇਦਾਰਾਂ ਨਾਲ ਮੁਜ਼ਾਰਾ ਗਰੁੱਪਾਂ ਦੀਆਂ ਲੜਾਈਆਂ ਵਿਚ ਸ਼ਹਾਦਤਾਂ ਹੋਈਆਂ, ਪੁਲਿਸ ਤਸ਼ੱਦਦ ਅਤੇ ਔਰਤਾਂ ਬੱਚਿਆਂ ਨੂੰ ਵੀ ਜ਼ਬਰ ਦਾ ਸਾਹਮਣਾ ਕਰਨਾਂ ਪਿਆ। ਦੇਸ਼ ਦੀ ਆਜ਼ਾਦੀ ਲਈ ਵੱਡੀ ਘਾਲਣਾ ਘਾਲਣ ਵਾਲੇ ਕਾਮਰੇਡ ਸੁਤੰਤਰ ਨੂੰ ਆਜ਼ਾਦ ਭਾਰਤ ਵਿੱਚ ਵੀ 14 ਸਾਲ 9 ਮਹੀਨੇ ਰੂਹਪੋਸ਼ ਗੁੰਮਨਾਮ ਜ਼ਿੰਦਗੀ ਜਿਉਣੀ ਪਈ ਉਹ 1962 ਵਿਚ ਵਰੰਟ ਮਨਸੂਖ ਹੋਣ ਤੋਂ ਬਾਅਦ ਆਜ਼ਾਦ ਫ਼ ?ਜਾ ਵਿੱਚ ਘੁੰਮਣ ਲੱਗੇ। ਸਾਲ 1968 ਵਿਚ ਉਹਨਾਂ ਨੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਨਿਆਲ ਪਿੰਡ ਵੱਲੋਂ ਵੱਡਾ ਉਪਰਾਲਾ ਕਰਕੇ 166 ਕਨਾਲਾਂ ਜਮੀਨ ਦਿੱਤੀ ਜਿਸ ਉਪਰ ਕਿਰਤੀ ਸੋਸਾਇਟੀ ਦੀ ਸਥਾਪਨਾ ਕਰਕੇ ਕਿਰਤੀ ਕਾਲਜ ਨਿਆਲ ਦੀ ਇਮਾਰਤ ਬਣਾਈ ਗਈ। ਇਕ ਸਾਲ ਕਲਾਸਾਂ ਧਰਮਸ਼ਾਲਾ ਵਿਚ ਲਗਾਈਆਂ ਗਈਆਂ ਫਿਰ ਕਾਲਜ ਦੀ ਇਮਾਰਤ ਅਤੇ ਸੁਤੰਤਰਤਾ ਸੰਗਰਾਮ ਦੌਰਾਨ ਸ਼ਹੀਦ ਹੋਏ ਜੋਧਿਆਂ ਦੀਆਂ ਬੱਚੀਆਂ ਲਈ ਹੋਸਟਲ ਵੀ ਬਣਾਇਆ ਗਿਆ ਸੀ ਜਿਹੜਾ ਹੁਣ ਢਹਿ ਚੁੱਕਿਆ ਹੈ।

1974 ਵਿਚ ਪੰਜਾਬ ਸਰਕਾਰ ਨੇ ਇਸ ਕਾਲਜ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਅੱਜ ਕੱਲ੍ਹ ਸਰਕਾਰੀ ਕਿਰਤੀ ਕਾਲਜ ਇੱਕ ਸਿਰਮੌਰ ਸਹਿ-ਵਿੱਦਿਅਕ ਸੰਸਥਾ ਵਜੋਂ ਨਿਰੰਤਰ ਤੱਰਕੀ ਕਰ ਰਿਹਾ ਹੈ। 1971 ਵਿਚ ਕਾਮਰੇਡ ਸੁਤੰਤਰ ਸੰਗਰੂਰ ਲੋਕ ਸਭਾ ਹਲੇਕ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ। ਮੈਂਬਰ ਪਾਰਲੀਮੈਂਟ ਹੁੰਦੇ ਹੋਏ ਉਹਨਾਂ ਦੇ ਮੋਢੇ ਪਾਇਆ ਬੈਗ ਲੋਕਾਂ ਦੀਆਂ ਅਰਜੀਆਂ ਨਾਲ ਭਰਿਆ ਤੇ ਉਹ ਨਿਰੰਤਰ ਲੋਕ ਸੇਵਾ ਵਿਚ ਜੁਟੇ ਰਹੇ। 12 ਅਪ੍ਰੈਲ 1973 ਨੂੰ ਉਹ ਪਾਰਲੀਮੈਂਟ ਵਿਚ ਕਿਸਾਨੀ ਮੁੱਦਿਆਂ ਉਪਰ ਬੋਲਣ ਲਈ ਹਾਊਸ ਵਿਚ ਗਏ ਜਿਥੇ ਦਿਲ ਦਾ ਦੌਰਾ ਪੈਣ ਕਾਰਨ ਲੰਮੇ ਰਾਹਾਂ ਦੇ ਪਾਂਧੀ ਅਨੰਤ ਸਫ਼ਰ ਉਪਰ ਚਲੇ ਗਏ। ਉਹਨਾਂ ਦੇ ਅਕਾਲ ਚਲਾਣੇ ਉਪਰ ਪੂਰੇ ਪੰਜਾਬ ਵਿਚ ਸੋਗ ਦੀ ਲਹਿਰ ਦੌੜ ਗਈ ਅਤੇ ਅਗਲੇ ਦਿਨ ਉਹਨਾਂ ਦੇ ਅੱਧ ਢਹੇ ਘਰ ਦੇ ਵਿਹੜੇ ਵਿਚ ਜੱਦੀ ਪਿੰਡ ਅਲੂਣੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਅੱਜ ਵੀ ਉਹਨਾਂ ਦੇ ਅੰਗੀਠੇ ਉਪਰ ਯਾਦਗਾਰ ਬਣੀ ਹੋਈ ਹੈ। ਸਾਨੂੰ ਸੁਤੰਤਰ ਸਾਹਿਬ ਦਾ ਇਹ ਸੰਘਰਸ਼ ਭਰਿਆ ਜੀਵਨ ਸਦਾ ਹੀ ਪ੍ਰੇਰਨਾ ਦਿੰਦਾ ਰਹੇਗਾ ਅਤੇ ਉਹ ਉਹਨਾਂ ਦੇ ਛੋਟੇ ਭਰਾ ਮੇਦਨ ਸਿੰਘ ਮੇਦਨ ਦੀ ਦੇਸ਼ ਕੌਮ ਲਈ ਕੀਤੀ ਕੁਰਬਾਨੀ ਸਦਾ ਹੀ ਯਾਦ ਰਹੇਗੀ।

**ਸਦਾ ਸੱਚ ਦੀ ਲੜਾਈ**
**ਸਦਾ ਹੱਕ ਦੀ ਲੜਾਈ**
**ਜਿੰਦ ਵਾਰ ਕੇ ਨਿਭਾਈ ਵੱਡੇ ਜੇਰਿਆਂ ਦੇ ਨਾਲ**
**ਅਸਾਂ ਸਦਾ ਹੀ ਨਿਭਾਈ ਹੈ ਸਵੇਰਿਆਂ ਦੇ ਨਾਲ**
**ਸਾਡੀ ਸ਼ੁਰੂ ਤੋਂ ਲੜਾਈ ਹੈ ਹਨੇਰਿਆਂ ਦੇ ਨਾਲ।**

(ਪ੍ਰੋ. ਅਨੂਪ ਵਿਰਕ)
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,**
**ਸਰਕਾਰੀ ਕਿਰਤੀ ਕਾਲਜ ਨਿਆਲ, ਪਾਤੜਾਂ**

# ਅੰਮ੍ਰਿਤਪਾਲ ਸਿੰਘ ਦਾ ਆਤਮ ਸਮਰਪਣ/ਗ੍ਰਿਫ਼ਤਾਰੀ, ਪਤਨੀ ਨੂੰ ਵਿਦੇਸ਼ ਜਾਣ ਤੋਂ ਰੋਕਣ ਦਾ ਮਾਮਲਾ ਤੇ ਸਰਕਾਰ ਦਾ ਕਿਰਦਾਰ

ਨਵਕਿਰਨ ਸਿੰਘ ਪੱਤੀ



ਪਿਛਲੇ ਕੁੱਝ ਮਹੀਨਿਆਂ ਤੋਂ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਮਾਮਲੇ ਕਿਸੇ ਨਾ ਕਿਸੇ ਰੂਪ ਵਿੱਚ ਚਰਚਾ ਦਾ ਵਿਸ਼ਾ ਬਣਦੇ ਆ ਰਹੇ ਹਨ ਸੂਬਾ ਸਰਕਾਰ ਅਤੇ ਮੀਡੀਆ ਦੇ ਵੱਡੇ ਹਿੱਸੇ ਨੇ ਆਪਣੇ ਹਿੱਤਾਂ ਲਈ ਅੰਮ੍ਰਿਤਪਾਲ ਸਿੰਘ ਮਸਲੇ ਨੂੰ ਵਧਾ ਚੜ੍ਹਾ ਕੇ ਸਨਸਨੀਖੇਜ਼ ਢੰਗ ਨਾਲ ਪੇਸ਼ ਕੀਤਾ ਹੈ। ਸਰਕਾਰ ਦਾ ਮੰਤਵ ਜੇਕਰ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਹੀ ਹੁੰਦਾ ਤਾਂ ਉਹ ਜਨਤਕ ਰੂਪ ਵਿੱਚ ਵਿਚਰ ਰਿਹਾ ਸੀ ਉਸਨੂੰ ਅਦਾਲਤ ਜਾਂ ਪੁਲਿਸ ਸਟੇਸ਼ਨ ਬੁਲਾਇਆ ਜਾ ਸਕਦਾ ਸੀ, 17 ਮਾਰਚ ਦੀ ਰਾਤ ਉਹ ਆਪਣੇ ਘਰ 'ਚ ਹੀ ਸੀ ਉਸਨੂੰ ਦੇਰ-ਸਵੇਰ ਘਰੋਂ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਪਰ ਕੇਂਦਰ ਸਰਕਾਰ ਨਾਲ ਸਾਂਝ ਭਿਆਲੀ ਤਹਿਤ ਇਸ ਤਰ੍ਹਾਂ ਨਹੀਂ ਕੀਤਾ ਬਲਕਿ 18 ਮਾਰਚ ਨੂੰ ਸੂਬਾ ਸਰਕਾਰ ਵੱਲੋਂ ਇੰਟਰਨੈੱਟ ਬੰਦ ਕਰਦਿਆਂ, ਕੁੱਝ ਜਿਲ੍ਹਿਆਂ ਵਿੱਚ ਧਾਰਾ 144 ਲਗਾ ਕੇ ਅਤੇ ਪੰਜਾਬ ਦੇ ਚੌਂਕਾ-ਚੁਰਾਹਿਆਂ ਵਿੱਚ ਪੈਰਾ ਮਿਲਟਰੀ ਫੋਰਸਾਂ ਤਾਇਨਾਤ ਕਰਕੇ ਇਸ ਆਮ ਵਰਤਾਰੇ ਨੂੰ ਬੜੇ ਹੀ ਸਨਸਨੀਖੇਜ਼ ਢੰਗ ਨਾਲ ਪੇਸ਼ ਕੀਤਾ। ਲੋਕਾਂ ਵਿੱਚ ਬੇਲੋੜਾ ਡਰ ਤੇ ਦਹਿਸ਼ਤ ਪੈਦਾ ਕੀਤੀ।

ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ 18 ਮਾਰਚ ਨੂੰ ਅੰਮ੍ਰਿਤਪਾਲ ਸਿੰਘ ਨੂੰ ਫੜ੍ਹਣ ਲਈ ਕੀਤੀ ਗਈ ਸਮੁੱਚੀ ਪੁਲਿਸ ਕਾਰਵਾਈ ਵੀ ਸਵਾਲਾਂ ਦੇ ਘੇਰੇ ਵਿੱਚ ਸੀ ਤੇ ਹੁਣ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਵੀ ਸਵਾਲਾਂ ਦੇ ਘੇਰੇ ਵਿੱਚ ਹੈ ਪੰਜਾਬ ਪੁਲਿਸ ਦੇ ਆਈਜੀ ਸੁਖਚੈਨ ਸਿੰਘ ਗਿੱਲ ਨੇ ਦਾਅਵਾ ਕੀਤਾ ਕਿ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਅਫਸਰ ਦਾ ਦਾਅਵਾ ਤੱਥਾਂ ਨਾਲ ਮੇਲ ਨਹੀਂ ਖਾ ਰਿਹਾ ਹੈ। ਪੁਲਿਸ ਦੇ ਦਾਅਵੇ ਤੋਂ ਐਨ ਪਹਿਲਾਂ ਆਈ ਇੱਕ ਵੀਡੀਓ ਵਿੱਚ ਅਮ੍ਰਿਤਪਾਲ ਸਿੰਘ ਪਿੰਡ ਸੰਤ ਜਰਨੈਲ ਸਿੰਘ ਭਿੰਡਰਵਾਲਿਆਂ ਦੇ ਪਿੰਡ ਰੋਡੇ ਵਿਖੇ ਕਹਿ ਰਿਹਾ ਹੈ ਕਿ 'ਪਿਛਲੇ ਇੱਕ ਮਹੀਨੇ ਦੌਰਾਨ ਵਾਪਰੇ ਘਟਨਾਕ੍ਰਮ ਦਾ ਜਿਕਰ ਕਰਦਿਆਂ ਦਾਅਵਾ ਕਰਦਾ ਹੈ ਕਿ 'ਜੇ ਇੱਕਲੀ ਗ੍ਰਿਫ਼ਤਾਰੀ ਦੀ ਗੱਲ ਹੁੰਦੀ ਤਾਂ ਸ਼ਾਇਦ ਗ੍ਰਿਫ਼ਤਾਰੀ ਦੇ ਬਹੁਤ ਤਰੀਕੇ ਸੀ, ਜਿਨ੍ਹਾਂ ਨਾਲ ਮੈਂ ਸਹਿਯੋਗ ਵੀ ਕਰਦਾ। ਅੰਮ੍ਰਿਤਪਾਲ ਸਿੰਘ ਦਾਅਵਾ ਕਰਦਾ ਹੈ ਕਿ 'ਅੱਜ ਉਸੇ ਅਸਥਾਨ ਉੱਤੇ ਅਸੀਂ ਆਪ ਗ੍ਰਿਫ਼ਤਾਰੀ ਦੇਣ ਦਾ ਫੈਸਲਾ ਕੀਤਾ ਹੈ'। ਅੰਮ੍ਰਿਤਪਾਲ ਸਿੰਘ ਦੇ ਆਤਮ ਸਮਰਪਣ ਕਰਨ ਦੇ ਦਾਅਵੇ 'ਤੇ ਸਾਬਕਾ ਜਥੇਦਾਰ ਜਸਵੀਰ ਸਿੰਘ ਰੋਡੇ ਵੀ ਸਹੀ ਪਾ ਰਹੇ ਹਨ ਜਸਵੀਰ ਸਿੰਘ ਰੋਡੇ ਨੇ ਦਾਅਵਾ ਕੀਤਾ ਹੈ ਕਿ ਸ਼ਨੀਵਾਰ ਰਾਤ ਨੂੰ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਅਮ੍ਰਿਤਪਾਲ ਸਿੰਘ ਪਿੰਡ ਰੋਡੇ ਤੋਂ ਗ੍ਰਿਫ਼ਤਾਰੀ ਦੇਣੀ ਚਾਹੁੰਦਾ ਹੈ ਇਸ ਲਈ ਉਹ ਰੋਡੇ ਪਿੰਡ ਪਹੁੰਚੇ ਅਤੇ ਉਨ੍ਹਾਂ ਅਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਵੀ ਕੀਤੀ। ਇਹ ਵੀ ਤੱਥ ਹੈ ਕਿ ਜਸਵੀਰ ਸਿੰਘ ਰੋਡੇ ਕੁੱਝ ਦਿਨ ਪਹਿਲਾਂ ਅਮ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਵੀ ਉਨ੍ਹਾਂ ਦੇ ਪਿੰਡ ਜੱਲੂਪੁਰ ਖੇੜਾ ਮਿਲਕੇ ਆਏ ਸਨ। ਸਵਾਲ ਜਸਵੀਰ ਸਿੰਘ ਰੋਡੇ 'ਤੇ ਵੀ ਉੱਠਦਾ ਹੈ ਕਿ ਪੁਲਿਸ ਨੇ ਉਸਨੂੰ ਹੀ ਕਿਉਂ ਦੱਸਿਆ? ਜਸਵੀਰ ਸਿੰਘ ਰੋਡੇ ਵੀ ਇਹ ਸਭ ਦੱਸਣ ਵਾਲੇ ਪੁਲਿਸ ਅਫਸਰ ਦਾ ਨਾਮ ਨਸ਼ਰ ਨਹੀਂ ਕਰ ਰਹੇ ਹਨ ਇਸ ਮਸਲੇ ਤੋਂ ਲੱਗਦਾ ਹੈ ਕਿ ਇਹ ਸਭ ਤਹਿਸ਼ੁਦਾ ਸੀ ਜਿਸ ਵਿੱਚ ਜਸਵੀਰ ਸਿੰਘ ਰੋਡੇ ਵੀ ਸ਼ਾਮਲ ਹੋਵੇਗਾ।

ਇਸ ਮਸਲੇ ਵਿੱਚ ਤਿੰਨ ਧਿਰਾਂ ਹਨ; ਅੰਮ੍ਰਿਤਪਾਲ ਸਿੰਘ, ਜਸਵੀਰ ਸਿੰਘ ਰੋਡੇ ਅਤੇ ਸੂਬਾ ਸਰਕਾਰ। ਤਿੰਨਾਂ ਦੇ ਬਿਆਨਾਂ ਤੋਂ ਪੂਰਾ ਮਸਲਾ ਸਮਝਿਆ ਜਾ ਸਕਦਾ ਹੈ ਅੰਮ੍ਰਿਤਪਾਲ ਸਿੰਘ ਆਤਮ ਸਮਰਪਣ ਕਰਨ ਲਈ ਪਿੰਡ ਰੋਡੇ ਦੇ ਗੁਰਦਵਾਰਾ ਸਾਹਿਬ ਪਹੁੰਚਦਾ ਹੈ। ਜਸਵੀਰ ਸਿੰਘ ਰੋਡੇ ਜਿਨ੍ਹਾਂ ਨੂੰ ਇੱਕ ਦਿਨ ਪਹਿਲਾਂ ਹੀ ਪਤਾ ਹੁੰਦਾ ਹੈ ਉਹ ਵੀ ਪਹੁੰਚਦੇ ਹਨ ਭਗਵੰਤ ਮਾਨ ਵੀ ਇਹੋ ਕਹਿ ਰਹੇ ਹਨ ਕਿ 'ਮੈਂ ਕੱਲ੍ਹ ਪੂਰੀ ਰਾਤ ਨਹੀਂ ਸੌਂ ਸਕਿਆ, ਮੇਰੇ ਕੋਲ ਰਾਤ ਹੀ ਖਬਰ ਆ ਗਈ ਸੀ। ਮੈਂ ਹਰ 15 ਮਿੰਟ ਬਾਅਦ ਪੁੱਛਦਾ ਰਿਹਾ, ਖਬਰ ਲੈਂਦਾ ਰਿਹਾ ਕਿਉਂਕਿ ਮੈਂ ਨਹੀਂ ਚਾਹੁੰਦਾ ਸੀ ਕਿ ਪੰਜਾਬ ਦਾ ਕਾਨੂੰਨ ਪ੍ਰਬੰਧ ਜਾਂ ਮਾਹੌਲ ਖਰਾਬ ਹੋਵੇ'। ਇਸਤੋਂ ਸਾਫ ਜ਼ਾਹਿਰ ਹੈ ਕਿ ਇਹ ਸਾਰੀ ਸਕਰਿਪਟ ਤਹਿਸ਼ੁਦਾ ਸੀ ਜਿਸ 'ਤੇ ਕਾਰਵਾਈ ਸ਼ਨੀਵਾਰ ਦੀ ਰਾਤ ਨੂੰ ਹੀ ਸ਼ੁਰੂ ਹੋ ਗਈ ਸੀ।

ਅੰਮ੍ਰਿਤਪਾਲ ਸਿੰਘ ਤੇ ਪਪਲਪ੍ਰੀਤ ਸਿੰਘ ਜਿਨ੍ਹਾਂ ਘਰਾਂ ਵਿੱਚ ਰੁਕੇ ਜਾਂ ਸੰਪਰਕ ਕੀਤੇ ਪੁਲਿਸ ਨੇ ਉਹਨਾਂ ਲੋਕਾਂ ਦੇ ਪੁਲਿਸ ਰਿਮਾਂਡ ਲੈ ਕੇ ਪੁੱਛ-ਗਿੱਛ ਕੀਤੀ ਪਰ ਇਹਨਾਂ ਦੋਵਾਂ ਨਾਲ ਅਜਿਹਾ ਨਹੀਂ ਹੋਇਆ। ਜਿਸ ਵਿਅਕਤੀ ਨੂੰ ਫੜ੍ਹਣ ਲਈ ਪਬਲਿਕ ਸਥਾਨਾਂ ਦੀਆਂ ਕੰਧਾਂ ਪੋਸਟਰਾਂ ਨਾਲ ਭਰ ਦਿੱਤੀਆਂ ਹੋਣ ਤੇ ਨੇਪਾਲ ਤੱਕ ਨਾਕੇਬੰਦੀ ਕੀਤੀ ਹੋਵੇ ਜਦ ਪੁਲਿਸ ਉਸਨੂੰ 'ਗ੍ਰਿਫਤਾਰ' ਕਰੇ ਤਾਂ ਸਿੱਧਾ ਜੇਲ੍ਹ ਭੇਜ ਦੇਵੇ ਇਸ ਤਰ੍ਹਾਂ ਆਮ ਤੌਰ 'ਤੇ ਨਹੀਂ ਹੁੰਦਾ ਹੈ। ਇਸ ਲਈ ਸਰਕਾਰ ਦਾ ਕਿਰਦਾਰ ਪੂਰੀ ਤਰ੍ਹਾਂ ਸ਼ੱਕੀ ਜਾਪਦਾ ਹੈ।

ਹਕੀਕਤ ਇਹ ਹੈ ਕਿ ਭਗਵੰਤ ਮਾਨ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਮਾਮਲੇ ਨੂੰ ਹੱਦੋਂ ਵੱਧ ਉਭਾਰ ਕੇ ਪਹਿਲਾਂ ਵੀ ਆਪਣੀਆਂ ਨਾਕਾਮੀਆਂ ਛੁਪਾਉਣ ਦਾ ਯਤਨ ਕੀਤਾ ਹੈ ਤੇ ਹੁਣ ਵੀ ਇਹੋ ਕਰ ਰਹੀ ਹੈ ਪੰਜਾਬੀਆਂ ਨੂੰ 'ਬਦਲਾਅ' ਤਹਿਤ ਇੱਕ ਚੰਗਾਂ ਸ਼ਾਸ਼ਨ ਦੇਣ ਦਾ ਦਾਅਵਾ ਕਰਕੇ ਸੱਤਾ ਵਿੱਚ ਆਈ ਇਸ ਸਰਕਾਰ ਨੇ ਇੱਕ ਸਾਲ ਵਿੱਚ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵਾਂਗ ਹੀ ਸਰਕਾਰ ਚਲਾਈ ਤੇ ਸਾਲ ਵਿੱਚ ਕੀਤਾ ਕਰਾਇਆ ਕੁੱਝ ਖਾਸ ਨਹੀਂ, ਇਸ ਸਭ ਨੂੰ ਲੁਕੋਣ ਲਈ ਅੰਮ੍ਰਿਤਪਾਲ ਸਿੰਘ ਵਰਤਾਰਾ ਉਭਾਰਿਆ ਗਿਆ ਬਠਿੰਡਾ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਦ ਅਤੇ ਕਿੱਥੋਂ ਹੋਈ? ਸਿੱਧੂ ਮੂਸੇਵਾਲਾ ਦੇ ਅਸਲੀ ਕਾਤਲ ਅਜੇ ਤੱਕ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਕਿਉਂ ਹਨ? ਭਗਵੰਤ ਮਾਨ ਨੇ ਕਿਹਾ ਸੀ ਕਿ ਗੋਲਡੀ ਬਰਾੜ ਨੂੰ ਵਿਦੇਸ਼ ਵਿੱਚ ਨਜ਼ਰਬੰਦ ਕਰ ਲਿਆ ਹੈ ਤਾਂ ਉਸ ਦਾ ਕੀ ਬਣਿਆ? ਸੂਬਾ ਸਰਕਾਰ ਨੇ ਇੱਕ ਸਾਲ ਵਿੱਚ ਕੀ ਬਦਲਾਅ ਲਿਆਂਦਾ? ਔਰਤਾਂ ਦੇ ਖਾਤਿਆਂ ਵਿੱਚ ਇੱਕ-ਇੱਕ ਹਜ਼ਾਰ ਰੁਪਿਆ ਕਿਉਂ ਨਹੀਂ ਆਇਆ? ਜਿਹੇ ਸਵਾਲਾਂ ਤੋਂ ਲੋਕਾਂ ਦਾ ਧਿਆਨ ਭੜਕਾਉਣ ਲਈ ਭਗਵੰਤ ਮਾਨ ਸਰਕਾਰ ਨੇ ਇਸ ਛੋਟੇ ਜਿਹੇ ਮਾਮਲੇ ਨੂੰ ਉਭਾਰ ਕੇ ਬੇਲੋੜਾ ਵਿਰਤਾਂਤ ਸਿਰਜਿਆ ਹੈ ਕੁੱਝ ਹੱਦ ਤੱਕ ਇਹ ਵੀ ਸੱਚ ਹੈ ਕਿ ਸਰਕਾਰ ਨੇ 19 ਮਾਰਚ ਨੂੰ ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ 'ਤੇ ਹੋਣ ਵਾਲਾ ਇਕੱਠ ਸੀਮਤ ਕਰਨ ਲਈ ਇੰਟਰਨੈੱਟ ਬੰਦ ਕਰਕੇ ਹਊਆ ਖੜ੍ਹਾ ਕੀਤਾ ਸੀ। ਹੁਣ ਜਦ ਜਲੰਧਰ ਚੋਣ ਹੋਣ ਜਾ ਰਹੀ ਹੈ ਤਾਂ ਉਸ ਚੋਣ ਵਿੱਚ ਰਾਸ਼ਟਰਵਾਦੀ ਹੋਣ ਦਾ ਸੁਨੇਹਾ ਦੇਣ ਲਈ ਅਮਮ੍ਰਿਤਪਾਲ ਸਿੰਘ ਨੂੰ ਫੜਿਆ ਗਿਆ ਹੈ।

ਕੁੱਝ ਲੋਕ ਅੰਮ੍ਰਿਤਪਾਲ ਸਿੰਘ ਦੇ ਆਤਮ ਸਮਰਪਣ ਨੂੰ ਉਸਦੀ ਪਤਨੀ ਨੂੰ ਇੰਗਲੈਂਡ ਜਾਣ ਤੋਂ ਰੋਕਣ ਨਾਲ ਜੋੜ ਕੇ ਵੀ ਵੇਖ ਰਹੇ ਹਨ। ਪਰ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਇਮੀਗਰੇਸ਼ਨ ਅਧਿਕਾਰੀਆਂ ਅਤੇ ਪੰਜਾਬ ਪੁਲੀਸ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਸਾਹਿਬ ਵਿਖੇ ਰੋਕਣਾ ਸਰਕਾਰ ਦੀ ਸਿਰੇ ਦੀ ਗੈਰ-ਜਮਹੂਰੀ ਕਾਰਵਾਈ ਹੈ।

ਕਿਰਨਦੀਪ ਕੌਰ ਖਿਲਾਫ ਦੇਸ਼ ਵਿੱਚ ਕਿੱਧਰੇ ਵੀ ਕੋਈ ਕੇਸ ਦਰਜ਼ ਨਹੀਂ ਹੈ ਤੇ ਨਾਂਹੀ ਉਸ ਖਿਲਾਫ ਕੋਈ ਜਾਂਚ ਚੱਲ ਰਹੀ ਹੈ ਤਾਂ ਅਜਿਹੇ ਵਿੱਚ ਹਵਾਈ ਅੱਡੇ 'ਤੇ ਤਿੰਨ-ਚਾਰ ਘੰਟੇ ਪੁੱਛਗਿੱਛ ਉਪਰੰਤ ਇੰਗਲੈਂਡ ਨੂੰ ਜਾ ਰਹੀ ਏਅਰ ਇੰਡੀਆ ਦੀ ਉਡਾਣ ਲੰਘਾ ਦੇਣਾ ਸਰਕਾਰ ਦੀ ਇੱਕਪਾਸੜ ਕਾਰਵਾਈ ਕਹੀ ਜਾ ਸਕਦੀ ਹੈ।

ਦਰਾਸਲ ਬਰਤਾਨਵੀ ਨਾਗਰਿਕ ਕਿਰਨਦੀਪ ਕੌਰ ਦਾ ਇਸੇ ਸਾਲ ਫਰਵਰੀ ਮਹੀਨੇ ਅੰਮ੍ਰਿਤਪਾਲ ਸਿੰਘ ਨਾਲ ਵਿਆਹ ਹੋਇਆ ਸੀ ਤੇ ਵਿਆਹ ਉਪਰੰਤ ਉਹ ਪਤੀ ਦੇ ਪਿੰਡ ਜਲੂਪੁਰ ਖੇੜਾ ਵਿਖੇ ਰਹਿ ਰਹੀ ਹੈ। ਕਿਸੇ ਰੂਪੋਸ਼ ਵਿਅਕਤੀ ਦੀ ਪਤਨੀ ਖਿਲਾਫ ਸਿਰਫ ਉਸਦੇ ਪਤੀ ਕਾਰਨ ਕਾਰਵਾਈ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।

ਵੈਸੇ ਪੰਜਾਬ ਵਿੱਚ ਸਰਕਾਰ/ਪੁਲਿਸ ਵੱਲੋਂ ਇਸ ਤਰ੍ਹਾਂ ਦੀਆਂ ਗੈਰ-ਜਮਹੂਰੀ ਕਾਰਵਾਈਆਂ ਪਿਛਲੇ ਕਈ ਦਹਾਕਿਆਂ ਤੋਂ ਕੀਤੀਆਂ ਜਾ ਰਹੀਆਂ ਹਨ। ਨਕਸਲਵਾੜੀ ਲਹਿਰ ਸਮੇਂ ਪੁਲਿਸ ਨੇ ਲਹਿਰ ਦੇ ਰੂਪੋਸ਼ ਆਗੂਆਂ ਦੇ ਪਰਿਵਾਰਾਂ/ਪਤਨੀਆਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਸੀ। ਪੰਜਾਬ ਦੇ ਚੋਟੀ ਦੇ ਨਕਸਲੀ ਆਗੂ ਸ਼ਮਸ਼ੇਰ ਸਿੰਘ ਸ਼ੇਰੀ ਦੀ ਪਤਨੀ ਨੂੰ ਪੁਲਿਸ ਨੇ ਥਾਣਿਆਂ/ਜੇਲ੍ਹਾਂ ਵਿੱਚ ਰੱਖ ਕੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਸੀ। ਖਾਲਿਸਤਾਨੀ ਲਹਿਰ ਸਮੇਂ ਵੀ ਪੁਲਿਸ ਨੇ ਅਨੇਕਾਂ ਖਾਲਿਸਤਾਨੀਆਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਸੀ ਉਸ ਸਮੇਂ ਵੀ ਬਹੁਤ ਸਾਰੀਆਂ ਜਮਹੂਰੀ ਧਿਰਾਂ ਨੇ ਅਜਿਹੀਆਂ ਕਾਰਵਾਈਆਂ ਦੀ ਨਿਖੇਧੀ ਕੀਤੀ ਸੀ ਤੇ ਅੱਜ ਵੀ ਕਰਨੀ ਬਣਦੀ ਹੈ।

ਅੰਮ੍ਰਿਤਪਾਲ ਸਿੰਘ ਜਾਂ ਉਸਦੀ ਵਿਚਾਰਧਾਰਾ ਨਾਲ ਕਿਸੇ ਦੇ ਮੱਤਭੇਦ ਹੋ ਸਕਦੇ ਹਨ ਪਰ ਜਿਸ ਤਰ੍ਹਾਂ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਨਾਲ ਸਰਕਾਰ ਨੇ ਵਿਵਹਾਰ ਕੀਤਾ ਉਹ ਬਿਲਕੁੱਲ ਗਲਤ ਹੈ ਕਿਸੇ 'ਤੇ ਵੀ ਨੈਸ਼ਨਲ ਸਕਿਉਰਿਟੀ ਐਕਟ (ਐਨਐਸਏ) ਵਰਗਾ ਕਾਲਾ ਕਾਨੂੰਨ ਲਾਉਣਾ, ਆਪਣੇ ਸੂਬੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਕਰਨਾ, ਅੰਮ੍ਰਿਤਪਾਲ ਸਿੰਘ ਦੀ ਜੇਲ੍ਹ ਵਿੱਚੋਂ ਤਸਵੀਰ ਨਸ਼ਰ ਕਰਨਾ ਸਰਕਾਰ ਦੀ ਲੋਕ ਵਿਰੋਧੀ ਕਾਰਵਾਈ ਹੈ।

ਅੰਮ੍ਰਿਤਪਾਲ ਸਿੰਘ ਮਾਮਲੇ ਨੂੰ ਉਭਾਰ ਕੇ ਭਾਜਪਾ ਨੇ ਵੀ ਆਪਣੇ ਢੰਗ ਨਾਲ ਚੋਣਾਂ ਵਿੱਚ ਲਾਹਾ ਲੈਣ ਦਾ ਯਤਨ ਕੀਤਾ ਹੈ ਕੌਮੀ ਮੀਡੀਆ ਦੇ ਇੱਕ ਹਿੱਸੇ ਨੇ ਇਸ ਮਸਲੇ ਨਾਲ ਜੋੜ੍ਹ ਕੇ ਸਿੱਖ ਭਾਈਚਾਰੇ ਖਿਲਾਫ ਵਿਰਤਾਂਤ ਸਿਰਜਣ ਦਾ ਯਤਨ ਕੀਤਾ ਹੈ। ਇੱਕ ਪਾਸੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੋ ਦਿਨ ਪਹਿਲਾਂ ਕਿਹਾ ਕਿ ਹੈ ਕਿ ਪੰਜਾਬ ਵਿੱਚ ਖਾਲਿਸਤਾਨ ਕੋਈ ਵੱਡਾ ਮਸਲਾ ਨਹੀਂ ਹੈ ਜਦਕਿ ਦੂਜੇ ਪਾਸੇ ਮਾਰਚ ਮਹੀਨੇ ਪਿਛਲੇ ਪੰਦਰਵਾੜੇ ਇਨ੍ਹਾਂ ਦੇ ਮੀਡੀਆ ਨੇ ਇਸ ਤਰ੍ਹਾਂ ਪੇਸ਼ਕਾਰੀ ਕੀਤੀ ਜਿਵੇਂ ਪੰਜਾਬ ਵਿੱਚ ਤਾਂ ਕੁੱਝ 'ਵੱਖਰਾ' ਹੋਣ ਜਾ ਰਿਹਾ ਸੀ, ਐਨ ਮੌਕੇ 'ਤੇ ਕੇਂਦਰ ਤੇ ਸੂਬਾ ਸਰਕਾਰ ਨੇ ਸਾਂਝੇ ਆਪ੍ਰੇਸ਼ਨ ਰਾਹੀਂ ਰੋਕ ਲਿਆ।

ਸੁਹਿਰਦ ਲੋਕਾਂ/ਮੀਡੀਆ ਦੀ ਜਿੰਮੇਬਾਰੀ ਬਣਦੀ ਹੈ ਕਿ ਸਰਕਾਰ ਵੱਲੋਂ ਸਿਰਜੇ ਜਾ ਰਹੇ ਵਿਰਤਾਂਤ ਤੋਂ ਹੱਟਕੇ ਚੁੱਟਕੀਆਂ ਮਾਰ ਕੇ ਪੰਜਾਂ ਮਿੰਟਾਂ ਵਿੱਚ ਸਾਰੀਆਂ ਫਸਲਾਂ 'ਤੇ ਐਮਐਸਪੀ ਦੇਣ ਵਾਲਿਆਂ ਨੂੰ ਇੱਕ ਰੁਪਏ ਪ੍ਰਤੀ ਕਿਲੋ ਵਿੱਕ ਰਹੀ ਸ਼ਿਮਲਾ ਮਿਰਚ ਜਿਹੇ ਸਵਾਲਾਂ ਦੇ ਰੂ-ਬਰੂ ਕਰਵਾਈਏ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

**TEAM OF OVER 450 REALTORS**

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





## ਇਕ ਪੜ੍ਹਤ ਪੰਜਾਬ ਦੀ

# ਅਨਹੋਣੀਆਂ ਦੀ ਧਰਤੀ ਪੰਜਾਬ ਦੀ ਦਾਸਤਾਨ ਦੇ ਰੂ-ਬ-ਰੂ



ਡਾ. ਕੁਲਦੀਪ ਸਿੰਘ
98151-15429

*'ਸਰੋਕਾਰਾਂ ਦੀ ਆਵਾਜ਼' ਪੰਜਾਬ ਨੂੰ ਇਕ ਅਜਿਹੀ ਸੋਝੀ ਅਤੇ ਸਮਝ ਦੇਣਾ ਚਾਹੁੰਦਾ ਹੈ ਤਾਂ ਕਿ ਇਸ ਦੀ ਹਰੇਕ ਸਭਿਆਚਾਰ, ਸਮਾਜਿਕ, ਰਾਜਨੀਤਕ, ਭਾਸ਼ਾਈ ਅਤੇ ਇਸ ਦੀ ਉਸਾਰੀ ਲਈ ਕੋਈ ਚਾਰ ਕਦਮ ਅਗਾਂਹ ਵੀ ਵਧਿਆ ਜਾਵੇ। ਇਸ ਪੰਨੇ 'ਤੇ ਆਉਣ ਵਾਲੇ ਹਰੇਕ ਵਿਚਾਰ ਨੂੰ ਜੀ ਆਇਆਂ ਕਹਾਂਗੇ ਤਾਂ ਕਿ ਪੰਜਾਬ ਦੇ ਵਾਰਸ ਜੋ ਦੁਨੀਆ ਦੇ ਕੋਨਿਆਂ 'ਤੇ ਬੈਠੇ ਹਨ ਉਹ ਇਸ ਵਿਚ ਆਪਣਾ ਯੋਗਦਾਨ ਪਾ ਸਕਨ। – ਸੰਪਾਦਕ*

ਜਿਸ ਕਿਸਮ ਦਾ ਪੰਜਾਬ ਇਸ ਖਿੱਤੇ ਵਿਚ ਇਸ ਦੀ ਵਿਰਾਸਤ ਨੇ ਚਿਤਵਿਆ ਸੀ ਕਿ ਦੁਨੀਆ ਭਰ ਦੇ ਵੱਖ-ਵੱਖ ਖਿੱਤਿਆਂ ਵਿਚੋਂ ਇਹ ਖਿੱਤਾ ਵਿਲੱਖਣ ਹੋਵੇਗਾ ਕਿਉਂਕਿ ਇਸ ਖਿੱਤੇ ਦੀ ਖ਼ੂਬਸੂਰਤੀ ਇਹ ਸੀ ਕਿ ਇਸ ਵਿਚ ਇਸ ਕਿਸਮ ਦੀ ਸੰਰਚਨਾ ਗੁਰੂ ਸਾਹਿਬਾਨ ਵਲੋਂ ਹੋਈ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸੰਕਲਪ ਮਾਨਵਤਾ ਲਈ ਨਵੇਂ ਕਿਸਮ ਨਾਲ ਨਵੇਂ ਵਿਚਾਰਾਂ ਦੇ ਜਨਮ ਦੇ ਰਿਹਾ ਸੀ। ਇਸ ਧਰਤੀ ਦੇ ਹਰੇਕ ਕੋਨੇ ਉਪਰ ਕੋਈ ਨਾ ਕੋਈ ਵਿਲੱਖਣ ਇਤਿਹਾਸ ਛੁਪਿਆ ਪਿਆ ਹੈ। ਗੁਰੂ ਸਾਹਿਬਾਨ ਤੋਂ ਲੈ ਕੇ ਗਦਰੀਆਂ ਤੱਕ ਦੀਆਂ ਵਿਰਾਸਤਾਂ ਅਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਕੀਤੀਆਂ ਕੁਰਬਾਨੀਆਂ ਅਤੇ ਦੋ ਟੋਟਿਆਂ ਵਿਚ ਵੰਡੀ ਭੋਇ ਨੂੰ ਮੁੜ ਖੜ੍ਹਾ ਕਰਨ ਲਈ ਜਿਸ ਬਲ, ਤਾਕਤ, ਸਮਰੱਥਾ, ਸਬਰ ਅਤੇ ਸੋਚ ਨਾਲ ਪੈਰਾਂ ਸਿਰ ਪੰਜਾਬੀਆਂ ਨੇ ਪੰਜਾਬ ਨੂੰ ਖੜ੍ਹਾ ਕਰਨ ਵਿਚ ਯੋਗਦਾਨ ਪਾਇਆ ਪ੍ਰੰਤੂ ਇਹ ਇਤਿਹਾਸ ਦੀ ਅਨਹੋਣੀ ਜਾਂ ਹੋਣੀ ਅਜਿਹੀ ਵਾਪਰੀ ਕਿ ਇਸ ਦੇ ਚਾਲਕ ਸਦਾ ਹੀ ਇਸ ਧਰਤੀ ਨਾਲ ਬੇਵਫਾਈ ਕਰਦੇ ਰਹੇ। ਹੌਲੀ ਹੌਲੀ ਉਹ ਦਿੱਲੀ ਦੇ ਚਾਕਰ ਬਣ ਗਏ ਅਤੇ ਹਰ ਕਾਇਦੇ ਕਾਨੂੰਨ ਨੀਤੀ ਰਾਹੀਂ ਦਿੱਲੀ ਦੀ ਤਾਕਤ ਨੂੰ ਵਗਾਉਂਦੇ ਗਏ ਅਤੇ ਆਪਣੀਆਂ ਤਾਜੌਰੀਆਂ ਭਰਦੇ ਰਹੇ ਅਤੇ ਪੰਜਾਬ ਇਕ ਅਜਿਹੇ ਸੰਕਟਗ੍ਰਸਤ ਖਿੱਤੇ ਦੇ ਰੂਪ ਵਿਚ ਬਣ ਗਿਆ ਜਿਸ ਖਿੱਤੇ ਦੀ ਧਰਤੀ 'ਤੇ ਵਾਰ-ਵਾਰ ਨੌਜਵਾਨਾਂ ਨੂੰ ਆਪਣਾ ਖ਼ੂਨ ਦੇ ਕੇ ਕੀਮਤ ਦੇਣੀ ਪਈ। ਉਹ ਚਾਹੇ 1960ਵਿਆਂ ਦਾ ਹੋਵੇ ਤੇ ਫਿਰ 1980ਵਿਆਂ ਦਾ ਹੋਵੇ ਅਤੇ ਮੁੜ ਜਿਸ ਕਿਸਮ ਨਾਲ ਇਸ ਧਰਤੀ ਨੂੰ ਬੇਦਾਵਾ ਲਿਖ ਕੇ ਵਿਦੇਸ਼ਾਂ ਵਿਚ ਜਾਣ ਦੀ ਚਾਹਤ ਪੈਦਾ ਹੋ ਗਈ ਅਤੇ ਇੰਝ ਲੱਗਣ ਲੱਗ ਗਿਆ ਕਿ ਇਹ ਧਰਤੀ ਇਨ੍ਹਾਂ ਨੌਜਵਾਨਾਂ ਦਾ ਭਾਰ ਚੁੱਕਣ ਤੋਂ ਅਸਮਰੱਥ ਹੈ ਅਤੇ ਬਾਪ ਦਾਦੇ ਕਰਜ਼ੇ ਵਿਚ ਡੁੱਬੇ ਪਏ ਹਨ। ਇਸ ਤੋਂ ਵੀ ਵੱਧ ਕੇ ਇਸ ਧਰਤੀ 'ਤੇ ਜਿਸ ਕਿਸਮ ਦਾ ਹਰਾ ਇਨਕਲਾਬ ਲਿਆਉਣ ਦੀ ਵਕਾਲਤ ਹੀ ਨਹੀਂ ਕੀਤੀ ਬਲਕਿ ਪੰਜਾਬ ਦੀ ਜ਼ਮੀਨ ਅੰਦਰ ਅਜਿਹੇ ਬੀਜ ਬੋਅ ਗਿਆ ਜਿਸ ਨਾਲ ਇਕ ਪਾਸੇ ਧਰਤੀ ਦਾ ਚੱਪਾ ਚੱਪਾ ਪ੍ਰਦੂਸ਼ਣ ਦੀ ਮਾਰ ਹੇਠ ਹੈ ਅਤੇ ਜਿਸ ਦੀ ਕੋਨੇ ਕੋਨੇ ਵਿਚ ਦੇਖੋ ਕਿਸੇ ਨਾ ਕਿਸੇ ਕਿਸਮ ਦੇ ਅੰਦੋਲਨ ਆਪਣੀ ਜ਼ੋਰ ਅਜਮਾਈ ਕਰਦੇ ਹਨ। ਹੁਣੇ ਹੀ ਲੜਿਆ ਗਿਆ ਕਿਸਾਨ ਅੰਦੋਲਨ 700 ਤੋਂ ਵੱਧ ਦੀਆਂ ਸ਼ਹਾਦਤਾਂ ਲੈ ਚੁੱਕਾ ਹੈ। ਪਰ ਸੰਕਟ ਘਟਣ ਦੀ ਥਾਂ ਵਧਿਆ ਹੀ ਹੈ। ਇਸ ਧਰਤੀ ਦੇ ਹੁਕਮਰਾਨ ਚੁਣੇ ਗਏ ਜਾਂ ਚੋਣ ਹੋ ਗਈ ਉਨ੍ਹਾਂ ਦਾ ਇਤਿਹਾਸ ਪੰਜਾਬ ਦੇ ਹਰੇਕ ਵਰਕੇ 'ਤੇ ਦਰਜ ਹੈ ਕਿ ਕਿਸ ਕਿਸਮ ਨਾਲ ਇਸ ਧਰਤੀ ਨਾਲ ਬੇਵਫ਼ਾਈ ਕੀਤੀ ਸਿਰਫ਼ ਤੇ ਸਿਰਫ਼ ਆਪਣੇ ਪਰਿਵਾਰਾਂ ਅਤੇ ਖਾਨਦਾਨਾਂ ਦੀਆਂ ਤਜੌਰੀਆਂ ਅਤੇ ਤਾਕਤਾਂ ਭਰਨ ਦਾ ਕਾਰਜ ਹੀ ਕੀਤਾ। ਇਕ ਕਿਸਮ ਨਾਲ ਪੰਜਾਬ ਦੀ ਰਾਜਨੀਤੀ ਬਿਜਨਿਸ ਅਤੇ ਸੱਤਾ ਦਾ ਗਠਜੋੜ ਬਣ ਗਈ। ਦੂਰ ਤੱਕ ਪਰਿਵਾਰਕ ਫੈਲਾਅ ਅਤੇ ਰਿਸ਼ਤੇਦਾਰੀਆਂ ਤੋਂ ਲੈ ਕੇ ਆਸੇ ਪਾਸੇ ਜੁੜੇ ਵੱਡੇ ਹਿੱਸੇ ਨੂੰ ਹੌਲੀ ਹੌਲੀ ਸੱਤਾ ਹਰ ਪੱਧਰ 'ਤੇ ਭ੍ਰਿਸ਼ਟਾਚਾਰ ਦੀ ਦਲਦਲ ਵਿਚ



ਦੀ ਹਰੇਕ ਪੌੜੀ ਬਿਠਾ ਦਿੱਤਾ। ਇਥੋਂ ਤੱਕ ਕੋਈ ਵੀ ਸੰਸਥਾ ਅਜਿਹੀ ਨਹੀਂ ਬਚੀ ਜਿਸ ਵਿਚ ਇਨ੍ਹਾਂ ਹੁਕਮਰਾਨਾ ਦੇ ਵੱਡੇ ਹਿੱਸੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਸੱਤਾ 'ਤੇ ਕਾਬਜ਼ ਹੋ ਗਏ। ਇਸ ਕਿਸਮ ਦਾ ਵਰਤਾਰਾ ਸ਼ਾਇਦ ਹੀ ਦੁਨੀਆ ਦੇ ਕਿਸੇ ਖਿੱਤੇ ਵਿਚ ਵਾਪਰਿਆ ਹੋਵੇ ਕਿ ਰਾਜ ਇਨ੍ਹਾਂ ਦੀ ਨਿੱਜੀ ਜਾਇਜਾਦ ਬਣ ਗਿਆ। ਸਿਰਫ਼ ਤੇ ਸਿਰਫ਼ ਰਾਜ ਦੇ ਕਾਇਦੇ ਕਾਨੂੰਨ ਅਤੇ ਨੀਤੀਆਂ ਜਾਂ ਸੱਤਾ ਦੀ ਸਲਾਮਤੀ ਲਈ ਵੋਟਾਂ ਹਾਸਲ ਕਰਨੀਆਂ ਜਾਂ ਫਿਰ ਆਪਣੇ ਵਧੇ ਹੋਏ ਬਿਜਨਿਸ ਨੂੰ ਹੋਰ ਵੱਡਾ ਕਰਨਾ ਇਸ ਕਾਰਜ ਦੀ ਪੂਰਤੀ ਲਈ ਚੰਡੀਗੜ੍ਹ ਅਜਿਹਾ ਸ਼ਹਿਰ ਬਣ ਗਿਆ ਕਿ ਰਾਤਾਂ ਨੂੰ ਵੀ ਪੰਜਾਬ ਦੇ ਖਿਲਾਫ਼ ਫੈਸਲੇ ਲੈਂਦਾ ਰਿਹਾ ਅਤੇ ਹੌਲੀ ਹੌਲੀ ਚਾਰੇ ਪਾਸੇ ਇਨ੍ਹਾਂ ਹੁਕਮਰਾਨਾਂ ਦੇ ਮਹਿਲਾਂ ਨੂੰ ਉਸਾਰਦਾ ਰਿਹਾ।

ਪੰਜਾਬ ਜਿਸ ਕਿਸਮ ਦੇ ਸੰਕਟਾਂ ਦਾ ਪੀੜਾ ਬੇਰੁਜ਼ਗਾਰੀਆਂ ਤੋਂ ਲੈ ਕੇ ਨਸ਼ਿਆਂ ਦੀ ਬਹੁਤਾਤ ਅਤੇ ਰੋਜ਼ਾਨਾ ਥਾਨਿਆਂ ਵਿਚ ਹੁੰਦੀਆਂ ਬੇਪਤੀਆਂ ਅਤੇ ਇਥੋਂ ਤੱਕ ਬੁਰੀ ਤਰ੍ਹਾਂ ਹੁਕਮਰਾਨਾ ਦੀ ਸ਼ੈਅ ਨਾਲ ਚੱਲਣ ਲੱਗਾ। ਉਹ ਪੰਜਾਬ ਜਿਹੜਾ ਕਦੇ ਗੁਰੂਆਂ-ਪੀਰਾਂ, ਵਾਰਿਸ ਬੁੱਲ੍ਹੇ ਅਤੇ ਭਗਤ ਸਰਾਭਿਆਂ ਨੇ ਚਿਤਵਿਆ ਸੀ ਉਹ ਸ਼ਾਇਦ ਧਰਤੀ ਹੌਲੀ ਹੌਲੀ ਹੁਕਮਰਾਨਾ ਨੇ ਬੰਜਰ ਕਰ ਦਿੱਤੀ। ਪੰਜਾਬ ਦੀ ਹਰ ਨੁਕਰ 'ਤੇ ਸਰਮਾਏਦਾਰਾਂ ਨੇ ਕੁਦਰਤੀ ਸਾਧਨ ਜੋ ਪੰਜਾਬ ਦੀ ਉਪਜਾਊ ਜ਼ਮੀਨ ਸੀ ਉਸ ਨੂੰ ਬੁਰੀ ਤਰ੍ਹਾਂ ਰਿਹਾਇਸ਼ੀ, ਵੱਡੀਆਂ ਕਲੋਨੀਆਂ ਤੋਂ ਲੈ ਕੇ ਅਣਚਾਹੀਆਂ ਵੱਡੀਆਂ ਹਾਈਵੇਅ ਦੇ ਰੂਪ ਵਿਚ ਖਾ ਲਿਆ ਹੈ। ਭਲਾ ਹੀ ਚਾਰੇ ਪਾਸੇ ਪੰਜਾਬ ਰੰਗ ਰੰਗੀਲਾ ਦਿਖਾਈ ਦਿੰਦਾ ਹੈ ਪਰ ਹਰੇਕ ਪੰਜਾਬੀ ਕਰਜ਼ੇ ਹੇਠ ਤਰਾਹ ਰਿਹਾ ਹੈ। ਪੰਜਾਬ ਦਾ ਕੋਈ ਕੋਨਾ ਅਜਿਹਾ ਨਹੀਂ ਜਿਥੇ ਵੱਡੇ ਵੱਡੇ ਠੇਕਿਆਂ ਦੇ ਬੈਨਰ ਅਤੇ ਦੁਕਾਨਾ ਨਾ ਹੋਣ। ਰੋਜ਼ਾਨਾ ਸ਼ਾਮ ਨੂੰ ਪੰਜਾਬ ਕਿਸੇ ਨਾ ਕਿਸੇ ਰੂਪ ਵਿਚ ਲੁਟਕਿਆ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਰਹਿੰਦੀ ਕਸਰ ਪੰਜਾਬ ਵਿਚ ਜਿਸ ਕਿਸਮ ਨਾਲ ਮਾਨਸਿਕ ਸੰਕਟ ਉਤਪੰਨ ਹੋਇਆ ਉਸ ਨੇ ਡੇਰਿਆਂ ਦੀ ਭਰਮਾਰ ਪੈਦਾ ਕਰ ਦਿੱਤੀ। ਕੋਈ ਇਲਾਕਾ ਅਤੇ ਖਿੱਤਾ ਅਜਿਹਾ ਨਹੀਂ ਜਿਥੇ ਡੇਰਿਆਂ ਅਤੇ ਹੁਕਮਰਾਨਾ ਦਾ ਆਪਸੀ ਸੁਮੇਲ ਨਾ ਹੋਵੇ। ਹੁਣ ਪੰਜਾਬ ਦਾ ਹਰੇਕ ਮੇਲਾ ਵੱਡਾ ਇਕੱਠ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਿਆਸਤਦਾਨਾਂ ਲਈ ਆਪਣੀ ਤਾਕਤ ਅਤੇ ਸੱਤਾ ਦਾ ਮੁਜ਼ਾਹਰਾ ਹੀ ਹੁੰਦਾ ਹੈ।

ਹੁਣ ਪੰਜਾਬ ਬਾਰੇ ਉਸ ਕਿਸਮ ਦੀ ਗਾਥਾ ਸੱਤਾ ਵਿਚ ਨਹੀਂ ਲਿਖੀ ਜਾ ਰਹੀ ਜਿਸ ਪੱਧਰ 'ਤੇ ਲਿਖਣ ਦੀ ਲੋੜ ਹੈ। ਉਪਰੋਕਤ ਦਿੱਤੀਆਂ ਤਸਵੀਰਾਂ ਨੂੰ ਭਲਾ ਹੀ ਪੰਜਾਬੀਆਂ ਨੇ ਆਪਣੇ ਚੇਤਿਆਂ ਵਿਚੋਂ ਖਾਰਜ ਕਰ ਦਿੱਤਾ ਹੈ ਪਰ ਜਿਸ ਕਿਸਮ ਦੇ ਕਦਮ ਪੰਜਾਬ ਦੇ ਹਰ ਪੱਧਰ 'ਤੇ ਹੋਈਆਂ ਹੋਣੀਆਂ ਤੇ ਅਨਹੋਣੀਆਂ ਨਾਲ ਜੁੜੇ ਹੋਏ ਹਨ ਉਹ ਕਿਸੇ ਤੋਂ ਅਣਭਿੱਜ ਨਹੀਂ ਹਨ। ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬ ਇਕ ਨਵੀਂ ਇਬਾਰਤ ਲਿਖਣ ਚਾਹੁੰਦਾ ਸੀ ਪ੍ਰੰਤੂ ਰਾਜਨੀਤੀ ਦੀ ਸੂਝ ਅਤੇ ਸਮਝ ਅਤੇ ਇਕਮੁੱਠਤਾ ਮੁੜ ਅਜਿਹੇ ਹੁਕਮਰਾਨਾ ਨੂੰ ਸੱਤਾ ਸੌਂਪ ਗਈ ਜਿਹੜੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਦਿੱਲੀ ਦੇ ਦਰਬਾਰ ਅਨੁਸਾਰ ਹੀ ਚੱਲਣ ਵਾਲੇ ਸਨ। ਪਹਿਲਾਂ ਵੀ ਸਾਰੇ ਹੁਕਮਰਾਨ ਦਿੱਲੀ ਦੇ ਦਰਬਾਰੀ ਰਹੇ ਹਨ। ਜਦੋਂ ਸੱਤਾ ਤੋਂ ਬਾਹਰ ਹੋ ਜਾਂਦੇ ਸੀ ਉਦੋਂ ਮੁੜ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਯਾਦ ਆ ਜਾਂਦੀ ਸੀ। ਸੱਤਾ 'ਤੇ ਆਉਣ ਤੋਂ ਬਾਅਦ ਇਹ ਵੀ ਭੁੱਲ ਜਾਂਦੇ ਸੀ।

ਅਜੋਕੇ ਪੰਜਾਬ ਨੂੰ ਕਿਸ ਕਿਸਮ ਨਾਲ ਪੜ੍ਹਿਆ ਜਾਵੇ ਕਿ ਪੇਂਡੂ ਖੇਤਰ ਦਾ ਸੰਕਟ ਦੂਰ ਹੋ ਸਕਦਾ ਹੈ, ਅਜੋਕੇ ਅੰਦੋਲਨ ਕਿਸੇ ਨਵੀਂ ਰਾਜਨੀਤੀ ਨੂੰ ਰਸਤਾ ਦੇ ਸਕਦੇ ਹਨ। ਸਥਾਪਤ ਅਤੇ ਲੜ ਰਹੀਆਂ ਰਾਜਨੀਤਕ ਧਿਰਾਂ ਸੰਕਟਗ੍ਰਸਤ ਪੰਜਾਬ ਦੀ ਅਣਹੋਣੀ ਨੂੰ ਹੋਣੀ ਵਿਚ ਬਦਲਣ ਦੇ ਸਮਰਥ ਜਾਂ ਅਸਮਰੱਥ ਹਨ। ਅਗਾਂਹ ਵਿਕਾਸ ਦਾ ਰਸਤਾ ਸੰਭਵ ਹੈ ਜਾਂ ਸਿਰਫ਼ ਹਵਾ 'ਚ ਲਟਕਦੇ ਨਾਅਰਿਆਂ ਵਾਂਗ ਹੈ। ਜਿਸ ਪੱਧਰ 'ਤੇ ਪੰਜਾਬ ਦੀ ਆਰਥਿਕਤਾ, ਕਰਜ਼ਾ, ਸਮਾਜਿਕ ਸੰਕਟ ਰੋਜ਼ਾਨਾ ਸੰਘਰਸ਼ ਨੌਜਵਾਨਾਂ ਦੀ ਬੇਰੁਜ਼ਗਾਰੀ ਆਦਿ ਵਿਚੋਂ ਪੰਜਾਬ ਨੂੰ ਪੜ੍ਹਨ, ਸਮਝਣ ਅਤੇ ਬਦਲਣ ਲਈ ਦੁਨੀਆਂ ਦੇ ਵਿਚ ਬੈਠੇ ਪੰਜਾਬੀ ਕੋਈ ਮੁੜ ਸੋਚ ਸਮਝ ਉਤਪੰਨ ਕਰਨਗੇ। ਵਿਚਾਰਾਂ ਦੇ ਪੱਧਰ 'ਤੇ ਕੋਈ ਨਵੀਂ ਸੋਚ, ਸਮਝ ਅਤੇ ਰਾਜਨੀਤੀ ਵਿਕਸਿਤ ਕਰਨ ਵਿਚ ਯੋਗਦਾਨ ਪਾਉਣਗੇ ਤਾਂ ਕਿ ਅਤੀਤ ਦੇ ਕਾਲੇ ਇਤਿਹਾਸ ਉਪਰ ਕੋਈ ਨਵਾਂ ਅਧਿਆਇ ਲਿਖਿਆ ਜਾ ਸਕੇ।

ਪੰਜਾਬ ਨੂੰ ਮਿਲੇ ਜਾਂ ਪੰਜਾਬੀਆਂ ਨੇ ਪੈਦਾ ਕੀਤੇ ਹੁਕਮਰਾਨ ਪੰਜਾਬ ਦੀ ਹੋਣੀ ਲਈ ਨਵੇਂ ਤਰਾਸਦਿਕ ਆਧਿਆਇ ਹੀ ਦਰਜ ਕਰਕੇ ਇਸ ਧਰਤੀ ਤੋਂ ਫ਼ੁਰਸਤ ਹੋ ਗਏ। ਪਤਾ ਨਹੀਂ ਇਹ ਕਿਹੜੀ ਕਮਜ਼ੋਰੀ ਜਾਂ ਬੌਧਿਕ ਗਰੀਬੀ ਹੈ ਕਿ ਅਸੀਂ ਹਰ ਤੁਰ ਜਾਣ ਵਾਲੇ ਤੋਂ ਬਾਅਦ ਉਸ ਦੇ ਹਵਾਈ ਗੁਣਾਂ ਨੂੰ ਸੱਚ ਬਣਾਉਣ ਵਿਚ ਲੱਗੇ ਰਹਿੰਦੇ ਹਾਂ ਪ੍ਰੰਤੂ ਹਕੀਕਤ ਤਾਂ ਪੰਜਾਬ ਦੇ ਹਰੇਕ ਘਰ ਵਿਚ ਬਣੀ ਪਈ ਹੈ ਕਿ ਪੰਜਾਬ ਇਕ ਕਿਸਮ ਨਾਲ ਦੇਖਣ ਨੂੰ ਸੋਹਣਾ ਨਾਂ ਜਾਪਦਾ ਹੈ ਪ੍ਰੰਤੂ ਅੰਦਰੋਂ ਬੁਰੀ ਤਰ੍ਹਾਂ ਤੋੜਿਆ ਮਰੋੜਿਆ ਪਿਆ ਹੈ। ਜਿਸ ਦੇ ਚਿਹਰੇ 'ਤੇ ਉਹ ਰੌਣਕ ਨਹੀਂ ਜਿਹੜੀ ਕਦੀ ਇਸ ਧਰਤੀ ਦੇ ਵਾਰਸਾਂ ਨੇ ਚਿਤਵੀ ਸੀ ਅਤੇ ਨਵਾਂ ਕਰਨ ਲਈ ਕੁਝ ਅਜਿਹਾ ਇਤਿਹਾਸ ਵਿਚ ਛੱਡਿਆ ਸੀ ਕਿ ਇਸ ਧਰਤੀ ਦੇ ਹਰੇਕ ਪਿੰਡ, ਕਸਬੇ ਅਤੇ ਸ਼ਹਿਰ ਵਿਚ ਅਜਿਹੀ ਵਿਰਾਸਤ ਪਈ ਹੈ ਜਿਹੜੀ ਇਸ ਦਾ ਮੁੱਲਵਾਨ ਸਰਮਾਇਆ ਹੈ। ਪ੍ਰੰਤੂ ਉਹ ਹੌਲੀ ਹੌਲੀ ਹੁਕਮਰਾਨਾ ਨੇ ਆਪਣੇ ਲਈ ਵਰਤਕੇ ਮਿੱਟੀ ਵਿਚ ਮਿਲਾ ਦਿੱਤੀ। ਇਥੋਂ ਤੱਕ ਇਸ ਧਰਤੀ ਦਾ ਵਿਰਾਸਤੀ ਧਰਮ ਵੀ ਆਪਣੀ ਸੱਤਾ ਦੀ ਸਲਾਮੀ ਲਈ ਵਰਤਿਆ ਅਤੇ ਹੌਲੀ ਹੌਲੀ ਵੱਖ ਵੱਖ ਪੱਧਰ 'ਤੇ ਡੇਰਿਆਂ ਤੋਂ ਲੈ ਕੇ ਕਈ ਕਿਸਮ ਦੇ ਨਵੇਂ ਕੇਂਦਰਾਂ ਨੂੰ ਪੰਜਾਬ ਦੀ ਸਮਾਜਿਕ, ਸਭਿਆਚਾਰਕ ਅਨਹੋਣੀ ਵਿਚ ਸ਼ਾਮਲ ਕਰ ਦਿੱਤਾ। ਇਹ ਪੰਜਾਬ ਨੂੰ ਇਕ ਸ਼ੁਰੂਆਤ ਪੜ੍ਹਤ ਹੈ।